**Buying/Selling *in Michigan***

All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.



**Landmark Realty**
40600 Ann Arbor Rd., Suite# 150,
Plymouth, MI 48170
**Call: 734-751-4455**
rajsshergill@yahoo.com
Raj Shergill
*Associate Broker*





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



***Singh Accounting & Tax Services***

Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App



**Ph: 716-425-7126**
Fax: 716-284-0025
Email: singhtaxservice@yahoo.com
Website: singhtaxservice.com

Sarbjit Singh Khakh (Sabhi)
*Accountant*



Twentieth Year of Publication
*ਨਿਊ ਯਾਰਕ ਐਡੀਸ਼ਨ*
Price 50¢
Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 13, March 30, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਬਾਦਲਾਂ ਦੀ ਤਾਕਤ ਅੱਗੇ ਕੈਪਟਨ ਸਰਕਾਰ ਬੇਵੱਸ

### 'ਸਿੱਟ' ਦਾ ਰੁਖ ਸਿਰਫ ਪੁਲਿਸ ਅਫਸਰਾਂ ਵੱਲ



**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਣੇ ਕਮਿਸ਼ਨ ਪੂਰੀ ਵਾਹ ਲਾ ਕੇ ਵੀ ਅਸਲ ਦੋਸ਼ੀਆਂ ਤੱਕ ਪਹੁੰਚ ਕਰਨ ਵਿਚ ਨਾਕਾਮ ਰਹੇ ਹਨ। ਸਿਆਸੀ ਆਗੂਆਂ ਦੀ ਤਾਕਤ ਅੱਗੇ ਇਨ੍ਹਾਂ ਕਮਿਸ਼ਨਾਂ ਵੱਲੋਂ ਪੇਸ਼ ਕੀਤੀਆਂ ਲੰਮੀਆਂ-ਚੌੜੀਆਂ ਜਾਂਚ ਰਿਪੋਰਟਾਂ ਵੀ ਟਿਕ ਨਾ ਸਕੀਆਂ। ਇਹ ਗੱਲ ਹੁਣ ਸਾਫ ਹੋ ਚੁੱਕੀ ਹੈ ਕੇ ਪਿਛਲੀ ਅਕਾਲੀਸਰਕਾਰ ਅਤੇ ਮਗਰੋਂ ਕੈਪਟਨ ਸਰਕਾਰ ਵਲੋਂ ਬਣਾਏ ਜਾਂਚ ਕਮਿਸ਼ਨਾਂ ਨੇ ਬਹਿਬਲ ਕਲਾਂ ਗੋਲੀਕਾਂਡ ਲਈ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲ ਉਂਗਲ ਕੀਤੀ ਸੀ ਪਰ ਮੌਜੂਦਾ ਸਰਕਾਰ ਇਨ੍ਹਾਂ ਆਗੂਆਂ ਨੂੰ ਹੱਥ ਪਾਉਣ ਦੀ ਥਾਂ ਪੁਲਿਸ ਅਧਿਕਾਰੀਆਂ ਨੂੰ ਹੀ ਘੇਰਾ ਪਾਉਣ ਤੱਕ ਸੀਮਤ ਰਹੀ ਹੈ।

ਬਾਦਲ ਸਰਕਾਰ ਸਮੇਂ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਵਿਚ ਬਣੇ ਕਮਿਸ਼ਨ ਦੀ ਰਿਪੋਰਟ ਵਿਚ ਬਾਦਲਾਂ ਨੂੰ ਜੇਲ੍ਹ ਭੇਜਣ ਦੇ ਸਾਰੇ ਸਬੂਤ ਸਨ। ਇਹ ਦਾਅਵਾ ਹੁਣ ਜਸਟਿਸ ਜ਼ੋਰਾ ਸਿੰਘ ਨੇ ਖੁਦ ਵੀ ਕਰ ਦਿੱਤਾ ਹੈ। ਉਨ੍ਹਾਂ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਜੇ ਕੈਪਟਨ ਸਰਕਾਰ ਅੱਜ ਵੀ ਉਨ੍ਹਾਂ ਵਲੋਂ ਪੇਸ਼ ਕੀਤੀ ਰਿਪੋਰਟ ਲਾਗੂ ਕਰ ਦਿੰਦੀ ਹੈ ਤਾਂ ਦੋਵਾਂ ਬਾਦਲਾਂ ਨੂੰ ਜੇਲ੍ਹ ਜਾਣ ਤੋਂ ਕੋਈ ਨਹੀਂ ਬਚਾ ਸਕਦਾ ਹੈ। ਇਹੀ ਦਾਅਵਾ ਕੈਪਟਨ ਸਰਕਾਰ ਵਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕੀਤਾ ਸੀ ਪਰ ਕੈਪਟਨ ਸਰਕਾਰ ਨੇ ਇਸ ਕਮਿਸ਼ਨ ਦੀ ਰਿਪੋਰਟ ਉਤੇ ਕਾਰਵਾਈ ਕਰਨ ਦੀ ਥਾਂ ਇਕ ਹੋਰ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ ਜੋ ਹੁਣ ਤੱਕ ਜਾਂਚ ਵਿਚ ਉਲਝੀ ਹੋਈ ਹੈ। ਦੱਸ ਦਈਏ ਕਿ ਅਕਾਲੀ ਸਰਕਾਰ ਸਮੇਂ ਬੇਅਦਬੀ ਦੇ ਰੋਸ ਵਿਚ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ ਉਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ ਜਿਸ ਵਿਚ ਦੋ ਸਿੱਖਾਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖਮੀ ਹੋ ਗਏ ਸਨ। ਸਿੱਖਾਂ ਵਿਚ ਰੋਸ ਵਧਦਾ ਵੇਖ ਬਾਦਲ ਸਰਕਾਰ ਨੇ ਜਾਂਚ ਲਈ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਇਆ ਸੀ ਤੇ ਇਸ ਨੇ ਆਪਣੀ ਰਿਪੋਰਟ ਵੀ ਸਰਕਾਰ ਨੂੰ ਸੌਂਪ ਦਿੱਤੀ ਪਰ ਅੱਜ ਤੱਕ ਇਸ ਰਿਪੋਰਟ ਦੀ ਭਾਫ ਤੱਕ ਨਹੀਂ ਨਿਕਲਣ ਦਿੱਤੀ ਗਈ। ਫਿਰ ਕੈਪਟਨ ਸਰਕਾਰ ਬਣੀ ਤਾਂ ਇਹ ਰਿਪੋਰਟ ਲਾਗੂ ਕਰਨ ਦੀ ਥਾਂ ਇਕ ਹੋਰ ਕਮਿਸ਼ਨ ਬਣਾ ਦਿੱਤਾ ਗਿਆ ਜਿਸ ਨੇ ਤੈਅ ਸਮੇਂ ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਪਰ ਅਗਲੇ ਹੀ ਦਿਨ ਇਹ ਰਿਪੋਰਟ ਲੀਕ ਹੋ ਗਈ ਤੇ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਇਸ ਨੂੰ ਅਕਾਲੀ ਆਗੂ ਹੱਥਾਂ ਵਿਚ ਚੁੱਕੀ ਦਾਅਵਾ ਕਰ ਰਹੇ ਸਨ ਕਿ ਉਹ ਇਹ ਰਿਪੋਰਟ ਕਬਾੜ ਦੀ ਦੁਕਾਨ ਤੋਂ ਲੈ ਕੇ ਆਏ ਹਨ।

ਇਸ ਮਾਮਲੇ ਵਿਚ ਜਸਟਿਸ ਜ਼ੋਰਾ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਉਤੇ ਮਾਣਹਾਨੀ ਦਾ ਕੇਸ ਵੀ ਪਾਇਆ ਸੀ ਤੇ ਇਸੇ ਹਫਤੇ ਹਾਈ ਕੋਰਟ ਨੇ ਦੋਵਾਂ ਦੇ ਵਰੰਟ ਵੀ ਜਾਰੀ ਕਰ ਦਿੱਤੇ ਸਨ ਪਰ ਕੁਝ ਮਿੰਟਾਂ ਬਾਅਦ ਹੀ ਅਦਾਲਤ ਨੇ ਇਹ ਵਰੰਟ ਵਾਪਸ ਲੈ ਲਏ। ਯਾਦ ਰਹੇ ਕਿ ਵਿਰੋਧੀ ਧਿਰਾਂ ਹੁਣ ਤੱਕ ਇਹੀ ਦੋਸ਼ ਲਾਉਂਦੀਆਂ ਰਹੀਆਂ ਹਨ ਕਿ ਅਕਾਲੀ ਤੇ ਕਾਂਗਰਸ ਆਪਸ ਵਿਚ ਮਿਲੇ ਹੋਏ ਹਨ ਤੇ ਅਪਰਾਧਿਕ ਮਾਮਲਿਆਂ ਵਿਚ ਇਕ-ਦੂਜੇ ਨੂੰ ਬਚਾ ਰਹੇ ਹਨ। ਇਹੀ ਨਹੀਂ, ਪਿਛਲੇ ਸਾਲ ਬਲਾਕ ਸਮਿਤੀ ਚੋਣਾਂ ਵਿਚ ਸੁਖਬੀਰ ਬਾਦਲ ਉਤੇ

*(ਬਾਕੀ ਸਫਾ 6 ਉਤੇ)*

## ਰਾਮ ਰਹੀਮ ਨੂੰ ਮੁਆਫੀ ਦਾ ਮਾਮਲਾ ਮੁੜ ਭਖਿਆ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਦਾ ਮਾਮਲਾ ਮੁੜ ਭਖ ਗਿਆ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਮੁਆਫੀ ਨਾਲ ਸਬੰਧਤ ਕੁਝ ਦਸਤਾਵੇਜ਼ ਸ੍ਰੀ ਅਕਾਲ ਤਖਤ ਸਾਹਿਬ ਦੀ ਸੱਤ ਮੈਂਬਰੀ ਜਾਂਚ ਕਮੇਟੀ ਨੂੰ ਸੌਂਪੇ ਗਏ ਹਨ। ਇਸ ਨਾਲ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਗਿਆਨੀ ਇਕਬਾਲ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਸੌਂਪੇ ਦਸਤਾਵੇਜ਼ਾਂ ਵਿਚ ਡੇਰਾ ਸਿਰਸਾ ਵਲੋਂ ਭੇਜਿਆ ਗਿਆ ਪੱਤਰ ਵੀ ਸ਼ਾਮਲ ਹੈ ਜਿਸ ਦੇ ਆਧਾਰ 'ਤੇ ਮੁਆਫੀ ਦਿੱਤੀ ਗਈ ਸੀ। ਹਾਲਾਂਕਿ, ਉਨ੍ਹਾਂ ਦਾ ਦਾਅਵਾ ਹੈ ਕਿ ਡੇਰੇ ਤੋਂ ਮਿਲੇ ਪੱਤਰ ਵਿਚ ਕਿਤੇ ਵੀ ਖਿਮਾ-ਜਾਚਨਾ ਦਾ ਜ਼ਿਕਰ ਨਹੀਂ ਸੀ। ਮੁਅੱਤਲੀ ਮਗਰੋਂ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਨੇ ਬੈਠਕ ਵਿਚ ਗਿਆਨੀ ਇਕਬਾਲ ਸਿੰਘ 'ਤੇ ਲੱਗੇ ਇਲਜ਼ਾਮਾਂ ਦੀ ਜਾਂਚ ਲਈ ਸੱਤ ਮੈਂਬਰੀ ਕਮੇਟੀ ਬਣਾਈ ਸੀ। ਇਕਬਾਲ ਸਿੰਘ ਖਿਲਾਫ਼ ਸ਼ਾਦੀਸ਼ੁਦਾ ਹੋਣ ਦੇ ਬਾਵਜੂਦ ਦੂਜਾ ਵਿਆਹ ਅਤੇ ਉਨ੍ਹਾਂ ਦੇ ਪੁੱਤਰ ਦੀ ਸਿਗਰਟਨੋਸ਼ੀ ਕਰਦਿਆਂ ਦੀ ਵੀਡੀਓ ਵਾਇਰਲ ਹੋਣ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਪਿਛਲੇ ਡੇਢ ਦਹਾਕੇ ਤੋਂ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਰਹੇ ਇਕਬਾਲ ਸਿੰਘ ਦਾ ਦਾਅਵਾ ਹੈ ਕਿ ਇਹ ਇਲਜ਼ਾਮ ਉਨ੍ਹਾਂ ਖਿਲਾਫ ਕਿੜ ਕੱਢਣ ਲਈ ਲਾਏ ਗਏ ਸਨ, ਕਿਉਂਕਿ ਉਨ੍ਹਾਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿੱਤੇ ਜਾਣ ਦਾ ਵਿਰੋਧ ਕੀਤਾ ਸੀ। ਜ਼ਾਹਰ ਹੈ ਕਿ ਇਕਬਾਲ ਸਿੰਘ ਹੁਣ ਇਨ੍ਹਾਂ ਮੁਆਫੀ ਸਬੰਧੀ ਡੇਰਾ ਸਿਰਸਾ ਤੋਂ ਆਏ ਕਾਗਜ਼ਾਂ ਨੂੰ ਆਪਣੇ ਬਚਾਅ ਵਜੋਂ ਵਰਤਣ ਲਈ ਕਮੇਟੀ ਸਨਮੁਖ ਪੇਸ਼ ਕਰ ਰਹੇ ਹਨ।

## ਪ੍ਰੋ. ਜੋਗਿੰਦਰ ਸਿੰਘ ਰਮਦੇਵ ਸਵਰਗਵਾਸ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸ਼ਿਕਾਗੋ ਦੇ ਉਘੇ ਸਿੱਖ ਬੁੱਧੀਜੀਵੀ ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਡਿਪਟੀ ਲਾਇਬਰੇਰੀਅਨ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਪ੍ਰੋ. ਜੋਗਿੰਦਰ




ਸਿੰਘ ਰਮਦੇਵ 23 ਮਾਰਚ, ਸਨਿਚਰਵਾਰ ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ।

ਪ੍ਰੋ. ਰਮਦੇਵ ਆਪਣੇ ਪਿਛੇ ਦੋ ਪੁੱਤਰ-ਜਤਿੰਦਰ ਸਿੰਘ ਤੇ ਡਾ. ਰਿਕ ਸਿੰਘ ਰਮਦੇਵ, ਨੂੰਹਾਂ-ਸੀਮਾ ਰਮਦੇਵ ਤੇ ਕ੍ਰਿਸ ਰਮਦੇਵ ਅਤੇ ਦੋ ਪੋਤਰੇ ਤੇ ਤਿੰਨ ਪੋਤਰੀਆਂ ਛੱਡ ਗਏ ਹਨ। ਵੱਡਾ ਪੁੱਤਰ ਜਤਿੰਦਰ ਸਿੰਘ ਬਿਜਨਸਮੈਨ ਹੈ ਤੇ ਵੱਡੀ ਨੂੰਹ ਸੀਮਾ ਕੰਪਿਊਟਰ ਪ੍ਰੋਗਰਾਮਰ ਹੈ। ਛੋਟਾ ਪੁੱਤਰ ਰਿਕ ਸਿੰਘ

*(ਬਾਕੀ ਸਫਾ 9 ਉਤੇ)*


**Tanya`s Beauty Salon**




*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
**Ph: 718-205-7832**





BEST FARE GUARANTEE





WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares



**Ad Space Available Please Call**
**Ph: 847-359-0746**

# ਹੋਲੇ ਮਹੱਲੇ ਮੌਕੇ ਆਨੰਦਪੁਰ ਸਾਹਿਬ ਵਿਖੇ ਖਾਲਸਾਈ ਜਾਹੋ ਜਲਾਲ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 16 ਮਾਰਚ ਤੋਂ ਲੈ ਕੇ 22 ਮਾਰਚ ਤੱਕ ਚੱਲਿਆ ਹੋਲਾ ਮਹੱਲਾ ਖਾਲਸਾਈ ਜਾਹੋ ਜਲਾਲ ਨਾਲ ਸਮਾਪਤ ਹੋ ਗਿਆ। ਹੋਲੇ ਮਹੱਲੇ ਦੇ ਅੰਤਿਮ ਦਿਨ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਬਾਬਾ ਬੁੱਢਾ ਦਲ



ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਨੇ ਮਹੱਲੇ ਦੀ ਆਰੰਭਤਾ ਦੀ ਅਰਦਾਸ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਹੇਠ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਮਹੱਲਾ ਕੱਢਿਆ, ਜੋ ਗੁਰਦੁਆਰਾ ਸ਼ਹੀਦੀ ਬਾਗ ਤੋਂ ਆਰੰਭ ਹੋ ਕੇ ਗੁਰਦੁਆਰਾ ਮਾਤਾ ਜੀਤੋ ਜੀ ਅਗੰਮਪੁਰ ਤੋਂ ਹੁੰਦਾ ਹੋਇਆ ਇਤਿਹਾਸਿਕ ਚਰਨਗੰਗਾ ਸਟੇਡੀਅਮ ਵਿਚ ਪਹੁੰਚਿਆ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 16 ਮਾਰਚ ਤੋਂ ਲੈ ਕੇ 22 ਮਾਰਚ ਤੱਕ 35 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਮੱਥਾ ਟੇਕਿਆ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਨੇ ਦੱਸਿਆ ਕਿ 16 ਮਾਰਚ ਤੋਂ ਸ਼ੁਰੂ ਹੋਏ ਹੋਲੇ ਮਹੱਲੇ ਦੌਰਾਨ ਜਿਥੇ ਸੰਗਤ ਦੀ ਭਰਵੀਂ ਆਮਦ ਰਹੀ, ਉਥੇ ਹੀ ਇਕ ਹਫਤਾ ਪਹਿਲਾਂ ਅਤੇ ਆਉਂਦੇ ਦਿਨਾਂ 'ਚ ਵੀ ਸ਼ਰਧਾਲੂਆਂ ਦੀ ਆਮਦ ਵਿਚ ਕੋਈ ਕਮੀ ਨਹੀਂ ਹੋਵੇਗੀ।

ਹੋਲੇ ਮਹੱਲੇ ਵਾਲੀ ਰਾਤ ਦਰਬਾਰ ਸਾਹਿਬ ਵਿਖੇ ਸਮਾਪਤੀ ਸਮੇਂ ਵੱਡੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਪਾਵਨ ਸਰੂਪ ਨਾਲ ਫੁੱਲਾਂ ਅਤੇ ਇਤਰ ਫੁਲੇਲ ਦੇ ਛਿੜਕਾਅ ਨਾਲ ਹੋਲੀ ਖੇਡੀ। ਹੋਲੇ ਮਹੱਲੇ ਮੌਕੇ ਸਿਰਫ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਸੰਗਤ ਦੀ ਵੱਡੀ ਰੌਣਕ ਨਹੀਂ ਹੁੰਦੀ, ਸਗੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਵੱਡੀ ਗਿਣਤੀ ਵਿਚ ਸੰਗਤ ਪੁੱਜਦੀ ਹੈ। ਜਿਵੇਂ ਹੀ ਸਮਾਪਤੀ ਹੁੰਦੀ ਹੈ ਅਤੇ ਪਾਵਨ ਸਰੂਪ ਨੂੰ ਸੁਨਹਿਰੀ ਪਾਲਕੀ ਵਿਚ ਸ੍ਰੀ ਅਕਾਲ ਤਖਤ ਵਿਖੇ ਸੁਖ ਆਸਣ ਵਾਲੇ ਸਥਾਨ 'ਤੇ ਲਿਜਾਇਆ ਜਾਂਦਾ ਹੈ ਤਾਂ ਇਕੱਠੀ ਹੋਈ ਸੰਗਤ ਵੱਲੋਂ ਪਾਲਕੀ ਉਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਇਤਰ ਫੁਲੇਲ ਛਿੜਕਿਆ ਜਾਂਦਾ ਹੈ। ਦੇਸ਼ ਅਤੇ ਵਿਦੇਸ਼ਾਂ ਤੋਂ ਆਏ ਸ਼ਰਧਾਲੂਆਂ ਦੇ ਨਾਲ ਖਾਲਸਾਈ ਰੰਗ 'ਚ ਰੰਗੇ ਸਟੇਡੀਅਮ ਵਿਚ ਮੌਜੂਦ ਹਜ਼ਾਰਾਂ ਸ਼ਰਧਾਲੂਆਂ ਨੂੰ ਨਿਹੰਗ ਸਿੰਘਾਂ ਨੇ ਕਰਤੱਵ ਦਿਖਾ ਕੇ ਹੈਰਾਨ ਕਰ ਦਿੱਤਾ। ਇਸ ਦੌਰਾਨ ਜਿਥੇ ਘੋੜ ਸਵਾਰ ਨਿਹੰਗ ਸਿੰਘਾਂ ਵੱਲੋਂ 3-3, 4-4 ਘੋੜੇ ਇਕੱਠੇ ਦੌੜਾਏ ਜਾ ਰਹੇ ਸਨ, ਉਥੇ ਹੀ ਹਾਥੀਆਂ ਉਤੇ ਸਵਾਰ ਨਿਹੰਗ ਸਿੰਘ, 300-300 ਮੀਟਰ ਦੀਆਂ ਦਸਤਾਰਾਂ ਵਾਲੇ ਨਿਹੰਗ ਸਿੰਘ, ਤੀਰ-ਅੰਦਾਜ਼ੀ ਦੇ ਜੌਹਰ ਦਿਖਾ ਰਹੇ ਨਿਹੰਗ ਸਿੰਘ ਤੇ ਖਾਲਸਾਈ ਬਾਣੇ 'ਚ ਸਜੇ ਛੋਟੇ ਬੱਚੇ ਸੰਗਤ ਦੀ ਵਿਸ਼ੇਸ਼ ਖਿਚ ਦਾ ਕੇਂਦਰ ਬਣੇ ਹੋਏ ਸਨ।

## ਬਾਣੀ ਤੇ ਬਾਣੇ ਦੇ ਧਾਰਨੀ ਬਣੋ: ਜਥੇਦਾਰ

ਤਖਤ ਸਾਹਿਬ ਵਿਖੇ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਿੰਘ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਦਸਮੇਸ਼ ਪਿਤਾ ਵੱਲੋਂ 1700 ਈ: 'ਚ ਅਰੰਭੀ ਹੋਲੇ-ਮਹੱਲੇ ਦੀ ਰਵਾਇਤ ਨਾਲ ਖਾਲਸਾ ਪੰਥ ਨੂੰ ਜ਼ੁਲਮ ਅਤੇ ਜਬਰ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਸੀ ਅਤੇ ਖਾਲਸਾਈ ਫੌਜਾਂ ਦੇ ਦੋ ਮਨਸੂਈ ਦਲ ਬਣਾ ਕੇ ਜੰਗੀ ਅਭਿਆਸ ਸ਼ੁਰੂ ਕੀਤੇ ਅਤੇ ਜੇਤੂ ਦਲਾਂ ਨੂੰ ਗੁਰੂ ਸਾਹਿਬ ਜੀ ਸਿਰੋਪਾਉ ਦੀ ਬਖਸ਼ਿਸ਼ ਕਰਦੇ ਸਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਪਾਵਨ ਮੌਕੇ 'ਤੇ ਗੁਰੂ ਸਾਹਿਬ ਦੇ ਜੀਵਨ ਫਲਸਫੇ ਅਨੁਸਾਰ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਲਈ ਅੰਮ੍ਰਿਤਧਾਰੀ ਬਣੋ। ਸਮਾਗਮ 'ਚ ਉਨ੍ਹਾਂ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਜਗਤਾਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਵਾਲੇ ਨੇ ਵੀ ਸੰਗਤਾਂ ਨੂੰ ਹੋਲੇ-ਮਹੱਲੇ ਦੀਆਂ ਵਧਾਈਆਂ ਦਿੱਤੀਆਂ।

# ਲਾਡਲੀਆਂ ਫੌਜਾਂ ਨੇ ਵਿਖਾਏ ਜੰਗਜੂ ਜੌਹਰ

**ਸ੍ਰੀ ਅਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਾਹੋ ਜਲਾਲ ਅਤੇ ਨਿਆਰੇਪਣ ਦਾ ਪ੍ਰਤੀਕ ਕੌਮੀ ਤਿਉਹਾਰ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਗੁਰੂ ਕੀਆਂ ਲਾਡਲੀਆਂ ਫੌਜਾਂ ਵੱਲੋਂ ਪੁਰਾਤਨ ਰਵਾਇਤ ਅਨੁਸਾਰ ਸਜਾਏ ਮਹੱਲੇ ਨਾਲ ਅਮਨ ਸ਼ਾਂਤੀ ਨਾਲ ਸਮਾਪਤ ਹੋ ਗਿਆ।

ਹੋਲੇ-ਮਹੱਲੇ ਦੀ ਸੰਪੂਰਨਤਾ ਮੌਕੇ ਗੁਰੂ ਕੀਆਂ ਲਾਡਲੀਆਂ ਖਾਲਸਾਈ ਫੌਜਾਂ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ 'ਚ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦੀ ਬਾਗ ਸਾਹਿਬ ਤੋਂ ਪੁਰਾਤਨ ਰਵਾਇਤਾਂ ਨਾਲ ਮਹੱਲਾ ਸਜਾਇਆ ਗਿਆ। ਜਿਸ 'ਚ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਨਾਲ ਬਾਬਾ ਨਿਹਾਲ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ, ਜਥੇਦਾਰ ਬਾਬਾ ਗੱਜਣ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਸੰਪਰਦਾ ਬਾਬਾ ਬਿਧੀ



ਚੰਦ, ਬਾਬਾ ਗੁਰਦੇਵ ਸਿੰਘ ਤਰਨਾ ਦਲ ਸ਼ਹੀਦੀ ਬਾਗ, ਬਾਬਾ ਮਾਨ ਸਿੰਘ ਮੜੀਆਂਵਾਲੇ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਮਾਲਵਾ ਤਰਨਾ ਦਲ ਦੇ ਜਥੇਦਾਰ ਬਾਬਾ ਨਾਹਰ ਸਿੰਘ, ਬਾਬਾ ਬਲਦੇਵ ਸਿੰਘ ਬੱਲਾਂ, ਬਾਬਾ ਵੱਸਣ ਸਿੰਘ ਮੜੀਆਂ ਵਾਲੇ, ਬਾਬਾ ਤਰਸੇਮ ਸਿੰਘ ਮਹਿਤਾ ਚੌਕ, ਬਾਬਾ ਲਾਲ ਸਿੰਘ, ਬਾਬਾ ਜਿੰਦਾ ਸਿੰਘ ਭਿਖੀਵਿੰਡ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਤਰਸੇਮ ਸਿੰਘ ਮੋਰਾਂਵਾਲੀ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਲ ਹਨ। ਉਨ੍ਹਾਂ ਨੇ ਸੰਗਤਾਂ ਦੇ ਲਾਮਿਸਾਲ ਇਕੱਠ ਨੂੰ ਘੋੜ ਸਵਾਰੀ, ਨੇਜੇਬਾਜ਼ੀ, ਗਤਕੇਬਾਜ਼ੀ ਆਦਿ ਦੇ ਜੰਗਜੂ ਜੌਹਰ ਦਿਖਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੁਰਾਤਨ ਹੋਲੀ ਤਿਉਹਾਰ ਨੂੰ ਨਵਾਂ ਕ੍ਰਾਂਤੀਕਾਰੀ ਰੂਪ ਦੇ ਕੇ ਹੋਲੇ-ਮਹੱਲੇ ਦੀ ਪੰਥਕ ਰਵਾਇਤ ਸ਼ੁਰੂ ਕੀਤੀ ਸੀ, ਦੇ ਦ੍ਰਿਸ਼ਾਂ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀ।

# ਹਰਿਮੰਦਰ ਸਾਹਿਬ ਵਿਖੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਭਵਨ ਦੇ ਗੁੰਬਦਾਂ ਤੇ ਦੀਵਾਰਾਂ 'ਤੇ ਲੱਗੇ ਸੋਨੇ ਦੇ ਪੱਤਰਿਆਂ ਦੀ ਪ੍ਰਦੂਸ਼ਣ ਤੇ ਧੂੜ ਮਿੱਟੀ ਕਾਰਨ ਫਿੱਕੀ ਪੈ ਰਹੀ ਚਮਕ ਨੂੰ ਮੁੜ ਪਹਿਲਾਂ ਵਰਗਾ ਕਰਨ ਹਿਤ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਯੂ.ਕੇ.) ਤੋਂ ਆਏ ਸ਼ਰਧਾਲੂਆਂ ਵੱਲੋਂ ਸੋਨੇ ਦੀ ਧੁਆਈ ਦੀ ਕਾਰ



ਸੇਵਾ ਆਰੰਭ ਕੀਤੀ ਗਈ।

ਸੇਵਾ ਅਰੰਭ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਨੇ ਕਰਵਾਈ। ਸ਼੍ਰੋਮਣੀ ਕਮੇਟੀ ਵੱਲੋਂ ਮੁੜ ਸੋਨੇ ਦੇ ਪੱਤਰੇ ਲਾਉਣ ਦੀ ਕਾਰ ਸੇਵਾ ਸਾਲ 1995 'ਚ ਬਾਬਾ ਮਹਿੰਦਰ ਸਿੰਘ ਯੂ. ਕੇ. ਦੀ ਅਗਵਾਈ ਵਾਲੇ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਸੀ, ਜਿਸ ਵੱਲੋਂ 1999 'ਚ ਇਸ ਕਾਰ ਸੇਵਾ ਨੂੰ ਮੁਕੰਮਲ ਕੀਤਾ ਗਿਆ ਸੀ। ਸਾਲ 2011 'ਚ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਅਹੁਦੇਦਾਰਾਂ ਵੱਲੋਂ ਧੁਆਈ ਦੀ ਸੇਵਾ ਖੁਦ ਕੀਤੇ ਜਾਣ ਦੇ ਲਏ ਗਏ ਫੈਸਲੇ ਕਾਰਨ ਇਹ ਸੇਵਾ 5 ਸਾਲ ਰੁਕੀ ਰਹੀ ਪਰ ਸ਼੍ਰੋਮਣੀ ਕਮੇਟੀ ਵੱਲੋਂ ਅਗਸਤ 2016 'ਚ ਇਹ ਸੇਵਾ ਮੁੜ ਬਰਮਿੰਘਮ ਦੇ ਜਥੇ ਨੂੰ ਹੀ ਸੌਂਪ ਦਿੱਤੀ ਗਈ ਸੀ, ਜਿਨ੍ਹਾਂ ਵੱਲੋਂ 15 ਮਾਰਚ 2017 ਨੂੰ ਮੁੜ ਇਹ ਸੇਵਾ ਕੀਤੀ ਗਈ ਸੀ। ਜਥੇ ਦੇ ਪ੍ਰਬੰਧਕ ਭਾਈ ਗੁਰਦਿਆਲ ਸਿੰਘ ਨੇ ਦੱਸਿਆ ਕਿ ਜਥੇ ਦੇ ਮੁਖੀ ਭਾਈ ਮਹਿੰਦਰ ਸਿੰਘ ਯੂ.ਕੇ. ਦੀ ਰਹਿਨੁਮਾਈ ਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਕਾਰ ਸੇਵਾ ਲਈ ਇਸ ਵਾਰ ਯੂ.ਕੇ. ਤੋਂ 30 ਸਿੰਘਾਂ ਸਮੇਤ ਕੁੱਲ 50 ਦੇ ਕਰੀਬ ਮੈਂਬਰ ਸੇਵਾ 'ਚ ਸ਼ਰਧਾ ਸਹਿਤ ਹਿੱਸਾ ਲੈ ਰਹੇ ਹਨ। ਧੁਆਈ ਲਈ ਕਿਸੇ ਕੈਮੀਕਲ ਦੀ ਵਰਤੋਂ ਦੀ ਥਾਂ ਰੀਠੇ ਨੂੰ ਗਰਮ ਪਾਣੀ 'ਚ ਕਈ ਘੰਟੇ ਉਬਾਲ ਕੇ, ਇਸ 'ਚ ਨਿੰਬੂ ਦਾ ਰਸ ਮਿਲਾ ਕੇ ਤੇ ਫਿਰ ਇਸ ਨੂੰ ਠੰਢਾ ਕਰਕੇ ਸੋਨੇ ਦੇ ਪੱਤਰਿਆਂ 'ਤੇ ਹੱਥਾਂ ਨਾਲ ਮਲਿਆ ਜਾਂਦਾ ਹੈ।

ਸੇਵਾ ਵੇਲੇ ਇਹ ਖਾਸ ਖਿਆਲ ਰੱਖਿਆ ਜਾਂਦਾ ਹੈ ਕਿ ਰੀਠੇ ਦੇ ਸਾਬਣ ਵਾਲਾ ਪਾਣੀ ਪਾਵਨ ਸਰੋਵਰ 'ਚ ਨਾ ਪਵੇ। ਉਨ੍ਹਾਂ ਦੱਸਿਆ ਕਿ ਇਹ ਕਾਰ ਸੇਵਾ 6 ਤੋਂ 8 ਦਿਨਾਂ 'ਚ ਮੁਕੰਮਲ ਹੋਣ ਦੀ ਆਸ ਹੈ। ਇਸ ਤੋਂ ਬਾਅਦ ਜਥੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਲੱਗੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਵੀ ਕੀਤੇ ਜਾਣ ਦੀ ਸੰਭਾਵਨਾ ਹੈ। ਗਿਆਨੀ ਸੁਖਜਿੰਦਰ ਸਿੰਘ ਵੱਲੋਂ ਜਥੇ ਦੇ ਪ੍ਰਬੰਧਕ ਭਾਈ ਗੁਰਦਿਆਲ ਸਿੰਘ ਨੂੰ ਸਿਰੋਪਾਉ ਵੀ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਇਹ ਸੇਵਾ ਵਧੇਰੇ ਪ੍ਰਦੂਸ਼ਣ ਕਾਰਨ ਸਾਲ 'ਚ 2 ਵਾਰ ਕੀਤੀ ਗਈ ਸੀ ਪਰ ਇਸ ਵਾਰ ਸਾਲ ਬਾਅਦ ਹੀ ਇਹ ਸੇਵਾ ਸ਼ੁਰੂ ਕੀਤੀ ਗਈ ਹੈ। ਜਥੇ ਦੇ ਯੂ.ਕੇ. ਤੋਂ ਪੁੱਜੇ ਕੁਝ ਮੈਂਬਰਾਂ ਨੇ ਦੱਸਿਆ ਕਿ ਉਹ ਹਰ ਸਾਲ ਵਾਂਗ ਸੇਵਾ ਵਾਸਤੇ ਹੀ ਆਪਣੇ ਕੰਮਾਂ-ਕਾਰਾਂ ਤੋਂ ਛੁੱਟੀਆਂ ਲੈ ਕੇ ਆਏ ਹਨ।

# ਜਥੇਦਾਰ ਆਪ ਹੀ ਭੁੱਲੇ 'ਮਰਿਆਦਾ'

**ਸ੍ਰੀ ਆਨੰਦਪੁਰ ਸਾਹਿਬ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਕੌਮ ਨੂੰ ਇਕਜੁੱਟ ਕਰਨ ਦਾ ਸੱਦਾ ਦੇਣ ਵਾਲੀ ਸ਼੍ਰੋਮਣੀ ਕਮੇਟੀ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲੇ ਮਹੱਲੇ ਮੌਕੇ ਨਿਹੰਗ ਸਿੰਘਾਂ ਨੂੰ ਵੱਖਰੇ ਤੌਰ 'ਤੇ ਮਹੱਲਾ ਕੱਢਣ ਤੋਂ ਰੋਕਣ ਦੀ ਬਜਾਏ ਆਪਣੇ ਕੁਨਬੇ ਨੂੰ ਹੀ ਇਕ ਝੰਡੇ ਹੇਠਾਂ ਲੈ ਕੇ ਆਉਣ 'ਚ ਨਾਕਾਮ ਰਹੀ। ਕੇਸਗੜ੍ਹ ਸਾਹਿਬ ਤੋਂ ਸਜਾਏ ਗਏ ਮਹੱਲੇ ਵਿਚ ਪਹਿਲੀ ਵਾਰ ਬਾਕੀ ਸਾਰੇ ਤਖਤਾਂ ਦੇ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਗ਼ੈਰਹਾਜ਼ਰੀ ਨੇ ਪੰਥਕ ਸਫਾਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਜਾਏ ਗਏ ਮਹੱਲੇ ਦੀ ਅਗਵਾਈ ਸਿਰਫ ਇਕ ਹੀ ਜਥੇਦਾਰ ਨੇ ਕੀਤੀ। ਇਸ ਮੌਕੇ ਥੋੜਾ ਸਮਾਂ ਕੱਢ ਕੇ ਪਹੁੰਚੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਮਰਿਆਦਾ ਤੋਂ ਉਲਟ ਤਖਤ ਕੇਸਗੜ੍ਹ ਵਿਖੇ ਗੁਲਾਲ ਖੇਡ ਕੇ ਸੰਬੋਧਨ ਕਰਨ ਉਪਰੰਤ ਚਲਦੇ ਬਣੇ। ਇਸ ਦੀ ਚੁਫੇਰਿਓਂ ਨਿੰਦਾ ਕੀਤੀ ਜਾ ਰਹੀ ਹੈ।

ਦੂਸਰੇ ਪਾਸੇ 13 ਸਾਲਾਂ ਤੱਕ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ ਪ੍ਰੋਫੈਸਰ ਮਨਜੀਤ ਸਿੰਘ ਨੇ ਗੁਲਾਲ ਲਗਵਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਨਾਮ ਦੇ ਰੰਗ 'ਚ ਰੰਗਣ ਦੀ ਗੱਲ ਆਖੀ ਸੀ, ਨਾ ਕਿ ਦੁਨਿਆਵੀ ਰੰਗਾਂ 'ਚ ਰੰਗਣ ਨੂੰ ਤਰਜੀਹ ਦਿੱਤੀ ਸੀ। ਬੀਤੇ ਕਈ ਦਿਨਾਂ ਤੋਂ ਇਹ ਵਿਵਾਦ ਚੱਲ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਹੱਲਾ 21 ਮਾਰਚ ਨੂੰ ਕੱਢਿਆ ਜਾਵੇਗਾ ਜਦਕਿ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਪੁਰਾਤਨ ਰਵਾਇਤ ਅਨੁਸਾਰ ਮਹੱਲਾ 22 ਮਾਰਚ ਨੂੰ ਕੱਢਣ ਲਈ ਬਜ਼ਿੱਦ ਸਨ। ਇਸ ਕਾਰਨ ਖਾਲਸਾ ਪੰਥ ਇਸ ਦਿਹਾੜੇ ਨੂੰ ਮਨਾਉਣ



ਲਈ ਦੁਬਿਧਾ ਵਿਚ ਸੀ। ਨਿਹੰਗ ਸਿੰਘਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਰਖਵਾਏ ਅਖੰਡ ਪਾਠ ਦੇ ਭੋਗ ਮੌਕੇ ਤਾਂ ਕੇਸਗੜ੍ਹ ਸਾਹਿਬ 'ਚ ਆਪਣੀ ਹਾਜ਼ਰੀ ਲਵਾਈ ਪਰ ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਮਹੱਲੇ 'ਚ ਉਨ੍ਹਾਂ ਸ਼ਿਰਕਤ ਨਾ ਕੀਤੀ।

ਸ਼੍ਰੋਮਣੀ ਕਮੇਟੀ ਵੱਲੋਂ 21 ਮਾਰਚ ਨੂੰ ਸਜਾਏ ਗਏ ਮਹੱਲੇ ਵਿਚ ਜਥੇਦਾਰ ਰਘੁਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਹਿਮਾਚਲ ਪ੍ਰਦੇਸ਼ ਤੋਂ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਸਹਾਇਕ ਹੈੱਡ ਗ੍ਰੰਥੀ ਦਰਬਾਰ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਹੈੱਡ ਗ੍ਰੰਥੀ ਕੇਸਗੜ੍ਹ ਸਾਹਿਬ ਗਿਆਨੀ ਫੂਲਾ ਸਿੰਘ ਹੀ ਸ਼ਾਮਲ ਹੋਏ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤਾਂ ਆਪਣੇ ਜ਼ਰੂਰੀ ਰੁਝੇਵਿਆਂ ਕਰਕੇ ਮਹੱਲੇ 'ਚ ਸ਼ਾਮਲ ਨਾ ਹੋ ਸਕੇ ਪਰ ਸ਼੍ਰੋਮਣੀ ਕਮੇਟੀ ਦੇ ਆਲਾ ਮਿਆਰੀ ਸੂਤਰਾਂ ਅਨੁਸਾਰ ਇਸ ਵਾਰ ਹੋਲੇ ਮਹੱਲੇ 'ਚ ਸ਼ਮੂਲੀਅਤ ਵਾਸਤੇ ਤਖਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰਾਂ ਨੂੰ ਸੱਦੇ ਤੱਕ ਨਹੀਂ ਭੇਜੇ ਗਏ। ਇਹ ਵੀ ਸ਼ਾਇਦ ਪਹਿਲੀ ਵਾਰ ਹੋਇਆ ਹੋਵੇਗਾ ਕਿ ਪੰਥਕ ਅਖਵਾਉਣ ਵਾਲੀ ਪਾਰਟੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਰਪ੍ਰਸਤ ਹੀ ਨਹੀਂ ਬਲਕਿ ਟਕਸਾਲੀ ਅਕਾਲੀ ਦਲ ਦੇ ਆਗੂਆਂ ਨੇ ਵੀ ਹੋਲਾ ਮਹੱਲਾ ਦੇ ਕਿਸੇ ਵੀ ਦਿਨ ਤਖਤ ਸਾਹਿਬ 'ਤੇ ਨਤਮਸਤਕ ਹੋਣਾ ਜ਼ਰੂਰੀ ਨਹੀਂ ਸਮਝਿਆ।

## ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਸਿੰਘ ਧੁੱਗਾ ਨੂੰ ਸਦਮਾ, ਮਾਤਾ ਸੁਰਗਵਾਸ

**ਹੇਵਰਡ (ਬਿਊਰੋ):** ਬੇਅ ਏਰੀਏ ਦੀ ਜਾਣੀ ਪਛਾਣੀ ਸ਼ਖਸੀਅਤ ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਸਿੰਘ ਧੁੱਗਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਮਾਤਾ ਬੀਬੀ ਗੁਰਬੰਤ ਕੌਰ ਧੁੱਗਾ ਲੰਘੀ 22 ਮਾਰਚ, ਸ਼ੁੱਕਰਵਾਰ ਨੂੰ ਦੇਰ ਰਾਤ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਤਿੰਨ ਧੀਆਂ-ਮਨਜੀਤ ਕੌਰ ਜੰਡਾ, ਤਸਵੀਰ ਕੌਰ ਧੁੱਗਾ, ਨੀਲਮ ਧੁੱਗਾ ਢਿੱਲੋਂ ਅਤੇ ਦੋ ਪੁੱਤਰ-ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ) ਤੇ ਅਜਾਇਬ ਸਿੰਘ ਧੁੱਗਾ ਅਤੇ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਬੀਬੀ ਗੁਰਬੰਤ ਕੌਰ ਧੁੱਗਾ ਦਾ ਅੰਤਿਮ ਸਸਕਾਰ 31 ਮਾਰਚ, ਐਤਵਾਰ ਨੂੰ ਬਾਅਦ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਦਰਮਿਆਨ ਇਥੇ ਚੈਪਲ ਆਫ ਦੀ ਚਾਈਮਜ਼ ਵਿਚ ਕੀਤਾ ਜਾਵੇਗਾ। ਪਰਿਵਾਰ ਨਾਲ ਸੰਪਰਕ ਕਸ਼ਮੀਰ ਸਿੰਘ ਧੁੱਗਾ ਫੋਨ: 510-816-9044 ਰਾਹੀਂ ਕੀਤਾ ਜਾ ਸਕਦਾ ਹੈ।

## ਸ਼ਬਦ ਦੀ ਥਾਂ ਪਾਤਰ ਦੀ ਕਵਿਤਾ ਲਾਗੂ ਕਰਨਾ 'ਤੇ ਇਤਰਾਜ਼

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਬੰਧਕਾਂ ਵੱਲੋਂ 'ਵਰਸਿਟੀ 'ਚ ਐਨਥਮ (ਧੁੰਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਦੇਹਿ ਸ਼ਿਵਾ ਬਰ ਮੋਹਿ ਹੈ....., ਦੀ ਥਾਂ ਉਤੇ ਕਵੀ ਸੁਰਜੀਤ ਪਾਤਰ ਦੀ ਕਵਿਤਾ ਨੂੰ ਲਾਗੂ ਕੀਤੇ ਜਾਣ ਦੇ ਫੈਸਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦੇਸ਼ ਦੀ ਏਕਤਾ, ਅਖੰਡਤਾ, ਧਰਮ ਤੇ ਸਭਿਆਚਾਰ ਦੀ ਹੋਂਦ ਨੂੰ ਬਚਾਉਣ ਲਈ ਆਪਣਾ ਸਾਰਾ ਵੰਸ਼ ਕੁਰਬਾਨ ਕਰ ਦਿੱਤਾ ਤੇ ਸੁਰਜੀਤ ਪਾਤਰ ਸਿਰਫ ਇਕ ਕਵੀ ਹੈ ਤੇ ਇਸ ਦੀ ਕਵਿਤਾ ਗੁਰੂ ਸਾਹਿਬ ਦੇ ਸ਼ਬਦ ਦੇ ਬਰਾਬਰ ਕਦੀ ਵੀ ਨਹੀਂ ਹੋ ਸਕਦੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਯੂਨੀਵਰਸਿਟੀ ਪ੍ਰਬੰਧਨ ਵੱਲੋਂ ਲਿਆ ਗਿਆ ਇਹ ਫੈਸਲਾ ਮੰਦਭਾਗਾ ਅਤੇ ਅਤਿ ਦੁਖਦਾਇਕ ਹੈ। ਯੂਨੀਵਰਸਿਟੀ 'ਚ ਪਹਿਲਾਂ ਵਾਲੀ ਸਥਿਤੀ ਰੱਖ ਕੇ ਗੁਰੂ ਸਾਹਿਬ ਦਾ ਸ਼ਬਦ ਹੀ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਕਿਉਂਕਿ ਸਮੁੱਚਾ ਸਿੱਖ ਪੰਥ ਯੂਨੀਵਰਸਿਟੀ ਦੇ ਇਸ ਫੈਸਲੇ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।


# ਹੈਲਪਰਾਂ ਦੀ ਲੋੜ ਹੈ

## ਕੈਨਸਸ ਸਿਟੀ, ਮਿਜ਼ੌਰੀ ਵਿਚ ਪੰਜਾਬੀ ਰੈਸਟੋਰੈਂਟ ਲਈ ਦੋ ਹੈਲਪਰਾਂ ਦੀ ਲੋੜ ਹੈ

ਮੁਫਤ ਰਿਹਾਇਸ਼, ਚੰਗਾ ਮਾਹੌਲ
ਪਤੀ-ਪਤਨੀ ਨੂੰ ਪਹਿਲ

ਸੰਪਰਕ ਕਰੋ: ਗੁਰਦੇਵ ਸਿੰਘ
ਫੋਨ: 773-220-2268

10-13


## ਅੰਮ੍ਰਿਤਸਰ-ਬਰਮਿੰਘਮ ਹਵਾਈ ਉਡਾਣ ਦਿੱਲੀ ਤਬਦੀਲ

**ਅੰਮ੍ਰਿਤਸਰ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੇ ਕਸ਼ੀਦਗੀ ਵਾਲੇ ਮਾਹੌਲ ਦੌਰਾਨ ਏਅਰ ਇੰਡੀਆ ਹਵਾਈ ਕੰਪਨੀ ਵੱਲੋਂ ਦਿੱਲੀ-ਅੰਮ੍ਰਿਤਸਰ-ਬਰਮਿੰਘਮ ਹਵਾਈ ਉਡਾਣ ਦਾ ਰਾਹ ਬਦਲਦਿਆਂ ਇਸ ਨੂੰ ਮੁੜ ਦਿੱਲੀ-ਬਰਮਿੰਘਮ ਵਿਚਾਲੇ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਪਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ।

ਏਅਰ ਇੰਡੀਆ ਵੱਲੋਂ ਪਹਿਲਾਂ ਵੀ ਇਹ ਸਿੱਧੀ ਉਡਾਣ ਅੰਮ੍ਰਿਤਸਰ ਤੋਂ ਬਰਮਿੰਘਮ ਵਿਚਾਲੇ ਚਲਾਈ ਜਾਂਦੀ ਸੀ ਪਰ ਬੰਦ ਕਰ ਦਿੱਤੀ ਗਈ, ਜਿਸ ਨੂੰ ਹੁਣ 8 ਸਾਲਾਂ ਬਾਅਦ ਮੁੜ ਪਿਛਲੇ ਵਰ੍ਹੇ ਫਰਵਰੀ ਮਹੀਨੇ ਵਿਚ ਅੰਮ੍ਰਿਤਸਰ ਤੋਂ ਬਰਮਿੰਘਮ ਵਾਸਤੇ ਸਿੱਧੀ ਉਡਾਣ ਵਜੋਂ ਸ਼ੁਰੂ ਕੀਤਾ ਸੀ। ਪਰ 27 ਫਰਵਰੀ ਨੂੰ ਬਾਲਾਕੋਟ ਵਿਚ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਤੋਂ ਬਾਅਦ ਪਾਕਿਸਤਾਨ ਵੱਲੋਂ ਹਵਾਈ ਆਵਾਜਾਈ ਰੋਕ ਦਿੱਤੀ ਗਈ ਸੀ, ਜੋ ਅਜੇ ਵੀ ਕਾਇਮ ਹੈ ਜਿਸ ਕਾਰਨ ਦਿੱਲੀ-ਅੰਮ੍ਰਿਤਸਰ-ਬਰਮਿੰਘਮ ਉਡਾਣ ਦਾ ਰਾਹ ਬਦਲ ਦਿੱਤਾ ਗਿਆ ਹੈ। ਇਹ ਉਡਾਣ ਮੁੜ ਦਿੱਲੀ-ਬਰਮਿੰਘਮ ਵਿਚਾਲੇ ਚਲਾਈ ਜਾ ਰਹੀ ਹੈ।

ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਹਵਾਈ ਅੱਡਾ ਸਥਿਤ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਉਡਾਣ ਨੂੰ ਅੰਮ੍ਰਿਤਸਰ ਤੋਂ ਬਰਮਿੰਘਮ ਵਾਸਤੇ ਸਿੱਧਾ ਚਲਾਏ ਜਾਣ ਕਾਰਨ ਇਹ ਉਡਾਣ ਲਾਹੇਵੰਦ ਸਾਬਤ ਹੋ ਰਹੀ ਸੀ। ਐਨ.ਆਰ.ਆਈ. ਵੱਲੋਂ ਇਸ ਉਡਾਣ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਹਵਾਈ ਕੰਪਨੀ ਏਅਰ ਇੰਡੀਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਵਾਈ ਉਡਾਣ ਵਿਚ ਕੀਤਾ ਗਿਆ ਇਹ ਬਦਲਾਅ ਮੌਜੂਦਾ ਪ੍ਰਸਥਿਤੀਆਂ ਕਾਰਨ ਕੀਤਾ ਗਿਆ ਹੈ। ਹੁਣ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਬੰਧ ਠੀਕ ਹੋਣ ਮਗਰੋਂ ਹੀ ਇਹ ਉਡਾਣ ਮੁੜ ਅੰਮ੍ਰਿਤਸਰ ਤੋਂ ਬਹਾਲ ਹੋ ਸਕੇਗੀ।

## ਹਰਿਆਣਾ ਸਰਕਾਰ ਬਦਸੂਈ ਮਾਮਲੇ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰੇ: ਲੌਂਗੋਵਾਲ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹਰਿਆਣਾ ਦੇ ਕੈਥਲ ਜ਼ਿਲ੍ਹੇ 'ਚ ਪੈਂਦੇ ਪਿੰਡ ਬਦਸੂਈ ਵਿਚ ਗੁਰਦੁਆਰਾ ਸਾਹਿਬ 'ਤੇ ਕੀਤੇ ਹਮਲੇ ਦੌਰਾਨ ਮਾਰੇ ਗਏ ਸਿੱਖ ਸ਼ਮਸ਼ੇਰ ਸਿੰਘ ਦੇ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 25-25 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹਰਿਆਣਾ ਵਿਚ ਵਾਪਰੀ ਇਹ ਘਟਨਾ ਨਿੰਦਣਯੋਗ ਹੈ ਅਤੇ ਹਰਿਆਣਾ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਰੇ ਗਏ ਸਿੱਖ ਦੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ 2 ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜ਼ਖਮੀਆਂ ਦੇ ਇਲਾਜ ਲਈ ਵੀ 25-25 ਹਜ਼ਾਰ ਰੁਪਏ ਦੀ ਆਰਥਿਕ ਮਦਦ ਕੀਤੀ ਜਾਵੇਗੀ।

# Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com 11-14

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com 10-13

ਜੱਟ ਸਿੱਖ, 32 ਸਾਲਾ, ਕੱਦ 5'-1", ਕੰਪਨੀ ਵਿਚ ਕੰਮ ਕਰਦੀ ਅਮਰੀਕਨ ਸਿਟੀਜ਼ਨ ਲੜਕੀ ਲਈ ਲੜਕੇ ਦੀ ਲੋੜ ਹੈ, ਜੋ ਸਖਤ ਮਿਹਨਤੀ ਹੋਵੇ ਅਤੇ ਉਸ ਪਾਸ ਵਧੀਆ ਫਾਰਮ ਹੋਵੇ। ਛੋਟਾ ਪਰਿਵਾਰ ਹੋਵੇ। ਮਾਲਵੇ ਦੇ ਲੜਕੇ ਨੂੰ ਪਹਿਲ। ਸੰਪਰਕ ਕਰੋ, ਫੋਨ: 216-373-3639 9-12

### ਲੜਕੀ ਦੀ ਲੋੜ ਹੈ

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

Jatt Sikh Sangha parents seeking match for their US citizen son, 25 years, 6'-2", non drinker, working as Software Engineer in Boeing. Contact, Ph: 636-577-5615 or E-mail: sangha@charter.net 11-18

### ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ, ਅਮਰੀਕਨ ਸਿਟੀਜ਼ਨ, ਵੈਲ ਸੈਟਲਡ ਤਲਾਕਸ਼ੁਦਾ, ਉਮਰ 40 ਸਾਲ, ਕੱਦ 5'-4" ਲੜਕੀ ਲਈ ਵੈਲ ਸੈਟਲਡ ਜੀਵਨ ਸਾਥੀ ਦੀ ਲੋੜ ਹੈ, ਜੋ 40 ਸਾਲ ਤੋਂ ਵੱਧ ਹੋਵੇ। ਬਿਨਾ ਬੱਚੇ ਤੋਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਹਫਤੇ ਦੇ ਕੰਮ ਵਾਲੇ ਦਿਨੀਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਸੰਪਰਕ ਕਰੋ, ਫੋਨ: 540-479-0603 (ਵੱਟਸ ਐਪ) 13-16

## ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਅੱਗੇ ਪਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਮਰ ਕੈਦ ਦੀ ਸਜ਼ਾਯਾਫਤਾ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੋ ਹਫਤਿਆਂ ਲਈ ਅੱਗੇ ਪਾ ਦਿੱਤੀ ਹੈ। ਕੁਮਾਰ ਦੀ ਅਰਜ਼ੀ ਜਸਟਿਸ ਸੰਜੀਵ ਖੰਨਾ ਦੀ ਸ਼ਮੂਲੀਅਤ ਵਾਲੇ ਬੈਂਚ ਅੱਗੇ ਸੂਚੀਬੱਧ ਹੋ ਗਈ, ਜੋ ਪਹਿਲਾਂ ਹੀ ਖੁਦ ਨੂੰ ਇਸ ਕੇਸ ਦੀ ਸੁਣਵਾਈ ਤੋਂ ਵੱਖ ਕਰ ਚੁੱਕੇ ਹਨ।

ਜਸਟਿਸ ਖੰਨਾ ਨੇ ਮੁੜ ਖੁਦ ਨੂੰ ਸੁਣਵਾਈ ਤੋਂ ਵੱਖ ਕਰ ਲਿਆ। ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਐਸ.ਏ. ਬੋਬੜੇ ਨੇ ਕਿਹਾ ਕਿ ਇਹ ਗੜਬੜ ਆਖਰੀ ਮੌਕੇ ਕੀਤੀ ਰੱਦੋਬਦਲ ਕਰਕੇ ਹੋਈ ਹੈ। ਕਾਬਲੇਗੌਰ ਹੈ ਕਿ ਜਸਟਿਸ ਖੰਨਾ ਨੇ ਲੰਘੀ 25 ਫਰਵਰੀ ਨੂੰ ਵੀ ਕੇਸ ਦੀ ਸੁਣਵਾਈ ਤੋਂ ਨਾਂਹ ਕਰ ਦਿੱਤੀ ਸੀ। ਕੁਮਾਰ ਨੂੰ ਜਿਸ ਕੇਸ ਵਿਚ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਉਹ '84 ਦੇ ਦੰਗਿਆਂ ਮੌਕੇ ਦੱਖਣ-ਪੱਛਮੀ ਦਿੱਲੀ ਵਿਚ ਦਿੱਲੀ ਛਾਉਣੀ ਦੇ ਰਾਜਨਗਰ ਪਾਰਟ-1 ਖੇਤਰ ਵਿਚ ਪੰਜ ਸਿੱਖਾਂ ਦੀ ਹੱਤਿਆ ਤੇ ਰਾਜਨਗਰ ਦੇ ਗੁਰਦੁਆਰੇ ਦੀ ਸਾੜ-ਫੂਕ ਨਾਲ ਸਬੰਧਤ ਹੈ।


# ਸ਼ੈਫ ਤੇ ਹੈਲਪਰ ਦੀ ਲੋੜ ਹੈ

ਲਾਰੈਂਸ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਸ਼ੈਫ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: 316-518-5382

12-15

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

# ਲੋਕ ਸਭਾ ਚੋਣਾਂ ਦੇ ਐਲਾਨ ਪਿੱਛੋਂ ਪੂਰੇ ਦੇਸ਼ 'ਚ ਸਿਆਸੀ ਅਖਾੜਾ ਭਖਿਆ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਐਲਾਨ ਪਿੱਛੋਂ ਪੂਰੇ ਦੇਸ਼ ਵਿਚ ਸਿਆਸੀ ਅਖਾੜਾ ਭਖਿਆ ਹੋਇਆ ਹੈ। ਸੱਤ ਪੜਾਵਾਂ ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੇ ਪਹਿਲੇ ਪੜਾਅ ਵਿਚ ਗਿਣਵੇਂ ਦਿਨ ਬਾਕੀ ਰਹਿ ਗਏ ਹਨ। ਇਸ ਲਈ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਬੇਹੱਦ ਤੇਜ਼ ਕਰ ਦਿੱਤੀਆਂ ਹਨ।

ਚੋਣ ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਹੁਤ ਸਰਗਰਮੀ ਦਿਖਾਈ ਸੀ। ਬਹੁਤ ਸਾਰੇ ਨੀਂਹ-ਪੱਥਰ ਰੱਖੇ ਸਨ ਅਤੇ ਅਨੇਕਾਂ ਰੈਲੀਆਂ ਵੀ ਕੀਤੀਆਂ ਸਨ। ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਅਤੇ ਉਸ ਦੀ ਭੈਣ ਪ੍ਰਿਅੰਕਾ ਗਾਂਧੀ ਵੀ ਕਾਫੀ ਸਰਗਰਮ ਦਿਖਾਈ ਦਿੰਦੇ ਹਨ। ਪ੍ਰਾਂਤਾਂ ਦੀਆਂ ਵੱਖ-ਵੱਖ ਪਾਰਟੀਆਂ ਦੇ ਆਗੂ ਵੀ ਵੱਡੀ ਭੰਨ-ਤੋੜ ਕਰਨ ਵਿਚ ਲੱਗੇ ਹਨ। ਪਰ ਹੁਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਨਰਿੰਦਰ ਮੋਦੀ ਕੇਂਦਰੀ ਬਿੰਦੂ ਬਣੇ ਦਿਖਾਈ ਦਿੱਤੇ ਹਨ। ਇਕ ਅੰਦਾਜ਼ੇ ਅਨੁਸਾਰ ਪਾਕਿਸਤਾਨ ਦੇ ਬਾਲਾਕੋਟ ਵਿਚ ਕੀਤੀ ਗਈ ਹਵਾਈ ਕਾਰਵਾਈ ਤੋਂ ਬਾਅਦ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਕਾਫੀ ਕਿੰਤੂ-ਪ੍ਰੰਤੂ ਹੋਏ ਹਨ। ਪਰ ਇਸ ਮਸਲੇ 'ਤੇ ਦੂਸਰੀਆਂ ਪਾਰਟੀਆਂ ਕਾਫੀ ਪਛੜ ਗਈਆਂ ਜਾਪਦੀਆਂ ਹਨ, ਜਦੋਂ ਕਿ ਭਾਰਤੀ ਜਨਤਾ ਪਾਰਟੀ ਅੱਜ ਆਪਣੇ ਆਪ ਨੂੰ ਸਭ ਤੋਂ ਵੱਡੀ ਰਾਸ਼ਟਰਵਾਦੀ ਪਾਰਟੀ ਹੋਣ ਦਾ ਐਲਾਨ ਕਰ ਰਹੀ ਹੈ। ਪਿਛਲੇ ਦਿਨੀਂ ਭਾਜਪਾ ਨੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਇਕੋ ਵਾਰ 184 ਉਮੀਦਵਾਰਾਂ ਦੇ ਨਾਂਵਾਂ ਦੀ ਪਹਿਲੀ ਸੂਚੀ ਦਾ ਐਲਾਨ ਕਰ ਦਿੱਤਾ ਹੈ, ਜਦੋਂ ਕਿ ਕਾਂਗਰਸ ਨੇ ਵੱਖ-ਵੱਖ ਸਮਿਆਂ 'ਤੇ ਹੁਣ ਤੱਕ 146 ਉਮੀਦਵਾਰਾਂ ਦਾ ਹੀ ਐਲਾਨ ਕੀਤਾ ਹੈ।

ਭਾਜਪਾ ਹੁਣ ਤੱਕ ਕਾਫੀ ਹੌਸਲੇ ਵਿਚ ਚਲਦੀ ਦਿਖਾਈ ਦੇ ਰਹੀ ਹੈ। ਇਸ ਸੂਚੀ ਤੋਂ ਅਜਿਹਾ ਪ੍ਰਭਾਵ ਮਿਲਦਾ ਹੈ। ਭਾਜਪਾ ਨੇ ਤਿੰਨ ਕੇਂਦਰੀ ਮੰਤਰੀਆਂ ਸਮੇਤ 23 ਸੰਸਦ ਮੈਂਬਰਾਂ ਦੇ ਟਿਕਟ ਕੱਟ ਦਿੱਤੇ ਹਨ, ਜਦੋਂ ਕਿ ਇਸ ਸੂਚੀ ਵਿਚ 74 ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ ਪਰ ਅਜਿਹਾ ਕਰਦਿਆਂ ਉਸ ਨੇ ਮੋਟੇ ਰੂਪ ਵਿਚ ਜਾਤ-ਬਰਾਦਰੀਆਂ ਦਾ ਖਿਆਲ ਜ਼ਰੂਰ ਰੱਖਿਆ ਹੈ ਅਤੇ ਇਸ ਦੇ ਨਾਲ ਹੀ ਉਸ ਨੇ ਕਈ ਦਲਬਦਲੂਆਂ ਨੂੰ ਟਿਕਟ ਦਿੱਤੇ ਹਨ। ਇਨ੍ਹਾਂ ਵਿਚ 4 ਕਾਂਗਰਸ 'ਚੋਂ ਆਏ ਹਨ, 3 ਤ੍ਰਿਨਮੂਲ ਕਾਂਗਰਸ ਅਤੇ ਕੁਝ ਹੋਰ ਛੋਟੀਆਂ-ਵੱਡੀਆਂ ਪਾਰਟੀਆਂ ਨੂੰ ਛੱਡ ਕੇ ਭਾਜਪਾ ਨਾਲ ਰਲੇ ਹਨ। ਕਾਂਗਰਸ ਨੇ ਸ਼ੁਰੂ ਵਿਚ ਕਈ ਪਾਰਟੀਆਂ ਨਾਲ ਰਲ ਕੇ ਮਹਾਂਗੱਠਜੋੜ ਬਣਾਉਣ ਦਾ ਐਲਾਨ ਕੀਤਾ ਸੀ ਪਰ ਉਸ ਨੂੰ ਉੱਤਰ ਪ੍ਰਦੇਸ਼ ਵਿਚ ਇਸ ਸਬੰਧੀ ਵੱਡੀ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ। ਕਿਉਂਕਿ ਉਥੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਗੱਠਜੋੜ ਕਰਕੇ ਕਾਂਗਰਸ ਨੂੰ ਆਪਣੇ ਨਾਲ ਰਲਣ ਨਹੀਂ ਦਿੱਤਾ। ਇਸ ਲਈ ਕਾਂਗਰਸ ਨੂੰ ਉਥੇ ਆਪਣੇ ਹੀ ਉਮੀਦਵਾਰਾਂ ਦਾ ਐਲਾਨ ਕਰਨਾ ਪਿਆ ਸੀ। ਉਸ ਦਾ ਇਹ ਮਹਾਂਗੱਠਜੋੜ ਬਿਹਾਰ ਵਿਚ ਹੀ ਸਿਰੇ ਚੜ੍ਹਿਆ ਦਿਖਾਈ ਦਿੰਦਾ ਹੈ, ਜਿਥੇ ਲਾਲੂ ਪ੍ਰਸਾਦ ਯਾਦਵ ਦੀ ਰਾਸ਼ਟਰੀ ਜਨਤਾ ਦਲ ਨੂੰ 40 ਵਿਚੋਂ 20 ਸੀਟਾਂ ਦਿੱਤੀਆਂ ਗਈਆਂ ਹਨ ਅਤੇ ਕਾਂਗਰਸ ਨੂੰ ਸਿਰਫ 9 'ਤੇ ਹੀ ਸਹਿਮਤੀ ਦੇਣੀ ਪਈ ਹੈ। ਭਾਜਪਾ ਦੇ ਧੁਰੰਧਰ ਆਗੂ ਰਹੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਜਿਸ ਤਰੀਕੇ ਨਾਲ ਅਣਗੌਲਿਆ ਕੀਤਾ ਗਿਆ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਅਡਵਾਨੀ ਦਾ ਪਾਰਟੀ ਵਿਚ ਯੁੱਗ ਹੁਣ ਖਤਮ ਹੋ ਗਿਆ ਹੈ। ਕਦੀ ਸਮਾਂ ਸੀ ਜਦੋਂ ਅਟਲ ਬਿਹਾਰੀ ਵਾਜਪਾਈ ਨਾਲ ਲਾਲ ਕ੍ਰਿਸ਼ਨ ਅਡਵਾਨੀ ਦੀ ਤੂਤੀ ਬੋਲਦੀ ਸੀ।



ਉਹ ਪਹਿਲਾਂ ਜਨਸੰਘ ਦੇ ਪ੍ਰਧਾਨ ਰਹੇ ਅਤੇ ਫਿਰ 1980 ਵਿਚ ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਤੋਂ ਬਾਅਦ ਉਹ ਇਸ ਦੇ ਤਿੰਨ ਵਾਰ ਪ੍ਰਧਾਨ ਰਹੇ। ਗੁਜਰਾਤ ਦੇ ਗਾਂਧੀਨਗਰ ਤੋਂ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ ਅਤੇ ਉਨ੍ਹਾਂ ਦੀ ਥਾਂ 'ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੂੰ ਚੁਣਿਆ ਗਿਆ ਹੈ, ਜਦੋਂ ਕਿ ਅਡਵਾਨੀ 4 ਵਾਰ ਗਾਂਧੀ ਨਗਰ ਦੀ ਸੀਟ ਜਿੱਤ ਚੁੱਕੇ ਹਨ। ਉਨ੍ਹਾਂ ਦਾ ਬਹੁਤ ਲੰਮਾ ਸਿਆਸੀ ਜੀਵਨ ਹੈ। ਉਹ 4 ਵਾਰ ਰਾਜ ਸਭਾ ਦੇ ਮੈਂਬਰ ਅਤੇ 6 ਵਾਰ ਲੋਕ ਸਭਾ ਦੇ ਮੈਂਬਰ ਚੁਣੇ ਜਾ ਚੁੱਕੇ ਹਨ। ਉਨ੍ਹਾਂ ਨੇ ਉਪ ਪ੍ਰਧਾਨ ਮੰਤਰੀ ਦਾ ਅਹੁਦਾ ਵੀ ਹੰਢਾਇਆ। ਸਾਲ 1990 ਵਿਚ ਉਨ੍ਹਾਂ ਵੱਲੋਂ ਦੇਸ਼ ਭਰ ਵਿਚ ਸ਼ੁਰੂ ਕੀਤੀ ਗਈ ਰਾਮ ਮੰਦਰ ਯਾਤਰਾ ਦੀ ਵੱਡੀ ਚਰਚਾ ਹੋਈ ਸੀ ਪਰ ਸਿਆਸਤ ਵਿਚ ਅਕਸਰ ਚੜ੍ਹਾਈਆਂ ਤੇ ਉਤਰਾਈਆਂ ਆਉਂਦੀਆਂ ਰਹਿੰਦੀਆਂ ਹਨ। ਸਾਲ 2005 ਵਿਚ ਅਡਵਾਨੀ ਦੀ ਸਿਆਸੀ ਉਤਰਾਈ ਸ਼ੁਰੂ ਹੋ ਗਈ ਜਦੋਂ ਆਪਣੀ ਪਾਕਿਸਤਾਨ ਦੀ ਯਾਤਰਾ ਸਮੇਂ ਉਨ੍ਹਾਂ ਨੇ ਉਸ ਦੇਸ਼ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀ ਭਰਪੂਰ ਪ੍ਰਸੰਸਾ ਕੀਤੀ ਸੀ।

ਭਾਜਪਾ 'ਤੇ ਹਮੇਸ਼ਾ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਵੱਡਾ ਪ੍ਰਭਾਵ ਬਣਿਆ ਰਿਹਾ ਹੈ। ਸੰਘ ਦੇ ਗਲੇ 'ਚੋਂ ਅਡਵਾਨੀ ਦੀਆਂ ਇਹ ਗੱਲਾਂ ਹੇਠਾਂ ਨਹੀਂ ਸਨ ਉਤਰੀਆਂ। ਉਸ ਤੋਂ ਬਾਅਦ ਸਾਲ 2009 ਵਿਚ ਕੌਮੀ ਪੱਧਰ 'ਤੇ ਪਾਰਟੀ ਨੂੰ ਵੱਡੀ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਸ ਪਿੱਛੋਂ ਨਰਿੰਦਰ ਮੋਦੀ ਸਿਆਸੀ ਮੰਚ ਉਤੇ ਬਹੁਤ ਤੇਜ਼ੀ ਨਾਲ ਉੱਭਰਿਆ ਸੀ। ਉਸ ਦੀ ਤੇਜ਼ ਸਿਆਸੀ ਤੋਰ ਨੂੰ ਰੋਕ ਸਕਣਾ ਕਿਸੇ ਦੇ ਵੱਸ ਵਿਚ ਨਹੀਂ ਸੀ ਰਿਹਾ। ਇਸ ਲਈ ਪਿਛਲੇ 5 ਸਾਲ ਮੋਦੀ ਤੋਂ ਬਗੈਰ ਹੋਰ ਬਹੁਤੇ ਭਾਜਪਾ ਆਗੂ ਬੜੇ ਛੋਟੇ ਕੱਦ ਦੇ ਨਜ਼ਰ ਆਉਂਦੇ ਰਹੇ ਹਨ। ਪਿਛਲੇ 5 ਸਾਲ ਤੋਂ ਲਗਾਤਾਰ ਨਰਿੰਦਰ ਮੋਦੀ ਦੇ ਪ੍ਰਸ਼ਾਸਨ ਦੀ ਵੱਡੀ ਚਰਚਾ ਵੀ ਹੁੰਦੀ ਰਹੀ ਹੈ ਅਤੇ ਇਸ ਦਾ ਪੂਰਾ ਲੇਖਾ-ਜੋਖਾ ਵੀ ਕੀਤਾ ਜਾਂਦਾ ਰਿਹਾ ਹੈ।

## ਵਾਰਾਨਸੀ 'ਚ ਮੋਦੀ ਖਿਲਾਫ ਨਿਤਰਨਗੇ ਤਾਮਿਲਨਾਡੂ ਦੇ 111 ਕਿਸਾਨ

**ਤਿਰੂਚਿਰਾਪੱਲੀ:** ਕੌਮੀ ਰਾਜਧਾਨੀ ਵਿਚ ਸੌ ਦਿਨ ਤੱਕ ਆਪਣੇ ਹੱਕਾਂ ਲਈ ਲੜਨ ਤੋਂ ਬਾਅਦ ਹੁਣ ਤਾਮਿਲਨਾਡੂ ਦੇ 111 ਕਿਸਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਵਾਰਾਨਸੀ ਦੇ ਚੋਣ ਮੈਦਾਨ ਵਿਚ ਨਿਤਰਨਗੇ ਅਤੇ ਆਪਣੀਆਂ ਨਾਮਜ਼ਦਗੀਆਂ ਭਰਨਗੇ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਥੋਂ ਲੋਕ ਸਭਾ ਲਈ ਭਾਜਪਾ ਦੇ ਉਮੀਦਵਾਰ ਹਨ। ਤਾਮਿਲਨਾਡੂ ਦੇ ਕਿਸਾਨਾਂ ਦੇ ਆਗੂ ਪੀ. ਆਇਆਕਾਨੂ ਨੇ ਐਲਾਨ ਕੀਤਾ ਹੈ ਕਿ ਸੂਬੇ ਦੇ 111 ਕਿਸਾਨ ਮੋਦੀ ਵਿਰੁੱਧ ਵਾਰਾਨਸੀ ਤੋਂ ਚੋਣ ਲੜਨਗੇ। ਕਿਸਾਨ ਆਗੂ ਆਇਆਕਾਨੂ ਜੋ ਕਿ ਕੌਮੀ ਦੱਖਣੀ ਭਾਰਤ ਦਰਿਆ ਅੰਤਰ-ਲਿੰਕ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਕਿਹਾ ਕਿ ਕਿਸਾਨਾਂ ਵੱਲੋਂ ਚੋਣ ਲੜਨ ਦਾ ਫੈਸਲਾ ਕਿਸਾਨਾਂ ਦੀਆਂ ਮੰਗਾਂ ਨੂੰ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕਰਵਾਉਣ ਲਈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਦੇ ਆਗੂ ਉਨ੍ਹਾਂ ਨੂੰ ਮੰਗਾਂ ਪੂਰੀਆਂ ਕਰਨ ਦਾ ਯਕੀਨ ਦਿਵਾਉਣਗੇ ਤਾਂ ਉਹ ਆਪਣਾ ਫੈਸਲਾ ਵਾਪਿਸ ਲੈ ਲੈਣਗੇ, ਜੇ ਭਰੋਸਾ ਨਹੀਂ ਮਿਲਦਾ ਤਾਂ ਉਹ ਚੋਣ ਲੜਨਗੇ।

## ਪਰੇਸ਼ ਰਾਵਲ ਵੱਲੋਂ ਲੋਕ ਸਭਾ ਚੋਣਾਂ ਨਾ ਲੜਨ ਦਾ ਐਲਾਨ

**ਅਹਿਮਦਾਬਾਦ:** ਅਦਾਕਾਰ ਤੋਂ ਰਾਜਨੇਤਾ ਬਣੇ ਅਹਿਮਦਾਬਾਦ ਤੋਂ ਭਾਜਪਾ ਦੇ ਵਿਧਾਇਕ ਪਰੇਸ਼ ਰਾਵਲ ਨੇ ਕਿਹਾ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਹੀਂ ਲੜਨਗੇ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦਾ ਹਮੇਸ਼ਾ ਸਮਰਥਨ ਕਰਦੇ ਰਹਿਣਗੇ। ਇਕ ਟਵੀਟ 'ਚ ਪਰੇਸ਼ ਰਾਵਲ, ਜਿਨ੍ਹਾਂ ਨੇ ਭਾਜਪਾ ਦੇ ਗੜ੍ਹ ਅਹਿਮਦਾਬਾਦ ਦੇ ਪੂਰਬੀ ਪਾਸੇ ਤੋਂ ਚੋਣ ਲੜੀ ਸੀ, ਨੇ ਲਿਖਿਆ ਕਿ ਮੈਂ ਮੀਡੀਆ ਤੇ ਦੋਸਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੇਰੇ ਨਾਮਜ਼ਦਗੀ ਬਾਰੇ ਅੰਦਾਜ਼ਾ ਨਾ ਲਾਉਣ। ਵਰਨਣਯੋਗ ਹੈ ਕਿ ਲੰਬੇ ਸਮੇਂ ਤੋਂ ਪਰੇਸ਼ ਰਾਵਲ ਦੀ ਉਮੀਦਵਾਰੀ ਬਾਰੇ ਅੰਦਾਜ਼ਾ ਲਗਾਇਆ ਜਾ ਰਿਹਾ ਸੀ।

## ਸ਼ਤਰੂਘਨ ਸਿਨਹਾ ਦੀ ਥਾਂ ਪਟਨਾ ਤੋਂ ਰਵੀ ਸ਼ੰਕਰ ਲੜਨਗੇ ਚੋਣ

**ਨਵੀਂ ਦਿੱਲੀ:** ਭਾਜਪਾ ਨੇ ਲੋਕ ਸਭਾ ਚੋਣਾਂ ਲਈ 102 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਪਟਨਾ ਸਾਹਿਬ ਤੋਂ ਸ਼ਤਰੂਘਨ ਸਿਨਹਾ ਦੀ ਥਾਂ 'ਤੇ ਅਤੇ ਪਾਰਟੀ ਦੇ ਕੌਮੀ ਤਰਜਮਾਨ ਸੰਬਿਤ ਪਾਤਰਾ ਨੂੰ ਪੁਰੀ (ਉੜੀਸਾ) ਤੋਂ ਟਿਕਟ ਦਿੱਤੀ ਹੈ। ਭਾਜਪਾ ਨੇ ਹੁਣ ਤਕ 286 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।

ਭਾਜਪਾ ਨੇ ਕੇਂਦਰੀ ਮੰਤਰੀਆਂ ਨਰੇਂਦਰ ਸਿੰਘ ਤੋਮਰ ਨੂੰ ਮੋਰੈਨਾ (ਮੱਧ ਪ੍ਰਦੇਸ਼), ਜਯੰਤ ਸਿਨਹਾ ਨੂੰ ਹਜ਼ਾਰੀਬਾਗ (ਝਾਰਖੰਡ) ਅਤੇ ਸ੍ਰੀਪਦ ਨਾਇਕ ਨੂੰ ਉੱਤਰੀ ਗੋਆ ਤੋਂ ਮੈਦਾਨ 'ਚ ਉਤਾਰਿਆ ਹੈ। ਪਾਰਟੀ ਆਗੂ ਅਨੁਰਾਗ ਠਾਕੁਰ ਨੂੰ ਹਮੀਰਪੁਰ (ਹਿਮਾਚਲ ਪ੍ਰਦੇਸ਼) ਤੋਂ ਮੁੜ ਟਿਕਟ ਮਿਲੀ ਹੈ। ਬਜ਼ੁਰਗ ਆਗੂ ਅਤੇ ਕਾਂਗੜਾ ਤੋਂ ਮੌਜੂਦਾ ਸੰਸਦ ਮੈਂਬਰ ਸ਼ਾਂਤਾ ਕੁਮਾਰ ਦੀ ਟਿਕਟ ਕੱਟ ਕੇ ਕਿਸ਼ਨ ਕਪੂਰ ਨੂੰ ਉਮੀਦਵਾਰ ਬਣਾਇਆ ਗਿਆ ਹੈ। ਵਿਧਾਇਕ ਸੁਰੇਸ਼ ਕਸ਼ਯਪ ਨੂੰ ਵਿਰੇਂਦਰ ਕਸ਼ਯਪ ਦੀ ਥਾਂ 'ਤੇ ਸ਼ਿਮਲਾ ਤੋਂ ਟਿਕਟ ਦਿੱਤੀ ਗਈ ਹੈ।

ਭਾਜਪਾ ਨੇ ਪਟਨਾ 'ਚ ਆਪਣੇ ਭਾਈਵਾਲਾਂ ਨਾਲ ਪ੍ਰੈੱਸ ਕਾਨਫਰੰਸ ਕਰਕੇ ਆਪਣੇ 17 ਉਮੀਦਵਾਰਾਂ ਦੇ ਨਾਮ ਮੀਡੀਆ ਨਾਲ ਸਾਂਝੇ ਕੀਤੇ ਸਨ। ਬਿਹਾਰ (40) 'ਚ ਭਾਜਪਾ ਅਤੇ ਜਨਤਾ ਦਲ (ਯੂ) 17-17 ਅਤੇ ਲੋਕ ਜਨਸ਼ਕਤੀ ਪਾਰਟੀ 6 ਸੀਟਾਂ 'ਤੇ ਚੋਣ ਲੜਨਗੀ। ਭਾਜਪਾ ਨੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਨਵਾਦਾ ਸੀਟ ਤੋਂ ਬਦਲ ਕੇ ਬੇਗੂਸਰਾਏ (ਬਿਹਾਰ) ਤੋਂ ਉਮੀਦਵਾਰ ਐਲਾਨਿਆ ਹੈ। ਪਾਰਟੀ ਵਲੋਂ 184 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨੀ ਗਈ ਸੀ। ਪਹਿਲੀ ਸੂਚੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੇ ਨਾਮ ਸ਼ਾਮਲ ਸਨ। ਸ੍ਰੀ ਮੋਦੀ ਵਾਰਾਨਸੀ (ਯੂਪੀ) ਅਤੇ ਸ਼ਾਹ ਗਾਂਧੀਨਗਰ (ਗੁਜਰਾਤ) ਤੋਂ ਚੋਣ ਲੜਨਗੇ। ਸ੍ਰੀ ਸ਼ਾਹ ਨੂੰ ਲਾਲ ਕ੍ਰਿਸ਼ਨ ਅਡਵਾਨੀ ਦੀ ਟਿਕਟ ਕੱਟ ਕੇ ਉਮੀਦਵਾਰ ਬਣਾਇਆ ਗਿਆ ਹੈ।

# ਚੋਣ ਜ਼ਾਬਤੇ ਦੌਰਾਨ ਹੀ ਵਧਦੀ ਹੈ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ

**ਚੰਡੀਗੜ੍ਹ:** ਪੰਜਾਬ ਵਿਚ ਸੰਸਦੀ ਜਾਂ ਵਿਧਾਨ ਸਭਾ ਦੀਆਂ ਚੋਣਾਂ ਲਈ ਆਦਰਸ਼ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀ ਬਰਾਮਦਗੀ ਵਧ ਜਾਂਦੀ ਹੈ ਤੇ ਅਪਰਾਧਾਂ ਵਿਚ ਵੀ ਕਮੀ ਆ ਜਾਂਦੀ ਹੈ। ਇਸ ਦਾ ਸਬੂਤ ਤਾਜ਼ਾ ਚੋਣ ਜ਼ਾਬਤੇ ਦੌਰਾਨ ਦੇਖਿਆ ਜਾ ਸਕਦਾ ਹੈ। ਉਧਰ, ਸੂਤਰਾਂ ਅਨੁਸਾਰ ਮੁਕਤਸਰ ਤੇ ਜਲੰਧਰ ਦਿਹਾਤੀ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼. ਸਮੇਤ ਕਈ ਪੁਲਿਸ ਅਫਸਰਾਂ ਦੇ ਤਬਾਦਲੇ ਕਰਨਾ ਵੀ ਕਮਿਸ਼ਨ ਦੇ ਏਜੰਡੇ ਉਤੇ ਹੈ। ਕਮਿਸ਼ਨ ਵੱਲੋਂ ਪੁਲਿਸ ਅਫਸਰਾਂ ਦੀਆਂ ਗਤੀਵਿਧੀਆਂ ਦੀ ਰਿਪੋਰਟ ਲਈ ਜਾ ਰਹੀ ਹੈ।

ਪੰਜਾਬ ਪੁਲਿਸ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੀ ਜਾਣਕਾਰੀ ਮੁਤਾਬਕ ਹੁਣ ਤੱਕ 31 ਨਾਜਾਇਜ਼ ਹਥਿਆਰ ਬਰਾਮਦ ਕੀਤੇ ਹਨ। ਇਸੇ ਤਰ੍ਹਾਂ 171 ਵਸਤਾਂ ਅਸਲੇ ਜਾਂ ਗੋਲੀ ਸਿੱਕੇ ਨਾਲ ਸਬੰਧਤ ਫੜੀਆਂ ਗਈਆਂ। ਜ਼ਿਕਰਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਦਸ ਦਿਨਾਂ ਵਿਚ ਹੀ 500 ਦੇ ਕਰੀਬ ਬਗੈਰ ਲਾਇਸੈਂਸੀ ਹਥਿਆਰ ਫੜੇ ਗਏ ਸਨ। ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਪੁਲਿਸ ਵੱਲੋਂ ਹਰੇਕ ਜ਼ਿਲ੍ਹੇ ਵਿਚ ਨਾਕਾਬੰਦੀ ਸਖਤ ਕੀਤੀ ਗਈ ਹੈ ਤੇ ਵਾਹਨਾਂ ਦੀ ਤਲਾਸ਼ੀ ਲਈ ਜਾਂਦੀ ਹੈ। ਇਕ ਪੁਲਿਸ ਅਧਿਕਾਰੀ ਦਾ ਇਹ ਵੀ ਕਹਿਣਾ ਹੈ ਕਿ ਆਮ ਦਿਨਾਂ ਵਿਚ ਪੁਲੀਸ ਜ਼ਿਆਦਾਤਰ ਸਿਆਸੀ ਲੋਕਾਂ ਦੀ ਸੇਵਾ ਵਿਚ ਲੱਗੀ ਰਹਿੰਦੀ ਹੈ, ਇਸ ਲਈ ਨਾਕਾਬੰਦੀ ਦੌਰਾਨ ਵਾਹਨਾਂ ਆਦਿ ਦੀ ਚੈਕਿੰਗ ਲਈ ਸਖ਼ਤੀ ਨਹੀਂ ਵਰਤੀ ਜਾਂਦੀ। ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੌਰਾਨ ਨਕਦੀ ਲੈ ਕੇ ਚੱਲਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਲੋਕਾਂ ਵੱਲੋਂ ਨਕਦੀ ਰਾਹੀਂ ਕੀਤੇ ਜਾਂਦੇ ਲੈਣ ਦੇਣ ਦੇ ਕੰਮ ਕਾਰ ਠੱਪ ਹੋ ਗਏ ਹਨ। ਚੋਣ ਅਧਿਕਾਰੀਆਂ ਦਾ ਦੱਸਣਾ ਹੈ ਕਿ ਕਮਿਸ਼ਨ ਦੀਆਂ ਹਦਾਇਤਾਂ 'ਤੇ ਪੁਲਿਸ ਵੱਲੋਂ ਪਿਛਲੇ 11 ਦਿਨਾਂ ਦੌਰਾਨ 3.84 ਕਰੋੜ ਰੁਪਏ ਦੀ ਨਕਦੀ ਫੜੀ ਗਈ ਹੈ। ਚੋਣ ਕਮਿਸ਼ਨ ਵੱਲੋਂ ਮੰਨਿਆ ਜਾਂਦਾ ਹੈ ਕਿ ਪੰਜਾਬ ਵਿਚ ਸੰਸਦੀ ਜਾਂ ਵਿਧਾਨ ਸਭਾ ਚੋਣਾਂ ਦੌਰਾਨ ਸਭ ਤੋਂ ਜ਼ਿਆਦਾ ਪੈਸਾ ਤੇ ਨਸ਼ਾ ਵਰਤਿਆ ਜਾਂਦਾ ਹੈ ਪਰ ਹੁਣ ਤੱਕ ਕਿਸੇ ਵੱਡੇ ਨੇਤਾ ਨੂੰ ਪੁਲਿਸ ਜਾਂ ਕਮਿਸ਼ਨ ਦੀ ਟੀਮ ਨੇ ਹੱਥ ਨਹੀਂ ਪਾਇਆ। ਪੰਜਾਬ ਵਿਚ ਇਸ ਵਾਰੀ ਵੀ ਸੰਸਦੀ ਚੋਣਾਂ ਲਈ ਵੋਟਾਂ 19 ਮਈ ਨੂੰ ਪੈਣੀਆਂ ਹਨ।

ਸਿਆਸੀ ਧਿਰਾਂ ਜਾਂ ਸੰਭਾਵੀ ਉਮੀਦਵਾਰਾਂ ਵੱਲੋਂ ਵੋਟਾਂ ਨੂੰ ਹਰ ਤਰ੍ਹਾਂ ਨਾਲ ਭਰਮਾਉਣ ਦਾ ਹਥਕੰਡਾ ਵਰਤਿਆ ਜਾਂਦਾ ਹੈ। ਇਸੇ ਦੌਰਾਨ ਚੋਣ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ 1873 ਕੁਇੰਟਲ ਨਸ਼ੀਲੇ ਪਦਾਰਥ ਵੀ ਫੜੇ ਗਏ ਹਨ। ਚੋਣ ਅਧਿਕਾਰੀਆਂ ਦਾ ਦੱਸਣਾ ਹੈ ਕਿ ਆਉਂਦੇ ਦਿਨਾਂ ਦੌਰਾਨ ਕੁਝ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਤੇ ਪੰਜਾਬ ਸਰਕਾਰ ਤੋਂ ਮੁਕਤਸਰ ਤੇ ਜਲੰਧਰ ਦਿਹਾਤੀ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਬਾਰੇ ਰਿਪੋਰਟ ਮੰਗੀ ਗਈ ਹੈ। ਇਸੇ ਤਰ੍ਹਾਂ ਡੀ.ਆਈ.ਜੀ. ਅਤੇ ਆਈ.ਜੀ. ਰੈਂਕ ਦੇ ਅਧਿਕਾਰੀਆਂ ਬਾਰੇ ਵੀ ਗੁਪਤ ਰਿਪੋਰਟਾਂ ਹਾਸਲ ਹੋਈਆਂ ਹਨ।

## ਗੌਤਮ ਗੰਭੀਰ ਭਾਜਪਾ ਵਿਚ ਸ਼ਾਮਲ

**ਨਵੀਂ ਦਿੱਲੀ:** ਸਾਬਕਾ ਕ੍ਰਿਕਟਰ ਗੌਤਮ ਗੰਭੀਰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਕੇਂਦਰੀ ਮੰਤਰੀ ਅਰੁਣ ਜੇਤਲੀ ਅਤੇ ਰਵੀਸ਼ੰਕਰ ਪ੍ਰਸਾਦ ਦੀ ਹਾਜ਼ਰੀ ਵਿਚ ਗੌਤਮ ਗੰਭੀਰ ਨੇ ਭਾਜਪਾ ਦਾ ਲੜ ਫੜਿਆ। ਭਾਜਪਾ 'ਚ ਸ਼ਾਮਲ ਹੋਣ ਮਗਰੋਂ ਗੌਤਮ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ 'ਚ ਸ਼ਾਮਲ ਹੋਏ ਹਨ। ਉਨ੍ਹਾਂ ਦੇਸ਼ ਲਈ ਕੁਝ ਕਰ ਦੇਣ ਦਾ ਮੌਕਾ ਦੇਣ ਲਈ ਭਾਜਪਾ ਦਾ ਸ਼ੁਕਰੀਆ ਅਦਾ ਕੀਤਾ।



ਸ੍ਰੀ ਜੇਤਲੀ ਨੇ ਕਿਹਾ ਕਿ ਗੌਤਮ ਗੰਭੀਰ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਫਾਇਦਾ ਹੋਵੇਗਾ। ਪਿਛਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਦਿੱਲੀ ਦੀਆਂ ਸਾਰੀਆਂ ਸੱਤ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ।

## ਯਾਸੀਨ ਮਲਿਕ ਦੀ ਅਗਵਾਈ ਹੇਠਲੇ ਜੇ. ਕੇ. ਐਲ. ਐਫ. ਉਤੇ ਪਾਬੰਦੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਵਾਦੀ 'ਚ ਵੱਖਵਾਦ ਨੂੰ ਉਤਸ਼ਾਹਿਤ ਕਰਨ ਦੇ ਦੋਸ਼ਾਂ ਹੇਠ ਯਾਸੀਨ ਮਲਿਕ ਦੀ ਅਗਵਾਈ ਹੇਠਲੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ.ਕੇ.ਐਲ.ਐਫ.) 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਕੇਂਦਰ ਨੇ ਜਮਾਤ-ਏ-ਇਸਲਾਮੀ 'ਤੇ ਪਾਬੰਦੀ ਲਗਾਈ ਸੀ। ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਸੁਰੱਖਿਆ ਬਾਰੇ ਉੱਚ ਪੱਧਰੀ ਬੈਠਕ ਮਗਰੋਂ ਜਥੇਬੰਦੀ 'ਤੇ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਉਸ 'ਤੇ ਪਾਬੰਦੀ ਲਗਾਈ ਗਈ ਹੈ।

ਉਨ੍ਹਾਂ ਮੁਤਾਬਕ ਕੇਂਦਰ ਦੀ ਰਾਏ ਹੈ ਕਿ ਜੇ.ਕੇ.ਐਲ.ਐਫ. ਦਹਿਸ਼ਤੀ ਜਥੇਬੰਦੀਆਂ ਦੇ ਸੰਪਰਕ 'ਚ ਹੈ ਅਤੇ ਉਹ ਜੰਮੂ ਕਸ਼ਮੀਰ 'ਚ ਵੱਖਵਾਦ ਅਤੇ ਦਹਿਸ਼ਤਗਰਦੀ ਨੂੰ ਹਮਾਇਤ ਦੇ ਰਹੀ ਹੈ।

ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗਾਬਾ ਨੇ ਕਿਹਾ ਕਿ ਜੇ.ਕੇ.ਐਲ.ਐਫ. 'ਤੇ ਸਰਕਾਰ ਦੀ ਅਤਿਵਾਦ ਨਾਲ ਕਰੜੇ ਹੱਥੀਂ ਨਜਿੱਠਣ ਦੀ ਨੀਤੀ ਤਹਿਤ ਕਾਰਵਾਈ ਕੀਤੀ ਗਈ ਹੈ। ਮਲਿਕ ਇਸ ਸਮੇਂ ਜੰਮੂ ਦੀ ਕੋਟ ਬਲਵਲ ਜੇਲ੍ਹ 'ਚ ਬੰਦ ਹੈ। ਉਹ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਧੀ ਰੁਬਈਆ ਸਈਦ ਨੂੰ ਅਗਵਾ ਕਰਨ ਦੇ ਤਿੰਨ ਦਹਾਕੇ ਪੁਰਾਣੇ ਕੇਸ ਅਤੇ ਸ੍ਰੀਨਗਰ 'ਚ ਹਵਾਈ ਸੈਨਾ ਦੇ ਚਾਰ ਜਵਾਨਾਂ ਦੀ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਸ੍ਰੀ ਗਾਬਾ ਮੁਤਾਬਕ ਜੇ.ਕੇ.ਐਲ.ਐਫ. ਖਿਲਾਫ ਜੰਮੂ ਕਸ਼ਮੀਰ ਪੁਲਿਸ ਵੱਲੋਂ 37 ਐਫ. ਆਈ. ਆਰ. ਦਰਜ ਹਨ।

# ਮੋਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਉਠੇ ਵੱਡੇ ਸਵਾਲ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਮੋਦੀ ਸਰਕਾਰ ਆਪਣੀਆਂ 5 ਸਾਲ ਦੀਆਂ ਪ੍ਰਾਪਤੀਆਂ ਦੀ ਲੰਮੀ ਚੌੜੀ ਲਿਸਟ ਚੁੱਕੀ ਫਿਰਦੀ ਹੈ, ਉਸੇ ਸਮੇਂ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ (ਐਨ.ਐਸ.ਐਸ.ਓ.) ਦੀ ਇਕ ਰਿਪੋਰਟ ਨੇ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅੰਕੜੇ ਦੱਸਦੇ ਹਨ ਕਿ ਪਿਛਲੇ 2017-18 ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਦੌਰਾਨ ਸਭ ਤੋਂ ਵੱਧ ਰਹੀ ਹੈ। ਇਸੇ ਲਈ ਵਿਚ ਹੁਣ ਦਿਹਾਤੀ, ਭਾਵ ਖੇਤੀਬਾੜੀ ਖੇਤਰ ਅੰਦਰ ਮਿਲਣ ਵਾਲਾ ਅਨਿਯਮਤ ਕੰਮ ਵੀ ਘਟ ਗਿਆ ਹੈ।

ਸਮਾਂਬੱਧ ਕਿਰਤ ਸ਼ਕਤੀ ਸਰਵੇਖਣ ਦੀ ਰਿਪੋਰਟ ਮੁਤਾਬਕ ਭਾਰਤ ਅੰਦਰ 2011-12 ਤੋਂ 2017-18 ਦੇ ਸਾਲਾਂ ਦੌਰਾਨ 3.2 ਕਰੋੜ ਮਜ਼ਦੂਰ ਕੰਮ ਤੋਂ ਵਿਹਲੇ ਹੋ ਚੁੱਕੇ ਹਨ। ਇਸ ਦਾ ਅਰਥ ਹੈ ਕਿ ਕਰੀਬ 40 ਫੀਸਦੀ ਤੋਂ ਵੱਧ ਕਾਮਿਆਂ ਦੁਆਰਾ ਕੀਤੇ ਜਾਣ ਵਾਲਾ ਕੰਮ ਘੱਟ ਗਿਆ ਹੈ। ਜੇਕਰ ਗਿਣਤੀ ਵਿਚ ਦੇਖਣਾ ਹੋਵੇ ਤਾਂ ਜੋ ਕੰਮ ਦੇਸ਼ ਵਿਚ 3.6 ਕਰੋੜ ਪਰਿਵਾਰਾਂ ਨੂੰ ਮਿਲਦਾ ਸੀ, ਉਹ ਹੁਣ ਘਟ ਕੇ 2.1 ਕਰੋੜ ਰੁਪਏ ਪਰਿਵਾਰਾਂ ਤੱਕ ਸੀਮਤ ਹੋ ਗਿਆ ਹੈ। ਸਰਕਾਰ ਨੇ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਵੱਲੋਂ ਦਸੰਬਰ 2018 ਵਿਚ ਮਨਜ਼ੂਰੀ ਮਿਲਣ ਦੇ



ਬਾਵਜੂਦ ਸਰਕਾਰ ਨੇ ਐਨ.ਐਸ.ਐਸ.ਓ. ਦੇ ਇਹ ਅੰਕੜੇ ਅਜੇ ਤੱਕ ਜਾਰੀ ਨਹੀਂ ਕੀਤੇ।

ਇਸ ਤੋਂ ਇਹ ਨਤੀਜਾ ਵੀ ਸਾਹਮਣੇ ਆਉਂਦਾ ਹੈ ਕਿ ਦੇਸ਼ ਵਿਚ ਘੱਟੋ-ਘੱਟ ਸੌ ਦਿਨ ਦੇ ਬੁਨਿਆਦੀ ਅਧਿਕਾਰ ਵਜੋਂ ਬਣਾਇਆ ਗਿਆ ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਰੰਟੀ ਵੀ ਸਹੀ ਰੂਪ ਵਿਚ ਲਾਗੂ ਨਹੀਂ ਹੋ ਰਿਹਾ।

ਮਗਨਰੇਗਾ ਸਕੀਮ ਅਧੀਨ ਬਹੁਤ ਸਾਰੇ ਰਾਜਾਂ ਵਿਚ ਪੇਂਡੂ ਕਾਮਿਆਂ ਖਾਸ ਤੌਰ ਉਤੇ ਔਰਤਾਂ ਦੇ ਜੀਵਨ ਵਿਚ ਚੰਗੀ ਭੂਮਿਕਾ ਨਿਭਾਈ ਹੈ ਪਰ ਲਗਾਤਾਰ ਰੁਜ਼ਗਾਰ ਨਾ ਮਿਲਣਾ, ਕੰਮ ਕਰਵਾ ਕੇ ਪੈਸਾ ਜਾਰੀ ਨਾ ਕਰਨਾ ਅਤੇ ਕੰਮ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤੇ ਦੇ ਕਾਨੂੰਨੀ ਹੱਕ ਨੂੰ ਨਜ਼ਰਅੰਦਾਜ਼ ਕਰਨ ਵਰਗੀਆਂ ਖ਼ਬਰਾਂ ਲਗਾਤਾਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਖੇਤੀ ਖੇਤਰ ਵਿਚ ਵਧ ਰਹੇ ਮਸ਼ੀਨੀਕਰਨ ਨੇ ਵੀ ਰੁਜ਼ਗਾਰ ਘਟਾਇਆ ਹੈ। ਹਰ ਖੇਤਰ ਵਿਚ ਤਕਨੀਕੀ ਵਿਕਾਸ ਨਿਹਾਇਤ ਜ਼ਰੂਰੀ ਹੁੰਦਾ ਹੈ, ਪਰ ਰੁਜ਼ਗਾਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਕੇ ਬੇਰੋਕ ਤਕਨੀਕੀ ਵਿਕਾਸ ਦੀ ਪ੍ਰਕਿਰਿਆ ਬਾਰੇ ਵੀ ਸੋਚਣ ਦੀ ਜ਼ਰੂਰਤ ਹੈ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀ ਖੇਤਰ ਦਾ ਹਿੱਸਾ 14% ਤੱਕ ਰਹਿ ਗਿਆ ਹੈ ਜਦੋਂਕਿ ਅਜੇ ਵੀ ਲਗਭਗ ਪੰਜਾਹ ਫੀਸਦੀ ਕਿਰਤ ਸ਼ਕਤੀ ਖੇਤੀ ਖੇਤਰ 'ਤੇ ਨਿਰਭਰ ਹੈ। ਬਹੁਤ ਸਾਰੇ ਅਰਥ ਸ਼ਾਸਤਰੀ ਇਹ ਵਿਚਾਰ ਪੇਸ਼ ਕਰਦੇ ਹਨ ਕਿ ਲੋਕਾਂ ਨੂੰ ਖੇਤੀ ਖੇਤਰ ਵਿਚੋਂ ਕੱਢ ਕੇ ਬਦਲਵਾਂ ਰੁਜ਼ਗਾਰ ਦੇਣਾ ਪਵੇਗਾ ਪਰ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਖੇਤੀ ਦੇ ਬਦਲ 'ਚ ਕਿਹੜਾ ਖੇਤਰ ਰੁਜ਼ਗਾਰ ਦੇਵੇਗਾ, ਕਿਉਂਕਿ ਐਨ.ਐਸ.ਐਸ.ਓ. ਦੇ ਅੰਕੜੇ ਇਹ ਵੀ ਦਿਖਾ ਰਹੇ ਹਨ ਕਿ ਸ਼ਹਿਰਾਂ ਵਿਚ ਬੇਰੁਜ਼ਗਾਰੀ ਦੀ ਦਰ ਹੁਣ ਦਿਹਾਤੀ ਖੇਤਰ ਤੋਂ ਵੀ ਵੱਧ ਹੈ। ਉਦਯੋਗ ਲੋੜ ਅਨੁਸਾਰ ਰੁਜ਼ਗਾਰ ਪੈਦਾ ਨਹੀਂ ਕਰ ਰਹੇ ਤੇ ਸੇਵਾਵਾਂ (ਸਰਵਿਸਜ਼) ਦੇ ਖੇਤਰ (ਭਾਵ ਹੋਟਲ, ਟਰਾਂਸਪੋਰਟ, ਕੰਪਿਊਟਰ, ਸੰਚਾਰ, ਵਿਦਿਆ ਅਤੇ ਹੋਰ ਅਜਿਹੇ ਖੇਤਰ) ਵਿਚ ਮਾਮੂਲੀ ਤਨਖਾਹਾਂ ਕਾਰਨ ਨੌਜਵਾਨਾਂ ਵਿਚ ਬੇਚੈਨੀ ਵਧ ਰਹੀ ਹੈ।

## ਮੋਦੀ ਨੇ 2018 'ਚ ਖਤਮ ਕੀਤੀਆਂ ਇਕ ਕਰੋੜ ਨੌਕਰੀਆਂ: ਰਾਹੁਲ ਗਾਂਧੀ

**ਇੰਫਾਲ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ ਇਕੱਲੇ 2018 'ਚ ਇਕ ਕਰੋੜ ਨੌਕਰੀਆਂ ਖਤਮ ਕਰ ਦਿੱਤੀਆਂ। ਮੋਦੀ ਸਰਕਾਰ ਦੇ ਕਾਰਜਕਾਲ 'ਚ 2018 ਦੌਰਾਨ ਹਰ ਦਿਨ ਲਗਭਗ 30 ਹਜ਼ਾਰ ਨੌਕਰੀਆਂ ਖਤਮ ਹੋਈਆਂ। ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ 2018 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ 'ਚ ਇਕ ਕਰੋੜ ਨੌਕਰੀਆਂ ਖਤਮ ਕਰ ਦਿੱਤੀਆਂ। ਇਹ ਉਨ੍ਹਾਂ ਦੀ ਨਾਕਾਮੀ ਦਾ ਪੱਧਰ ਹੈ। ਮੋਦੀ ਦਾ 2 ਕਰੋੜ ਨੌਕਰੀਆਂ ਦਾ ਵਾਅਦਾ ਬੇਤੁਕਾ ਅਤੇ ਹਾਸੋਹੀਣਾ ਹੈ। ਸਾਲ 2016 'ਚ ਨੋਟਬੰਦੀ ਕਰਨ ਦੇ ਕੇਂਦਰ ਦੇ ਫੈਸਲੇ ਦੀ ਅਲੋਚਨਾ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਇਸ ਨਾਲ ਲੋਕਾਂ ਦੀ ਜ਼ਿੰਦਗੀ ਉਜੜ ਗਈ।

## ਪੁਲਵਾਮਾ ਹਮਲੇ ਦੇ ਮੁੱਖ ਸਾਜਿਸ਼ੀ ਦਾ ਨੇੜਲਾ ਸਾਥੀ ਦਿੱਲੀ 'ਚ ਗ੍ਰਿਫਤਾਰ

**ਨਵੀਂ ਦਿੱਲੀ:** ਜੈਸ਼-ਏ-ਮੁਹੰਮਦ ਦੇ ਅਤਿਵਾਦੀ ਸੱਜਾਦ ਖਾਨ, ਜੋ ਕਿ ਪੁਲਵਾਮਾ ਅਤਿਵਾਦੀ ਹਮਲੇ ਦੇ ਮੁੱਖ ਸਾਜਿਸ਼ਕਰਤਾ ਮੁਦਾਸਿਰ ਦਾ ਨੇੜਲਾ ਸਾਥੀ ਹੈ, ਨੂੰ ਦਿੱਲੀ 'ਚ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਬਾਅਦ ਸੱਜਾਦ ਖਾਨ ਨੂੰ ਦਿੱਲੀ ਦੀ ਇਕ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਸ ਨੂੰ ਐਨ.ਆਈ. ਏ. ਦੀ ਹਿਰਾਸਤ 'ਚ ਭੇਜ ਦਿੱਤਾ। ਪੁਲਿਸ ਦੇ ਡਿਪਟੀ ਕਮਿਸ਼ਨਰ (ਵਿਸ਼ੇਸ਼ ਸੈੱਲ) ਪ੍ਰਮੋਦ ਸਿੰਘ ਕੁਸ਼ਵਾਹ ਨੇ ਕਿਹਾ ਕਿ ਪੁਲਵਾਮਾ ਦੇ ਨਿਵਾਸੀ ਸੱਜਾਦ ਖਾਨ ਨੂੰ ਲਾਜਪਤ ਰਾਏ ਮਾਰਕਿਟ ਨੇੜਿਉਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੁਲਵਾਮਾ ਹਮਲੇ ਦਾ ਮੁੱਖ ਸਾਜਿਸ਼ਕਰਤਾ ਮੁਦਾਸਿਰ ਹਾਲ ਹੀ 'ਚ ਜੰਮੂ-ਕਸ਼ਮੀਰ 'ਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ। ਮੁਦਾਸਿਰ ਨੇ ਸੱਜਾਦ ਨੂੰ ਦਿੱਲੀ 'ਚ ਇਕ ਸਲੀਪ ਸੈੱਲ ਸਥਾਪਿਤ ਕਰਨ ਦਾ ਕੰਮ ਸੌਂਪਿਆ ਸੀ।

ਜਾਣਕਾਰੀ ਅਨੁਸਾਰ ਸੱਜਾਦ ਪੁਲਵਾਮਾ ਹਮਲੇ ਦੇ ਬਾਅਦ ਭੱਜ ਕੇ ਦਿੱਲੀ ਆ ਗਿਆ ਸੀ। ਹਾਲਾਂਕਿ ਦਿੱਲੀ ਆਉਣ ਦੇ ਬਾਅਦ ਵੀ ਉਹ ਲਗਾਤਾਰ ਜੈਸ਼-ਏ-ਮੁਹੰਮਦ ਦੇ ਸੰਪਰਕ 'ਚ ਸੀ। ਖੁਫੀਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਸੀ ਕਿ ਜੈਸ਼ ਦਿੱਲੀ 'ਚ ਵੀ ਇਕ ਆਤਮਘਾਤੀ ਹਮਲੇ ਨੂੰ ਅੰਜਾਮ ਦੇ ਸਕਦਾ ਹੈ।

## ਅਭੈ ਚੌਟਾਲਾ ਨੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦਿੱਤਾ

**ਚੰਡੀਗੜ੍ਹ:** ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਦੇ ਆਗੂ ਅਭੈ ਚੌਟਾਲਾ ਨੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਉਹ ਪੰਜ ਬਾਗੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ।



ਆਪਣੇ ਪੱਤਰ 'ਚ ਸ੍ਰੀ ਚੌਟਾਲਾ ਨੇ ਕਿਹਾ ਕਿ ਨੈਨਾ ਚੌਟਾਲਾ, ਅਨੂਪ ਧਾਨਕ, ਰਾਜਦੀਪ ਫੋਗਾਟ ਅਤੇ ਪਿਰਥੀ ਨੰਬਰਦਾਰ ਅਤੇ ਰਣਬੀਰ ਗੰਗਵਾ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੀ ਹਮਾਇਤ ਕਰ ਰਹੇ ਹਨ ਅਤੇ ਇਨੈਲੋ ਖਿਲਾਫ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਰਥੀ ਜੇ.ਜੇ.ਪੀ. ਅਤੇ ਗੰਗਵਾ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ। ਸ੍ਰੀ ਚੌਟਾਲਾ ਨੇ ਰਾਜ ਸਭਾ ਚੇਅਰਮੈਨ ਐਮ ਵੈਂਕਈਆ ਨਾਇਡੂ ਵੱਲੋਂ ਸ਼ਰਦ ਯਾਦਵ ਨੂੰ ਅਯੋਗ ਠਹਿਰਾਉਣ ਦੇ ਫ਼ੈਸਲੇ ਦਾ ਵੀ ਹਵਾਲਾ ਦਿੱਤਾ।

# ਕਾਂਗਰਸ ਵੱਲੋਂ ਗਰੀਬਾਂ ਦੇ ਦਿਨ ਬਦਲਣ ਦਾ ਐਲਾਨ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਚੋਣ ਵਾਅਦਾ ਕਰਦਿਆਂ ਦੇਸ਼ ਦੇ ਅਤਿ ਗਰੀਬ ਪਰਿਵਾਰਾਂ ਲਈ ਘੱਟੋ-ਘੱਟ ਆਮਦਨ ਸਕੀਮ ਦਾ ਐਲਾਨ ਕੀਤਾ ਹੈ। ਰਾਹੁਲ ਨੇ ਕਿਹਾ ਕਿ ਜੇਕਰ



ਕਾਂਗਰਸ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਉਹ ਗਰੀਬ ਵਰਗ ਦੇ 20 ਫੀਸਦੀ ਅਤਿ ਗਰੀਬ ਪਰਿਵਾਰਾਂ ਨੂੰ ਘੱਟੋ-ਘੱਟ ਆਮਦਨ ਵਜੋਂ ਸਾਲਾਨਾ 72000 ਰੁਪਏ ਪ੍ਰਤੀ ਪਰਿਵਾਰ ਦੇਣਗੇ।

ਗਾਂਧੀ ਨੇ ਇਸ ਪੇਸ਼ਕਦਮੀ ਨੂੰ ਗਰੀਬੀ ਦੇ ਖਾਤਮੇ ਲਈ 'ਆਖਰੀ ਹੱਲਾ' ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਮੁਲਕ ਦੇ ਪੰਜ ਕਰੋੜ ਪਰਿਵਾਰਾਂ ਭਾਵ 25 ਕਰੋੜ ਲੋਕਾਂ (ਪ੍ਰਤੀ ਪਰਿਵਾਰ ਪੰਜ ਜੀਅ) ਨੂੰ ਗਰੀਬੀ 'ਚੋਂ ਕੱਢਿਆ ਜਾ ਸਕੇਗਾ। ਕਾਂਗਰਸ ਪ੍ਰਧਾਨ ਨੇ ਗਰੀਬੀ ਦੇ ਖਾਤਮੇ ਲਈ ਇਸ ਸਕੀਮ ਨੂੰ 'ਇਤਿਹਾਸਕ' ਕਰਾਰ ਦਿੱਤਾ ਹੈ।

ਇਥੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਹੋਰਨਾਂ ਕਾਂਗਰਸੀ ਆਗੂਆਂ ਦੀ ਹਾਜ਼ਰੀ ਵਿਚ ਸਕੀਮ ਦਾ ਐਲਾਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ, 'ਬਦਲਾਅ ਦਾ ਸਮਾਂ ਆ ਗਿਆ ਹੈ। ਪੰਜ ਕਰੋੜ ਪਰਿਵਾਰਾਂ ਤੇ 25 ਕਰੋੜ ਲੋਕਾਂ ਨੂੰ ਸਿੱਧੇ ਤੌਰ 'ਤੇ ਇਸ ਸਕੀਮ ਦਾ ਲਾਹਾ ਮਿਲੇਗਾ।' ਕਾਂਗਰਸ ਪ੍ਰਧਾਨ ਨੇ ਮਗਰੋਂ ਇਕ ਟਵੀਟ 'ਚ ਅੱਜ ਦੇ ਦਿਨ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਪਾਰਟੀ ਨੇ ਗਰੀਬੀ 'ਤੇ ਆਖਰੀ ਹਮਲਾ ਬੋਲਿਆ ਹੈ। ਮੁਲਕ ਦੇ ਪੰਜ ਕਰੋੜ ਅਤਿ ਗਰੀਬ ਲੋਕਾਂ ਨੂੰ ਪ੍ਰਤੀ ਸਾਲ 72000 ਰੁਪਏ ਮਿਲਣਗੇ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪਾਰਟੀ ਨੇ ਸਕੀਮ ਨਾਲ ਸਬੰਧਤ ਵਿੱਤੀ ਅੜਿੱਕਿਆਂ ਦਾ ਅਧਿਐਨ ਕਰਨ ਦੇ ਨਾਲ ਉਘੇ ਅਰਥਸ਼ਾਸਤਰੀਆਂ ਤੇ ਮਾਹਿਰਾਂ ਦੇ ਸਲਾਹ ਮਸ਼ਵਰੇ ਪਿਛੋਂ ਹੀ ਇਸ ਸਕੀਮ ਨੂੰ ਅੰਤਿਮ ਰੂਪ ਦਿੱਤਾ ਹੈ। ਇਹ ਵਿੱਤੀ ਤੌਰ 'ਤੇ ਬਹੁਤ ਚੌਕਸ ਹੋ ਕੇ ਬਣਾਈ ਸਕੀਮ ਹੈ। ਉਨ੍ਹਾਂ ਕਿਹਾ ਕਿ ਜੇ ਪਾਰਟੀ ਸੱਤਾ 'ਚ ਆਈ ਤਾਂ ਉਹ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਦੀ ਪਛਾਣ ਕਰੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਗਰੀਬ ਪਰਿਵਾਰਾਂ ਨੂੰ ਬਹੁਤ ਮੁਸੀਬਤਾਂ ਝੱਲਣੀਆਂ ਪਈਆਂ ਹਨ ਤੇ ਅਸੀਂ ਉਨ੍ਹਾਂ ਨੂੰ ਨਿਆਂ ਦਿਵਾਵਾਂਗੇ। ਉਨ੍ਹਾਂ ਕਿਹਾ ਕਿ ਜੇਕਰ ਨਰਿੰਦਰ ਮੋਦੀ ਮੁਲਕ ਦੇ ਰੱਜੇ ਪੁੱਜਿਆਂ ਦੀਆਂ ਜੇਬਾਂ ਭਰ ਸਕਦੇ ਹਨ ਤਾਂ ਕਾਂਗਰਸ ਵੀ ਗਰੀਬਾਂ ਨੂੰ ਇਹ ਪੈਸਾ ਦੇ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਮੁਲਕ ਦੇ 20 ਫੀਸਦੀ ਅਤਿ ਗਰੀਬ ਪਰਿਵਾਰਾਂ ਦੇ ਬੈਂਕ ਖਾਤਿਆਂ 'ਚ ਸਾਲਾਨਾ 72000 ਰੁਪਏ ਪਾਉਣ ਦੀ ਗਾਰੰਟੀ ਦਿੰਦੀ ਹੈ।

## ਕੈਪਟਨ ਵੱਲੋਂ ਯੋਜਨਾ ਦਾ ਸਵਾਗਤ


**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਭਾਰਤ ਦੇ 20 ਫੀਸਦੀ ਗਰੀਬ ਪਰਿਵਾਰਾਂ ਨੂੰ ਘੱਟੋ-ਘੱਟ ਆਮਦਨ ਵਜੋਂ ਹਰ ਸਾਲ 72000 ਰੁਪਏ ਦੇਣ ਦੇ ਵਾਅਦੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਪਾਰਟੀ ਦਾ ਲੀਹੋਂ ਹਟਵਾਂ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਇਹ ਕਦਮ ਲੋਕ ਸਭਾ ਚੋਣਾਂ ਲਈ ਭਾਜਪਾ ਦੀਆਂ ਮਾਰੂ ਅਤੇ ਫੁਟ ਪਾਊ ਯੋਜਨਾ ਦੇ ਬਿਲਕੁਲ ਉਲਟ ਉਸਾਰੂ ਨੀਤੀਆਂ 'ਤੇ ਆਧਾਰਿਤ ਹੈ। ਕੈਪਟਨ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਇਸ ਵਾਅਦੇ ਨੇ ਮੁਲਕ ਦੇ ਗਰੀਬ ਤੋਂ ਗਰੀਬ ਲੋਕਾਂ ਦੇ ਜੀਵਨ ਵਿਚ ਆਸ ਦੀ ਕਿਰਨ ਜਗਾਈ ਹੈ।

## ਕਾਂਗਰਸ ਦੀ ਆਮਦਨ ਗਾਰੰਟੀ ਸਕੀਮ ਚੋਣ ਸਟੰਟ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਦੀ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਨੂੰ ਚੋਣ ਸਟੰਟ ਕਰਾਰ ਦਿੱਤਾ ਹੈ। ਸੀਨੀਅਰ ਅਕਾਲੀ ਨੇਤਾ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਕਾਂਗਰਸ ਸਿਰਫ ਵੋਟਾਂ ਲੈਣ ਵਾਸਤੇ ਅਜਿਹੇ ਵਾਅਦੇ ਕਰ ਰਹੀ ਹੈ। ਸ੍ਰੀ ਭੂੰਦੜ ਨੇ ਕਿਹਾ ਕਿ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਬਾਰੇ ਦੱਸਦਿਆਂ ਰਾਹੁਲ ਗਾਂਧੀ ਨੇ ਸਭ ਤੋਂ ਗਰੀਬ ਤਬਕੇ ਵਿਚੋਂ 20 ਫੀਸਦੀ ਗਰੀਬਾਂ ਨੂੰ ਸਾਲਾਨਾ 72 ਹਜ਼ਾਰ ਰੁਪਏ ਦੀ ਘੱਟੋ-ਘੱਟ ਆਮਦਨ ਦਾ ਭਰੋਸਾ ਦਿਵਾਇਆ ਹੈ, ਜਿਸ ਦਾ ਭਾਵ ਹੈ ਕਿ 5 ਕਰੋੜ ਪਰਿਵਾਰਾਂ ਅਤੇ 25 ਕਰੋੜ ਲੋਕਾਂ ਨੂੰ ਇਸ ਸਕੀਮ ਦਾ ਲਾਭ ਹੋਵੇਗਾ।

# ਜਸਟਿਸ ਪਿਨਾਕੀ ਘੋਸ਼ ਨੇ ਦੇਸ਼ ਦੇ ਪਹਿਲੇ ਲੋਕਪਾਲ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਜਸਟਿਸ ਪਿਨਾਕੀ ਚੰਦਰ ਘੋਸ਼ ਨੂੰ ਦੇਸ਼ ਦੇ ਪਹਿਲੇ ਲੋਕਪਾਲ ਵਜੋਂ ਸਹੁੰ ਚੁਕਵਾਈ। ਇਹ ਸਹੁੰ ਚੁੱਕ ਸਮਾਗਮ ਰਾਸ਼ਟਰਪਤੀ ਭਵਨ 'ਚ ਹੋਇਆ। ਸੁਪਰੀਮ ਕੋਰਟ ਦੇ ਸਾਬਕਾ ਜੱਜ



ਜਸਟਿਸ ਘੋਸ਼ ਨੂੰ ਦੇਸ਼ ਦਾ ਪਹਿਲਾ ਲੋਕਪਾਲ ਐਲਾਨਿਆ ਗਿਆ ਸੀ।

ਉਨ੍ਹਾਂ ਤੋਂ ਇਲਾਵਾ ਵੱਖ ਵੱਖ ਹਾਈ ਕੋਰਟਾਂ ਦੇ ਸਾਬਕਾ ਚੀਫ ਜਸਟਿਸ ਦਿਲੀਪ ਬੀ ਭੌਂਸਲੇ, ਪ੍ਰਦੀਪ ਕੁਮਾਰ ਮੋਹੰਤੀ, ਅਭਿਲਾਸ਼ਾ ਕੁਮਾਰੀ ਤੋਂ ਇਲਾਵਾ ਛੱਤੀਸਗੜ੍ਹ ਹਾਈ ਕੋਰਟ ਦੇ ਮੌਜੂਦਾ ਚੀਫ ਜਸਟਿਸ ਅਜੈ ਕੁਮਾਰ ਤ੍ਰਿਪਾਠੀ ਨੂੰ ਲੋਕਪਾਲ ਦੇ ਨਿਆਇਕ ਮੈਂਬਰ ਨਿਯੁਕਤ ਕੀਤਾ ਗਿਆ ਹੈ। ਸ਼ਸਤਰ ਸੀਮਾ ਬਲ ਦੀ ਪਹਿਲੀ ਮਹਿਲਾ ਮੁਖੀ (ਸੇਵਾਮੁਕਤ) ਅਰਚਨਾ ਰਾਮਸੁੰਦਰਮ, ਮਹਾਰਾਸ਼ਟਰ ਦੇ ਸਾਬਕਾ ਮੁੱਖ ਸਕੱਤਰ ਦਿਨੇਸ਼ ਕੁਮਾਰ ਜੈਨ, ਸਾਬਕਾ ਆਈ.ਆਰ.ਐਸ. ਅਫਸਰ ਮਹਿੰਦਰ ਸਿੰਘ ਅਤੇ ਗੁਜਰਾਤ ਕਾਡਰ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਇੰਦਰਜੀਤ ਪ੍ਰਸਾਦ ਗੌਤਮ ਨੂੰ ਲੋਕਪਾਲ ਦੇ ਗੈਰ-ਜੁਡੀਸ਼ਲ ਮੈਂਬਰ ਚੁਣਿਆ ਗਿਆ ਹੈ। ਜਸਟਿਸ ਘੋਸ਼ (66) ਮਈ 2017 'ਚ ਸੁਪਰੀਮ ਕੋਰਟ ਤੋਂ ਸੇਵਾਮੁਕਤ ਹੋਏ ਸਨ ਤੇ ਇਸ ਸਮੇਂ ਉਹ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਲੋਕਪਾਲ ਦੇ ਚੇਅਰਪਰਸਨ ਤੇ ਮੈਂਬਰਾਂ ਦੀ ਸੇਵਾ ਦੀ ਮਿਆਦ ਪੰਜ ਸਾਲ ਜਾਂ 70 ਸਾਲ ਦੀ ਉਮਰ ਤੱਕ (ਦੋਵਾਂ 'ਚੋਂ ਜੋ ਵੀ ਪਹਿਲਾਂ ਹੋਵੇ) ਹੋਵੇਗੀ। ਇਸ ਦੇ ਚੇਅਰਮੈਨ ਦੀ ਤਨਖਾਹ ਤੇ ਭੱਤੇ ਭਾਰਤ ਦੇ ਚੀਫ ਜਸਟਿਸ ਦੇ ਬਰਾਬਰ ਹੋਣਗੇ ਅਤੇ ਮੈਂਬਰਾਂ ਦੀ ਤਨਖਾਹ ਤੇ ਭੱਤੇ ਸੁਪਰੀਮ ਕੋਰਟ ਦੇ ਜੱਜਾਂ ਦੇ ਬਰਾਬਰ ਹੋਣਗੇ।

# ਏਸ਼ੀਆਈ ਅਮੀਰਾਂ ਦੀ ਸੂਚੀ 'ਚ ਹਿੰਦੂਜਾ ਪਰਿਵਾਰ ਮੋਹਰੀ

**ਲੰਡਨ:** ਏਸ਼ੀਆਈ ਅਮੀਰਾਂ ਦੀ ਸੂਚੀ 2019 'ਚ ਲਗਾਤਾਰ ਛੇਵੇਂ ਵਰ੍ਹੇ ਲੰਡਨ ਆਧਾਰਿਤ ਪਰਵਾਸੀ ਭਾਰਤੀ ਕਾਰੋਬਾਰੀ ਹਿੰਦੂਜਾ ਪਰਿਵਾਰ ਮੋਹਰੀ ਰਿਹਾ ਹੈ। ਉਨ੍ਹਾਂ ਦੀ ਕੁੱਲ ਆਮਦਨ 25.2 ਅਰਬ ਪੌਂਡ ਆਂਕੀ ਗਈ ਹੈ ਜੋ ਪਿਛਲੇ ਸਾਲ ਨਾਲੋਂ 3 ਅਰਬ ਪੌਂਡ ਵੱਧ ਹੈ। ਏਸ਼ੀਅਨ ਬਿਜ਼ਨਸ ਐਵਾਰਡਜ਼ ਦੌਰਾਨ ਜਾਰੀ ਸੂਚੀ 'ਚ ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ ਅਤੇ ਉਸ ਦਾ ਪੁੱਤਰ ਅਦਿੱਤਿਆ ਮਿੱਤਲ 11.2 ਅਰਬ ਪੌਂਡ ਦੀ ਆਮਦਨ ਨਾਲ ਦੂਜੇ ਨੰਬਰ 'ਤੇ ਰਹੇ। ਉਨ੍ਹਾਂ ਦੀ ਆਮਦਨ 2.8 ਅਰਬ ਪੌਂਡ ਘਟੀ ਹੈ। ਇੰਗਲੈਂਡ 'ਚ ਭਾਰਤੀ ਹਾਈ ਕਮਿਸ਼ਨਰ ਰੁਚੀ ਘਣਸ਼ਿਆਮ ਨੇ ਸੂਚੀ ਜਾਰੀ ਕੀਤੀ ਜਿਸ 'ਚ ਬ੍ਰਿਟੇਨ 'ਚ ਏਸ਼ੀਆ ਦੇ 101 ਅਮੀਰਾਂ ਦੇ ਨਾਮ



ਸ਼ਾਮਲ ਹਨ। ਐਸ.ਪੀ. ਲੋਹੀਆ (ਪੈਟਰੋਕੈਮਿਕਲਜ਼) ਨੂੰ 5.8 ਅਰਬ ਪੌਂਡ ਨਾਲ ਤੀਜਾ ਸਥਾਨ ਮਿਲਿਆ ਹੈ। ਸੂਚੀ 'ਚ ਸੱਤ ਨਵੇਂ ਅਮੀਰਾਂ ਦੇ ਨਾਮ ਸ਼ਾਮਲ ਹਨ ਜਿਨ੍ਹਾਂ 'ਚ ਹੋਟਲ ਮਾਲਕ ਜੋਗਿੰਦਰ ਸੇਂਗਰ ਅਤੇ ਉਸ ਦਾ ਪੁੱਤਰ ਗਿਰੀਸ਼ ਸੇਂਗਰ ਦੇ ਨਾਮ ਵੀ ਹਨ ਜਿਨ੍ਹਾਂ ਨੂੰ 40ਵਾਂ ਸਥਾਨ ਹਾਸਲ ਹੈ।

ਉੱਘੇ ਪਰਵਾਸੀ ਭਾਰਤੀ ਕਾਰੋਬਾਰੀ ਲਾਰਡ ਸਵਰਾਜ ਪਾਲ ਅਤੇ ਪਰਿਵਾਰ ਸੂਚੀ 'ਚ 17ਵੇਂ ਸਥਾਨ 'ਤੇ ਹੈ। ਹਿੰਦੂਜਾ ਗਰੁੱਪ ਦੇ ਸਹਿ ਚੇਅਰਮੈਨ ਗੋਪੀ ਚੰਦ ਹਿੰਦੂਜਾ ਨੇ ਕਿਹਾ ਕਿ ਉਨ੍ਹਾਂ ਭਾਰਤ 'ਚ ਕਾਰਾਂ ਅਤੇ ਬੱਸਾਂ ਬਣਾਉਣ ਵਾਲੀ ਕੰਪਨੀ ਅਸ਼ੋਕ ਲੇਲੈਂਡ 'ਚ ਇਕ ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੋਇਆ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੀਫ ਖਾਲਸਾ ਦੀਵਾਨ ਵਲੋਂ 151 ਕਰੋੜ ਦਾ ਬਜਟ ਪਾਸ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੀ ਜਨਰਲ ਹਾਊਸ ਮੀਟਿੰਗ ਵਿਚ ਵਿੱਤੀ ਵਰ੍ਹੇ 2019-20 ਵਾਸਤੇ 151 ਕਰੋੜ 19 ਲੱਖ ਰੁਪਏ ਦਾ ਬਜਟ ਪਾਸ ਕੀਤਾ ਗਿਆ। ਬਜਟ ਦਾ ਵੱਡਾ ਹਿੱਸਾ ਸੰਸਥਾ ਦੇ ਪ੍ਰਬੰਧ ਹੇਠ ਚਲਦੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਮੁਰੰਮਤ ਲਈ ਰੱਖਿਆ ਗਿਆ ਹੈ। ਮੀਟਿੰਗ ਦੌਰਾਨ ਸੀਨੀਅਰ ਮੈਂਬਰ ਭਾਗ ਸਿੰਘ ਅਣਖੀ ਨੂੰ ਚੀਫ ਖਾਲਸਾ ਦੀਵਾਨ ਸਕੂਲਾਂ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ।

ਬਜਟ ਮੀਟਿੰਗ ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿਚ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਵਿੱਤੀ ਵਰ੍ਹੇ ਦਾ ਬਜਟ ਪੇਸ਼ ਕੀਤਾ। ਬਜਟ ਨੂੰ ਮੈਂਬਰਾਂ ਦੀ ਪ੍ਰਵਾਨਗੀ ਨਾਲ ਪਾਸ ਕਰ ਦਿੱਤਾ ਗਿਆ। ਬਜਟ ਬਹੁਪੱਖੀ ਵਿਕਾਸ, ਆਧੁਨਿਕੀਕਰਨ ਅਤੇ ਵਿਦਿਆ ਨੂੰ ਉਤਸ਼ਾਹ ਦੇਣ ਵਾਲਾ ਕਰਾਰ ਦਿੱਤਾ ਗਿਆ ਹੈ। ਦੂਜੇ ਪਾਸੇ ਵਿਰੋਧੀ ਧਿਰ ਨੇ ਬਜਟ ਨੂੰ 45 ਕਰੋੜ ਰੁਪਏ ਘਾਟੇ ਵਾਲਾ ਦੱਸਿਆ ਹੈ। ਸ੍ਰੀ ਕੱਥੂਨੰਗਲ ਨੇ ਦੱਸਿਆ ਕਿ ਦੀਵਾਨ ਦੇ ਪ੍ਰਬੰਧ ਹੇਠ ਚਲਦੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਉਸਾਰੀ ਵਾਸਤੇ 23 ਕਰੋੜ 98 ਲੱਖ ਰੁਪਏ ਰੱਖੇ ਗਏ ਹਨ, ਜਿਸ ਵਿਚੋਂ ਸ੍ਰੀ ਗੁਰੂ ਰਾਮਦਾਸ ਐਵੇਨਿਊ ਅਜਨਾਲਾ ਰੋਡ ਵਿਚ ਸਕੂਲ ਦੀ ਇਮਾਰਤ ਉਸਾਰੀ ਲਈ ਪੰਜ ਕਰੋੜ ਰੁਪਏ ਸ਼ਾਮਲ ਹਨ। ਪੰਜਾਬ ਸਰਕਾਰ ਵੱਲੋਂ ਚੀਫ ਖਾਲਸਾ ਦੀਵਾਨ ਨੂੰ ਦਿੱਤੇ ਗਏ ਆਦਰਸ਼ ਸਕੂਲਾਂ ਦੇ ਖਰਚਿਆਂ ਵਾਸਤੇ ਤਿੰਨ ਕਰੋੜ 34 ਲੱਖ ਰੁਪਏ ਰੱਖੇ ਗਏ ਹਨ। ਖੇਡਾਂ ਨੂੰ ਉਤਸ਼ਾਹਿਤ ਕਰਨ ਲਈ 15 ਲੱਖ ਰੁਪਏ ਅਤੇ ਧਰਮ ਪ੍ਰਚਾਰ ਵਾਸਤੇ 20 ਲੱਖ ਰੁਪਏ ਰੱਖੇ ਗਏ ਹਨ। ਪੇਂਡੂ ਸਕੂਲਾਂ ਵਾਸਤੇ ਦੋ ਕਰੋੜ ਰੁਪਏ ਵੱਖਰੇ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ 3 ਕਰੋੜ 25 ਲੱਖ ਰੁਪਏ ਜ਼ਮੀਨ ਖਰੀਦਣ ਲਈ ਰੱਖੇ ਗਏ ਹਨ।

# 'ਆਪ' ਤੇ ਕਾਂਗਰਸ ਨੂੰ ਅਜੇ ਵੀ ਗੱਠਜੋੜ ਦੀ ਆਸ

**ਨਵੀਂ ਦਿੱਲੀ:** ਦਿੱਲੀ ਦੀਆਂ ਸੱਤ ਲੋਕ ਸਭਾ ਸੀਟਾਂ ਲਈ ਸੱਤਾਧਾਰੀ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਹੱਥ ਮਿਲਾਉਣ ਨੂੰ ਲੈ ਕੇ ਦੁਚਿੱਤੀ ਬਰਕਰਾਰ ਹੈ। ਦਿੱਲੀ ਪ੍ਰਦੇਸ਼ ਕਾਂਗਰਸ ਨੇ 'ਆਪ' ਨਾਲ ਗੱਠਜੋੜ ਬਾਰੇ ਫੈਸਲਾ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ 'ਤੇ ਛੱਡ ਦਿੱਤਾ ਹੈ।

ਸਾਬਕਾ ਮੁੱਖ ਮੰਤਰੀ ਤੇ ਦਿੱਲੀ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨ ਸ਼ੀਲਾ ਦੀਕਸ਼ਿਤ ਸਮੇਤ ਹੋਰ ਆਗੂਆਂ ਨੇ 'ਆਪ' ਨਾਲ ਦਿੱਲੀ ਵਿਚ ਗੱਠਜੋੜ ਕਰਨ ਤੇ ਹੋਰ ਮੁੱਦੇ ਵਿਚਾਰਨ ਲਈ ਬੈਠਕ ਕੀਤੀ। ਸੂਤਰਾਂ ਮੁਤਾਬਕ ਪ੍ਰਦੇਸ਼ਕ ਆਗੂਆਂ ਵੱਲੋਂ 'ਆਪ' ਨਾਲ ਗੱਠਜੋੜ ਦੇ ਹੱਕ ਤੇ ਵਿਰੋਧ ਵਿਚ ਦਲੀਲਾਂ ਪੇਸ਼ ਕੀਤੇ ਜਾਣ ਮਗਰੋਂ ਹੁਣ ਰਾਹੁਲ ਗਾਂਧੀ ਹੀ ਇਹ ਮੁੱਦਾ ਵਿਚਾਰਨਗੇ। ਸੂਬਾਈ ਕਾਂਗਰਸ ਪ੍ਰਧਾਨ ਸ਼ੀਲਾ ਦੀਕਸ਼ਿਤ, ਵਰਕਿੰਗ ਪ੍ਰਧਾਨ ਹਾਰੂਨ ਯੂਸਫ਼, ਰਾਜੇਸ਼ ਲਿਲੋਠੀਆ, ਜੇ.ਪੀ. ਅਗਰਵਾਲ, ਯੋਗਾਨੰਦ ਸ਼ਾਸਤਰੀ ਗੱਠਜੋੜ ਦੇ ਵਿਰੋਧ ਵਿਚ ਦੱਸੇ ਜਾ ਰਹੇ ਹਨ ਜਦੋਂ ਕਿ ਸੂਬਾ ਇੰਚਾਰਜ ਪੀਸੀ ਚਾਕੋ ਤੇ ਸਹਿ-ਇੰਚਾਰਜ ਕੁਲਜੀਤ ਸਿੰਘ ਨਾਗਰਾ, ਸਾਬਕਾ ਪ੍ਰਦੇਸ਼ ਪ੍ਰਧਾਨ ਅਜੇ ਮਾਕਨ, ਸਾਬਕਾ ਮੰਤਰੀ ਅਰਵਿੰਦਰ ਸਿੰਘ ਲਵਲੀ, ਸੁਭਾਸ਼ ਚੋਪੜਾ, ਤਾਜਦਾਰ ਬਾਬਰ ਦਿੱਲੀ ਵਿਚ ਗੱਠਜੋੜ ਦੇ ਹੱਕ ਵਿਚ ਹਨ। ਇਸ ਤੋਂ ਇਲਾਵਾ ਦਿੱਲੀ ਕਾਂਗਰਸ ਦੇ 12 ਜ਼ਿਲ੍ਹਿਆਂ ਦੇ ਪ੍ਰਧਾਨ, ਤਿੰਨਾਂ ਨਿਗਮਾਂ ਦੇ ਐਮ.ਸੀ.ਡੀ. ਆਗੂ ਗੱਠਜੋੜ ਦੇ ਹੱਕ ਵਿਚ ਦੱਸੇ ਜਾਂਦੇ ਹਨ।

## ਪੈਰਾਉਲੰਪਿਕ ਖੇਡਾਂ ਦੀ ਜੇਤੂ ਦੀਪਾ ਮਲਿਕ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਪੈਰਾਉਲੰਪਿਕ ਖੇਡਾਂ ਦੀ ਜੇਤੂ ਦੀਪਾ ਮਲਿਕ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਈ। ਪਾਰਟੀ ਦੀ ਹਰਿਆਣਾ ਇਕਾਈ ਦੇ ਮੁਖੀ ਸੁਭਾਸ਼ ਬਰਾਲਾ ਅਤੇ ਜਨਰਲ ਸਕੱਤਰ ਅਨਿਲ ਜੈਨ ਜੋ ਹਰਿਆਣਾ 'ਚ ਪਾਰਟੀ ਦੇ ਮਾਮਲਿਆਂ ਦੇ ਇੰਚਾਰਜ ਵੀ ਹਨ, ਦੀ ਹਾਜ਼ਰੀ ਵਿਚ ਦੀਪਾ ਭਾਜਪਾ 'ਚ ਸ਼ਾਮਲ ਹੋਈ। ਜ਼ਿਕਰਯੋਗ ਹੈ ਕਿ ਦੀਪਾ ਮਲਿਕ ਪੈਰਾਉਲੰਪਿਕ ਖੇਡਾਂ ਵਿਚ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਹੈ। ਇਸ ਦੌਰਾਨ ਸ੍ਰੀ ਜੈਨ ਨੇ ਕਿਹਾ ਕਿ ਉਹ ਦੀਪਾ ਦਾ ਪਾਰਟੀ 'ਚ ਸਵਾਗਤ ਕਰਦੇ ਹਨ। ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਹੈ। ਉਸ ਨੇ ਦੇਸ਼ ਦਾ ਸਿਰ ਉਚਾ ਕੀਤਾ ਹੈ।

# ਪੰਥਕ ਮੋਰਚਾ ਜੰਮੂ ਕਸ਼ਮੀਰ 'ਚ ਕਾਂਗਰਸ ਨੂੰ ਦੇਵੇਗਾ ਹਮਾਇਤ

**ਜੰਮੂ:** ਸਿੱਖਾਂ ਦੀਆਂ ਦੋ ਦਰਜਨ ਤੋਂ ਵੱਧ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ 'ਤੇ ਆਧਾਰਿਤ ਪੰਥਕ ਮੋਰਚਾ ਨੇ ਕਿਹਾ ਹੈ ਕਿ ਉਹ ਲੋਕ ਸਭਾ ਚੋਣਾਂ ਨਹੀਂ ਲੜੇਗਾ ਅਤੇ ਜੰਮੂ ਕਸ਼ਮੀਰ 'ਚ 'ਧਰਮ ਨਿਰਪੱਖ ਵਿਚਾਰਧਾਰਾ' ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਉਹ ਕਾਂਗਰਸ ਨੂੰ ਹਮਾਇਤ ਦੇਵੇਗਾ।

ਜ਼ਿਕਰਯੋਗ ਹੈ ਕਿ 18 ਮਾਰਚ ਨੂੰ ਪੰਥਕ ਮੋਰਚਾ ਨੇ ਸਿੱਖ ਆਗੂ ਅਵਤਾਰ ਸਿੰਘ ਖਾਲਸਾ ਨੂੰ ਜੰਮੂ ਸੀਟ ਤੋਂ ਉਮੀਦਵਾਰ ਐਲਾਨਿਆ ਸੀ ਜਿਥੇ ਪਹਿਲੇ ਗੇੜ 'ਚ 11 ਅਪਰੈਲ ਨੂੰ ਵੋਟਾਂ ਪੈਣੀਆਂ ਹਨ। ਕਾਂਗਰਸ ਨੇ ਸਾਬਕਾ ਮੰਤਰੀ ਰਮਨ ਭੱਲਾ ਨੂੰ ਟਿਕਟ ਦਿੱਤੀ ਹੈ ਅਤੇ ਉਨ੍ਹਾਂ ਨੂੰ ਨੈਸ਼ਨਲ ਕਾਨਫਰੰਸ ਦੀ ਹਮਾਇਤ ਹਾਸਲ ਹੈ। ਪੀ.ਡੀ.ਪੀ. ਨੇ ਵੀ ਜੰਮੂ ਅਤੇ ਊਧਮਪੁਰ ਹਲਕਿਆਂ ਤੋਂ ਆਪਣੇ ਉਮੀਦਵਾਰ ਮੈਦਾਨ 'ਚ ਨਾ ਉਤਾਰਨ ਦਾ ਫੈਸਲਾ ਲਿਆ ਹੈ ਤਾਂ ਜੋ ਵੋਟਾਂ ਵੰਡੀਆਂ ਨਾ ਜਾ ਸਕਣ। ਭਾਜਪਾ ਵੱਲੋਂ ਜੁਗਲ ਕਿਸ਼ੋਰ ਨੂੰ ਮੁੜ ਟਿਕਟ ਮਿਲੀ ਹੈ। ਸ੍ਰੀ ਖਾਲਸਾ ਨੇ ਦੱਸਿਆ ਕਿ ਪੰਥਕ ਮੋਰਚਾ ਦੇ ਕੋਰ ਗਰੁੱਪ ਵੱਲੋਂ ਕਾਂਗਰਸ ਦੇ ਸੂਬਾ ਪ੍ਰਧਾਨ ਜੀ ਏ ਮੀਰ ਅਤੇ ਹੋਰ ਸੀਨੀਅਰ ਆਗੂਆਂ ਨਾਲ ਬੈਠਕ ਮਗਰੋਂ ਫੈਸਲਾ ਲਿਆ ਗਿਆ ਕਿ ਉਹ ਚੋਣਾਂ ਨਹੀਂ ਲੜਨਗੇ ਅਤੇ ਸਿੱਖ ਕਾਂਗਰਸ ਉਮੀਦਵਾਰ ਰਮਨ ਭੱਲਾ ਨੂੰ ਹਮਾਇਤ ਦੇਣਗੇ। ਉਨ੍ਹਾਂ ਸ੍ਰੀ ਭੱਲਾ ਦੀ ਹਾਜ਼ਰੀ 'ਚ ਕਿਹਾ ਕਿ ਸ੍ਰੀ ਮੀਰ ਨੇ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਦਾ ਹੱਲ ਕੱਢਿਆ ਜਾਵੇਗਾ।

# ਜਾਤ ਦੇ ਜ਼ਿਕਰ ਤੋਂ ਵਰਜਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 85 ਸਾਲ ਪੁਰਾਣੀ ਬਸਤੀਵਾਦੀ ਯੁੱਗ ਦੀ ਪ੍ਰਥਾ ਦਾ ਭੋਗ ਪਾਉਂਦਿਆਂ ਜੁਡੀਸ਼ਲ ਅਧਿਕਾਰੀਆਂ, ਪੰਜਾਬ ਤੇ ਹਰਿਆਣਾ ਦੀਆਂ ਸੂਬਾ ਸਰਕਾਰਾਂ ਅਤੇ ਯੂ.ਟੀ. ਚੰਡੀਗੜ੍ਹ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕੋਰਟ ਅੱਗੇ ਰੱਖੇ ਜਾਣ ਵਾਲੀ ਕਿਸੇ ਵੀ ਕਾਰਵਾਈ ਵਿਚ ਮੁਲਜ਼ਮ, ਪੀੜਤ ਜਾਂ ਗਵਾਹਾਂ ਦੀ ਜਾਤ ਬਾਰੇ ਕੋਈ ਜ਼ਿਕਰ ਨਹੀਂ ਕਰਨਗੇ।

ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਕੁਲਦੀਪ ਸਿੰਘ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਅਪਰਾਧਿਕ ਕੇਸ ਦੀ ਕਾਰਵਾਈ ਵਿਚ ਜਾਤ/ਦਰਜੇ ਦਾ ਵੱਖਰੇ ਤੌਰ 'ਤੇ ਜ਼ਿਕਰ ਕਰਨਾ, ਬਸਤੀਵਾਦੀ ਯੁੱਗ ਦੀ ਵਿਰਾਸਤ ਹੈ ਜਿਸ ਨੂੰ ਫੌਰੀ ਖਤਮ ਕੀਤੇ ਜਾਣ ਦੀ ਲੋੜ ਹੈ। ਜਸਟਿਸ ਸ਼ਰਮਾ ਨੇ ਦੋਵਾਂ ਰਾਜਾਂ ਦੇ ਗ੍ਰਹਿ ਸਕੱਤਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੇ ਮਾਤਹਿਤਾਂ ਨੂੰ ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਲਈ ਆਖ ਦਿੱਤਾ ਹੈ। ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਵੀ ਸਾਰੇ ਜੁਡੀਸ਼ਲ ਅਧਿਕਾਰੀਆਂ ਨੂੰ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਯਾਦ ਰਹੇ, ਆਜ਼ਾਦੀ ਤੋਂ ਪਹਿਲਾਂ 1934 ਵਿਚ ਅੰਗਰੇਜ਼ਾਂ ਦੇ ਰਾਜ ਭਾਗ ਦੌਰਾਨ ਪੰਜਾਬ ਪੁਲਿਸ ਦੇ ਨੇਮਾਂ ਵਿਚ ਐਫ.ਆਈ.ਆਰ. ਵਿਚ ਸ਼ਿਕਾਇਤਕਰਤਾ ਤੇ ਮੁਲਜ਼ਮ ਦੀ ਜਾਤ ਦੇ ਵਿਸ਼ੇਸ਼ ਜ਼ਿਕਰ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਸੀ। 1947 ਵਿਚ ਮੁਲਕ ਤਾਂ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਹੋ ਗਿਆ ਪਰ ਪੁਲਿਸ ਪ੍ਰਬੰਧ ਨੂੰ ਇਸ ਦਮਨਕਾਰੀ ਪ੍ਰਥਾ ਤੋਂ ਨਿਜਾਤ ਨਹੀਂ ਸੀ ਮਿਲੀ।

# ਬਾਦਲਾਂ ਦੀ ਤਾਕਤ ਅੱਗੇ ਕੈਪਟਨ ਸਰਕਾਰ ਬੇਵੱਸ

*(ਸਫਾ ਇਕ ਦੀ ਬਾਕੀ)*

ਧੱਕੇਸ਼ਾਹੀ ਦਾ ਦੋਸ਼ ਲੱਗਾ ਸੀ ਤੇ ਇਸ ਸਬੰਧੀ ਉਨ੍ਹਾਂ ਖਿਲਾਫ ਐਫ.ਆਈ.ਆਰ. ਵੀ ਦਰਜ ਹੈ ਪਰ ਪੁਲਿਸ ਅੱਜ ਤੱਕ ਇਸ ਤਾਕਤਵਰ ਆਗੂ ਨੂੰ ਹੱਥ ਨਹੀਂ ਪਾ ਸਕੀ। ਵਿਧਾਨ ਸਭਾ ਚੋਣਾਂ ਵਿਚ ਕੈਪਟਨ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਸਰਕਾਰ ਬਣੀ ਤਾਂ ਪਹਿਲਾ ਕੰਮ ਨਸ਼ਿਆਂ ਦੇ ਦੋਸ਼ ਵਿਚ ਮਜੀਠੀਆ ਨੂੰ ਜੇਲ੍ਹ ਭੇਜੇਗਾ। ਕਾਂਗਰਸੀ ਆਗੂ, ਇਥੋਂ ਤੱਕ ਕਿ ਸਰਕਾਰ ਦੇ ਆਪਣੇ ਮੰਤਰੀ ਕੈਪਟਨ ਨੂੰ ਕਈ ਵਾਰ ਇਹ ਵਾਅਦਾ ਯਾਦ ਕਰਵਾ ਚੁੱਕੇ ਹਨ ਪਰ ਅੱਜ ਤੱਕ ਇਸ ਉਤੇ ਕੋਈ ਕਾਰਵਾਈ ਨਹੀਂ ਹੋਈ। ਕੈਪਟਨ ਵੀ ਬਾਦਲ ਸਰਕਾਰ ਵਾਲੀ ਰਟ ਉਤੇ ਚੱਲਦੇ ਇਹੀ ਆਖ ਰਹੇ ਹਨ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਤੇ ਜਾਂਚ ਜਾਰੀ ਹੈ।

ਕੈਪਟਨ ਸਰਕਾਰ ਵਲੋਂ ਬਣਾਈ 'ਸਿੱਟ' ਗੋਲੀਕਾਂਡ ਦੀ ਜਾਂਚ ਪੁਲਿਸ ਅਫਸਰਾਂ ਤੱਕ ਹੀ ਸੀਮਤ ਰੱਖ ਰਹੀ ਹੈ। ਸਿੱਟ ਨੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ 'ਚ ਹੁਣ ਨਵੇਂ ਸਬੂਤ ਪੇਸ਼ ਕੀਤੇ ਹਨ। 'ਸਿੱਟ' ਨੇ ਸਾਬਕਾ ਐਸ.ਐਸ.ਪੀ. ਚਰਨਜੀਤ ਸਿੰਘ ਸ਼ਰਮਾ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਮੈਡੀਕਲ ਰਿਪੋਰਟਾਂ ਤੇ ਹੋਰ ਸਬੂਤ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬਹਿਬਲ ਕਲਾਂ 'ਚ ਮੁਜ਼ਾਹਰਾਕਾਰੀ ਸ਼ਾਂਤਮਈ ਢੰਗ ਨਾਲ ਬੈਠੇ ਹੋਏ ਸਨ ਪਰ ਚਰਨਜੀਤ ਸ਼ਰਮਾ ਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਹਾਲਾਤ ਵਿਗਾੜੇ ਅਤੇ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਅਪਸ਼ਬਦ ਕਹੇ ਤੇ ਇਕ ਮੁਜ਼ਾਹਰਾਕਾਰੀ ਦੇ ਥੱਪੜ ਵੀ ਮਾਰਿਆ। ਜ਼ਿਕਰਯੋਗ ਹੈ ਕਿ ਇਸ ਕੇਸ 'ਚ ਮੁਲਜ਼ਮ ਪੁਲਿਸ ਅਫਸਰਾਂ ਜਿਨ੍ਹਾਂ 'ਚ ਆਈ.ਜੀ.ਪੀ. ਤੇ ਐਸ.ਐਸ.ਪੀ. ਵੀ ਸ਼ਾਮਲ ਹਨ, ਨੇ 14 ਅਕਤੂਬਰ 2015 ਨੂੰ ਕੋਟਕਪੂਰਾ ਤੇ ਬਹਿਬਲ ਕਲਾਂ 'ਚ ਮੁਜ਼ਾਹਰਾਕਾਰੀਆਂ ਉਤੇ ਗੋਲੀ ਚਲਾਉਣ ਦੇ ਦੋਸ਼ਾਂ ਨੂੰ ਝੂਠ ਦੱਸਿਆ ਹੈ। ਸਿੱਟ ਨੇ ਆਪਣੀ ਰਿਪੋਰਟ 'ਚ ਦੋਸ਼ ਲਗਾਇਆ ਕਿ ਪੁਲਿਸ ਨੇ ਡਿਊਟੀ ਮੈਜਿਸਟਰੇਟ ਜੋ ਮੌਕੇ 'ਤੇ ਹਾਜ਼ਰ ਸੀ, ਦੀ ਮਨਜ਼ੂਰੀ ਲਏ ਬਿਨਾਂ ਹੀ ਮੁਜ਼ਾਹਰਾਕਾਰੀਆਂ ਉਤੇ ਪਹਿਲਾਂ ਲਾਠੀਚਾਰਜ ਕੀਤਾ ਤੇ ਬਾਅਦ ਵਿਚ ਗੋਲੀ ਚਲਾ ਦਿੱਤੀ। ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਪੁਲਿਸ ਨੂੰ ਮੁਜ਼ਾਹਰਾਕਾਰੀਆਂ ਤੋਂ ਖਤਰਾ ਸੀ, ਕਿਉਂਕਿ ਕਿਸੇ ਵੀ ਮੁਜ਼ਾਹਰਾਕਾਰੀ ਕੋਲ ਕੋਈ ਹਥਿਆਰ ਨਹੀਂ ਸੀ।

'ਸਿੱਟ' ਨੇ ਕਿਹਾ ਕਿ ਪੁਲਿਸ ਨੇ ਚਰਨਜੀਤ ਸ਼ਰਮਾ ਦੀ ਜਿਪਸੀ ਉਤੇ 12 ਬੋਰ ਦੀ ਬੰਦੂਕ ਨਾਲ ਖੁਦ ਗੋਲੀਆਂ ਚਲਾ ਕੇ ਝੂਠੇ ਸਬੂਤ ਤਿਆਰ ਕੀਤੇ ਹਨ। ਕੁੱਲ ਮਿਲਾ ਕੇ 'ਸਿੱਟ' ਵਲੋਂ ਇਹੀ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੁਲਿਸ ਨੇ ਆਪਣੇ ਪੱਧਰ ਉਤੇ ਹੀ ਗੋਲੀ ਚਲਾ ਦਿੱਤੀ ਸੀ। ਉਪਰੋਂ (ਸਰਕਾਰ ਵਲੋਂ) ਕੋਈ ਹੁਕਮ ਨਹੀਂ ਆਏ ਸਨ।

## *13 ਸਾਲਾ ਨਾਬਾਲਗ ਨਾਲ ਸਮੂਹਿਕ ਬਲਾਤਕਾਰ*

**ਸ੍ਰੀ ਮੁਕਤਸਰ ਸਾਹਿਬ:** ਮਜ਼ਦੂਰ ਪਰਿਵਾਰ ਦੀ ਇਕ 13 ਸਾਲਾ ਨਾਬਾਲਗ ਲੜਕੀ ਨਾਲ ਤਿੰਨ ਜਣਿਆਂ ਵੱਲੋਂ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਲੜਕੀ ਪੰਜ ਜਮਾਤਾਂ ਪੜ੍ਹ ਕੇ ਹਟ ਗਈ ਸੀ ਤੇ ਲੋਕਾਂ ਦੇ ਘਰਾਂ 'ਚ ਕੰਮ ਕਰਦੀ ਸੀ।

ਪਿੰਡ ਬਾਮ ਦਾ ਇਕ ਆਜੜੀ ਰਾਜਵੰਤ ਸਿੰਘ ਉਸ ਨੂੰ ਅਕਸਰ ਛੇੜਦਾ ਹੁੰਦਾ ਸੀ ਜਿਸ ਸਬੰਧੀ ਲੜਕੀ ਦੇ ਪਿਤਾ ਨੇ ਕਈ ਵਾਰ ਇਤਰਾਜ਼ ਵੀ ਕੀਤਾ। ਇਸ ਦੌਰਾਨ ਰਾਜਵੰਤ ਸਿੰਘ ਵਾਸੀ ਬਾਮ, ਗਣੇਸ਼ ਕੁਮਾਰ ਵਾਸੀ ਬੂੜਾ ਗੁੱਜਰ ਰੋਡ ਮੁਕਤਸਰ ਅਤੇ ਭਗਵਾਨ ਸਿੰਘ ਵਾਸੀ ਬਾਮ ਨਾਲ ਸਾਜਬਾਜ ਹੋ ਕੇ ਪੀੜਤ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਆਪਣੇ ਨਾਲ ਖੇਤਾਂ ਵਿਚ ਲੈ ਗਏ ਅਤੇ ਉਥੇ ਤਿੰਨਾਂ ਜਣਿਆਂ ਨੇ ਲੜਕੀ ਨਾਲ ਜਬਰ ਜਨਾਹ ਕੀਤਾ।

ਇਹ ਮਾਮਲਾ ਉਸ ਵੇਲੇ ਜ਼ਾਹਿਰ ਹੋਇਆ ਜਦੋਂ ਲੜਕੀ ਦੇ ਪਿਤਾ ਨੇ ਥਾਣਾ ਸਿਟੀ ਪੁਲਿਸ ਕੋਲ, ਲੜਕੀ ਦੇ ਗਾਇਬ ਹੋਣ ਦੀ ਸ਼ਿਕਾਇਤ ਕੀਤੀ।

## ਅਕਾਲੀ ਆਗੂ ਤੇਜਿੰਦਰਪਾਲ ਸੰਧੂ ਕਾਂਗਰਸ 'ਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਸੀਨੀਅਰ ਅਕਾਲੀ ਨੇਤਾ ਤੇਜਿੰਦਰਪਾਲ ਸਿੰਘ ਸੰਧੂ ਦੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਨਾਲ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ।

ਪਾਰਟੀ ਵਿਚ ਸ਼ਾਮਲ ਹੋਣ 'ਤੇ ਸ੍ਰੀ ਸੰਧੂ ਦਾ ਸਵਾਗਤ ਕਰਦਿਆਂ ਕੈਪਟਨ ਨੇ ਭਰੋਸਾ ਜ਼ਾਹਰ ਕੀਤਾ ਕਿ ਪਟਿਆਲਾ ਸੰਸਦੀ ਹਲਕੇ ਤੋਂ ਕਾਂਗਰਸ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਪਾਰਟੀ ਇਸ ਅਹਿਮ ਸੀਟ ਨੂੰ ਯਕੀਨੀ ਤੌਰ ਉਤੇ ਵੱਡੇ ਫਰਕ ਨਾਲ ਜਿੱਤੇਗੀ। ਸ੍ਰੀ ਸੰਧੂ ਅਕਾਲੀ ਦਲ ਦੇ ਉਘੇ ਲੀਡਰ ਸਵਰਗੀ ਜਸਦੇਵ ਸਿੰਘ ਸੰਧੂ ਦੇ ਪੁੱਤਰ ਹਨ। ਮਰਹੂਮ ਆਗੂ ਸੰਧੂ ਘਨੌਰ, ਸਨੌਰ, ਧੂਰੀ ਤੋਂ ਪੰਜ ਵਾਰ ਵਿਧਾਇਕ ਅਤੇ ਸੂਬੇ ਦੇ ਮੰਤਰੀ ਰਹੇ ਹਨ ਜਿਨ੍ਹਾਂ ਦਾ ਪਟਿਆਲਾ ਖੇਤਰ ਵਿਚ ਚੰਗਾ ਆਧਾਰ ਹੈ ਜੋ ਪਾਰਟੀ ਲਈ ਬਹੁਤ ਮਹੱਤਵਪੂਰਨ ਸਿੱਧ ਹੋਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਲੋਕ ਸਭਾ ਚੋਣਾਂ: 'ਆਪ' ਲਈ ਪੰਜਾਬ ਫਤਿਹ ਕਰਨਾ ਵੱਡੀ ਚੁਣੌਤੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਲਈ ਇਸ ਵਾਰ ਪੰਜਾਬ ਵਿਚ ਲੋਕ ਸਭਾ ਚੋਣਾਂ ਵੱਡੀ ਚੁਣੌਤੀ ਹੋਣਗੀਆਂ। ਪਿਛਲੀ ਵਾਰ ਆਪ ਪੰਜਾਬ ਵਿਚ 4 ਸੀਟਾਂ ਜਿੱਤ ਕੇ ਵੱਡੀ ਧਿਰ ਵਜੋਂ ਉਭਰੀ ਸੀ ਪਰ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਪਾਰਟੀ ਪ੍ਰਧਾਨ ਭਗਵੰਤ ਮਾਨ ਕਿਸੇ ਵੀ ਪਾਰਟੀ ਨਾਲ ਗੱਠਜੋੜ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਬੇਸ਼ੱਕ ਭਗਵੰਤ ਮਾਨ ਪਿਛਲੀ ਵਾਰ ਨਾਲੋਂ ਵੀ ਚੰਗਾ ਪ੍ਰਦਰਸ਼ਨ ਕਰਨ ਦਾ ਦਾਅਵਾ ਕਰ ਰਹੇ ਹਨ ਪਰ ਹਾਲਾਤ ਬਦਲ ਚੁੱਕੇ ਹਨ।

ਆਮ ਆਦਮੀ ਪਾਰਟੀ ਵੱਲੋਂ ਹੁਣ ਤੱਕ ਐਲਾਨੇ ਉਮੀਦਵਾਰਾਂ ਵਿਚ ਜਲੰਧਰ ਤੋਂ ਸੇਵਾਮੁਕਤ ਜਸਟਿਸ ਜ਼ੋਰਾ ਸਿੰਘ, ਫਤਿਹਗੜ੍ਹ ਸਾਹਿਬ (ਰਾਖਵਾਂ) ਤੋਂ ਬਲਜਿੰਦਰ ਸਿੰਘ ਚੌਂਦਾ, ਗੁਰਦਾਸਪੁਰ ਹਲਕੇ ਤੋਂ ਪੀਟਰ ਮਸੀਹ ਜੀਦਾ, ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਸੰਗਰੂਰ ਤੋਂ ਭਗਵੰਤ ਮਾਨ, ਆਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਤੇ ਹੁਸ਼ਿਆਰਪੁਰ ਤੋਂ ਰਵਜੋਤ ਸਿੰਘ ਸ਼ਾਮਲ ਹਨ।



ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਨੇ ਬਠਿੰਡਾ, ਲੁਧਿਆਣਾ, ਖਡੂਰ ਸਾਹਿਬ, ਫਿਰੋਜ਼ਪੁਰ ਤੇ ਪਟਿਆਲਾ ਤੋਂ ਉਮੀਦਵਾਰਾਂ ਦਾ ਐਲਾਨ ਹਫਤੇ ਵਿਚ ਕਰਨ ਦਾ ਦਾਅਵਾ ਕੀਤਾ ਹੈ। ਇਸ ਤੋਂ ਸਪਸ਼ਟ ਹੈ ਕਿ ਪਾਰਟੀ ਨੇ ਹੁਣ ਕਿਸੇ ਵੀ ਧਿਰ ਨਾਲ ਗੱਠਜੋੜ ਨਾ ਕਰਨ ਦਾ ਮਨ ਬਣਾ ਲਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ 'ਆਪ' ਨੂੰ ਇਕੱਲੇ ਹੀ ਮੈਦਾਨ ਵਿਚ ਡਟਣ ਦਾ ਨੁਕਸਾਨ ਹੋਏਗਾ। ਇਸ ਦਾ ਵੱਡਾ ਕਾਰਨ ਇਹ ਹੈ ਕਿ 'ਆਪ' ਦੀ ਆਪਣੀ ਵੋਟ ਕਈ ਧੜਿਆਂ ਵਿਚ ਵੰਡੀ ਗਈ ਹੈ।

ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਡੀ ਸੱਟ ਸੁਖਪਾਲ ਖਹਿਰਾ ਨੇ ਮਾਰੀ ਹੈ। ਉਨ੍ਹਾਂ ਨਾਲ ਪਾਰਟੀ ਦਾ ਵੱਡਾ ਹਿੱਸਾ ਚਲਾ ਗਿਆ ਹੈ। ਖਹਿਰਾ ਤੋਂ ਇਲਾਵਾ ਪੰਜ ਵਿਧਾਇਕ ਵੀ ਬਾਗੀ ਚੱਲ ਰਹੇ ਹਨ। ਪਟਿਆਲਾ ਤੋਂ ਸਾਂਸਦ ਧਰਮਵੀਰ ਗਾਂਧੀ ਵੀ ਇਸ ਵਾਰ ਵੱਖਰੀ ਪਾਰਟੀ ਬਣਾ ਕੇ ਡਟ ਗਏ ਹਨ। ਇਸ ਤੋਂ ਇਲਾਵਾ ਉਮੀਦਵਾਰਾਂ ਦੇ ਐਲਾਨ ਮਗਰੋਂ ਵੀ ਪਾਰਟੀ ਅੰਦਰ ਹਲਚਲ ਵਧ ਗਈ ਹੈ। ਦੂਜੇ ਪਾਸੇ ਪਾਰਟੀ ਤੋਂ ਵੱਖ ਹੋਏ ਸੁਖਪਾਲ ਖਹਿਰਾ ਨੇ ਬਸਪਾ ਤੇ ਖੱਬੇ ਪੱਖੀ ਵਰਗੀਆਂ ਪੁਰਾਣੀਆਂ ਪਾਰਟੀਆਂ ਨੂੰ ਨਾਲ ਲੈ ਕੇ ਸਾਂਝਾ ਮੋਰਚਾ ਬਣਾ ਲਿਆ ਹੈ। ਇਸ ਮੋਰਚੇ ਵਿਚ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਬਾਗੀ ਸਾਂਸਦ ਧਰਮਵੀਰ ਗਾਂਧੀ ਦੀ ਪਾਰਟੀ ਵੀ ਸ਼ਾਮਲ ਹੈ। ਇਸ ਲਈ ਆਮ ਆਦਮੀ ਪਾਰਟੀ ਲਈ ਸਾਲ 2014 ਵਾਲਾ ਮਾਹੌਲ ਬਣਨਾ ਔਖਾ ਜਾਪਦਾ ਹੈ।

## 'ਆਪ' ਨੇ ਜਲੰਧਰ ਤੋਂ ਜਸਟਿਸ ਜ਼ੋਰਾ ਸਿੰਘ ਨੂੰ ਉਮੀਦਵਾਰ ਐਲਾਨਿਆ

**ਸੰਗਰੂਰ:** ਆਮ ਆਦਮੀ ਪਾਰਟੀ (ਆਪ) ਵੱਲੋਂ ਤਿੰਨ ਲੋਕ ਸਭਾ ਹਲਕਿਆਂ ਤੋਂ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਚ ਜਲੰਧਰ ਲੋਕ ਸਭਾ ਹਲਕੇ ਤੋਂ ਸੇਵਾਮੁਕਤ ਜਸਟਿਸ ਜ਼ੋਰਾ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਫਤਿਹਗੜ੍ਹ ਸਾਹਿਬ (ਰਾਖਵਾਂ) ਤੋਂ ਬਲਜਿੰਦਰ ਸਿੰਘ ਚੌਂਦਾ ਅਤੇ ਗੁਰਦਾਸਪੁਰ ਹਲਕੇ ਤੋਂ ਪੀਟਰ ਮਸੀਹ ਜੀਦਾ ਨੂੰ ਉਮੀਦਵਾਰ ਬਣਾਇਆ ਹੈ।

ਪਾਰਟੀ ਉਮੀਦਵਾਰਾਂ ਦਾ ਐਲਾਨ ਆਮ ਆਦਮੀ ਪਾਰਟੀ ਦੀ ਇਥੇ ਪ੍ਰਿੰਸੀਪਲ ਬੁੱਧ ਰਾਮ ਦੀ







ਚੇਅਰਮੈਨੀ ਹੇਠ ਕਰੀਬ ਦੋ ਘੰਟੇ ਚੱਲੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕੀਤਾ। ਉਨ੍ਹਾਂ ਦੱਸਿਆ ਕਿ ਕੋਰ ਕਮੇਟੀ ਵਲੋਂ ਪਹਿਲਾਂ ਹੀ ਮਾਝਾ, ਮਾਲਵਾ ਅਤੇ ਦੋਆਬਾ ਖੇਤਰ ਦੇ ਇਨ੍ਹਾਂ ਤਿੰਨਾਂ ਹਲਕਿਆਂ ਦੇ ਉਮੀਦਵਾਰਾਂ ਬਾਰੇ ਵਿਚਾਰ ਵਟਾਂਦਰਾ ਕਰ ਲਿਆ ਸੀ ਅਤੇ ਤਿੰਨੋਂ ਨਾਂ ਪ੍ਰਵਾਨਗੀ ਲਈ ਪਾਰਟੀ ਦੀ ਪੀ.ਏ.ਸੀ. ਕੋਲ ਭੇਜੇ ਸਨ। ਪ੍ਰਵਾਨਗੀ ਮਿਲਣ ਤੋਂ ਬਾਅਦ ਤਿੰਨੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜ ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ, ਜਿਨ੍ਹਾਂ ਵਿਚ ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਸੰਗਰੂਰ ਤੋਂ ਭਗਵੰਤ ਮਾਨ, ਆਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ, ਸ੍ਰੀ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਅਤੇ ਹੁਸ਼ਿਆਰਪੁਰ ਤੋਂ ਰਵਜੋਤ ਸਿੰਘ ਸ਼ਾਮਲ ਹਨ।

# ਪੰਜਾਬ ਵਿਚ ਡੇਰਾ ਸਿਰਸਾ ਦੀ ਸਿਆਸੀ ਪਹੁੰਚ ਨੂੰ ਵੱਜੀ ਭਾਰੀ ਸੱਟ

**ਜਲੰਧਰ:** ਮਾਲਵਾ ਖੇਤਰ ਦੇ ਪੰਜ ਜ਼ਿਲ੍ਹਿਆਂ ਸੰਗਰੂਰ, ਮਾਨਸਾ, ਬਠਿੰਡਾ, ਫਰੀਦਕੋਟ ਤੇ ਮੁਕਤਸਰ 'ਚ ਫੈਲੇ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰ ਹੁਣ ਉਖੜ ਗਏ ਹਨ ਤੇ ਪਿਛਲਾ ਕਰੀਬ ਡੇਢ ਦਹਾਕਾ ਇਸ ਖੇਤਰ ਦੀ ਸਿਆਸਤ 'ਚ ਤਹਿਲਕਾ ਮਚਾਉਂਦੇ ਆ ਰਹੇ ਡੇਰੇ ਦਾ ਵੋਟ ਸਿਆਸਤ 'ਚ ਪ੍ਰਭਾਵ ਵੀ ਬੇਹੱਦ ਸੀਮਤ ਹੋ ਕੇ ਰਹਿ ਗਿਆ ਹੈ।

ਫਰੀਦਕੋਟ ਖੇਤਰ 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਡੇਰਾ ਪ੍ਰੇਮੀਆਂ ਦੀ ਸ਼ਮੂਲੀਅਤ ਦਾ ਪਰਦਾਫਾਸ਼ ਹੋਣ ਤੋਂ ਬਾਅਦ ਡੇਰਾ ਪ੍ਰੇਮੀਆਂ ਦਾ ਵੱਡਾ ਹਿੱਸਾ ਉਨ੍ਹਾਂ ਤੋਂ ਕਿਨਾਰਾ ਕਰ ਗਿਆ ਹੈ। ਡੇਰਾ ਸਿਰਸਾ ਦੇ ਮੁਖੀ ਦੇ ਜਬਰ ਜਨਾਹ ਦੇ ਕੇਸ ਵਿਚ ਕੈਦ ਹੋਣ ਤੇ ਫਿਰ ਬੇਅਦਬੀ ਮਾਮਲੇ 'ਚ ਡੇਰਾ ਪ੍ਰੇਮੀਆਂ ਦੀਆਂ ਗ੍ਰਿਫਤਾਰੀਆਂ ਕਾਰਨ ਹੁਣ ਸਿਆਸੀ ਪਾਰਟੀਆਂ ਵਾਲੇ ਵੀ ਡੇਰੇ ਦੀ ਹਮਾਇਤ ਹਾਸਲ ਕਰਨ ਤੋਂ ਤੌਬਾ ਕਰ ਰਹੇ ਹਨ। ਪੰਜਾਂ ਜ਼ਿਲ੍ਹਿਆਂ 'ਚ ਵੱਖ-ਵੱਖ ਖੇਤਰਾਂ 'ਚ ਵਿਚਰਨ ਵਾਲੇ ਲੋਕਾਂ, ਸਿਆਸੀ ਆਗੂਆਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਤੋਂ ਕੀਤੀ ਪੜਤਾਲ ਅਤੇ ਸਰਕਾਰੀ ਖੁਫੀਆ ਤੰਤਰ ਦੀਆਂ ਰਿਪੋਰਟਾਂ ਤੋਂ ਇਹੀ ਗੱਲ ਸਾਹਮਣੇ ਆ ਰਹੀ ਹੈ ਕਿ ਡੇਰੇ ਦੀਆਂ ਸਰਗਰਮੀਆਂ ਤੋਂ ਪ੍ਰਭਾਵਿਤ ਹੋਣ ਵਾਲੇ ਆਮ ਲੋਕ ਵੱਡੀ ਪੱਧਰ 'ਤੇ ਡੇਰੇ ਦੀ ਗੱਡੀ ਤੋਂ ਲਹਿ ਚੁੱਕੇ ਹਨ ਤੇ ਸਿਰਫ ਮੂਹਰਲੀ ਕਤਾਰ ਵਾਲੇ ਆਗੂ ਜਾਂ ਕੱਟੜ ਸਮਰਥਕ ਹੀ ਉਨ੍ਹਾਂ ਦੇ ਨਾਲ ਖੜ੍ਹੇ ਹਨ। ਡੇਰੇ ਦੇ ਸਭ ਤੋਂ ਸਰਗਰਮ ਰਹੇ ਖੇਤਰ ਕੋਟਕਪੂਰਾ, ਬਾਜਾਖਾਨਾ, ਸਲਾਬਤਪੁਰਾ ਤੇ ਭਗਤਾ ਭਾਈ ਵਿਚ ਇਸ ਵੇਲੇ ਪਹਿਲੀ ਕਤਾਰ ਦੇ ਕੱਟੜ ਡੇਰਾ ਪ੍ਰੇਮੀ ਤਾਂ ਅਜੇ ਵੀ ਸਮਰਥਕ ਹਨ, ਪਰ ਪੂਰੀ ਤਰ੍ਹਾਂ ਚੁੱਪ ਵੱਟੀ ਬੈਠੇ ਹਨ। ਜਦਕਿ ਵਹਾਅ 'ਚ ਆ ਕੇ ਜੁੜੀ ਆਮ ਜਨਤਾ ਵੱਡੀ ਪੱਧਰ 'ਤੇ ਡੇਰੇ ਵਲੋਂ ਮੂੰਹ ਮੋੜ ਗਈ ਹੈ।

ਪਤਾ ਲੱਗਾ ਹੈ ਕਿ ਬਰਗਾੜੀ ਨੇੜਲੇ ਪਿੰਡ ਗੁਰੂਸਰ ਵਿਚ ਡੇਰੇ ਦਾ ਵੱਡਾ ਸਟੋਰ ਸੀ। ਇਸ ਸਟੋਰ ਤੋਂ ਡੇਰੇ 'ਚ ਬਣੇ ਬਿਸਕੁਟ, ਕਰਿਆਨਾ, ਰੈਡੀਮੇਡ ਗਾਰਮੈਂਟਸ ਸਮੇਤ ਹੋਰ ਅਨੇਕ ਕਿਸਮ ਦੀਆਂ ਵਸਤਾਂ ਪਿੰਡਾਂ ਦੇ ਭੰਗੀਦਾਸਾਂ ਦੀਆਂ ਦੁਕਾਨਾਂ ਨੂੰ ਸਪਲਾਈ ਹੁੰਦੀਆਂ ਸਨ। ਇਸ ਸਟੋਰ ਤੋਂ ਹਰ ਰੋਜ਼ ਲੱਖਾਂ ਰੁਪਏ ਦਾ ਮਾਲ ਸਪਲਾਈ ਹੁੰਦਾ ਸੀ।

ਇਹ ਸਟੋਰ ਹੁਣ ਪਿਛਲੇ ਕਰੀਬ ਦੋ ਸਾਲ ਤੋਂ ਬੰਦ ਹੈ। ਬਾਜਾਖਾਨਾ 'ਚ ਚਲਦੀਆਂ ਤਿੰਨ ਦੁਕਾਨਾਂ ਬੰਦ ਹੋ ਗਈਆਂ ਹਨ। ਮਾਲਵੇ ਦੇ ਪੰਜਾਂ ਜ਼ਿਲ੍ਹਿਆਂ 'ਚ ਵੱਡੇ ਪਿੰਡਾਂ ਤੇ ਕਸਬਿਆਂ ਵਿਚੋਂ ਡੇਰੇ ਨੇ ਖੁਦ ਪ੍ਰੇਮੀਆਂ ਰਾਹੀਂ ਦੁਕਾਨਾਂ ਖੋਲ੍ਹ ਰੱਖੀਆਂ ਸਨ ਤੇ ਛੋਟੇ ਪਿੰਡਾਂ 'ਚ ਪ੍ਰੇਮੀ ਆਪਣੇ ਘਰਾਂ ਰੱਖ ਕੇ ਸਮਾਨ ਵੇਚਦੇ ਸਨ। ਅਜਿਹੀ ਵਪਾਰਕ ਸਰਗਰਮੀ ਹੁਣ ਸਾਰੇ ਜ਼ਿਲ੍ਹਿਆਂ ਵਿਚ ਵੀ ਬੇਹੱਦ ਸੀਮਤ ਹੋ ਗਈ ਹੈ। ਬੁਢਲਾਡਾ ਹਲਕੇ 'ਚ ਪੈਂਦੇ ਪਿੰਡ ਦਰੀਆਪੁਰ ਦੇ ਸਾਬਕਾ ਸਰਪੰਚ ਨੇ ਦੱਸਿਆ ਕਿ ਸ਼ੁਰੂ ਵਿਚ 300 ਘਰਾਂ ਵਾਲੇ ਪਿੰਡਾਂ 'ਚੋਂ 100 ਦੇ ਕਰੀਬ ਘਰਾਂ ਵਾਲੇ ਡੇਰੇ ਜਾਣ ਲੱਗ ਪਏ ਸਨ ਪਰ ਹੁਣ ਸਿਰਫ ਇਕ ਪਰਿਵਾਰ ਡੇਰੇ ਨਾਲ ਜੁੜਿਆ ਰਹਿ ਗਿਆ।

ਕਿਸੇ ਸਮੇਂ ਸਿਆਸੀ ਪਾਰਟੀਆਂ ਨੂੰ ਚੱਕਰਵਿਊ ਵਿਚ ਪਾਉਣ ਲਈ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਬਣਾਇਆ ਗਿਆ ਸਿਆਸੀ ਵਿੰਗ ਪੂਰੀ ਤਰ੍ਹਾਂ ਖਿੰਡਰ ਗਿਆ ਨਜ਼ਰ ਆ ਰਿਹਾ ਹੈ। ਡੇਰੇ ਦੀ ਤਾਕਤ ਵੱਡੀ ਪੱਧਰ 'ਤੇ ਖੁਰ ਜਾਣ ਕਾਰਨ ਹੀ ਹੁਣ ਪੰਜਾਬ ਦੇ ਸਿਆਸੀ ਆਗੂ ਡੇਰੇ ਤੋਂ ਦੂਰੀ ਰੱਖਣ ਦੇ ਬਿਆਨਾਂ 'ਚ ਇਕ ਦੂਜੇ ਨਾਲੋਂ ਅੱਗੇ ਨਿਕਲ ਰਹੇ ਹਨ।

ਖੁਫੀਆ ਤੰਤਰ ਦੀਆਂ ਰਿਪੋਰਟਾਂ ਵਿਚ ਇਸ ਗੱਲ ਦੀ ਸਪੱਸ਼ਟ ਝਲਕ ਮਿਲਦੀ ਹੈ ਕਿ ਪੰਜਾਬ ਅੰਦਰ ਡੇਰੇ ਦੇ ਬੱਝਵੇਂ ਵਜੂਦ ਨੂੰ ਲਕਵਾ ਮਾਰ ਗਿਆ ਹੈ ਤੇ ਡੇਰੇ ਨਾਲ ਜੁੜੇ ਬਹੁਤੇ ਲੋਕ ਬੇਅਦਬੀ ਘਟਨਾਵਾਂ 'ਚ ਨਾਂ ਆਉਣ ਤੋਂ ਬਾਅਦ ਬੇਹੱਦ ਨਮੋਸ਼ੀ ਨਾਲ ਭਰ ਗਏ ਹਨ।

ਇਨ੍ਹਾਂ ਰਿਪੋਰਟਾਂ ਮੁਤਾਬਕ ਡੇਰੇ ਦਾ ਧਾਰਮਿਕ ਤੇ ਵਪਾਰਕ ਤੌਰ 'ਤੇ ਲੱਕ ਟੁੱਟ ਚੁੱਕਾ ਹੈ ਤੇ ਸਿਆਸਤਦਾਨਾਂ ਨੇ ਵੀ ਵੇਲੇ ਦੀ ਨਜ਼ਾਕਤ ਨੂੰ ਸਮਝਦਿਆਂ ਪਾਸਾ ਵੱਟਣ 'ਚ ਹੀ ਭਲਾ ਸਮਝਣਾ ਸ਼ੁਰੂ ਕਰ ਦਿੱਤਾ ਹੈ।

# ਹਰਸਿਮਰਤ ਖਿਲਾਫ ਖਹਿਰਾ ਨੇ ਭਖਾਇਆ ਚੋਣ ਮੈਦਾਨ

**ਤਲਵੰਡੀ ਸਾਬੋ:** ਲੋਕ ਸਭਾ ਹਲਕਾ ਬਠਿੰਡਾ ਤੋਂ ਚੋਣ ਲੜ ਰਹੇ ਪੰਜਾਬੀ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਮਾਨਸਾ ਤੋਂ ਚੱਲਿਆ ਰੋਡ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆ ਕੇ ਸਮਾਪਤ ਹੋਇਆ। ਰੋਡ ਵਿਚ ਭਾਰੀ ਲਾਮ ਲਸ਼ਕਰ ਦੇਖਣ ਨੂੰ ਮਿਲਿਆ, ਪਰ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਵਿਚੋਂ ਲੋਕਾਂ ਦੀ ਬਹੁਤੀ ਆਮਦ ਦੇਖਣ ਨੂੰ ਨਹੀਂ ਮਿਲੀ।

ਇਸ ਮੌਕੇ ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੇ ਮਾਰਚ ਨੂੰ ਲੋਕ ਸਭਾ ਹਲਕੇ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਣਾ ਹੀ ਇਹ ਸੰਕੇਤ ਕਰਦਾ ਹੈ ਕਿ ਹਲਕੇ ਦੇ ਲੋਕ ਹਰਸਿਮਰਤ ਕੌਰ ਬਾਦਲ ਦੀ ਦਸ ਸਾਲਾਂ ਦੀ ਪਾਰੀ ਅਤੇ ਮੌਜੂਦਾ ਕਾਂਗਰਸ ਸਰਕਾਰ ਦੀ ਦੋ ਸਾਲ ਦੀ ਕਾਰਗੁਜ਼ਾਰੀ ਤੋਂ ਅੱਕ ਚੁੱਕੇ ਹਨ ਅਤੇ ਉਹ ਬਦਲਾਅ ਚਾਹੁੰਦੇ ਹਨ। ਉਨ੍ਹਾਂ ਕਿਹਾ ਹੁਣ ਲੋਕ ਮੋਦੀ ਜਾਂ ਗਾਂਧੀ ਪਰਿਵਾਰ ਦੀਆਂ ਗੱਪਾਂ 'ਤੇ ਵਿਸ਼ਵਾਸ ਨਹੀਂ ਕਰਨਗੇ।

ਖਹਿਰਾ ਵੱਲੋਂ ਬਠਿੰਡਾ ਏਮਜ਼ ਦਾ ਵਿਰੋਧ ਕਰਨ 'ਤੇ ਅਕਾਲੀਆਂ ਵੱਲੋਂ ਉਠਾਏ ਜਾ ਰਹੇ ਸਵਾਲਾਂ ਬਾਰੇ ਉਨ੍ਹਾਂ ਕਿਹਾ ਕਿ ਉਸ ਨੇ ਏਮਜ਼ ਦਾ ਕਦੇ ਵਿਰੋਧ ਨਹੀਂ ਕੀਤਾ। ਸਗੋਂ ਉਹ ਤਾਂ ਸਿਰਫ ਇਹੀ ਚਾਹੁੰਦੇ ਸਨ ਕਿ ਜੇ ਏਮਜ਼ ਵਰਗੀ ਸੂਬਾ ਪੱਧਰੀ ਸੰਸਥਾ ਪੰਜਾਬ ਵਿਚ ਬਣਦੀ ਹੈ ਤਾਂ ਉਹ ਦੁਆਬੇ ਵਿਚ ਬਣੇ ਤਾਂ ਜੋ ਸੂਬੇ ਦੇ ਸਾਰੇ ਹਿੱਸਿਆਂ ਦੇ ਲੋਕਾਂ ਨੂੰ ਉਸ ਦਾ ਫਾਇਦਾ ਮਿਲ ਸਕੇ ਤੇ ਇਸ ਵਿਚ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ। ਇਸ ਉਪਰੰਤ ਸੁਖਪਾਲ ਸਿੰਘ ਖਹਿਰਾ ਨੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ।

# 'ਅਸਲ ਚੌਕੀਦਾਰਾਂ' ਨੇ ਸਿਆਸੀ ਧਿਰਾਂ ਖਿਲਾਫ ਖੋਲ੍ਹਿਆ ਮੋਰਚਾ

**ਲੁਧਿਆਣਾ:** ਲੋਕ ਸਭਾ ਚੋਣਾਂ ਵਿਚ ਚੌਕੀਦਾਰ ਦੇ ਨਾਂ ਉਤੇ ਹੋ ਰਹੀ ਸਿਆਸਤ ਤੋਂ ਪਰੇਸ਼ਾਨ ਅਸਲੀ ਚੌਕੀਦਾਰ ਲੁਧਿਆਣਾ ਦੀਆਂ ਸੜਕਾਂ ਉਤੇ ਉਤਰੇ, ਜਿਥੇ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਖਿਲਾਫ ਆਪਣੀ ਭੜਾਸ ਕੱਢੀ। ਚੌਕੀਦਾਰਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ ਕਿ ਉਹ ਸਿਆਸੀ ਆਗੂਆਂ ਨੂੰ ਕਹਿਣ ਕਿ ਆਪਣੇ ਨਾਂ ਅੱਗਿਓਂ ਚੌਕੀਦਾਰ ਸ਼ਬਦ ਹਟਾਉਣ, ਨਹੀਂ ਤਾਂ ਉਹ ਇਸ ਮੁੱਦੇ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਹੁੰਚ ਕਰਨਗੇ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਕਾਂਗਰਸ ਦੇ ਜੋ ਆਗੂ ਮੋਦੀ 'ਤੇ ਨਿਸ਼ਾਨਾ ਲਗਾਉਣ ਦੇ ਚੱਕਰ ਵਿਚ ਚੌਕੀਦਾਰਾਂ ਨੂੰ ਚੋਰ ਕਹਿ ਰਹੇ ਹਨ, ਉਨ੍ਹਾਂ ਨੂੰ ਤਾੜਨਾ ਕੀਤੀ ਜਾਵੇ।

ਚੌਕੀਦਾਰਾਂ 'ਤੇ ਛਿੜੀ ਚਰਚਾ ਤੋਂ ਬਾਅਦ ਲੁਧਿਆਣਾ ਦੇ ਰੋਟਰੀ ਕਲੱਬ ਵਿਚ ਰੈਵੇਨਿਊ ਚੌਕੀਦਾਰ ਸੁਸਾਇਟੀ ਵੱਲੋਂ ਮੀਟਿੰਗ ਕੀਤੀ ਗਈ। ਜਿਥੇ ਸੁਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਝਾਂਡੇ ਨੇ ਦੱਸਿਆ ਕਿ ਲੁਧਿਆਣਾ ਦੇ ਪਿੰਡਾਂ ਵਿਚ 1200 ਦੇ ਕਰੀਬ ਚੌਕੀਦਾਰ ਰਾਤ ਨੂੰ ਪਹਿਰਾ ਦੇ ਕੇ ਲੋਕਾਂ ਦੀ ਸੁਰੱਖਿਆ ਕਰਦੇ ਹਨ, ਪਰ ਇਸ ਵਾਰ ਲੋਕ ਸਭਾ ਚੋਣਾਂ ਵਿਚ ਸਿਆਸੀ ਆਗੂਆਂ ਵੱਲੋਂ ਉਨ੍ਹਾਂ ਦੇ ਨਾਂ 'ਤੇ ਵੱਡੀ ਸਿਆਸਤ ਕੀਤੀ ਜਾ ਰਹੀ ਹੈ, ਜਿਸ ਕਾਰਨ ਉਹ ਪਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਲੱਖਾਂ ਰੁਪਏ ਤਨਖਾਹ ਲੈ ਕੇ 130 ਕਰੋੜ ਲੋਕਾਂ ਉਤੇ ਰਾਜ ਕਰਨ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਤਾ ਹਾਸਲ ਕਰਨ ਲਈ ਆਪਣੇ ਆਪ ਨੂੰ ਚੌਕੀਦਾਰ ਕਹਿ ਰਿਹਾ ਹੈ, ਪਰ ਅਸਲ ਵਿਚ ਲੋਕਾਂ ਦੀ ਰਾਖੀ ਲਈ ਰਾਤ ਭਰ ਜਾਗਣ ਵਾਲੇ ਅਸਲੀ ਚੌਕੀਦਾਰਾਂ ਨੂੰ ਸਿਰਫ 1250 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ। ਦੂਜੇ ਪਾਸੇ, ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਮੋਦੀ 'ਤੇ ਨਿਸ਼ਾਨਾ ਲਗਾਉਣ ਦੇ ਚੱਕਰ ਵਿਚ ਉਨ੍ਹਾਂ ਨੂੰ ਹੀ ਚੋਰ ਦੱਸ ਰਹੇ ਹਨ।

# ਸੁਖਬੀਰ ਤੇ ਹਰਸਿਮਰਤ ਬਾਦਲ ਵੱਲੋਂ ਚੋਣ ਮੈਦਾਨ 'ਚ ਨਿੱਤਰਨ ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਸੰਸਦੀ ਚੋਣਾਂ ਨੂੰ ਲੈ ਕੇ ਦੋ ਸੰਸਦੀ ਹਲਕਿਆਂ ਲੁਧਿਆਣਾ ਅਤੇ ਫਰੀਦਕੋਟ ਤੋਂ ਬਿਨਾਂ ਬਾਕੀ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਮ ਲਗਭਗ ਤੈਅ ਕਰ ਲਏ ਹਨ। ਪਾਰਟੀ ਦੀ ਨਵੀਂ ਰਣਨੀਤੀ ਮੁਤਾਬਕ ਬਾਦਲ ਪਰਿਵਾਰ ਦੇ ਦੋਹਾਂ ਅਹਿਮ ਮੈਂਬਰਾਂ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੂੰ ਹੀ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਗਿਆ ਹੈ।

ਅਕਾਲੀ ਦਲ ਦੇ ਸੂਤਰਾਂ ਦਾ ਦੱਸਣਾ ਹੈ ਕਿ ਸੀਨੀਅਰ ਆਗੂਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸਿੱਟਾ ਕੱਢਿਆ ਗਿਆ ਹੈ ਕਿ ਪਾਰਟੀ ਨੂੰ ਮੁੜ ਤੋਂ ਖੜ੍ਹੀ ਕਰਨ ਅਤੇ ਲੋਕਾਂ ਵਿਚ ਮਜ਼ਬੂਤ ਆਧਾਰ ਬਣਾਉਣ ਲਈ ਸੁਖਬੀਰ ਸਿੰਘ ਬਾਦਲ ਨੂੰ ਸੁਰੱਖਿਅਤ ਸਮਝੇ ਜਾਂਦੇ ਹਲਕੇ ਫਿਰੋਜ਼ਪੁਰ ਤੋਂ ਚੋਣ ਲੜਾਈ ਜਾਵੇ ਤੇ ਹਰਸਿਮਰਤ ਕੌਰ ਬਾਦਲ ਆਪਣੇ ਪਹਿਲੇ ਹਲਕੇ ਬਠਿੰਡਾ ਤੋਂ ਹੀ ਚੋਣ ਲੜਨ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਅਕਾਲੀ ਦਲ ਅੰਦਰ ਜਿਨ੍ਹਾਂ ਨਾਂਵਾਂ 'ਤੇ ਹੁਣ ਤੱਕ ਸਹਿਮਤੀ ਬਣ ਚੁੱਕੀ ਹੈ।

ਫਤਿਹਗੜ੍ਹ ਸਾਹਿਬ ਤੋਂ ਦਰਬਾਰਾ ਸਿੰਘ ਗੁਰੂ, ਜਗੀਰ ਕੌਰ ਨੂੰ ਖਡੂਰ ਸਾਹਿਬ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਜਲੰਧਰ ਤੋਂ ਪਹਿਲਾਂ ਹੀ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਲੁਧਿਆਣਾ ਅਤੇ ਫਰੀਦਕੋਟ ਤੋਂ ਉਮੀਦਵਾਰ ਦੀ ਚੋਣ ਸਬੰਧੀ ਕਸ਼ਮਕਸ਼ ਜਾਰੀ ਹੈ। ਪਾਰਟੀ ਆਗੂਆਂ ਦਾ ਇਹ ਵੀ ਦੱਸਣਾ ਹੈ ਕਿ ਕਾਂਗਰਸ ਦੀ ਰਣਨੀਤੀ ਦੇਖ ਕੇ ਉਮੀਦਵਾਰਾਂ 'ਚ ਤਬਦੀਲੀ ਕੀਤੇ ਜਾਣ ਦੇ ਆਸਾਰ ਹਨ ਉਂਜ ਇਸ ਸਮੇਂ ਤੱਕ ਉਕਤ ਨਾਮ ਤੈਅ ਹਨ।

ਪੰਜਾਬ ਦੀ ਸੱਤਾ 'ਤੇ ਇਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਸਭ ਤੋਂ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਦਿਖਾਈ ਦੇ ਰਿਹਾ ਹੈ। ਪਾਰਟੀ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਸੁਖਬੀਰ ਸਿੰਘ ਬਾਦਲ ਨੂੰ ਚੋਣ ਮੈਦਾਨ ਵਿਚ ਉਤਾਰਨ 'ਤੇ ਵਿਚਾਰ ਕੀਤਾ ਗਿਆ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਦਲ ਦੇ ਪ੍ਰਧਾਨ ਚੋਣ ਮੈਦਾਨ ਵਿਚ ਹੋਣਗੇ ਉਸ ਨਾਲ ਕਈ ਤਰ੍ਹਾਂ ਦੇ ਸਮੀਕਰਨ ਬਦਲਣ ਦਾ ਅਨੁਮਾਨ ਹੈ। ਅਕਾਲੀ ਦਲ ਦੇ ਅਨੁਮਾਨਾਂ ਮੁਤਾਬਕ ਸਭ ਤੋਂ ਪਹਿਲਾਂ ਤਾਂ ਕਾਂਗਰਸ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ ਤੇ ਹਾਕਮ ਧਿਰ ਦੀ ਸ਼ਕਤੀ ਨੂੰ ਦੋ ਸੰਸਦੀ ਹਲਕਿਆਂ ਬਠਿੰਡਾ ਤੇ ਫਿਰੋਜ਼ਪੁਰ ਦੁਆਲੇ ਹੀ ਕੇਂਦਰਤ ਕਰਕੇ ਹੋਰਨਾਂ ਹਲਕਿਆਂ ਅੰਦਰ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ। ਅਕਾਲੀ ਦਲ ਆਗਾਮੀ ਸੰਸਦੀ ਚੋਣਾਂ ਦੌਰਾਨ ਕਰੋ ਜਾਂ ਮਰੋ ਦੀ ਲੜਾਈ ਲੜਨ ਦੇ ਰੌਂਅ 'ਚ ਹੈ ਕਿਉਂਕਿ ਪਾਰਟੀ ਅੰਦਰ ਇਹ ਵੀ ਮੰਨਿਆ ਜਾਂਦਾ ਹੈ ਕਿ ਜੇਕਰ ਸੰਸਦੀ ਚੋਣਾਂ ਦੌਰਾਨ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਾ ਦਿਖਾਈ ਜਾ ਸਕੀ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੀ ਹੱਥੋਂ ਜਾ ਸਕਦੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਦਾਅਵਾ ਹੈ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਉਮੀਦਵਾਰਾਂ ਸਬੰਧੀ ਫੈਸਲਾ ਸ਼੍ਰੋਮਣੀ ਕਮੇਟੀ ਮੈਂਬਰਾਂ, ਸਰਕਲ ਪ੍ਰਧਾਨਾਂ, ਜ਼ਿਲ੍ਹਾ ਜਥੇਦਾਰਾਂ ਅਤੇ ਹਲਕਾ ਇੰਚਾਰਜਾਂ ਨਾਲ ਮੀਟਿੰਗਾਂ ਕਰਕੇ ਕੀਤਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜਿਨ੍ਹਾਂ ਆਗੂਆਂ ਨੂੰ ਉਮੀਦਵਾਰ ਬਣਾਉਣ ਬਾਰੇ ਸਰਬਸੰਮਤੀ ਬਣੀ ਅਜਿਹੇ ਉਮੀਦਵਾਰਾਂ ਦੇ ਨਾਂਵਾਂ ਨੂੰ ਹੀ ਅੰਤਿਮ ਰੂਪ ਦਿੱਤਾ ਗਿਆ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਲੁਧਿਆਣਾ ਤੋਂ ਮਹੇਸ਼ਇੰਦਰ ਸਿੰਘ ਗਰੇਵਾਲ, ਸ਼ਰਨਜੀਤ ਸਿੰਘ ਢਿੱਲੋਂ ਅਤੇ ਰਣਜੀਤ ਸਿੰਘ ਢਿੱਲੋਂ ਦੇ ਨਾਮ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

# ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੀ ਥਾਂ ਸਿਆਸੀ ਰੋਟੀਆਂ ਸੇਕਣ 'ਤੇ ਜ਼ੋਰ

**ਬੰਗਾ:** ਪਿੰਡ ਖਟਕੜ ਕਲਾਂ 'ਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆਏ ਕਾਂਗਰਸ ਤੇ ਅਕਾਲੀ ਆਗੂਆਂ ਨੇ ਸਿਆਸੀ ਰੋਟੀਆਂ ਸੇਕਣ ਦੀ




ਰਵਾਇਤ ਇਸ ਵਾਰ ਵੀ ਜਾਰੀ ਰੱਖੀ। ਕਾਂਗਰਸ ਵਲੋਂ ਪੁੱਜੇ ਪੰਜਾਬ ਦੇ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਜੇ ਕਾਂਗਰਸ ਕੇਂਦਰ ਦੀ ਸੱਤਾ 'ਚ ਆਉਂਦੀ ਹੈ ਤਾਂ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਹੀ ਪ੍ਰਧਾਨ ਮੰਤਰੀ ਹੋਣਗੇ।

ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੀ ਅਗਵਾਈ 'ਚ ਹੀ ਪਿੰਡ ਖਟਕੜ ਕਲਾਂ ਦੀ ਧਰਤੀ ਤੋਂ 'ਡੈਪੋ' ਮਿਸ਼ਨ ਆਰੰਭ ਕਰ ਕੇ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਦਾ ਅਹਿਦ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦਿੱਤਾ ਹੈ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਮੀਨੀ ਪੱਧਰ 'ਤੇ ਸੇਵਾਵਾਂ ਨਿਭਾਈਆਂ ਹਨ। ਦੂਜੇ ਪਾਸੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕਾਂਗਰਸ ਮੌਜੂਦਾ ਦੌਰ 'ਚ ਪੂਰੀ ਤਰ੍ਹਾਂ ਬੁਖਲਾਈ ਹੋਈ ਹੈ ਅਤੇ ਉਸ ਤੋਂ ਦੁਸ਼ਮਣ ਦੇਸ਼ 'ਤੇ ਕੀਤੀ 'ਸਰਜੀਕਲ ਸਟਰਾਈਕ' ਅਤੇ ਪਾਇਲਟ ਅਭਿਨੰਦਨ ਦੀ ਸਹੀ ਸਲਾਮਤ ਵਾਪਸੀ ਵੀ ਬਰਦਾਸ਼ਤ ਨਹੀਂ ਹੋ ਰਹੀ। ਉਨ੍ਹਾਂ ਦੱਸਿਆ ਕਿ ਬਾਦਲ ਸਰਕਾਰ ਦੀ ਅਗਵਾਈ ਵੇਲੇ ਖਟਕੜ ਕਲਾਂ ਦੀ ਯਾਦਗਾਰ ਲਈ 19 ਕਰੋੜ ਰੁਪਏ ਖਰਚ ਕੀਤੇ ਗਏ ਸਨ ਪਰ ਕਾਂਗਰਸ ਸਰਕਾਰ ਨੇ ਇਸ ਦੀ ਸੰਭਾਲ ਨਹੀਂ ਕੀਤੀ।

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ, ਲੋਕ ਇਨਸਾਫ ਪਾਰਟੀ ਦੇ ਨੁਮਾਇੰਦੇ ਸਿਮਰਜੀਤ ਸਿੰਘ ਬੈਂਸ, ਐਮ.ਪੀ. ਡਾ. ਧਰਮਵੀਰ ਗਾਂਧੀ ਆਦਿ ਆਗੂਆਂ ਨੇ ਸਾਂਝੀ ਸਟੇਜ ਨੂੰ ਆਪੋ-ਆਪਣੇ ਸੰਬੋਧਨ 'ਚ ਸਮੇਂ ਦੇ ਹਾਕਮਾਂ ਨੂੰ ਕੋਸਿਆ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਅਤੇ ਅਕਾਲੀ ਦਲ ਦੀ ਕਾਟੋ ਵਾਰੀ ਦਾ ਹੁਣ ਖਾਤਮਾ ਹੋਣ ਵਾਲਾ ਹੈ ਜਿਸ ਲਈ ਲੋਕ ਤੀਜੇ ਫਰੰਟ ਨੂੰ ਮੌਕਾ ਦੇਣ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਅਤੇ ਸੂਬਿਆਂ 'ਚ ਰਾਜ ਕਰਨ ਵਾਲੀਆਂ ਹੁਣ ਤੱਕ ਦੀਆਂ ਸਿਆਸੀ ਧਿਰਾਂ ਨੇ ਚੋਣ ਵਾਅਦੇ ਕਰਕੇ ਲੋਕਾਂ ਨੂੰ ਮਗਰ ਤਾਂ ਲਾ ਲਿਆ ਪਰ ਸੱਤਾ ਪ੍ਰਾਪਤੀ ਪਿਛੋਂ ਨਿਜਵਾਦ ਨੂੰ ਹੀ ਪਹਿਲ ਦਿੱਤੀ ਹੈ।

# ਭਗਤ ਸਿੰਘ ਦੇ ਘਰ ਨੂੰ ਮਿਲੇਗਾ 'ਕੌਮੀ ਵਿਰਾਸਤੀ ਧਰੋਹਰ' ਦਾ ਦਰਜਾ

**ਇਸਲਾਮਾਬਾਦ:** ਪਾਕਿਸਤਾਨ ਵਿਚ ਲਹਿੰਦੇ ਪੰਜਾਬ ਦੀ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੇ ਜ਼ਿਲ੍ਹਾ ਫੈਸਲਾਬਾਦ ਦੇ ਪਿੰਡ ਬੰਗਾ ਦੇ ਚੱਕ 105 ਵਿਚਲੇ ਜੱਦੀ ਘਰ ਨੂੰ 'ਕੌਮੀ ਵਿਰਾਸਤੀ ਧਰੋਹਰ' ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ।

ਇਸ ਬਾਰੇ ਪੁਰਾਤਤਵ ਵਿਭਾਗ ਦੇ ਡਿਪਟੀ ਡਾਇਰੈਕਟਰ ਅਫਜ਼ਲ ਖਾਨ ਨੇ ਦੱਸਿਆ ਕਿ ਸਰਕਾਰ ਵੱਲੋਂ ਪੁਰਾਤਤਵ ਅਤੇ ਸੈਰ ਸਪਾਟਾ ਵਿਭਾਗ ਦੇ ਮਾਹਿਰਾਂ ਦੀ ਕਾਇਮ ਕੀਤੀ ਟੀਮ ਵੱਲੋਂ ਸ਼ਹੀਦ ਭਗਤ ਸਿੰਘ ਦੇ ਘਰ ਦਾ ਦੌਰਾ ਕਰਕੇ ਉਨ੍ਹਾਂ ਦੀਆਂ ਪੁਰਾਣੀਆਂ ਤਸਵੀਰਾਂ ਇਕੱਠੀਆਂ ਕਰਨ ਦੇ ਨਾਲ-ਨਾਲ ਇਮਾਰਤ ਦੇ ਵੱਖ-ਵੱਖ ਹਿੱਸਿਆਂ, ਢਾਂਚੇ, ਛੱਤ ਅਤੇ ਦਰਵਾਜ਼ਿਆਂ ਆਦਿ ਦੇ ਨਕਸ਼ੇ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ।

ਇਸ ਤੋਂ ਇਲਾਵਾ ਸ਼ਹੀਦ ਦੇ ਘਰ ਨੂੰ 'ਕੌਮੀ ਵਿਰਾਸਤੀ ਧਰੋਹਰ' ਦਾ ਦਰਜਾ ਦੇਣ ਹਿੱਤ ਵਿਭਾਗੀ ਕਾਰਵਾਈ ਸ਼ੁਰੂ ਕਰਨ ਲਈ ਘਰ ਦੇ ਮੌਜੂਦਾ ਮਾਲਕ ਚੌਧਰੀ ਸਾਕਿਬ ਵਿਰਕ ਕੋਲੋਂ ਵੀ ਮਨਜ਼ੂਰੀ ਲੈ ਲਈ ਹੈ। ਉਨ੍ਹਾਂ ਦੱਸਿਆ ਕਿ ਘਰ ਦਾ 90 ਫੀਸਦੀ ਹਿੱਸਾ ਨਵੇਂ ਢੰਗ ਨਾਲ ਬਣਾਇਆ ਗਿਆ ਹੈ, ਜਦਕਿ ਦੋ ਕਮਰੇ, ਛੱਤਾਂ ਅਤੇ ਦਰਵਾਜ਼ਿਆਂ ਨਾਲ ਬਿਨਾਂ ਛੇੜ-ਛਾੜ ਕੀਤੇ ਪੁਰਾਣੀ ਹਾਲਤ ਵਿਚ ਬਹਾਲ ਰੱਖਿਆ ਗਿਆ ਹੈ। ਡਿਪਟੀ ਡਾਇਰੈਕਟਰ ਅਨੁਸਾਰ ਉਕਤ ਘਰ ਦਾ ਮਾਲਕ ਉਥੇ ਹੀ ਰਹਿ ਸਕਦਾ ਹੈ, ਪਰ ਇਮਾਰਤ ਦੇ ਅੰਦਰੂਨੀ ਢਾਂਚੇ ਜਾਂ ਬਾਹਰੀ ਦਿਖ 'ਚ ਬਦਲਾਅ ਕਰਨ ਦਾ ਉਸ ਨੂੰ ਅਧਿਕਾਰ ਨਹੀਂ ਹੋਵੇਗਾ।

ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਘਰ ਨੂੰ ਸਾਲ 2012 'ਚ ਜ਼ਿਲ੍ਹਾ ਫੈਸਲਾਬਾਦ ਪ੍ਰਸ਼ਾਸਨ ਵੱਲੋਂ 'ਕੌਮੀ ਸਮਾਰਕ' ਦਾ ਦਰਜਾ ਦਿੱਤਾ ਗਿਆ ਸੀ, ਜਿਸ ਦੇ ਬਾਅਦ ਹੁਣ ਸੂਬਾ ਸਰਕਾਰ ਨੇ ਇਸ ਨੂੰ 'ਕੌਮੀ ਵਿਰਾਸਤੀ ਧਰੋਹਰ' ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ। ਮੌਜੂਦਾ ਸਮੇਂ ਸ਼ਹੀਦ ਦੇ ਘਰ ਨੂੰ ਚੌਧਰੀ ਸਾਕਿਬ ਵਿਰਕ ਵੱਲੋਂ ਅਜਾਇਬ-ਘਰ 'ਚ ਤਬਦੀਲ ਕਰਦਿਆਂ ਉਸ 'ਚ ਸ਼ਹੀਦ ਦੇ ਪਰਿਵਾਰ ਦੇ ਬਰਤਨ, ਅਲਮਾਰੀਆਂ ਤੇ ਹੋਰ ਸਾਮਾਨ ਸਮੇਤ 200 ਦੇ ਲਗਭਗ ਆਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ।

# ਕਮਿਊਨਿਸਟ ਆਗੂ ਕਾਮਰੇਡ ਬਲਵੰਤ ਸਿੰਘ ਦਾ ਦੇਹਾਂਤ

**ਰਾਜਪੁਰਾ:** ਮਾਰਕਸੀ ਕਮਿਊਨਿਸਟ ਆਗੂ ਅਤੇ ਸੀ.ਪੀ.ਆਈ.ਐਮ. ਦੇ ਸਾਬਕਾ ਸੂਬਾ ਸਕੱਤਰ ਪ੍ਰੋ. ਬਲਵੰਤ ਸਿੰਘ ਦਾ ਦੇਹਾਂਤ ਹੋ ਗਿਆ। 82 ਵਰ੍ਹਿਆਂ ਦੇ ਕਾਮਰੇਡ ਬਲਵੰਤ ਸਿੰਘ ਤਹਿਸੀਲ ਰਾਜਪੁਰਾ ਦੇ ਪਿੰਡ ਹਾਸ਼ਮਪੁਰ ਦੇ ਜੰਮਪਲ ਸਨ। ਉਨ੍ਹਾਂ ਨੇ ਸਾਲ 1972 ਵਿਚ ਪਿੰਡ ਦੇ ਸਰਪੰਚ ਚੁਣੇ ਜਾਣ ਤੋਂ ਆਪਣੇ ਸਿਆਸੀ ਸਫ਼ਰ ਦੀ ਸ਼ੁਰੂਆਤ ਕੀਤੀ।

ਇਸ ਤੋਂ ਪਹਿਲਾਂ ਉਹ ਸਰਕਾਰੀ ਕਾਲਜ ਵਿਚ ਪ੍ਰੋਫੈਸਰ ਰਹੇ। ਪਿੰਡ ਦੇ ਸਰਪੰਚ ਬਣਨ ਤੋਂ ਪਹਿਲਾਂ ਉਨ੍ਹਾਂ ਨੇ ਸਾਲ 1968 ਵਿਚ ਸਰਕਾਰੀ ਨੌਕਰੀ ਛੱਡ ਦਿੱਤੀ। ਇਸ ਉਪਰੰਤ ਇਸ ਸਿਰੜੀ ਅਤੇ ਸੰਘਰਸ਼ੀ ਮਾਰਕਸੀ ਕਮਿਊਨਿਸਟ ਆਗੂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸਾਲ 1980 ਤੋਂ 85 ਤੱਕ ਬਤੌਰ ਸੀ.ਪੀ.ਆਈ.ਐਮ. ਦੇ ਵਿਧਾਇਕ ਹਲਕਾ ਰਾਜਪੁਰਾ ਦੀ ਪ੍ਰਤੀਨਿਧਤਾ ਕੀਤੀ। ਇਸ ਸਮੇਂ ਦੌਰਾਨ ਉਹ ਸਾਲ 1988 ਵਿਚ ਸੀ.ਪੀ.ਆਈ.ਐਮ. ਦੀ ਜਨਤਕ ਜਥੇਬੰਦੀ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ਦੇ ਸੂਬਾਈ ਪ੍ਰਧਾਨ ਰਹੇ। ਇਸ ਦੌਰਾਨ ਉਨ੍ਹਾਂ ਨੇ ਲੰਮਾ ਸਮਾਂ ਮਜ਼ਦੂਰਾਂ, ਮੁਲਾਜ਼ਮਾਂ ਦੇ ਹੱਕਾਂ ਦੀ ਲੜਾਈ ਦੌਰਾਨ ਜੇਲ੍ਹ ਯਾਤਰਾ ਵੀ ਕੀਤੀ। ਸਾਲ 1998 ਵਿਚ ਸੀ.ਪੀ.ਆਈ.ਐਮ. ਦੀ ਪੰਜਾਬ



ਰਾਜ ਕਮੇਟੀ ਦੇ ਸਕੱਤਰ ਚੁਣੇ ਗਏ। ਕਰੀਬ ਇਕ ਦਹਾਕੇ ਤੱਕ ਇਸ ਅਹੁਦੇ 'ਤੇ ਰਹੇ। ਪ੍ਰੋ. ਬਲਵੰਤ ਸਿੰਘ ਇਨ੍ਹੀਂ ਦਿਨੀਂ ਚੰਡੀਗੜ੍ਹ ਵਿਚ ਰਹਿ ਰਹੇ ਸਨ। ਪ੍ਰੋ. ਬਲਵੰਤ ਸਿੰਘ ਦੇ ਦੇਹਾਂਤ 'ਤੇ ਸਿਆਸਤਦਾਨਾਂ ਤੇ ਸੰਘਰਸ਼ੀ ਲੋਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਬਾਰੇ ਉਠੇ ਸਵਾਲ

ਇਸਲਾਮਾਬਾਦ: ਪਾਕਿਸਤਾਨ ਦੇ ਸਿੰਧ ਸੂਬੇ ਵਿਚ ਦੋ ਨਾਬਾਲਗ ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਜਬਰੀ ਧਰਮ ਬਦਲੀ ਕਰਵਾਇਆ ਗਿਆ ਤੇ ਵਿਆਹ ਕਰਨ ਲਈ ਮਜਬੂਰ ਕੀਤਾ ਗਿਆ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਿੰਧ ਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ ਨੂੰ ਇਹ ਆਦੇਸ਼ ਦਿੱਤੇ ਕਿ ਉਹ ਕੁੜੀਆਂ ਦੀ ਵਾਪਸੀ ਯਕੀਨੀ ਬਣਾਉਣ। ਉਨ੍ਹਾਂ ਨੂੰ ਸਿੰਧ ਦੇ ਘੋਟਕੀ ਕਸਬੇ ਤੋਂ ਅਗਵਾ ਕਰਕੇ ਲਹਿੰਦੇ ਪੰਜਾਬ ਦੇ ਰਹੀਮ ਯਾਰ ਖ਼ਾਨ ਜ਼ਿਲ੍ਹੇ ਵਿਚ ਖੜਿਆ ਗਿਆ ਹੈ।




ਹਿੰਦੁਸਤਾਨ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਪਾਕਿਸਤਾਨ ਸਰਕਾਰ ਤੋਂ ਇਸ ਬਾਰੇ ਜਾਣਕਾਰੀ ਮੰਗੀ ਹੈ। ਖਬਰਾਂ ਅਨੁਸਾਰ ਲਹਿੰਦੇ ਪੰਜਾਬ ਦੀ ਪੁਲਿਸ ਨੇ ਸੱਤ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਸਿੰਧ ਦੀ ਪੁਲਿਸ ਦੇ ਹਵਾਲੇ ਕੀਤਾ ਹੈ। ਚੇਤੇ ਰਹੇ ਕਿ ਅਸਰ ਰਸੂਖ ਰੱਖਣ ਵਾਲੇ ਕੁਝ ਵਿਅਕਤੀਆਂ ਦੇ ਸਮੂਹ ਨੇ ਹੋਲੀ ਤੋਂ ਇਕ ਦਿਨ ਪਹਿਲਾਂ ਰਵੀਨਾ (13) ਤੇ ਰੀਨਾ (15) ਨਾਂ ਦੀਆਂ ਦੋ ਨਾਬਾਲਗ ਕੁੜੀਆਂ ਨੂੰ ਸਿੰਧ ਸੂਬੇ ਦੇ ਘੋਟਕੀ ਜ਼ਿਲ੍ਹੇ ਵਿਚਲੇ ਉਨ੍ਹਾਂ ਦੇ ਘਰ ਤੋਂ ਅਗਵਾ ਕਰ ਲਿਆ ਸੀ। ਇਸ ਘਟਨਾ ਤੋਂ ਛੇਤੀ ਮਗਰੋਂ ਵੀਡੀਓ ਵਾਇਰਲ ਹੋਇਆ ਸੀ, ਜਿਸ ਵਿਚ ਇਕ ਮੌਲਵੀ ਦੋਵਾਂ ਕੁੜੀਆਂ ਦਾ ਨਿਕਾਹ ਕਰਾਉਂਦਾ ਨਜ਼ਰ ਆ ਰਿਹਾ ਹੈ। ਮਗਰੋਂ ਇਕ ਵੱਖਰੀ ਵੀਡੀਓ ਵਿਚ ਨਾਬਾਲਗਾਂ ਨੂੰ ਇਹ ਕਹਿੰਦਿਆਂ ਵਿਖਾਇਆ ਗਿਆ ਕਿ ਉਹ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਕਬੂਲ ਰਹੀਆਂ ਹਨ।

ਪਾਕਿਸਤਾਨ ਵਿਚ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। 1967 ਤੋਂ ਲੈ ਕੇ 2014 ਤੱਕ ਲਗਭਗ 1300 ਲੋਕਾਂ 'ਤੇ ਇਸ ਤਰ੍ਹਾਂ ਦੇ ਦੋਸ਼ ਲਗਾਏ ਗਏ ਅਤੇ ਵੱਖੋ-ਵੱਖ ਅੰਦਾਜ਼ਿਆਂ ਅਨੁਸਾਰ ਬਹੁਤ ਸਾਰੇ ਲੋਕਾਂ ਨੂੰ ਮੁਕੱਦਮਿਆਂ ਦੇ ਚੱਲਦਿਆਂ ਚੱਲਦਿਆਂ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਇਸਾਈ ਭਾਈਚਾਰੇ ਨੂੰ ਖਾਸ ਨਿਸ਼ਾਨਾ ਬਣਾਇਆ ਗਿਆ। ਕਈ ਵਾਰ ਬੇਗੁਨਾਹ ਲੋਕ ਇਸ ਤੰਗਦਿਲੀ ਦਾ ਸ਼ਿਕਾਰ ਬਣੇ। ਆਸੀਆ ਬੀਬੀ ਕੇਸ ਵਿਚ ਮੁਲਜ਼ਮ ਨੂੰ ਪਹਿਲਾਂ ਦੋਸ਼ੀ ਕਰਾਰ ਦਿੱਤਾ ਗਿਆ ਪਰ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਬਾਅਦ ਵਿਚ ਉਸ ਨੂੰ ਰਿਹਾ ਕਰ ਦਿੱਤਾ। ਸਿੰਧ ਦੀ ਵਿਧਾਨ ਸਭਾ ਵੱਲੋਂ 2016 ਵਿਚ ਇਕ ਬਿੱਲ ਪਾਸ ਕੀਤਾ ਸੀ ਜਿਸ ਅਨੁਸਾਰ ਜ਼ਬਰਦਸਤੀ ਧਰਮ ਬਦਲੀ 'ਤੇ ਰੋਕ ਲਗਾਈ ਸੀ ਪਰ ਬਾਅਦ ਵਿਚ ਕੱਟੜਪੰਥੀਆਂ ਦੇ ਦਬਾਅ ਕਾਰਨ ਉਹ ਕਾਨੂੰਨ ਨਾ ਬਣ ਸਕਿਆ।

ਹੁਣ ਹਿੰਦੂ ਭਾਈਚਾਰਾ ਇਹ ਮੰਗ ਕਰ ਰਿਹਾ ਹੈ ਕਿ ਉਸ ਕਾਨੂੰਨ ਨੂੰ ਬਹਾਲ ਕੀਤਾ ਜਾਏ। ਇਮਰਾਨ ਖ਼ਾਨ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕਰਨ ਦਾ ਵਿਸ਼ਵਾਸ ਦਿਵਾਇਆ ਸੀ। ਪਿਛਲੇ ਕੁਝ ਸਮੇਂ ਤੋਂ ਉਸ ਨੇ ਕਰਤਾਰਪੁਰ ਬਾਰੇ ਹਾਂਪੱਖੀ ਰਵੱਈਆ ਅਪਣਾ ਕੇ ਸਿੱਖ ਭਾਈਚਾਰੇ ਤੇ ਚੜ੍ਹਦੇ ਪੰਜਾਬ ਦੇ ਪੰਜਾਬੀਆਂ ਦੇ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ ਹੈ ਪਰ ਉਸ ਦੀ ਹਕੂਮਤ ਸਾਹਮਣੇ ਦੂਸਰੀਆਂ ਘੱਟ ਗਿਣਤੀਆਂ, ਜਿਨ੍ਹਾਂ ਵਿਚ ਹਿੰਦੂ, ਇਸਾਈ ਅਤੇ ਅਹਿਮਦੀਆ ਪ੍ਰਮੁੱਖ ਹਨ, ਨੂੰ ਸੁਰੱਖਿਆ ਦੇਣ ਦੇ ਵੱਡੇ ਸਵਾਲ ਹਨ।

## ਇਮਰਾਨ ਵੱਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੇ ਹੁਕਮ

**ਇਸਲਾਮਾਬਾਦ:** ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਸਿੰਧ ਸੂਬੇ ਵਿਚ ਅੱਲੜ੍ਹ ਉਮਰ ਦੀਆਂ ਦੋ ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਜਬਰੀ ਧਰਮ ਪਰਿਵਰਤਨ ਤੇ ਨਿਕਾਹ ਕਰਵਾਏ ਜਾਣ ਦੀਆਂ ਰਿਪੋਰਟਾਂ ਮਗਰੋਂ ਇਸ ਸਾਰੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸੂਚਨਾ ਮੰਤਰੀ ਫਵਾਦ ਚੌਧਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਫੌਰੀ ਕੁੜੀਆਂ ਦਾ ਥਹੁ-ਪਤਾ ਲਾ ਕੇ ਉਨ੍ਹਾਂ ਨੂੰ ਪਰਿਵਾਰਾਂ ਹਵਾਲੇ ਕਰਨ। ਇਸ ਦੌਰਾਨ ਗ੍ਰਹਿ ਮੰਤਰੀ ਸ਼ਹਿਰਯਾਰ ਖਾਨ ਅਫ਼ਰੀਦੀ ਨੇ ਸਿੰਧ ਪੁਲਿਸ ਦੇ ਆਈ.ਜੀ. ਨੂੰ ਜਾਂਚ ਲਈ ਕਹਿੰਦਿਆਂ ਰਿਪੋਰਟ ਤਲਬ ਕਰ ਲਈ ਹੈ। ਸ਼ਹਿਰਯਾਰ ਨੇ ਇਕ ਟਵੀਟ 'ਚ ਕਿਹਾ ਕਿ ਦੋਵੇਂ ਕੁੜੀਆਂ ਪਾਕਿਸਤਾਨ ਦੀਆਂ ਨਾਗਰਿਕ ਹਨ ਤੇ ਉਨ੍ਹਾਂ ਦੀ ਰੱਖਿਆ ਸਾਡਾ ਫ਼ਰਜ਼ ਹੈ।

# ਜੀ. ਕੇ. ਵੱਲੋਂ ਭ੍ਰਿਸ਼ਟਾਚਾਰ ਦੇ ਕੇਸਾਂ ਪਿਛੇ ਕਿਸੇ ਵੱਡੀ ਸਾਜਿਸ਼ ਦਾ ਖਦਸ਼ਾ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ ਕਲੋਜ਼ਰ ਰਿਪੋਰਟ ਅਦਾਲਤ 'ਚ ਦਾਖਲ ਕਰਨ ਉਪਰੰਤ ਪਹਿਲੀ ਵਾਰ ਮੀਡੀਆ ਨਾਲ ਰੂਬਰੂ ਹੁੰਦੇ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਖੁਦ ਨੂੰ ਬੇਗੁਨਾਹ ਦੱਸਦਿਆਂ ਆਪਣੇ ਉਪਰ ਲਗਾਏ ਗਏ ਦੋਸ਼ਾਂ ਪਿਛੇ ਵੱਡੀ ਸਾਜਿਸ਼ ਹੋਣ ਦਾ ਦਾਅਵਾ ਕੀਤਾ। ਇਸ ਦੇ ਨਾਲ ਹੀ ਜੀ.ਕੇ. ਨੇ ਭਵਿੱਖ 'ਚ ਸੰਗਤ ਦੀ ਕਚਹਿਰੀ 'ਚ ਜਾਣ ਅਤੇ ਦਿੱਲੀ 'ਚ ਨਵੀਂ ਰਣਨੀਤੀ ਤਹਿਤ ਸਰਗਰਮ ਹੋਣ ਦੇ ਸੰਕੇਤ ਵੀ ਦਿੱਤੇ ਹਨ।



ਪ੍ਰੈਸ ਕਾਨਫਰੰਸ ਦੌਰਾਨ ਜੀ.ਕੇ. ਨੇ ਕਲੋਜ਼ਰ ਰਿਪੋਰਟ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਕਤ ਮਾਮਲੇ 'ਚ ਦਿੱਲੀ ਪੁਲਿਸ ਨੂੰ ਸਾਡੇ ਖਿਲਾਫ ਕੁਝ ਵੀ ਇਤਰਾਜ਼ਯੋਗ ਨਹੀਂ ਲੱਭਾ, ਜਿਸ ਕਾਰਨ ਪੁਲਿਸ ਵੱਲੋਂ 956 ਪੰਨਿਆਂ ਦੀ ਕਲੋਜ਼ਰ ਰਿਪੋਰਟ ਅਦਾਲਤ 'ਚ ਦਾਖਲ ਕਰਵਾਈ ਗਈ ਹੈ। ਜੀ.ਕੇ. ਨੇ ਕਿਹਾ ਕਿ ਮੇਰੇ ਖਿਲਾਫ ਝੂਠੀਆਂ ਸ਼ਿਕਾਇਤਾਂ ਕਰਨ ਵਾਲਿਆਂ ਦਾ ਲਾਈ ਡਿਟੈਕਟਰ ਟੈਸਟ ਹੋਣਾ ਚਾਹੀਦਾ ਹੈ। ਜੀ.ਕੇ. ਨੇ ਕਿਹਾ ਕਿ ਗੁਰਮੀਤ ਸਿੰਘ ਸ਼ੰਟੀ ਤੋਂ ਇਲਾਵਾ 1984 ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਨੇ ਵੀ ਉਨ੍ਹਾਂ ਖਿਲਾਫ ਇਕ ਵੱਖਰਾ ਮਾਮਲਾ ਦਰਜ ਕਰਵਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਦੋਵਾਂ ਵਿਚਕਾਰ ਸਬੰਧਾਂ ਦੀ ਜਾਂਚ ਹੋਣੀ ਵੀ ਬਹੁਤ ਜ਼ਰੂਰੀ ਹੈ।

# ਭਗੌੜੇ ਨੇ ਪਤਨੀ ਤੇ ਧੀ ਨੂੰ ਗੋਲੀਆਂ ਮਾਰੀਆਂ

**ਗੜ੍ਹਸ਼ੰਕਰ:** ਤਹਿਸੀਲ ਦੇ ਪਿੰਡ ਬਸਤੀ ਸੈਂਸੀਆਂ 'ਚ ਪੁਲਿਸ ਹਿਰਾਸਤ ਵਿਚੋਂ ਭਗੌੜੇ ਚਲ ਰਹੇ ਮੇਜਰ ਸਿੰਘ ਨੇ ਆਪਣੇ ਘਰ ਵਿਚ ਪਤਨੀ ਅਤੇ ਧੀ 'ਤੇ ਗੋਲੀਆਂ ਚਲਾ ਦਿੱਤੀਆਂ।

ਘਟਨਾ ਵਿਚ ਮੇਜਰ ਸਿੰਘ ਦੀ ਧੀ ਪ੍ਰਿਯਾ (15 ਸਾਲ) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਪਤਨੀ ਰਜਨੀ (35 ਸਾਲ) ਗੰਭੀਰ ਰੂਪ 'ਚ ਜ਼ਖਮੀ ਹੋ ਗਈ। ਉਸ ਨੂੰ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ। ਮੇਜਰ ਸਿੰਘ ਘਟਨਾ ਮਗਰੋਂ ਫਰਾਰ ਹੈ।

ਮੇਜਰ ਸਿੰਘ ਵੱਖ ਵੱਖ ਮਾਮਲਿਆਂ ਸਬੰਧੀ ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਵਿਖੇ ਸਜ਼ਾ ਭੁਗਤ ਰਿਹਾ ਸੀ। ਕੁਝ ਮਹੀਨੇ ਪਹਿਲਾਂ ਅਦਾਲਤ 'ਚ ਪੇਸ਼ੀ ਦੌਰਾਨ ਉਹ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ। ਪਿੰਡ ਵਾਸੀਆਂ ਅਨੁਸਾਰ ਮੇਜਰ ਸਿੰਘ ਨੇ ਰਿਵਾਲਵਰ ਵਿਚੋਂ ਪੰਜ ਫਾਇਰ ਕੀਤੇ ਜਿਸ ਵਿਚੋਂ ਦੋ ਗੋਲੀਆਂ ਪਤਨੀ ਰਜਨੀ ਅਤੇ ਤਿੰਨ ਗੋਲੀਆਂ ਧੀ ਪ੍ਰਿਯਾ 'ਤੇ ਚਲਾਈਆਂ। ਮੇਜਰ ਸਿੰਘ ਦੇ ਭਤੀਜੇ ਬਲਵਿੰਦਰ ਸਿੰਘ ਮੁਤਾਬਕ ਰਜਨੀ ਅਤੇ ਪ੍ਰਿਯਾ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਪਹੁੰਚਾਇਆ ਗਿਆ ਜਿਥੇ ਪ੍ਰਿਯਾ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ ਜਦਕਿ ਰਜਨੀ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਸਿਵਲ ਹਸਪਤਾਲ ਹੁਸ਼ਿਆਰਪੁਰ ਰੈਫਰ ਕਰ ਦਿੱਤਾ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ. ਐਸ. ਪੀ. ਜੇ ਏਲੀਨਚੇਜੀਅਨ, ਡੀ.ਐਸ.ਪੀ. ਸਤੀਸ਼ ਕੁਮਾਰ ਅਤੇ ਐਸ.ਐਚ.ਓ. ਗਗਨਦੀਪ ਸਿੰਘ ਘੁੰਮਣ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ। ਪੁਲਿਸ ਨੇ ਵੱਖ ਵੱਖ ਧਾਰਾਵਾਂ ਤਹਿਤ ਕੇਸ ਕਰਜ ਕਰਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪ੍ਰੋ. ਜੋਗਿੰਦਰ ਸਿੰਘ ਰਮਦੇਵ ਸਵਰਗਵਾਸ

*(ਸਫਾ ਇਕ ਦੀ ਬਾਕੀ)*

ਡਾਕਟਰ ਹੈ ਤੇ ਛੋਟੀ ਨੂੰਹ ਕ੍ਰਿਸ ਡਾਕਟਰੇਟ ਆਫ ਫਾਰਮੇਸੀ ਹੈ। ਪ੍ਰੋ. ਰਮਦੇਵ ਦੀ ਧਰਮ ਪਤਨੀ ਸਤਿੰਦਰ ਕੌਰ ਰਮਦੇਵ ਕਈ ਸਾਲ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ। ਪ੍ਰੋ. ਰਮਦੇਵ ਇੰਨੀ ਬਲਵਾਨ ਸ਼ਖਸੀਅਤ ਸਨ ਕਿ ਪਤਨੀ ਦੇ ਚਲਾਣੇ ਪਿਛੋਂ ਇਕੱਲੇ ਹੀ ਰਹਿੰਦੇ ਰਹੇ ਅਤੇ ਬਹੁਤਾ ਸਮਾਂ ਪੁਸਤਕਾਂ ਪੜ੍ਹਨ ਵਿਚ ਹੀ ਗੁਜ਼ਾਰਦੇ ਰਹੇ।

ਪ੍ਰੋ. ਰਮਦੇਵ ਦੀ ਆਤਮਿਕ ਸ਼ਾਂਤੀ ਲਈ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ 6 ਅਪਰੈਲ, ਸਨਿਚਰਵਾਰ ਨੂੰ ਸਵੇਰੇ 10 ਵਜੇ ਤੋਂ ਇਕ ਵਜੇ ਤਕ ਹੋਵੇਗੀ।

ਪ੍ਰੋ. ਜੋਗਿੰਦਰ ਸਿੰਘ ਰਮਦੇਵ ਦਾ ਜਨਮ 17 ਸਤੰਬਰ 1930 ਨੂੰ ਐਮਨਾਬਾਦ (ਜਿਥੇ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੇ ਘਰ ਗਏ ਸਨ) ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿਚ ਹੋਇਆ। 1947 ਦੀ ਵੰਡ ਪਿਛੋਂ ਉਹ ਆਪਣੇ ਮਾਤਾ-ਪਿਤਾ ਨਾਲ ਜਲੰਧਰ ਆ ਗਏ। 1947 ਦੇ ਦੰਗਿਆਂ ਵਿਚ ਉਹ ਮਸੀਂ ਬਚੇ, ਪਰ ਉਨ੍ਹਾਂ ਦੇ ਦੋ ਭਰਾ ਤੇ ਇਕ ਭੈਣ ਮਾਰੇ ਗਏ।

ਪ੍ਰੋ. ਰਮਦੇਵ ਨੇ ਕਾਲਜ ਦੀ ਪੜ੍ਹਾਈ ਜਲੰਧਰ ਵਿਚ ਕੀਤੀ। ਇਥੇ ਹੀ ਉਨ੍ਹਾਂ ਐਮ. ਏ. ਪੰਜਾਬੀ; ਐਮ. ਏ. ਉਰਦੂ ਅਤੇ ਡੀ.ਲਿਬ ਸਾਇੰਸ ਇਨ ਲਾਇਬ੍ਰੇਰੀ ਕੀਤੀ। ਜਲੰਧਰ ਵਿਚ ਹੀ ਹੰਸ ਰਾਜ ਮਹਿਲਾ ਕਾਲਜ ਵਿਚ ਬਤੌਰ ਪੰਜਾਬੀ ਲੈਕਚਰਾਰ ਉਨ੍ਹਾਂ ਆਪਣਾ ਕੈਰੀਅਰ ਸ਼ੁਰੂ ਕੀਤਾ। 1960 ਵਿਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਲਾਇਬਰੇਰੀਅਨ ਬਣ ਗਏ। ਥੋੜੇ ਸਮੇਂ ਵਿਚ ਹੀ ਉਨ੍ਹਾਂ ਨੇ ਆਪਣੇ ਇਸ ਪੇਸ਼ੇ ਵਿਚ ਬੁਲੰਦੀ ਹਾਸਿਲ ਕੀਤੀ। ਸੰਨ 1967-69 ਵਿਚ ਉਹ ਆਲ ਇੰਡੀਆ ਲਾਇਬਰੇਰੀ ਐਸੋਸੀਏਸ਼ਨ ਦੇ ਸਭ ਤੋਂ ਘਟ ਉਮਰ ਦੇ ਵਾਈਸ ਪ੍ਰੈਜ਼ੀਡੈਂਟ ਬਣੇ। 1970 ਵਿਚ ਪੰਜਾਬ ਯੂਨੀਵਰਸਿਟੀ ਦੀ ਨੌਕਰੀ ਛੱਡ ਕੇ ਅਮਰੀਕਾ ਆ ਗਏ। ਇਥੇ ਉਨ੍ਹਾਂ ਨੇ ਆਈ. ਆਈ. ਟੀ. ਸ਼ਿਕਾਗੋ ਵਿਚ ਸੀਨੀਅਰ ਲਾਇਬਰੇਰੀਅਨ ਦੇ ਤੌਰ 'ਤੇ ਕੰਮ ਕੀਤਾ।

ਪੰਜਾਬ ਯੂਨੀਵਰਸਿਟੀ ਦੇ ਆਪਣੇ ਦਸ ਸਾਲਾਂ ਦੇ ਕੈਰੀਅਰ ਵਿਚ ਉਨ੍ਹਾਂ ਨੇ ਲਾਇਬਰੇਰੀ ਸਾਇੰਸ ਦੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਪੜ੍ਹਾਇਆ। ਉਨ੍ਹਾਂ ਦੇ ਪੜ੍ਹਾਏ ਕਈ ਵਿਦਿਆਰਥੀ ਭਾਰਤ, ਅਮਰੀਕਾ ਤੇ ਹੋਰਨਾਂ ਦੇਸ਼ਾਂ ਵਿਚ ਉਚ ਅਹੁਦਿਆਂ 'ਤੇ ਤਾਇਨਾਤ ਹੋਏ। ਇਸ ਦੌਰਾਨ ਉਨ੍ਹਾਂ ਨੇ ਕਈ ਖੋਜ ਪੱਤਰ ਤੇ ਕਿਤਾਬਾਂ ਵੀ ਲਿਖੀਆਂ। ਉਨ੍ਹਾਂ ਦੇ ਖੋਜ ਪੱਤਰ ਤੇ ਲੇਖ ਉਸ ਵੇਲੇ ਦੇਸ਼ ਦੀਆਂ ਪ੍ਰਮੁਖ ਅਖਬਾਰਾਂ ਤੇ ਰਸਾਲਿਆਂ ਵਿਚ ਆਮ ਛਪਦੇ ਰਹਿੰਦੇ ਸਨ। ਉਨ੍ਹਾਂ ਦੇ ਇਹ ਲੇਖ ਅਕਾਦਮਿਕ ਖੇਤਰ ਵਿਚ ਬਹੁਤ ਸਲਾਹੇ ਜਾਂਦੇ ਸਨ। ਉਨ੍ਹਾਂ ਦੀ ਇਕ ਕਿਤਾਬ 'ਪੰਜਾਬੀ ਲਿਖਾਰੀ ਕੋਸ਼' ਨੂੰ ਭਾਸ਼ਾ ਵਿਭਾਗ ਵਲੋਂ ਸਾਲ ਦੀ ਬੈਸਟ ਪੁਸਤਕ ਕਰਾਰ ਦਿੱਤਾ ਗਿਆ ਸੀ ਤੇ ਪੰਜਾਬ ਸਰਕਾਰ ਨੇ ਟੈਗੋਰ ਥਿਏਟਰ ਚੰਡੀਗੜ੍ਹ ਵਿਚ ਉਨ੍ਹਾਂ ਨੂੰ ਵਿਸ਼ੇਸ਼ ਇਨਾਮ ਨਾਲ ਨਿਵਾਜਿਆ ਸੀ। 1969 ਵਿਚ ਛਪੀ ਉਨ੍ਹਾਂ ਦੀ ਕਿਤਾਬ 'ਗੁਰੂ ਗੋਬਿੰਦ ਸਿੰਘ ਜੀ: ਏ ਡਿਸਕ੍ਰਿਪਟਿਵ ਬਿਬਲੀਓਗ੍ਰਾਫੀ' ਨੂੰ ਉਚ ਕੋਟੀ ਦੇ ਲੇਖਕਾਂ ਖੁਸ਼ਵੰਤ ਸਿੰਘ ਤੇ ਡਾ. ਸੁਰਿੰਦਰ ਸਿੰਘ ਕੋਹਲੀ ਨੇ ਸਿੱਖ ਇਤਿਹਾਸ ਤੇ ਧਰਮ ਖੇਤਰ ਵਿਚ ਨਵੀਂ ਖੋਜ ਕਰਾਰ ਦਿੱਤਾ ਸੀ ਤੇ ਕਿਹਾ ਸੀ ਕਿ ਵਿਦਿਆਰਥੀਆਂ ਦੀ ਉਚ ਸਿਖਿਆ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ।

ਦੁਨੀਆਂ ਦੇ ਬਿਹਤਰੀਨ ਨਾਵਲਾਂ ਵਿਚ ਗਿਣੇ ਜਾਂਦੇ ਫਰਾਂਸੀਸੀ ਲੇਖਕ ਗੁਸਤਾਵ ਫਲਾਬੇਅਰ ਦੇ ਵਿਸ਼ਵ ਪ੍ਰਸਿਧ ਨਾਵਲ 'ਮਦਾਮ ਬਾਵਾਰੀ' ਦਾ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਲਿਟਰੇਚਰ ਦੀ ਸ਼ਾਨ ਵਿਚ ਵਾਧਾ ਕਰਕੇ ਪ੍ਰਸਿੱਧੀ ਹਾਸਿਲ ਕੀਤੀ। ਉਨ੍ਹਾਂ ਦੁਨੀਆਂ ਦੀਆਂ ਬਿਹਤਰੀਨ ਮਿਨੀ ਕਹਾਣੀਆਂ ਦਾ ਪੰਜਾਬੀ ਵਿਚ ਤਰਜ਼ਮਾ ਪੁਸਤਕ 'ਵੰਨ ਵੰਨ ਦੇ ਫੁੱਲ' ਵਿਚ ਕਰਕੇ ਪੰਜਾਬੀ ਭਾਸ਼ਾ ਵਿਚ ਇਕ ਹੋਰ ਮੀਲ ਪੱਥਰ ਸਥਾਪਤ ਕੀਤਾ।

ਪ੍ਰੋ. ਰਮਦੇਵ ਅਮਰੀਕਾ ਵਿਚ ਮਿਡਵੈਸਟ ਦੇ ਬਹੁਤ ਸਾਰੇ ਗੁਰਦੁਆਰਿਆਂ ਵਿਚ ਸਿੱਖ ਧਰਮ ਬਾਰੇ ਲੈਕਚਰ ਦੇ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਉਨ੍ਹਾਂ ਨੂੰ ਹੋਰ ਧਰਮਾਂ ਦਾ ਵੀ ਗੂੜ੍ਹਾ ਗਿਆਨ ਸੀ। ਉਹ ਅਕਸਰ ਮਸਜਿਦਾਂ ਤੇ ਚਰਚਾਂ ਵਿਚ ਵੀ ਲੈਕਚਰ ਦੇ ਕੇ ਦੂਜੇ ਧਰਮਾਂ ਦੇ ਆਗੂਆਂ ਤੇ ਲੋਕਾਂ ਤੋਂ ਪ੍ਰਸ਼ੰਸਾ ਖੱਟਦੇ।

ਪ੍ਰੋ. ਰਮਦੇਵ ਨੇ ਆਪਣੀ ਪਤਨੀ ਸਤਿੰਦਰ ਕੌਰ ਰਾਮਦੇਵ ਦੇ ਨਾਂ 'ਤੇ ਪੰਜਾਬ ਵਿਚ ਲਾਇਬਰੇਰੀ ਸਾਇੰਸ ਦੀ ਤਰੱਕੀ ਲਈ ਇਕ ਟਰੱਸਟ 'ਸੱਤਕਾਲ' (ਸਤਿੰਦਰ ਕੌਰ ਰਾਮਦੇਵ ਮੈਮੋਰੀਅਲ ਟਰੱਸਟ ਫਾਰ ਦੀ ਐਡਵਾਂਸਮੈਂਟ ਆਫ ਲਾਇਬਰੇਰੀ) ਕਾਇਮ ਕੀਤਾ, ਜਿਸ ਰਾਹੀਂ ਉਹ ਪ੍ਰਤਿਭਾਸ਼ਾਲੀ ਲਾਇਬਰੇਰੀ ਵਿਦਿਆਰਥੀਆਂ ਨੂੰ ਉਚ ਸਿਖਿਆ ਪੂਰੀ ਕਰਨ ਲਈ ਵਜ਼ੀਫਾ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦੇ ਤੇ ਉਨ੍ਹਾਂ ਦੀ ਆਪਣੀ ਪੜ੍ਹਾਈ ਪੂਰੀ ਕਰਨ ਲਈ ਮਦਦ ਕਰਦੇ।

ਪੰਜਾਬ ਦੀਆਂ ਕਈ ਸਮਾਜਕ, ਵਿਦਿਅਕ ਅਦਾਰਿਆਂ ਤੇ ਯੂਨੀਵਰਸਿਟੀਆਂ ਨੇ ਸਮੇਂ ਸਮੇਂ 'ਤੇ ਉਨ੍ਹਾਂ ਦੇ ਇਸ ਕਾਰਜ ਲਈ ਉਨ੍ਹਾਂ ਨੂੰ ਸਨਮਾਨ ਦੇ ਕੇ ਨਿਵਾਜਿਆ।

ਸੰਨ 2000 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ, ਅੰਮ੍ਰਿਤਸਰ ਨੇ ਸਿਰੋਪਾਓ ਤੇ ਹਰਮਿੰਦਰ ਸਾਹਿਬ ਦਾ ਮਾਡਲ ਦੇ ਕੇ ਉਨ੍ਹਾਂ ਦਾ ਮਾਣ ਸਤਿਕਾਰ ਕੀਤਾ। ਉਹ ਪੰਜਾਬ ਦੇ ਪਹਿਲੇ ਲਾਇਬਰੇਰੀਅਨ ਸਨ, ਜਿਨ੍ਹਾਂ ਨੂੰ ਇਹ ਸਨਮਾਨ ਸ਼੍ਰੋਮਣੀ ਕਮੇਟੀ ਤੋਂ ਮਿਲਿਆ ਸੀ।

ਪ੍ਰੋ. ਰਮਦੇਵ ਅਖਬਾਰ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਸਨ। ਸ਼ਿਕਾਗੋ ਦੀ ਇਕ ਸੰਸਥਾ ਸੀਨੀਅਰ ਸਿਟੀਜ਼ਨ ਸਿੱਖ ਸੰਸਥਾ (ਆਸਾ) ਦੇ ਪ੍ਰਧਾਨ ਸਨ।

ਪਿਛਲੇ ਸਾਲ ਉਨ੍ਹਾਂ ਨੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਦੀ ਲਾਇਬਰੇਰੀ ਨੂੰ ਆਪਣੀਆਂ ਸਾਰੀਆਂ ਪੁਸਤਕਾਂ ਭੇਟ ਕਰ ਦਿੱਤੀਆਂ ਸਨ ਤੇ ਉਨ੍ਹਾਂ ਦੀ ਸੰਭਾਲ ਲਈ 10 ਹਜਾਰ ਡਾਲਰ ਵੀ ਭੇਟ ਕੀਤੇ।

ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਨੇ ਪ੍ਰੋ. ਰਮਦੇਵ ਦੇ ਚਲਾਣੇ 'ਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਸਾਥੋਂ ਇਕ ਵਿਦਵਾਨ ਸ਼ਖਸੀਅਤ ਖੁਸ ਗਈ ਹੈ, ਜਿਸ ਦਾ ਘਾਟਾ ਕਦੀ ਪੂਰਾ ਨਹੀਂ ਹੋ ਸਕੇਗਾ। ਪਰਮਾਤਮਾ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਸ਼ਿਕਾਗੋ ਅਤੇ ਮਿਡਵੈਸਟ ਦੀਆਂ ਧਾਰਮਕ, ਸਭਿਆਚਾਰਕ ਅਤੇ ਖੇਡਾਂ ਨੂੰ ਸਮਰਪਿਤ ਸੰਸਥਾਵਾਂ ਨੇ ਪ੍ਰੋ. ਸਾਹਿਬ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

*punjabtimesusa.com*

# ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਰਾਂ ਦੇ ਕਮਰਿਆਂ ਦੀ ਆਨ-ਲਾਈਨ ਬੁਕਿੰਗ ਸ਼ੁਰੂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਰਾਂ ਦੇ ਕਮਰਿਆਂ ਦੀ ਆਨ-ਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਹੈ ਕਿ ਖਾਸ ਤੌਰ 'ਤੇ ਦਿੱਲੀ ਆਉਂਦੇ ਸ਼ਰਧਾਲੂਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ।

ਸ਼ੁਰੂਆਤ ਵਿਚ 25 ਕਮਰੇ ਆਨ ਲਾਈਨ ਬੁਕਿੰਗ ਵਾਸਤੇ ਰੱਖੇ ਗਏ ਹਨ ਅਤੇ ਅਗਲੇ ਪੜਾਅ ਵਿਚ ਇਸ ਦਾ ਵਿਸਥਾਰ ਕਰਦਿਆਂ ਕਮੇਟੀ ਦੀਆਂ ਹੋਰਨਾਂ ਸਰਾਵਾਂ ਨੂੰ ਵੀ ਇਸ ਨਾਲ ਜੋੜਿਆ ਜਾਵੇਗਾ। ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ ਸਿੱਖ ਸੰਸਥਾ ਵੱਲੋਂ ਦੇਸ਼ ਵਿਚ ਖਾਸ ਤੌਰ 'ਤੇ ਰਾਸ਼ਟਰੀ ਰਾਜਧਾਨੀ ਵਿਚ ਆਉਂਦੇ ਐਨ.ਆਰ.ਆਈ. ਸ਼ਰਧਾਲੂਆਂ ਵਾਸਤੇ ਵਿਸ਼ਵ ਪੱਧਰ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਜੋ ਨਵੀਂ ਸਰਾਂ ਉਸਾਰੀ ਜਾ ਰਹੀ ਹੈ, ਉਸ ਵਿਚ 50 ਫੀਸਦੀ ਕਮਰੇ ਐਨ.ਆਰ.ਆਈਜ਼ ਵਾਸਤੇ ਰਾਖਵੇਂ ਰੱਖੇ ਜਾਣਗੇ। ਸ. ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਐਨ.ਆਰ.ਆਈਜ਼ ਹਵਾਈ ਅੱਡੇ ਤੋਂ ਲੈਣ ਤੇ ਛੱਡਣ ਵਾਸਤੇ ਟਰਾਂਸਪੋਰਟ ਸਹੂਲਤ ਪ੍ਰਦਾਨ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ ਤਾਂ ਜੋ ਕਿ ਉਹ ਰਾਸ਼ਟਰੀ ਰਾਜਧਾਨੀ ਖੇਤਰ ਵਿਚ ਗੁਰਧਾਮਾਂ ਦੇ ਸਹਿਜੇ ਹੀ ਦਰਸ਼ਨ ਕਰ ਸਕਣ।

# ਆਸਟਰੇਲੀਆ ਨੇ ਵੀਜ਼ਾ ਨੀਤੀ ਵਿਚ ਕੀਤੀ ਹੋਰ ਸਖਤਾਈ

**ਮੈਲਬਰਨ:** ਆਸਟਰੇਲੀਆ ਨੇ ਪਹਿਲਾਂ ਤੋਂ ਚਲ ਰਹੀ ਸਖਤ ਆਵਾਸ ਨੀਤੀ ਨੂੰ ਹੋਰ ਸਖਤ ਬਣਾ ਦਿੱਤਾ ਹੈ। ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਰਾਜਧਾਨੀ ਕੈਨਬਰਾ 'ਚ ਸਾਲਾਨਾ ਪੱਕੇ ਵੀਜ਼ਿਆਂ ਦੀ ਗਿਣਤੀ 'ਚ ਕਟੌਤੀ ਦਾ ਐਲਾਨ ਕਰਦਿਆਂ ਕਿਹਾ ਕਿ ਹੁਣ ਇਕ ਲੱਖ 90 ਹਜ਼ਾਰ ਪੱਕੇ ਵੀਜ਼ਿਆਂ ਦੀ ਥਾਂ ਇਕ ਲੱਖ 60 ਹਜ਼ਾਰ ਵੀਜ਼ੇ ਹੀ ਜਾਰੀ ਕੀਤੇ ਜਾਣਗੇ। ਇਸ ਗਿਣਤੀ ਨੂੰ ਵੀ ਵੱਖ ਵੱਖ ਸ਼੍ਰੇਣੀਆਂ 'ਚ ਰੱਖਿਆ ਗਿਆ ਹੈ। ਹਾਲਾਂਕਿ ਕਾਗਜ਼ੀ ਗਿਣਤੀ ਜ਼ਿਆਦਾ ਹੋਣ ਦੇ ਬਾਵਜੂਦ ਬੀਤੇ ਵਿੱਤੀ ਸਾਲ 'ਚ 1 ਲੱਖ 63 ਹਜ਼ਾਰ ਵੀਜ਼ੇ ਹੀ ਸਰਕਾਰ ਨੇ ਦਿੱਤੇ ਸਨ।

ਇਸ ਐਲਾਨ ਨਾਲ ਮੁਲਕ 'ਚ ਮਹਿੰਗੇ ਭਾਅ ਦੀਆਂ ਡਿਗਰੀਆਂ/ਡਿਪਲੋਮੇ ਪੂਰੇ ਕਰ ਚੁੱਕੇ ਕੌਮਾਂਤਰੀ ਵਿਦਿਆਰਥੀਆਂ 'ਤੇ ਸਿੱਧਾ ਪ੍ਰਭਾਵ ਪਵੇਗਾ। ਆਵਾਸ ਵਿਭਾਗ ਵੱਲੋਂ ਪੇਂਡੂ ਖੇਤਰਾਂ 'ਚ ਰਹਿ ਕੇ ਤਿੰਨ ਸਾਲ ਕੰਮ ਕਰਨ ਵਾਲਿਆਂ ਦੀਆਂ ਅਰਜ਼ੀਆਂ ਨੂੰ ਵੀ ਪਹਿਲ ਦਿੱਤੀ ਜਾਵੇਗੀ ਤੇ ਸਰਕਾਰ ਨੇ ਪੇਂਡੂ ਵਿਦਿਅਕ ਅਦਾਰਿਆਂ 'ਚ ਆਉਣ ਵਾਲੇ ਘਰੇਲੂ ਅਤੇ ਕੌਮਾਂਤਰੀ ਪਾੜ੍ਹਿਆਂ ਲਈ ਸਕਾਲਰਸ਼ਿਪ ਦੇਣ ਦਾ ਐਲਾਨ ਕੀਤਾ ਹੈ।

ਮੈਲਬਰਨ ਸਮੇਤ ਵੱਡੇ ਸ਼ਹਿਰਾਂ 'ਚੋਂ ਭੀੜ ਘਟਾਉਣ ਲਈ ਕਾਹਲੀ ਲਿਬਰਲ ਸਰਕਾਰ ਇਸ ਨੂੰ 'ਲੋੜੀਂਦੀ ਆਬਾਦੀ ਵੰਡ' ਨੀਤੀ ਦੱਸ ਰਹੀ ਹੈ। ਉਂਜ ਪੇਂਡੂ ਖੇਤਰਾਂ 'ਚ ਕੰਮਕਾਰ ਅਤੇ ਨੌਕਰੀਆਂ 'ਤੇ ਵਿਰੋਧੀ ਧਿਰ ਨੇ ਸਵਾਲ ਉਠਾਏ ਹਨ। ਜ਼ਿਕਰਯੋਗ ਹੈ ਕਿ ਮੁਲਕ ਦੀ ਮੁੱਖ ਵਸੋਂ ਤੋਂ ਦੂਰ ਦੀਆਂ ਕੌਂਸਲਾਂ ਨੇ ਪ੍ਰਧਾਨ ਮੰਤਰੀ ਅੱਗੇ ਉਨ੍ਹਾਂ ਇਲਾਕਿਆਂ 'ਚ ਆਬਾਦੀ ਲਿਆਉਣ ਦੀ ਲੰਮੇ ਸਮੇਂ ਤੋਂ ਕਈ ਵਾਰ ਅਪੀਲ ਕੀਤੀ ਸੀ ਜਿਸ ਨੂੰ ਸਰਕਾਰ ਨੇ ਸੰਜੀਦਗੀ ਨਾਲ ਲਿਆ ਹੈ।

# ਵਿਦੇਸ਼ੀ ਲੜਕੀਆਂ ਨਾਲ ਵਿਆਹ ਦੇ ਲਾਰੇ ਲਾ ਕੇ ਠੱਗਣ ਵਾਲਾ ਗਿਰੋਹ ਕਾਬੂ

**ਫਰੀਦਕੋਟ:** ਪੁਲਿਸ ਨੇ ਭਾਰਤੀ ਲੜਕੀਆਂ ਨੂੰ ਹੀ ਵਿਦੇਸ਼ੀ ਲੜਕੀਆਂ ਦੱਸ ਕੇ ਅਤੇ ਉਨ੍ਹਾਂ ਦੇ ਵਿਦੇਸ਼ੀ ਫਰਜ਼ੀ ਪਾਸਪੋਰਟ ਤਿਆਰ ਕਰਕੇ ਉਨ੍ਹਾਂ ਦੇ ਵਿਆਹ ਅਮੀਰ ਘਰਾਂ ਦੇ ਲੜਕਿਆਂ ਨਾਲ ਕਰਵਾ ਕੇ ਉਨ੍ਹਾਂ ਪਾਸੋਂ ਮੋਟੀਆਂ ਰਕਮਾਂ ਵਸੂਲਣ ਵਾਲੀ ਔਰਤ ਨਰਿੰਦਰ ਕੌਰ ਪੁਰੇਵਾਲ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਔਰਤ ਉਪਰ ਪੰਜਾਬ ਅਤੇ ਦਿੱਲੀ 'ਚ 18 ਧੋਖਾਧੜੀ ਦੇ ਮਾਮਲੇ ਦਰਜ ਹਨ। ਸਰਦੂਲ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਗੋਲੇਵਾਲਾ ਮਾਮਲੇ ਦੀ ਜਾਂਚ 'ਚ ਸਾਹਮਣੇ ਆਇਆ ਸੀ ਕਿ ਨਰਿੰਦਰ ਪੁਰੇਵਾਲ ਪੁੱਤਰੀ ਮੋਹਣ ਸਿੰਘ ਵਾਸੀ ਮਕਾਨ ਨੰ. 15 ਗਣੇਸ਼ ਨਗਰ ਰਾਮਾ ਮੰਡੀ ਜਲੰਧਰ ਵੱਲੋਂ ਲੜਕੀ ਮਨਪ੍ਰੀਤ ਧਾਲੀਵਾਲ ਉਰਫ ਪ੍ਰਵੀਨ ਕੌਰ ਨੂੰ ਆਪਣੇ ਰਿਸ਼ਤੇਦਾਰ ਅਤੇ ਕੈਨੇਡੀਅਨ ਲੜਕੀ ਦੱਸ ਕੇ ਉਸ ਦਾ ਵਿਆਹ ਸਰਦੂਲ ਸਿੰਘ ਦੇ ਲੜਕੇ ਪਰਵਿੰਦਰ ਸਿੰਘ ਨਾਲ 29 ਜਨਵਰੀ 2017 ਨੂੰ ਸ਼ਾਹੀ ਹਵੇਲੀ ਫਰੀਦਕੋਟ ਵਿਖੇ ਕਰਵਾਇਆ। ਨਰਿੰਦਰ ਨੇ ਲੜਕੇ ਵਾਲੇ ਪਰਿਵਾਰ ਤੋਂ 30 ਲੱਖ ਰੁਪਏ ਨਗਦ ਅਤੇ 4 ਲੱਖ ਰੁਪਏ ਦਾ ਸੋਨਾ ਹਾਸਲ ਕੀਤਾ ਸੀ। ਜਾਂਚ 'ਚ ਸਾਹਮਣੇ ਆਇਆ ਕਿ ਮਨਪ੍ਰੀਤ ਧਾਲੀਵਾਲ ਕੈਨੇਡਾ ਦੀ ਵਸਨੀਕ ਨਹੀਂ ਸੀ, ਇਨ੍ਹਾਂ ਨੇ ਗਗਨਦੀਪ ਸਿੰਘ ਵਾਸੀ ਅੰਮ੍ਰਿਤਸਰ ਨਾਲ ਮਿਲੀਭੁਗਤ ਕਰਕੇ ਨਗਦੀ ਅਤੇ ਸੋਨਾ ਹਾਸਲ ਕੀਤਾ ਸੀ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਖਿਲਾਫ ਥਾਣਾ ਸਦਰ ਫਰੀਦਕੋਟ ਵਿਚ ਮਾਮਲਾ ਦਰਜ ਕਰਨ ਉਪਰੰਤ ਨਰਿੰਦਰ ਕੌਰ ਪੂਰੇਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਜਿਹੇ ਇਕ ਹੋਰ ਮਾਮਲੇ 'ਚ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਦਬੜੀਖਾਨਾ ਦੇ ਵਸਨੀਕ ਗੁਰਚਰਨ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਪੁੱਤਰ ਸੁਖਵੀਰ ਸਿੰਘ ਨਾਲ ਪਿਛਲੇ ਸਾਲ ਮਈ ਮਹੀਨੇ ਅੰਦਰ ਨਰਿੰਦਰ ਕੌਰ ਪੁਰੇਵਾਲ ਨੇ ਸਿਮਰਨ ਸੈਣੀ ਉਰਫ ਰੁਬੀਨਾ ਸ਼ਰਮਾ ਵਾਸੀ ਬੇਦੀਪੁਰ ਜ਼ਿਲ੍ਹਾ ਜਲੰਧਰ ਨੂੰ ਕੈਨੇਡੀਅਨ ਲੜਕੀ ਦੱਸ ਕੇ ਕੈਨੇਡਾ ਦਾ ਜਾਲੀ ਪਾਸਪੋਰਟ ਦਿਖਾ ਕੇ ਪਰਮਪਾਲ ਸਿੰਘ ਵਾਸੀ ਗੋਲੇਵਾਲਾ ਨਾਲ ਸਾਜ਼ਬਾਜ਼ ਹੋ ਕੇ ਸ਼ਾਦੀ ਕਰਵਾ ਕੇ ਪਰਿਵਾਰ ਤੋਂ 55 ਲੱਖ ਰੁਪਏ ਦੀ ਠੱਗੀ ਮਾਰੀ ਹੈ।

# ਯੂਨਾਈਟਿਡ ਸਿੱਖ ਐਸੋਸੀਏਸ਼ਨ ਨੇ ਕੁਮਾਰ ਵਿਸ਼ਵਾਸ ਨੂੰ ਭੇਜਿਆ ਕਾਨੂੰਨੀ ਨੋਟਿਸ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਆਗੂ ਤੇ ਕਵੀ ਕੁਮਾਰ ਵਿਸ਼ਵਾਸ ਵਲੋਂ ਬੀਤੇ ਦਿਨੀਂ ਫਰੀਦਾਬਾਦ ਦੇ ਦੁਸਹਿਰਾ ਮੈਦਾਨ 'ਚ ਕਰਵਾਏ ਗਏ ਪ੍ਰੋਗਰਾਮ ਦੌਰਾਨ ਸਿੱਖਾਂ ਦੀ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਸੀ, ਜਿਸ ਦੇ ਵਿਰੋਧ 'ਚ ਸਿੱਖ ਸਮਾਜ ਨੇ ਤਿੱਖੀ ਪ੍ਰਤੀਕ੍ਰਿਆ ਕੀਤੀ ਸੀ।

ਇਸੇ ਸਬੰਧੀ ਯੂਨਾਈਟਿਡ ਸਿੱਖ ਐਸੋਸੀਏਸ਼ਨ ਦੇ ਕਾਨੂੰਨੀ ਵਿਭਾਗ ਦੀ ਮੁਖੀ ਐਡਵੋਕੇਟ ਨਿਧੀ ਬਾਂਗਾ ਨੇ ਕੁਮਾਰ ਵਿਸ਼ਵਾਸ ਨੂੰ ਕਾਨੂੰਨੀ ਨੋਟਿਸ ਭੇਜ ਕੇ 10 ਦਿਨ 'ਚ ਜਵਾਬ ਮੰਗਿਆ ਹੈ। ਜਵਾਬ ਨਾ ਦੇਣ ਦੀ ਸੂਰਤ 'ਚ ਕੁਮਾਰ ਵਿਸ਼ਵਾਸ ਖਿਲਾਫ ਸੰਸਥਾ ਵਲੋਂ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਗੱਲ ਵੀ ਆਖੀ ਗਈ ਹੈ।


ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

13-15



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi

Office: (866) 933-3038

Balhar S. Ranu Cell:916-502-7733

# ਬਰਗਾੜੀ ਕਾਂਡ ਦੀਆਂ ਪਰਤਾਂ ਖੋਲ੍ਹਣ ਤੋਂ ਝਿਜਕਦੀਆਂ ਰਹੀਆਂ ਸਿਆਸੀ ਧਿਰਾਂ

**ਜਲੰਧਰ:** ਬੇਅਦਬੀ ਦਾ ਮਾਮਲਾ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਿਠਾਈ ਵਿਸ਼ੇਸ਼ ਪੁਲਿਸ ਜਾਂਚ ਟੀਮ ਦੇ ਰੌਲੇ ਰੱਪੇ ਹੇਠ ਹੀ ਦਬ ਕੇ ਰਹਿ ਗਿਆ ਨਜ਼ਰ ਆ ਰਿਹਾ ਹੈ। ਭਾਰੀ ਦਬਾਅ ਹੇਠ ਨਵੰਬਰ 2015 'ਚ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਬੇਅਦਬੀ ਮਾਮਲੇ ਦੀ ਜਾਂਚ ਬਾਦਲ ਸਰਕਾਰ ਨੇ ਸੀ.ਬੀ.ਆਈ. ਹਵਾਲੇ ਕਰ ਦਿੱਤੀ ਸੀ, ਪਰ ਸੀ.ਬੀ.ਆਈ. ਨੇ ਕਦੇ ਵੀ ਡੱਕਾ ਦੂਹਰਾ ਨਹੀਂ ਕੀਤਾ ਤੇ ਜਾਂਚ ਪੂਰੀ ਤਰ੍ਹਾਂ ਠੰਢੇ ਬਸਤੇ 'ਚ ਪਾ ਦਿੱਤੀ, ਪਰ ਕੈਪਟਨ ਸਰਕਾਰ ਦੇ ਗਠਨ ਬਾਅਦ ਪਿਛਲੇ ਵਰ੍ਹੇ ਪਹਿਲੀ ਜੂਨ ਤੋਂ ਬਰਗਾੜੀ ਇਨਸਾਫ ਮੋਰਚਾ ਸ਼ੁਰੂ ਹੋਣ ਨਾਲ ਸੀ.ਬੀ.ਆਈ. ਦੇ ਕੰਨ ਉਤੇ ਤਾਂ ਜੂੰ ਨਹੀਂ ਸਰਕੀ, ਪਰ ਪੰਜਾਬ ਪੁਲਿਸ ਦੇ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠ ਬਣੀ ਟੀਮ ਨੇ ਬੇਅਦਬੀ ਦੀਆਂ ਦੋਵਾਂ ਘਟਨਾਵਾਂ ਤੋਂ ਪਰਦਾ ਲਾਹ ਕੇ ਇਨ੍ਹਾਂ ਘਟਨਾਵਾਂ 'ਚ ਸ਼ਾਮਲ ਡੇਰਾ ਸਿਰਸਾ ਦੇ ਪ੍ਰੇਮੀਆਂ ਤੱਕ ਜਾ ਹੱਥ ਪਾਇਆ।

ਮੋਗਾ ਸਾਡਫੂਕ 'ਚ ਫੜੇ 9 ਪ੍ਰੇਮੀਆਂ ਨੂੰ ਗ੍ਰਿਫਤਾਰ ਕਰਕੇ ਸਾਰੀ ਜਾਂਚ ਰਿਪੋਰਟ ਅਦਾਲਤ, ਸੀ.ਬੀ.ਆਈ. ਤੇ ਪੰਜਾਬ ਸਰਕਾਰ ਨੂੰ ਸੌਂਪੀ। ਇਥੋਂ ਤੱਕ ਕਿ ਡੇਰਾ ਸਿਰਸਾ ਦੀ 31 ਮੈਂਬਰੀ ਟੀਮ 'ਚ ਸ਼ਾਮਲ ਕੋਟਕਪੂਰਾ ਦੇ ਮਹਿੰਦਰਪਾਲ ਬਿੱਟੂ ਨੇ ਤਾਂ ਮੋਗਾ ਦੀ ਅਦਾਲਤ ਸਾਹਮਣੇ ਪੇਸ਼ ਹੋ ਕੇ ਬੇਅਦਬੀ ਮਾਮਲੇ 'ਚ ਸ਼ਾਮਲ ਹੋਣ ਬਾਰੇ ਆਪਣਾ ਇਕਬਾਲੀਆ ਬਿਆਨ ਵੀ ਕਲਮਬੰਦ ਕਰਵਾ ਦਿੱਤਾ ਸੀ। ਪੰਜਾਬ ਪੁਲਿਸ ਦੀ ਟੀਮ ਵੱਲੋਂ ਬੇਅਦਬੀ ਮਾਮਲੇ ਪਿੱਛੇ ਕੰਮ ਕਰਦੀ ਤਾਕਤ ਦਾ ਪਰਦਾਫਾਸ਼ ਤਾਂ ਕਰ ਦਿੱਤਾ ਪਰ ਸਰਕਾਰ ਨੇ ਇਸ ਵੱਡੀ ਪ੍ਰਾਪਤੀ ਨੂੰ ਅਣਗੌਲਿਆ ਹੀ ਕਰੀ ਰੱਖਿਆ। ਪੰਜਾਬ ਸਰਕਾਰ ਨੇ ਸਤੰਬਰ 2018 'ਚ ਪੰਜਾਬ ਵਿਧਾਨ ਸਭਾ ਵਿਚ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਸੀ, ਪਰ 6 ਮਹੀਨੇ ਬੀਤ ਗਏ ਨਾ ਤਾਂ ਇਹ ਕੇਸ ਸੀ.ਬੀ.ਆਈ. ਤੋਂ ਵਾਪਸ ਆਇਆ ਹੈ ਤੇ ਨਾ ਹੀ ਸੀ.ਬੀ.ਆਈ. ਨੇ ਬੇਅਦਬੀ ਮਾਮਲੇ 'ਚ ਜਾਂਚ ਅੱਗੇ ਵਧਾਉਣ ਵਿਚ ਕੋਈ ਦਿਲਚਸਪੀ ਦਿਖਾਈ ਹੈ ਤੇ ਨਾ ਹੀ ਨਾਮਜ਼ਦ ਦੋਸ਼ੀਆਂ ਖਿਲਾਫ ਕਾਨੂੰਨੀ ਚਾਰਾਜੋਈ ਹੀ ਕੀਤੀ ਹੈ।

ਮਾਮਲੇ ਨਾਲ ਜੁੜੇ ਰਹੇ ਇਕ ਸੀਨੀਅਰ ਪੁਲਿਸ ਅਫਸਰ ਅਨੁਸਾਰ ਪੰਜਾਬ ਸਰਕਾਰ ਤੇ ਸੀ. ਬੀ. ਆਈ. ਦੋਵਾਂ ਹੀ ਇਹ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਦਿਨਕਰ ਗੁਪਤਾ ਨੇ ਕਿਹਾ ਕਿ ਮਾਮਲੇ ਦੀ ਜਾਂਚ ਹਾਲੇ ਤੱਕ ਸੀ.ਬੀ.ਆਈ. ਤੋਂ ਵਾਪਸ ਨਹੀਂ ਆਈ। ਇਸ ਬਾਰੇ ਉਨ੍ਹਾਂ ਨੂੰ ਮੌਜੂਦਾ ਬਹੁਤੀ ਜਾਣਕਾਰੀ ਤਾਂ ਨਹੀਂ, ਪਰ ਇੰਨਾ ਜ਼ਰੂਰ ਹੈ ਕਿ ਗ੍ਰਿਹ ਵਿਭਾਗ ਤੇ ਸੀ. ਬੀ. ਆਈ. ਵਿਚਾਲੇ ਚਿੱਠੀ ਪੱਤਰ ਜ਼ਰੂਰ ਚੱਲ ਰਿਹਾ ਹੈ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦਾ ਐਡਵੋਕੇਟ ਜਨਰਲ ਦਫਤਰ ਸੀ.ਬੀ.ਆਈ. ਤੋਂ ਜਾਂਚ ਵਾਪਸ ਕਰਨ ਦੇ ਮਾਮਲੇ 'ਚ ਪੂਰੀ ਤਰ੍ਹਾਂ ਨਾਂਹ-ਪੱਖੀ ਰੋਲ ਅਦਾ ਕਰ ਰਿਹਾ ਹੈ। ਇਕ ਪਾਸੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਟੀਮ ਗੁਰਮੀਤ ਰਾਮ ਰਹੀਮ ਨੂੰ ਇਸ ਮਾਮਲੇ ਦੀ ਪੜਤਾਲ 'ਚ ਸ਼ਾਮਲ ਕਰਨ ਲਈ ਤਤਪਰ ਹੈ ਪਰ ਦੂਜੇ ਪਾਸੇ ਡੇਰਾ ਮੁਖੀ ਦੇ ਨੇੜਲਿਆਂ ਵੱਲੋਂ ਬੇਅਦਬੀ ਕਾਂਡ 'ਚ ਸ਼ਾਮਲ ਹੋਣ ਦੇ ਠੋਸ ਸਬੂਤ ਸਾਹਮਣੇ ਆਉਣ ਦੇ ਬਾਵਜੂਦ ਡੇਰਾ ਮੁਖੀ ਨੂੰ ਤਲਬ ਕੀਤੇ ਜਾਣ ਬਾਰੇ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਹੈ।



# ਬਹਿਬਲ ਕਲਾਂ 'ਚ ਸ਼ਾਂਤਮਈ ਬੈਠੇ ਮੁਜ਼ਾਹਰਾਕਾਰੀਆਂ 'ਤੇ ਚਲਾਈ ਸੀ ਗੋਲੀ

**ਫਰੀਦਕੋਟ:** ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ 'ਚ ਨਵੇਂ ਸਬੂਤ ਪੇਸ਼ ਕੀਤੇ ਹਨ। ਸਿਟ ਨੇ ਸਾਬਕਾ ਐਸ.ਐਸ.ਪੀ. ਚਰਨਜੀਤ ਸਿੰਘ ਸ਼ਰਮਾ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਮੈਡੀਕਲ ਰਿਪੋਰਟਾਂ ਤੇ ਹੋਰ ਸਬੂਤ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬਹਿਬਲ ਕਲਾਂ 'ਚ ਮੁਜ਼ਾਹਰਾਕਾਰੀ ਸ਼ਾਂਤਮਈ ਢੰਗ ਨਾਲ ਬੈਠੇ ਹੋਏ ਸਨ, ਪਰ ਚਰਨਜੀਤ ਸ਼ਰਮਾ ਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਹਾਲਾਤ ਵਿਗਾੜੇ ਅਤੇ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਅਪਸ਼ਬਦ ਕਹੇ ਤੇ ਇਕ ਮੁਜ਼ਾਹਰਾਕਾਰੀ ਦੇ ਥੱਪੜ ਵੀ ਮਾਰਿਆ।

ਜ਼ਿਕਰਯੋਗ ਹੈ ਕਿ ਇਸ ਕੇਸ 'ਚ ਮੁਲਜ਼ਮ ਪੁਲਿਸ ਅਫਸਰਾਂ ਜਿਨ੍ਹਾਂ 'ਚ ਆਈ.ਜੀ.ਪੀ. ਤੇ ਐਸ.ਐਸ.ਪੀ. ਵੀ ਸ਼ਾਮਲ ਹਨ, ਨੇ 14 ਅਕਤੂਬਰ 2015 ਨੂੰ ਕੋਟਕਪੂਰਾ ਤੇ ਬਹਿਬਲ ਕਲਾਂ 'ਚ ਮੁਜ਼ਾਹਰਾਕਾਰੀਆਂ ਉਤੇ ਗੋਲੀ ਚਲਾਉਣ ਦੇ ਦੋਸ਼ਾਂ ਨੂੰ ਝੂਠ ਦੱਸਿਆ ਹੈ।

ਸਿਟ ਨੇ ਆਪਣੀ ਰਿਪੋਰਟ 'ਚ ਦੋਸ਼ ਲਗਾਇਆ ਕਿ ਪੁਲਿਸ ਨੇ ਡਿਊਟੀ ਮੈਜਿਸਟਰੇਟ ਜੋ ਕਿ ਮੌਕੇ 'ਤੇ ਹਾਜ਼ਰ ਸੀ, ਦੀ ਮਨਜ਼ੂਰੀ ਲਏ ਬਿਨਾਂ ਹੀ ਮੁਜ਼ਾਹਰਾਕਾਰੀਆਂ ਉਤੇ ਪਹਿਲਾਂ ਲਾਠੀਚਾਰਜ ਕੀਤਾ ਤੇ ਬਾਅਦ ਵਿਚ ਗੋਲੀ ਚਲਾ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਪੁਲਿਸ ਨੂੰ ਮੁਜ਼ਾਹਰਾਕਾਰੀਆਂ ਤੋਂ ਖਤਰਾ ਸੀ ਕਿਉਂਕਿ ਕਿਸੇ ਵੀ ਮੁਜ਼ਾਹਰਾਕਾਰੀ ਕੋਲ ਕੋਈ ਹਥਿਆਰ ਨਹੀਂ ਸੀ। ਸਿਟ ਨੇ ਕਿਹਾ ਕਿ ਪੁਲਿਸ ਨੇ ਚਰਨਜੀਤ ਸ਼ਰਮਾ ਦੀ ਜਿਪਸੀ ਉਤੇ 12 ਬੋਰ ਦੀ ਬੰਦੂਕ ਨਾਲ ਖੁਦ ਗੋਲੀਆਂ ਚਲਾ ਕੇ ਝੂਠੇ ਸਬੂਤ ਤਿਆਰ ਕੀਤੇ ਹਨ।

ਸਿਟ ਨੇ ਕਿਹਾ ਕਿ ਪੁਲਿਸ ਨੇ ਮੁਜ਼ਾਹਰਾਕਾਰੀਆਂ ਖਿਲਾਫ ਦਰਜ ਕੀਤੀ ਐਫ.ਆਈ.ਆਰ. (ਨੰ. 129) 'ਚ ਕਿਹਾ ਹੈ ਕਿ ਮੁਜ਼ਾਹਰਾਕਾਰੀਆਂ ਨੇ ਏ.ਐਸ.ਆਈ. ਸੁਰਿੰਦਰ ਕੁਮਾਰ ਦੀ ਕੁੱਟਮਾਰ ਕੀਤੀ, ਜਿਸ ਕਾਰਨ ਆਤਮ ਰੱਖਿਆ ਲਈ ਪੁਲਿਸ ਨੂੰ ਗੋਲੀ ਚਲਾਉਣੀ ਪਈ। ਜਦਕਿ ਸੁਰਿੰਦਰ ਕੁਮਾਰ ਵੱਲੋਂ ਸਿਟ ਕੋਲ ਬਿਆਨ ਦਿੱਤੇ ਗਏ ਹਨ ਕਿ ਪੁਲਿਸ ਨੇ ਉਸ ਦੀ ਕੁੱਟਮਾਰ ਹੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਮੁਜ਼ਾਹਰਾਕਾਰੀਆਂ 'ਤੇ ਗੋਲੀ ਚਲਾ ਦਿੱਤੀ ਸੀ ਤੇ ਪੁਲਿਸ ਦੀ ਗੋਲੀ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਤੋਂ ਬਾਅਦ ਹੀ ਲੋਕਾਂ ਨੇ ਪੁਲਿਸ ਦੀਆਂ ਗੱਡੀਆਂ ਸਾੜੀਆਂ ਸਨ।

# ਕੈਪਟਨ ਦੇ ਰੁਜ਼ਗਾਰ ਬਾਰੇ ਦਾਅਵਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਕੈਪਟਨ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਉਸ ਨੇ ਰੁਜ਼ਗਾਰ ਮੇਲਿਆਂ ਰਾਹੀਂ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਇਆ ਹੈ, ਪਰ ਰਾਜ ਦੀਆਂ ਹਕੀਕਤਾਂ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਕਰਦੀਆਂ। ਦਰਜਾ ਚਾਰ ਦੀ ਅਸਾਮੀ ਲਈ ਹੀ ਹਜ਼ਾਰਾਂ ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਨੌਜਵਾਨ ਅਪਲਾਈ ਕਰਨ ਲਈ ਮਜਬੂਰ ਹੋ ਰਹੇ ਹਨ।

ਰਾਜ ਵਿਚ ਨੌਜਵਾਨਾਂ ਦਾ ਕੋਈ ਭਵਿੱਖ ਨਾ ਹੋਣ ਕਾਰਨ ਹੀ ਵੱਡੀ ਗਿਣਤੀ ਵਿਚ ਪੰਜਾਬੀ ਨੌਜਵਾਨ ਆਈਲੈਟਸ ਕਰ ਕੇ ਜਾਂ ਹੋਰ ਜਾਇਜ਼-ਨਾਜਾਇਜ਼ ਢੰਗਾਂ ਨਾਲ ਵਿਦੇਸ਼ਾਂ ਵੱਲ ਨੂੰ ਹਿਜਰਤ ਕਰ ਰਹੇ ਹਨ। ਇਸੇ ਕਾਰਨ ਬਹੁਤ ਸਾਰੇ ਨੌਜਵਾਨ ਜੁਰਮਾਂ ਦੀ ਦੁਨੀਆਂ ਵਿਚ ਵੀ ਪ੍ਰਵੇਸ਼ ਕਰ ਗਏ ਹਨ। ਨੌਜਵਾਨਾਂ ਵਿਚ ਨਸ਼ੇ ਖਾਣ ਅਤੇ ਨਸ਼ੇ ਵੇਚਣ ਦਾ ਰੁਝਾਨ ਵੀ ਇਸੇ ਕਰਕੇ ਵਧਿਆ ਹੈ। ਕੁਝ ਸਮਾਂ ਪਹਿਲਾਂ ਫਾਜ਼ਿਲਕਾ ਦੀ ਅਦਾਲਤ ਲਈ ਤਕਰੀਬਨ 33 ਚੌਥਾ ਦਰਜਾ ਮੁਲਾਜ਼ਮਾਂ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਸੇਵਾਦਾਰ ਵੀ ਕਿਹਾ ਜਾਂਦਾ ਹੈ, ਦੀਆਂ ਅਸਾਮੀਆਂ ਲਈ ਇਸ਼ਤਿਹਾਰ ਦਿੱਤੇ ਗਏ ਸਨ। ਇਨ੍ਹਾਂ ਅਸਾਮੀਆਂ ਲਈ 10,609 ਦੇ ਲਗਭਗ ਨੌਜਵਾਨਾਂ ਵੱਲੋਂ ਉਮੀਦਵਾਰ ਵਜੋਂ ਅਰਜ਼ੀਆਂ ਦਿੱਤੀਆਂ ਗਈਆਂ।

ਇਨ੍ਹਾਂ ਅਰਜ਼ੀਆਂ ਦੀ ਵੱਡੇ ਪੱਧਰ 'ਤੇ ਪਰਖ-ਪੜਚੋਲ ਤੋਂ ਬਾਅਦ 9358 ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਗਿਆ। ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਘੱਟੋ-ਘੱਟ ਯੋਗਤਾ ਅੱਠਵੀਂ ਪਾਸ ਅਤੇ ਪੰਜਾਬੀ ਲਿਖਣ-ਪੜ੍ਹਨ ਦੀ ਸਮਰੱਥਾ ਤੈਅ ਕੀਤੀ ਗਈ ਸੀ, ਪਰ ਜਿਨ੍ਹਾਂ ਨੌਜਵਾਨਾਂ ਨੇ ਇਨ੍ਹਾਂ ਅਸਾਮੀਆਂ ਲਈ ਆਪਣੀਆਂ ਅਰਜ਼ੀਆਂ ਦਿੱਤੀਆਂ ਹਨ, ਉਨ੍ਹਾਂ ਵਿਚ ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਇਥੋਂ ਤੱਕ ਆਈ.ਟੀ. ਇੰਜੀਨੀਅਰ ਤੱਕ ਵੀ ਸ਼ਾਮਲ ਹਨ। ਇਸ ਸਬੰਧੀ ਫਾਜ਼ਿਲਕਾ ਵਿਚ ਪਿਛਲੇ ਕਈ ਦਿਨਾਂ ਤੋਂ ਇੰਟਰਵਿਊ ਚੱਲ ਰਹੀ ਹੈ। ਇੰਟਰਵਿਊ ਲਈ ਆਏ ਬਹੁਤੇ ਨੌਜਵਾਨਾਂ ਦੀ ਕਹਾਣੀ ਲਗਭਗ ਇਕੋ ਜਿਹੀ ਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਡਿਪਲੋਮੇ, ਡਿਗਰੀਆਂ ਅਤੇ ਹੋਰ ਕਈ ਤਰ੍ਹਾਂ ਦੀ ਉਚੇਰੀ ਸਿੱਖਿਆ ਹਾਸਲ ਕੀਤੀ ਹੋਈ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲੀਆਂ। ਕੁਝ ਨੌਜਵਾਨਾਂ ਨੇ ਇਹ ਵੀ ਕਿਹਾ ਕਿ ਨਿੱਜੀ ਖੇਤਰ ਵਿਚ ਜੋ ਉਨ੍ਹਾਂ ਨੂੰ ਨੌਕਰੀਆਂ ਮਿਲੀਆਂ ਹਨ, ਉਨ੍ਹਾਂ ਲਈ ਵੀ ਉਨ੍ਹਾਂ ਨੂੰ 10,000 ਤੋਂ ਵੱਧ ਤਨਖਾਹ ਨਹੀਂ ਮਿਲਦੀ ਅਤੇ ਇਸ ਮਹਿੰਗਾਈ ਭਰੇ ਦੌਰ ਵਿਚ ਉਹ ਠੋਕਰਾਂ ਖਾਣ ਲਈ ਮਜਬੂਰ ਹਨ।

# ਮਿੰਟਾਂ ਵਿਚ ਹੀ ਵਾਪਸ ਹੋਏ ਸੁਖਬੀਰ ਤੇ ਮਜੀਠੀਆ ਖਿਲਾਫ ਜਾਰੀ ਵਾਰੰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਖਿਲਾਫ ਜਾਰੀ ਜ਼ਮਾਨਤਯੋਗ ਵਾਰੰਟ ਵਾਪਸ ਲੈ ਲਏ ਹਨ। ਹਾਈ ਕੋਰਟ ਨੇ ਪਹਿਲਾਂ ਇਹ ਵਾਰੰਟ ਜਾਰੀ ਕੀਤੇ, ਪਰ ਮਗਰੋਂ ਪਟੀਸ਼ਨਰ ਤੇ ਸਾਬਕਾ ਜਸਟਿਸ ਰਣਜੀਤ ਸਿੰਘ ਦੀ ਪਟੀਸ਼ਨ 'ਤੇ ਇਨ੍ਹਾਂ ਵਾਰੰਟਾਂ ਨੂੰ ਮਨਸੂਖ ਕਰ ਦਿੱਤਾ। ਜਸਟਿਸ ਅਮਿਤ ਰਾਵਲ ਦੇ ਬੈਂਚ ਨੇ ਹੁਕਮ ਵਾਪਸ ਲੈਂਦਿਆਂ ਦੋਵਾਂ ਨੂੰ ਸੀ.ਆਰ.ਪੀ.ਸੀ. ਦੀ ਧਾਰਾ 204 ਤਹਿਤ ਸੱਜਰੇ ਨੋਟਿਸ ਜਾਰੀ ਕਰਨ ਦੀ ਤਾਕੀਦ ਕੀਤੀ ਹੈ, ਭਾਵ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੂੰ ਅਗਲੀ ਪੇਸ਼ੀ ਮੌਕੇ ਹਰ ਹਾਲ ਪੇਸ਼ ਹੋਣਾ ਹੋਵੇਗਾ।

ਕਾਬਲੇਗੌਰ ਹੈ ਕਿ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੇ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਸੁਖਬੀਰ ਤੇ ਮਜੀਠੀਆ ਨੇ ਉਨ੍ਹਾਂ ਦੀ ਅਗਵਾਈ ਵਾਲੇ ਕਮਿਸ਼ਨ (ਜੋ ਰਾਜ ਵਿਚ ਬੇਅਦਬੀ ਨਾਲ ਸਬੰਧਤ ਕੇਸਾਂ ਦੀ ਜਾਂਚ ਕਰ ਰਿਹਾ ਸੀ) ਦੀ ਸਾਖ ਨੂੰ ਢਾਹ ਲਾਉਣ ਦਾ ਯਤਨ ਕੀਤਾ ਸੀ। ਉਨ੍ਹਾਂ ਕਮਿਸ਼ਨ ਆਫ ਇਨਕੁਆਇਰੀ ਐਕਟ 1952 ਦੀ ਧਾਰਾ 10 ਏ ਤਹਿਤ ਕਾਰਵਾਈ ਦੀ ਮੰਗ ਕੀਤੀ ਹੈ। ਆਪਣੀ ਤਰ੍ਹਾਂ ਦੀ ਇਸ ਪਹਿਲੀ ਪਟੀਸ਼ਨ ਵਿਚ ਮੁਦਾਲਾ ਧਿਰ ਨੂੰ ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਛੇ ਮਹੀਨਿਆਂ ਦੀ ਸਾਧਾਰਨ ਕੈਦ ਜਾਂ ਜੁਰਮਾਨਾ ਜਾਂ ਫਿਰ ਦੋਵੇਂ ਹੋ ਸਕਦੀਆਂ ਹਨ। ਉਂਜ ਸੁਣਵਾਈ ਦੌਰਾਨ ਜਸਟਿਸ ਰਾਵਲ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਮੁਤਾਬਕ ਸੰਮਨ ਜਾਰੀ ਕੀਤੇ ਜਾਣ ਮੌਕੇ ਕੇਸ ਨਾਲ ਸਬੰਧਤ ਉਚੇਚਾ ਵੇਰਵਾ ਸਹੀ ਤਰੀਕੇ ਨਾਲ ਨਹੀਂ ਦਿੱਤਾ ਗਿਆ, ਕਿਉਂਕਿ ਜੋ ਸੰਮਨ ਵੱਖ ਵੱਖ ਕੇਸ ਨੰਬਰਾਂ ਤੇ ਸਿਰਲੇਖ ਦੇ ਕਥਨ ਨਾਲ ਭੇਜੇ ਗਏ ਸਨ, ਲਿਹਾਜ਼ਾ ਇਹ ਉਚਿਤ ਤਰੀਕਾ (ਸੇਵਾ) ਨਹੀਂ ਸੀ। ਉਨ੍ਹਾਂ ਅਦਾਲਤੀ ਸਟਾਫ ਨੂੰ ਅੱਗੇ ਤੋਂ ਵਧੇਰੇ ਚੌਕਸ ਰਹਿਣ ਦੀ ਹਦਾਇਤ ਵੀ ਕੀਤੀ।

# ਮੁਲਾਜ਼ਮ ਨੇ ਸਿਆਸੀ ਧਿਰਾਂ ਨੂੰ ਸਬਕ ਸਿਖਾਉਣ ਦੀ ਘੜੀ ਰਣਨੀਤੀ

**ਚੰਡੀਗੜ੍ਹ:** ਪੰਜਾਬ ਦੇ ਮੁਲਾਜ਼ਮਾਂ ਨੇ ਲੋਕ ਸਭਾ ਚੋਣਾਂ ਦੌਰਾਨ ਵੀ ਕੈਪਟਨ ਸਰਕਾਰ ਦਾ ਖਹਿੜਾ ਨਾ ਛੱਡਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਚੋਣਾਂ ਦੌਰਾਨ ਮੰਤਰੀਆਂ ਦੇ ਹਲਕਿਆਂ ਵਿਚ ਜਿਥੇ ਝੰਡਾ ਮਾਰਚ ਕੀਤੇ ਜਾਣਗੇ, ਉਥੇ ਕਾਂਗਰਸ ਦੇ ਦਫਤਰਾਂ ਮੂਹਰੇ ਪਿੱਟ ਸਿਆਪਾ ਕਰਨ ਦੀ ਰਣਨੀਤੀ ਬਣਾਈ ਹੈ।

ਪੰਜਾਬ ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰ ਸੰਘਰਸ਼ ਕਮੇਟੀ ਵੱਲੋਂ ਇਸ ਤੋਂ ਇਲਾਵਾ 11 ਸੂਤਰੀ ਮੰਗਾਂ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਸੰਘਰਸ਼ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਪੰਜਾਬ ਸਕੱਤਰੇਤ ਮੁਲਾਜ਼ਮ ਐਕਸ਼ਨ ਕਮੇਟੀ ਅਤੇ ਮੁਲਾਜ਼ਮ ਮੰਚ ਪੰਜਾਬ ਦੀ ਹੜਤਾਲ ਦੌਰਾਨ ਆਗੂਆਂ ਨਾਲ ਮੀਟਿੰਗਾਂ ਕਰਨ ਉਪਰੰਤ ਚੋਣ ਜ਼ਾਬਤਾ ਲੱਗਣ ਹੋਣ ਤੋਂ ਕੁਝ ਘੰਟੇ ਪਹਿਲਾਂ ਕੇਂਦਰੀ ਪੈਟਰਨ 'ਤੇ 7 ਫੀਸਦੀ ਡੀਏ ਦੀਆਂ ਦੋ ਕਿਸ਼ਤਾਂ ਦੇਣ ਸਮੇਤ ਕੁਝ ਹੋਰ ਮੰਗਾਂ ਦੇ ਹੰਗਾਮੀ ਹਾਲਤ ਵਿਚ ਪੱਤਰ ਜਾਰੀ ਕੀਤੇ ਸਨ ਪਰ ਮੁਲਾਜ਼ਮਾਂ ਵਿਚ ਰੋਸ ਹੈ, ਕਿਉਂਕਿ ਹਾਲੇ ਡੀਏ ਦੀਆਂ 3 ਕਿਸ਼ਤਾਂ (15 ਫੀਸਦੀ) ਸਮੇਤ ਕਈ ਮਹੀਨਿਆਂ ਦਾ ਕਰੋੜਾਂ ਰੁਪਏ ਦਾ ਬਕਾਇਆ ਹੈ ਅਤੇ ਸਰਕਾਰ ਨੇ 6ਵੇਂ ਪੰਜਾਬ ਤਨਖਾਹ ਕਮਿਸ਼ਨ ਨੂੰ ਤੁਰਤ ਲਾਗੂ ਕਰਨ ਦੀ ਥਾਂ ਇਸ ਦੀ ਮਿਆਦ 31 ਦਸੰਬਰ 2019 ਤੱਕ ਵਧਾ ਕੇ ਉਲਟਾ ਮੁਲਾਜ਼ਮਾਂ ਦੇ ਜਖ਼ਮਾਂ ਉਪਰ ਨਮਕ ਛਿੜਕਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਜ਼ਾਰਾਂ ਠੇਕਾ ਤੇ ਹੋਰ ਕੱਚੇ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਸਰਕਾਰ ਬਣਦਿਆਂ ਹੀ ਰੈਗੂਲਰ ਕਰਨ ਦੇ ਕੀਤੇ ਵਾਅਦੇ ਨੂੰ ਜਿਥੇ ਦੋ ਸਾਲਾਂ ਵਿਚ ਵੀ ਪੂਰਾ ਨਹੀਂ ਕੀਤਾ, ਉਥੇ ਇਸ ਦੇ ਉਲਟ ਇਸ ਦੀ ਪੜਚੋਲ ਕਰਨ ਲਈ ਮੁੜ ਕਮੇਟੀ ਬਣਾ ਕੇ 90 ਦਿਨਾਂ ਵਿਚ ਰਿਪੋਰਟ ਦੇਣ ਦਾ ਫਰਮਾਨ ਜਾਰੀ ਕਰਕੇ ਇਸ ਗੰਭੀਰ ਮੁੱਦੇ ਨੂੰ ਹੋਰ ਲਟਕਾ ਦਿੱਤਾ ਹੈ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂਆਂ ਸੱਜਣ ਸਿੰਘ, ਰਣਬੀਰ ਢਿੱਲੋਂ, ਦਰਸ਼ਨ ਸਿੰਘ ਲੁਬਾਣਾ, ਜਗਦੀਸ਼ ਸਿੰਘ ਚਾਹਲ ਅਤੇ ਰਣਜੀਤ ਸਿੰਘ ਰਾਣਵਾਂ ਨੇ ਕਾਰਜਕਾਰਨੀ ਦੀ ਮੀਟਿੰਗ ਉਪਰੰਤ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਮੁਲਾਜ਼ਮ ਦੋਖੀ ਹਮਲਾ ਕਰਦਿਆਂ ਸੂਬੇ ਵਿਚ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਦੇ ਯਤਨ ਕੀਤਾ ਜਾ ਰਹੇ ਹਨ। ਉਨ੍ਹਾਂ ਯਾਦ ਕਰਵਾਇਆ ਕਿ ਸਾਲ 1968 ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਮੁਲਾਜ਼ਮ ਸਦਾ ਕੇਂਦਰ ਨਾਲੋਂ ਵੱਧ ਸਕੇਲ ਲੈਂਦੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਸਾਲ 1996 ਵਿਚ ਵੀ ਉਸ ਵੇਲੇ ਦੀ ਕਾਂਗਰਸ ਦੀ ਹਰਚਰਨ ਸਿੰਘ ਬਰਾੜ ਸਰਕਾਰ ਨੇ ਵੀ ਅਜਿਹਾ ਫੈਸਲਾ ਕਰਨ ਦਾ ਯਤਨ ਕੀਤਾ ਸੀ, ਜਿਸ ਵਿਰੁੱਧ ਮੁਲਾਜ਼ਮ ਵੱਲੋਂ ਦਿਖਾਏ ਭਾਰੀ ਰੋਹ ਤੋਂ ਬਾਅਦ ਸਰਕਾਰ ਨੂੰ ਪੰਜਾਬ ਵਿਧਾਨ ਸਭਾ ਵਿਚ ਇਹ ਮਾਰੂ ਫੈਸਲਾ ਵਾਪਸ ਲੈਣਾ ਪਿਆ ਸੀ।

# ਬਠਿੰਡਾ ਏਮਜ਼: ਹਰਸਿਮਰਤ ਤੇ ਬ੍ਰਹਮ ਮਹਿੰਦਰਾ ਮਿਹਣੋ-ਮਿਹਣੀ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਬਠਿੰਡਾ ਏਮਜ਼ ਪ੍ਰਾਜੈਕਟ ਦੇ ਮਾਮਲੇ 'ਤੇ ਆਹਮੋ ਸਾਹਮਣੇ ਆ ਗਏ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਨੇ ਏਮਜ਼ ਦੇ ਮਾਮਲੇ 'ਚ ਸਿੱਧੇ ਤੌਰ 'ਤੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੂੰ ਨਿਸ਼ਾਨੇ 'ਤੇ ਰੱਖਿਆ ਹੈ ਜਿਨ੍ਹਾਂ ਦੇ ਲੜਕੇ ਮੋਹਿਤ ਮਹਿੰਦਰਾ ਦੇ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੇ ਚਰਚੇ ਹਨ। ਚੋਣਾਂ ਮੌਕੇ ਏਮਜ਼ ਦੇ ਮੁੱਦੇ 'ਤੇ ਇਹ ਨਵੀਂ ਸਿਆਸਤ ਖੜ੍ਹੀ ਹੋਈ ਹੈ ਜਦਕਿ ਕੇਂਦਰੀ ਮੰਤਰੀ ਏਮਜ਼ ਦੇ ਰਾਹ ਵਿਚ ਕਪਤਾਨੀ ਅੜਿੱਕਿਆਂ ਦੀ ਗੱਲ ਪਹਿਲਾਂ ਤੋਂ ਹੀ ਕਰਦੇ ਆ ਰਹੇ ਹਨ।


ਕੇਂਦਰੀ ਸਿਹਤ ਮੰਤਰਾਲੇ ਨੇ 19 ਮਾਰਚ ਨੂੰ ਪੱਤਰ ਜਾਰੀ ਕਰਕੇ ਨਿਗਰਾਨ ਸੰਸਥਾ ਪੀ.ਜੀ.ਆਈ. ਚੰਡੀਗੜ੍ਹ ਨੂੰ ਬਠਿੰਡਾ ਏਮਜ਼ ਦੇ ਆਰਜ਼ੀ ਕੈਂਪਸ ਲਈ ਪੰਜਾਬ ਸਰਕਾਰ ਨਾਲ ਮਸ਼ਵਰਾ ਕੀਤੇ ਜਾਣ ਦੀ ਗੱਲ ਆਖੀ ਹੈ ਅਤੇ ਆਰਜ਼ੀ ਕੈਂਪਸ ਜਲਦੀ ਚਾਲੂ ਕਰਾਉਣ ਦੀ ਹਦਾਇਤ ਕੀਤੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਨੇ ਪੀ.ਜੀ.ਆਈ. ਚੰਡੀਗੜ੍ਹ ਦੇ ਮਾਹਰਾਂ ਦੀ ਕਮੇਟੀ ਵੱਲੋਂ ਐਮ.ਬੀ.ਬੀ.ਐਸ. ਦੇ ਪਹਿਲੇ ਬੈਚ ਦੀਆਂ ਕਲਾਸਾਂ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਿਚ ਸ਼ੁਰੂ ਕੀਤੇ ਜਾਣ ਨੂੰ ਮਨਜ਼ੂਰ ਕਰ ਲਿਆ ਹੈ। ਉਨ੍ਹਾਂ ਆਖਿਆ ਕਿ ਸਿਹਤ ਮੰਤਰੀ ਪੰਜਾਬ ਇਸ ਬਾਰੇ ਅਗਿਆਨਤਾ ਪ੍ਰਗਟਾ ਰਹੇ ਹਨ। ਬੀਬਾ ਬਾਦਲ ਨੇ ਆਖਿਆ ਕਿ ਸਿਹਤ ਮੰਤਰੀ ਪੰਜਾਬ ਦੀ ਇਸ ਅਗਿਆਨਤਾ ਤੋਂ ਸੰਕੇਤ ਮਿਲਦੇ ਹਨ ਕਿ ਕਾਂਗਰਸ ਸਰਕਾਰ ਇਸ ਆਰਜ਼ੀ ਕੈਂਪਸ ਦੀ ਸਥਾਪਤੀ ਨੂੰ ਲਟਕਾਉਣਾ ਚਾਹੁੰਦੀ ਹੈ ਅਤੇ ਅਜਿਹਾ ਕਰਕੇ ਸਰਕਾਰ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ।

ਉਨ੍ਹਾਂ ਆਖਿਆ ਕਿ ਕਾਂਗਰਸ ਅਜਿਹੇ ਪ੍ਰਾਜੈਕਟ 'ਤੇ ਸਿਆਸਤ ਕਰਨ ਦੀ ਥਾਂ ਏਮਜ਼ ਦੇ ਆਰਜ਼ੀ ਕੈਂਪਸ ਨੂੰ ਫੌਰੀ ਚਾਲੂ ਕਰੇ। ਕਾਂਗਰਸ ਸਰਕਾਰ ਦੀ ਨੀਤੀ ਇਸ ਆਰਜ਼ੀ ਕੈਂਪਸ ਦੀ ਹੋਂਦ ਨੂੰ ਖਤਰੇ ਵਿਚ ਪਾ ਸਕਦੀ ਹੈ। ਨਤੀਜੇ ਵਜੋਂ ਕੈਂਪਸ ਦੀਆਂ ਸਾਰੀਆਂ ਸੀਟਾਂ ਰੱਦ ਹੋਣ ਦਾ ਖਤਰਾ ਖੜ੍ਹਾ ਹੋ ਜਾਣਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਹਿਲਾਂ ਏਮਜ਼ ਬਠਿੰਡਾ ਦੀ ਉਸਾਰੀ ਦੇ ਰਾਹ ਵਿਚ ਕਾਂਗਰਸ ਸਰਕਾਰ ਨੇ ਅੜਿੱਕੇ ਪਾਏ ਜੋ ਉਨ੍ਹਾਂ ਬੜੀ ਮੁਸ਼ਕਲ ਨਾਲ ਦੂਰ ਕਰਵਾਏ। ਉਨ੍ਹਾਂ ਆਖਿਆ ਕਿ ਏਮਜ਼ ਵਾਲੀ ਥਾਂ 'ਤੇ ਪਾਵਰ ਗਰਿੱਡ ਲਾਇਆ ਜਾਣਾ ਹਾਲੇ ਵੀ ਬਾਕੀ ਪਿਆ ਹੈ। ਉਨ੍ਹਾਂ ਨੇ ਜਦੋਂ ਏਮਜ਼ ਉਸਾਰੀ ਲਈ ਟੱਕ ਲਾ ਦਿੱਤਾ ਤਾਂ ਪੰਜਾਬ ਸਰਕਾਰ ਨੂੰ ਮਜਬੂਰਨ ਜ਼ਰੂਰੀ ਪ੍ਰਵਾਨਗੀਆਂ ਦੇਣੀਆਂ ਪਈਆਂ।

ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਸਿਆਸਤ ਕਰਨੀ ਬੰਦ ਕਰਨ ਜਿਨ੍ਹਾਂ ਨਾਲ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਜੁੜਿਆ ਹੈ। ਬ੍ਰਹਮ ਮਹਿੰਦਰਾ ਨੇ ਆਖਿਆ ਕਿ ਬਿਨਾਂ ਤੱਥ ਜਾਚੇ ਹੀ ਹਰਸਿਮਰਤ ਨੇ ਬਿਆਨ ਦਾਗ ਦਿੱਤਾ ਹੈ ਜਦਕਿ ਹੁਣ ਤੱਕ ਕੇਂਦਰੀ ਸਿਹਤ ਮੰਤਰਾਲੇ ਅਤੇ ਪੀ.ਜੀ.ਆਈ. ਤੋਂ ਪੰਜਾਬ ਸਰਕਾਰ ਨੂੰ ਆਰਜ਼ੀ ਕੈਂਪਸ ਚਾਲੂ ਕਰਨ ਬਾਰੇ ਕੋਈ ਸਰਕਾਰੀ ਪੱਤਰ ਪ੍ਰਾਪਤ ਨਹੀਂ ਹੋਇਆ ਹੈ। ਜਦੋਂ ਵੀ ਕੋਈ ਪੱਤਰ ਆਵੇਗਾ, ਪੰਜਾਬ ਸਰਕਾਰ ਫੌਰੀ ਫੈਸਲੇ ਨੂੰ ਅਮਲ ਵਿਚ ਲਿਆਏਗੀ।

# ਸੱਤਾ ਲਈ ਧਰਮ ਦੀ ਵਰਤੋਂ ਮਹਿੰਗੀ ਵੀ ਪੈ ਸਕਦੀ ਹੈ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਦੇਸ਼ਾਂ ਦਰਮਿਆਨ ਲੜਾਈ ਹੋਵੇ ਜਾਂ ਇੱਕੋ ਦੇਸ਼ ਵਿਚ ਕੁਝ ਸਿਆਸੀ ਧਿਰਾਂ ਵਿਚ ਕੁਰਸੀਆਂ ਉਤੇ ਕਬਜ਼ਾ ਕਰਨ ਦੀ ਜੰਗ ਹੋਵੇ, ਆਦਿ ਕਾਲ ਤੋਂ ਲੈ ਕੇ ਅਜੋਕੇ ਦੌਰ ਤੱਕ ਮੋਹਰੇ ਭਾਵੇਂ ਬਦਲਦੇ ਰਹੇ ਤੇ ਜੰਗ ਦਾ ਰੰਗ ਵੀ ਬਦਲਦਾ ਰਿਹਾ, ਪਰ ਧਰਮ ਦੀ ਦੁਰਵਰਤੋਂ ਹਰ ਦੌਰ ਦੌਰਾਨ ਹੋਈ ਹੈ ਤੇ ਇਹ ਅੱਜ ਵੀ ਹੁੰਦੀ ਹੈ। ਜੰਮੂ-ਕਸ਼ਮੀਰ ਸੂਬੇ ਉਤੇ ਕਬਜ਼ਾ ਕਰਨ ਲਈ ਪਾਕਿਸਤਾਨ ਦੀ ਸਰਕਾਰ ਭਾਰਤ ਵਿਰੁਧ ਖਾਸ ਧਰਮ ਨੂੰ ਨਾਅਰਾ ਬਣਾ ਕੇ ਇਸ ਜੰਗ ਨੂੰ ਉਸ ਧਰਮ ਦਾ ਜਹਾਦ ਕਹਿੰਦੀ ਹੈ, ਜਿਸ ਉਤੇ ਉਸ ਦੇਸ਼ ਦੀ ਆਪਣੀ ਬੁਨਿਆਦ ਖੜੀ ਹੈ। ਇਹੋ ਜਿਹੀ ਲੜਾਈ ਅਫਗਾਨਿਸਤਾਨ ਦੇ ਪਾਸੇ ਵੀ ਪਾਕਿਸਤਾਨ ਛੇੜੀ ਬੈਠਾ ਹੈ, ਪਰ ਉਸ ਨੂੰ ਜਹਾਦ ਕਹਿਣਾ ਔਖਾ ਹੋਣ ਕਾਰਨ 'ਅਮਰੀਕੀਆਂ ਤੇ ਹਿੰਦੁਸਤਾਨ ਦੇ ਏਜੰਟਾਂ' ਵਿਰੁਧ ਜੰਗ ਦਾ ਨਾਂ ਦਿੰਦਾ ਹੈ। ਖੁਦ ਪਾਕਿਸਤਾਨ ਸਰਕਾਰ ਦਹਾਕਿਆਂ ਬੱਧੀ ਅਮਰੀਕਾ ਦੀ ਏਜੰਟ ਰਹੀ ਸੀ ਤੇ ਅੱਜ ਕੱਲ੍ਹ ਉਹ ਚੀਨ ਦੇ ਕਾਰਿੰਦੇ ਵਾਂਗ ਕੰਮ ਕਰ ਰਹੀ ਹੈ। ਇਸ ਹਕੀਕਤ ਨੂੰ ਕੋਈ ਬਦਲ ਨਹੀਂ ਸਕਦਾ।

ਕਿਉਂਕਿ ਦੇਸ਼ਾਂ ਵਿਚਾਲੇ ਵੀ ਅਤੇ ਸਿਆਸੀ ਧਿਰਾਂ ਵਿਚਾਲੇ ਵੀ ਜੰਗ ਵਿਚ ਧਰਮ ਦੀ ਦੁਰਵਰਤੋਂ ਹੁੰਦੀ ਹੈ, ਸੋ ਇਸ ਜੰਗ ਵਿਚ ਮੋਹਰੇ ਉਹ ਲੋਕ ਬਣਾਏ ਜਾਂਦੇ ਹਨ, ਜੋ ਆਪਣੇ ਧਰਮ ਖਾਤਰ ਕਿਸੇ ਨੂੰ ਮਾਰਨ ਲਈ ਤਿਆਰ ਹੋ ਸਕਦੇ ਹਨ ਤੇ ਖੁਦ ਮਰਨੋਂ ਵੀ ਝਿਜਕਦੇ ਨਹੀਂ। ਇਹ ਮੋਹਰੇ ਇਸ ਖਾਸ ਮਕਸਦ ਲਈ ਖਾਸ ਤੌਰ 'ਤੇ ਸਿਰਜੇ ਜਾਂਦੇ ਹਨ। ਨਤੀਜਾ ਉਨ੍ਹਾਂ ਦੀ ਆਪਣੀ ਮੌਤ ਦਾ ਹੋਵੇ ਜਾਂ ਉਨ੍ਹਾਂ ਹੱਥੋਂ ਹੋਰ ਲੋਕਾਂ ਦੀ ਮੌਤ ਦਾ, ਜੋ ਧਰਮ ਦੇ ਨਾਂ 'ਤੇ ਇਹ ਕੁਝ ਕੀਤਾ ਜਾਵੇ, ਉਸ ਧਰਮ ਦੇ ਆਗੂ ਆਮ ਤੌਰ 'ਤੇ ਇਸ ਬਾਰੇ ਬੋਲਦੇ ਨਹੀਂ, ਪਰ ਜਦੋਂ ਕਦੇ ਉਨ੍ਹਾਂ ਦੇ ਭਾਈਚਾਰੇ ਨੂੰ ਆਪਣੇ ਅੰਦਰ ਕਿਸੇ ਮੋੜਵੀਂ ਕਾਰਵਾਈ ਦੀ ਚਿੰਤਾ ਤੇ ਅਸੁਰੱਖਿਆ ਵਰਗੀ ਭਾਵਨਾ ਮਹਿਸੂਸ ਹੋਵੇ, ਉਦੋਂ ਚੁੱਪ ਤੋੜਦੇ ਹਨ। ਹਕੀਕੀ ਧਰਮ ਏਦਾਂ ਦੇ ਮਤਲਬੀ ਪੈਂਤੜੇ ਲੈਣੇ ਨਹੀਂ ਸਿਖਾਉਂਦਾ ਕਿ ਦੂਜੇ ਮਰਨ ਤਾਂ ਚੁੱਪ ਕੀਤੇ ਰਹਿਣਾ ਹੈ ਤੇ ਜਦੋਂ ਅੱਗ ਆਪਣੇ ਘਰ ਵੱਲ ਵਧਦੀ ਹੋਵੇ ਤਾਂ ਮਨੁੱਖਤਾ ਦੇ ਸਾਂਝੇ ਭਲੇ ਦੀ ਮੁਹਾਰਨੀ ਉਦੋਂ ਹੀ ਪੜ੍ਹਨੀ ਚਾਹੀਦੀ ਹੈ।

ਨਿਊਜ਼ੀਲੈਂਡ ਦੀਆਂ ਘਟਨਾਵਾਂ ਪਿਛੋਂ ਸੰਸਾਰ ਦੇ ਭਲੇ ਲੋਕਾਂ ਨੇ ਇਹ ਪੈਂਤੜਾ ਲਿਆ ਹੈ ਕਿ ਕਿਸੇ ਸੂਰਤ ਵਿਚ ਵੀ ਕਿਸੇ ਇੱਕ ਵਿਅਕਤੀ ਕਾਰਨ ਕਿਸੇ ਧਾਰਮਕ ਭਾਈਚਾਰੇ ਖਿਲਾਫ ਜਨੂੰਨੀ ਪੱਖੋਂ ਸੋਚਣਾ ਗਲਤ ਹੈ ਤੇ ਇਸ ਗਲਤ ਸੋਚ ਤੋਂ ਬਚਣਾ ਚਾਹੀਦਾ ਹੈ। ਇਸ ਪਿਛੋਂ ਮੁਸਲਿਮ ਭਾਈਚਾਰੇ ਨਾਲ ਇੱਕਮੁਠਤਾ ਦੇ ਅਜਿਹੇ ਪ੍ਰਗਟਾਵੇ ਹੋਏ ਹਨ ਕਿ ਕੋਈ ਵੀ ਜਜ਼ਬਾਤੀ ਹੋ ਸਕਦਾ ਹੈ। ਨਿਊਜ਼ੀਲੈਂਡ ਵਿਚ ਸਕੂਲੀ ਬੱਚੀਆਂ ਨੇ ਸਿਰਾਂ ਉਤੇ ਸਕਾਰਫ ਬੰਨ੍ਹ ਕੇ ਮੁਸਲਿਮ ਸਮਾਜ ਨਾਲ ਆਪਣੀ ਹਮਾਇਤ ਪ੍ਰਗਟ ਕੀਤੀ ਹੈ। ਬ੍ਰਿਟੇਨ ਦਾ ਇੱਕ ਈਸਾਈ ਗੋਰਾ ਆਪਣੇ ਘਰ ਨੇੜਲੀ ਮਸਜਿਦ ਮੂਹਰੇ ਵਾਲੰਟੀਅਰ ਗਾਰਡ ਬਣ ਕੇ ਜਾ ਖੜੋਤਾ ਤੇ ਨਾਲ ਲਿਖ ਕੇ ਫੱਟੀ ਲਾ ਦਿੱਤੀ ਕਿ ਤੁਸੀਂ ਮਸਜਿਦ ਦੇ ਅੰਦਰ ਇਬਾਦਤ ਕਰੋ, ਰਾਖੀ ਤੁਹਾਡੀ ਮੈਂ ਕਰਾਂਗਾ। ਸਿਰਫ ਇੱਕ ਜਣੇ ਨੇ ਇਹ ਸਵਾਲ ਪੁੱਛਿਆ ਹੈ ਕਿ ਏਦੂੰ ਪਹਿਲਾਂ ਇਸਲਾਮੀ ਅਤਿਵਾਦੀਆਂ ਨੇ ਜਦੋਂ ਹਮਲੇ ਕੀਤੇ ਸਨ, ਉਸ ਵੇਲੇ ਮੁਸਲਿਮ ਭਾਈਚਾਰੇ ਦੇ ਧਾਰਮਕ ਆਗੂਆਂ ਨੇ ਮਨੁੱਖੀ ਭਾਵਨਾਵਾਂ ਦੇ ਇਹੋ ਪ੍ਰਗਟਾਵੇ ਆਮ ਤੌਰ 'ਤੇ ਕਿਉਂ ਨਹੀਂ ਸਨ ਕੀਤੇ। ਨਾਲ ਉਸ ਨੇ ਸੁਝਾਅ ਦਿੱਤਾ ਹੈ ਕਿ ਜੇ ਸੰਸਾਰ ਦੀ ਸਲਾਮਤੀ ਚਾਹੀਦੀ ਹੈ ਤਾਂ ਇਹ ਪ੍ਰਗਟਾਵੇ ਹਰ ਪਾਸਿਓਂ ਹਮੇਸ਼ਾ ਹੋਣੇ ਚਾਹੀਦੇ ਹਨ। ਉਸ ਵੱਲੋਂ ਪੇਸ਼ ਕੀਤੇ ਸਵਾਲ ਨੂੰ ਵੱਖ-ਵੱਖ ਲੋਕ ਵੱਖ-ਵੱਖ ਤਰ੍ਹਾਂ ਸੋਚ ਸਕਦੇ ਹਨ, ਪਰ ਪਿਛੋਂ ਉਸ ਦਾ ਦਿੱਤਾ ਸੁਝਾਅ ਅਜਿਹਾ ਹੈ ਕਿ ਉਸ ਸਵਾਲ ਬਾਰੇ ਕਿਸੇ ਨੂੰ ਆਮ ਕਰ ਕੇ ਮੱਤਭੇਦ ਨਹੀਂ ਹੋਣਾ ਚਾਹੀਦਾ, ਕਿਉਂਕਿ ਇਸ 'ਚ ਵਿਸ਼ਵ ਦੀ ਸਲਾਮਤੀ ਦੀ ਸੋਚ ਹੈ।

ਮੈਂ ਇਸ ਚੌਖਟੇ ਵਿਚ ਆਪਣੇ ਦੇਸ਼ ਭਾਰਤ ਦੇ ਅੰਦਰੂਨੀ ਹਾਲਾਤ ਨੂੰ ਵੇਖਣ ਦਾ ਯਤਨ ਕਰਦਾ ਹਾਂ ਤਾਂ ਇਹ ਸੋਚਾਂ ਉਭਰ ਪੈਂਦੀਆਂ ਹਨ ਕਿ ਸਾਡੇ ਲੋਕਾਂ ਨੂੰ ਇਸਲਾਮ ਵਿਚਲੇ ਸੂਫੀ ਸੰਤਾਂ ਤੇ ਹਿੰਦੂ ਧਰਮ ਵਿਚੋਂ ਮੱਧ ਯੁੱਗ ਵਿਚ ਉਭਰੇ ਤੇ ਖਾਸ ਸਤਿਕਾਰਤ ਥਾਂ ਬਣਾਉਣ ਵਾਲੀ ਭਗਤੀ ਲਹਿਰ ਦੇ ਸੰਤਾਂ ਦੀ ਸੋਚ ਕਿਉਂ ਭੁੱਲ ਜਾਂਦੀ ਹੈ? ਜੰਗਾਂ ਤੇ ਉਹ ਸਾਕੇ ਸਾਨੂੰ ਵੱਧ ਯਾਦ ਰਹਿੰਦੇ ਹਨ, ਜਿਨ੍ਹਾਂ ਦੌਰਾਨ ਸਾਡੇ ਵੱਡਿਆਂ ਨੇ ਧਰਮ ਦੇ ਨਾਂ 'ਤੇ ਜੰਗਾਂ ਅਤੇ ਯੁੱਧ ਲੜੇ ਸਨ ਤੇ ਉਹ ਹਵਾਲੇ ਚੇਤੇ ਨਹੀਂ ਰਹਿੰਦੇ, ਜੋ ਦੋਵਾਂ ਧਿਰਾਂ ਦੀ ਸਾਂਝ ਬਾਰੇ ਇਤਿਹਾਸ ਵਿਚ ਮਿਲਦੇ ਹਨ। ਸਮੇਂ-ਸਮੇਂ ਦੀਆਂ ਗੱਲਾਂ ਹੋਣ ਕਰ ਕੇ ਇੱਕ ਸਮੇਂ ਸਮਰਾਟ ਅਸ਼ੋਕ ਨੇ ਇੱਕ ਜੰਗ ਲੜ ਲਈ, ਪਰ ਜੰਗਾਂ ਦੀ ਤਬਾਹੀ ਵੇਖਣ ਪਿਛੋਂ ਇਸ ਤਰ੍ਹਾਂ ਦਾ ਸ਼ਾਂਤੀ ਦਾ ਦੂਤ ਬਣਿਆ ਕਿ ਫਿਰ ਉਸ ਨੇ ਕਦੇ ਕੋਈ ਜੰਗ ਨਹੀਂ ਲੜੀ। ਇਹੋ ਸੋਚ ਜੰਗਾਂ ਲੜੇ ਬਿਨਾ ਉਪਜਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿਚ ਵੀ ਕਈ ਲੋਕ ਕਹਿੰਦੇ ਹਨ ਕਿ ਸ਼ਾਂਤੀ ਲਈ ਸਮਰਾਟ ਅਸ਼ੋਕ ਵਾਂਗ ਇੱਕ ਵਾਰ ਜੰਗ ਲੜ ਲੈਣੀ ਚਾਹੀਦੀ ਹੈ, ਪਰ ਏਦਾਂ ਦੀਆਂ ਗੱਲਾਂ ਉਹ ਲੋਕ ਹੀ ਕਰਦੇ ਹਨ, ਜੋ ਕਦੀ ਜੰਗ ਵਿਚ ਨਹੀਂ ਜਾਂਦੇ, ਸਿਰਫ ਪੰਜ-ਸੱਤ ਹਜ਼ਾਰ ਰੁਪਏ 'ਵਾਰ-ਫੰਡ' ਦੇ ਕੇ ਆਪਣੇ ਗਲ 'ਭਾਰਤ ਮਾਤਾ ਕੇ ਸਪੂਤ' ਦੀ ਫੱਟੀ ਤਮਗੇ ਵਾਂਗ ਲਟਕਾਉਣੀ ਲੋਚਦੇ ਹਨ।

ਗੱਲ ਫਿਰ ਉਸੇ ਪਾਸੇ ਮੁੜ ਜਾਂਦੀ ਹੈ, ਜਿੱਥੋਂ ਸ਼ੁਰੂ ਕੀਤੀ ਗਈ ਸੀ। ਦੇਸ਼ਾਂ ਵਿਚਾਲੇ ਲੜਾਈ ਹੋਵੇ ਜਾਂ ਇੱਕੋ ਦੇਸ਼ ਦੀਆਂ ਕੁਝ ਧਿਰਾਂ ਵਿਚਾਲੇ ਕੁਰਸੀਆਂ ਉਤੇ ਕਬਜ਼ੇ ਦਾ ਭੇੜ ਹੋਵੇ, ਧਰਮ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਭਾਰਤ ਦੇ ਲੋਕ ਅੱਜ ਜਦੋਂ ਇੱਕ ਹੋਰ ਲੋਕਤੰਤਰੀ ਜੰਗ ਦੇ ਗਵਾਹ ਬਣਨ ਵਾਲੇ ਹਨ, ਉਸ ਵੇਲੇ ਧਰਮ ਦੀ ਦੁਰਵਰਤੋਂ ਫਿਰ ਸਿਖਰ ਛੋਹਣ ਲੱਗ ਪਈ ਹੈ। ਦੇਸ਼ 'ਤੇ ਰਾਜ ਕਰ ਰਹੀ ਪਾਰਟੀ ਇੱਕ ਖਾਸ ਧਰਮ ਦੀ ਛਤਰੀ ਤਾਣ ਕੇ ਇਸ ਪੜਾਅ ਤੱਕ ਪੁੱਜਣ ਪਿੱਛੋਂ ਇਸ ਫਾਰਮੂਲੇ ਨੂੰ ਲੁਕਮਾਨ ਹਕੀਮ ਦਾ ਨੁਸਖਾ ਮੰਨ ਬੈਠੀ ਹੈ। ਮੰਦਿਰਾਂ ਦੇ ਟੱਲ ਉਹ ਸਿਰਫ ਆਪਣੇ ਲਈ ਖੜਕਦੇ ਸੁਣਨ ਦੀ ਅਜਿਹੀ ਇੱਛਾ ਪਾਲ ਬੈਠੀ ਹੈ ਕਿ ਉਸ ਦਾ ਕੋਈ ਵਿਰੋਧੀ ਆਗੂ ਕਿਸੇ ਮੰਦਿਰ ਆਦਿ ਵੱਲ ਜਾਂਦਾ ਦਿੱਸੇ ਤਾਂ ਉਸ ਦੇ ਵਰਕਰ ਉਥੇ ਵੀ ਬੇਹੂਦਗੀ ਕਰਨ ਜਾ ਪਹੁੰਚਦੇ ਹਨ।

ਦੂਜੀਆਂ ਧਿਰਾਂ ਵੀ ਧਰਮ ਦੀ ਵਰਤੋਂ ਦੀ ਹੱਦ ਤੱਕ ਰੁਕੀਆਂ ਨਹੀਂ, ਇਸ ਦੀ ਦੁਰਵਰਤੋਂ ਦੇ ਪੜਾਅ ਪਾਰ ਕਰਨ ਲੱਗੀਆਂ ਹਨ ਤੇ ਇਹ ਗੱਲ ਭੁਲਾਈ ਪਈ ਹੈ ਕਿ ਅਜਿਹੇ ਮੁਕਾਬਲੇ 'ਚ ਸ਼ਾਮਲ ਭਾਵੇਂ ਕਦੇ ਵੀ ਹੋਇਆ ਜਾ ਸਕਦਾ ਹੈ, ਇਸ ਤੋਂ ਨਿਕਲਣਾ ਮਰਜ਼ੀ ਉਤੇ ਨਿਰਭਰ ਨਹੀਂ ਹੋਇਆ ਕਰਦਾ। ਕਾਂਗਰਸ ਪਾਰਟੀ ਤੇ ਕੁਝ ਹੋਰ ਧਿਰਾਂ ਇਸ ਕੁਰਾਹੇ ਚੱਲ ਰਹੀਆਂ ਹਨ। ਲੋਹਾ ਭਾਵੇਂ ਲੋਹੇ ਨਾਲ ਕੱਟਿਆ ਜਾ ਸਕਦਾ ਹੈ, ਫਿਰਕਪ੍ਰਸਤੀ ਨੂੰ ਫਿਰਕਾਪ੍ਰਸਤੀ ਨਾਲ ਕੱਟਿਆ ਨਹੀਂ ਜਾ ਸਕਦਾ। ਇੱਕ ਤਰ੍ਹਾਂ ਫਿਰਕੂ ਸੋਚ ਦਾ ਪ੍ਰਗਟਾਵਾ ਵੀ ਦੂਜੀ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਉਬਾਲੇ ਖਾਣ ਲਈ ਸੁਖਾਵਾਂ ਮੌਕਾ ਦਿਆ ਕਰਦਾ ਹੈ।

ਭਾਰਤੀ ਜਨਤਾ ਪਾਰਟੀ ਰਾਜਸੀ ਲਾਭ ਲਈ ਧਰਮ ਦੀ ਦੁਰਵਰਤੋਂ ਕਰਨ ਨਾਲ ਤੁਰੀ ਤਾਂ ਉਸ ਦੇ ਵਿਰੋਧ ਵਾਲੀਆਂ ਧਿਰਾਂ ਵਿਚ ਅਕਾਲੀ ਦਲ ਵੀ ਹੁੰਦਾ ਸੀ, ਜਿਸ ਨੇ 'ਸਿੱਖ ਇੱਕ ਵੱਖਰੀ ਕੌਮ' ਦਾ ਨਾਅਰਾ ਦਿੱਤਾ ਤਾਂ ਜਨਤਾ ਪਾਰਟੀ ਵਿਚੋਂ ਨਿਕਲ ਕੇ ਨਵੀਂ ਬਣੀ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਹਜ਼ਮ ਨਹੀਂ ਸੀ ਹੁੰਦਾ। ਅਜੋਕੇ ਦੌਰ ਵਿਚ ਰਾਜਸੀ ਲਾਭ ਲਈ ਦੋਹਾਂ ਧਿਰਾਂ ਦਾ ਇਸ ਹੱਦ ਤੱਕ ਗੰਢ-ਚਿਤਰਾਵਾ ਹੋ ਚੁਕਾ ਹੈ ਕਿ ਭਾਜਪਾ ਦੇ ਹਿੰਦੂਤਵ ਤੋਂ ਅਕਾਲੀ ਆਗੂਆਂ ਨੂੰ ਕਿਸੇ ਵੀ ਤਰ੍ਹਾਂ ਦਾ ਖਤਰਾ ਨਹੀਂ ਭਾਸਦਾ ਤੇ ਕਈ ਵਾਰ ਭਾਜਪਾ ਆਗੂਆਂ ਦੇ ਭਾਸ਼ਣਾਂ ਦੌਰਾਨ ਉਸੇ 'ਸਿੱਖ ਕੌਮ' ਨਾਲ ਹਮਦਰਦੀ ਦਾ ਪ੍ਰਗਟਾਵਾ ਏਦਾਂ ਨਿਕਲਦਾ ਹੈ, ਜਿਵੇਂ ਉਹ ਅਕਾਲੀਆਂ ਤੋਂ ਵੱਡੇ ਸਿੱਖ ਹੋ ਗਏ ਹੋਣ। ਅਕਾਲੀਆਂ ਦੇ ਅਜੋਕੇ ਆਗੂ ਆਪਣੇ ਕਾਰੋਬਾਰ ਤੇ ਸਿਆਸੀ ਲਾਭਾਂ ਲਈ ਭਾਜਪਾ ਤੋਂ ਵੱਡੀ ਹਿੰਦੂਤਵੀ ਧਿਰ ਬਣਨ ਤੱਕ ਚਲੇ ਜਾਂਦੇ ਹਨ, ਪਰ ਜਦੋਂ ਕੁਝ ਗੱਲਾਂ ਵਿਚ ਹਿੱਤਾਂ ਦਾ ਟਕਰਾਅ ਹੁੰਦਾ ਹੈ, ਉਦੋਂ ਥੋੜ੍ਹੀ ਜਿਹੀ ਖਿਝ ਕੱਢ ਲੈਂਦੇ ਹਨ। ਤਖਤ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਧਾਨ ਦੀ ਨਿਯੁਕਤੀ ਬਾਰੇ ਅਕਾਲੀ ਦਲ ਨੇ ਉਸੇ ਮਨਜਿੰਦਰ ਸਿੰਘ ਸਿਰਸਾ ਤੋਂ ਭਾਜਪਾ ਨਾਲ ਗੱਠਜੋੜ ਤੋੜਨ ਵਾਲਾ ਬਿਆਨ ਦਿਵਾਇਆ ਸੀ, ਜੋ ਖੁਦ ਭਾਜਪਾ ਦੇ ਚੋਣ ਨਿਸ਼ਾਨ ਉਤੇ ਜਿੱਤਿਆ ਵਿਧਾਇਕ ਹੈ। ਕੁਝ ਦਿਨ ਲੰਘਣ ਪਿਛੋਂ ਉਸੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਉਸੇ ਤਖਤ ਦਾ ਪ੍ਰਧਾਨ ਯੋਗੀ ਬਾਬਾ ਰਾਮਦੇਵ ਦਾ ਇੱਕ ਚੇਲਾ ਨਿਯੁਕਤ ਕਰ ਦਿੱਤਾ ਤਾਂ ਅਕਾਲੀ 'ਉਸੇ ਤਨਖਾਹ' ਉਤੇ ਭਾਂਡੇ ਮਾਂਜਦੇ ਰਹਿਣਾ ਮੰਨ ਗਏ, ਕਿਉਂਕਿ ਜਿਨ੍ਹਾਂ ਨਿੱਜੀ ਹਿੱਤਾਂ ਲਈ ਟਕਰਾਅ ਹੋਇਆ ਸੀ, ਉਨ੍ਹਾਂ ਬਾਰੇ ਅੰਦਰ-ਖਾਤੇ ਸਮਝੌਤਾ ਹੋ ਚੁਕਾ ਸੀ। ਇਹੋ ਕਾਰਨ ਹੈ ਕਿ ਅੱਜ ਕੱਲ੍ਹ ਹੋਰ ਸਾਰੇ ਰੰਗਾਂ ਦੀਆਂ ਘੱਟ-ਗਿਣਤੀਆਂ ਬਾਰੇ ਫਿਕਰ ਕਰਨਾ ਛੱਡ ਕੇ ਅਕਾਲੀ ਆਗੂ ਰਾਜਸੀ ਗੱਠਜੋੜ ਉਤੇ ਡਟੇ ਹੋਏ ਹਨ।

ਦਿਨ ਹਮੇਸ਼ਾ ਇੱਕੋ ਜਿਹੇ ਨਹੀਂ ਹੁੰਦੇ, ਮੌਸਮ ਬਦਲਿਆ ਤਾਂ ਸਿਧਾਂਤ ਤੋਂ ਸੱਖਣੀ ਤੇ ਰਾਜਸੀ ਲਾਭਾਂ ਲਈ ਵਰਤਣ ਦੀ ਜਿਸ ਨੀਤੀ ਨੇ ਅੱਜ ਸਾਰੇ ਸੰਸਾਰ ਦੇ ਲੋਕਾਂ ਨੂੰ ਚਿਤਵਣੀ ਲਾ ਰੱਖੀ ਹੈ, ਉਹ ਭਾਰਤ ਤੇ ਪੰਜਾਬ ਦੇ ਲੋਕਾਂ ਨੂੰ ਵੀ ਭਵਿੱਖ ਵਿਚ ਮਹਿੰਗੀ ਪੈ ਸਕਦੀ ਹੈ। ਇਸ ਦੇ ਨਤੀਜਿਆਂ ਬਾਰੇ ਜੋ ਲੋਕ ਸੋਚਦੇ ਹਨ, ਉਨ੍ਹਾਂ ਦੀ ਰਾਤਾਂ ਦੀ ਨੀਂਦ ਉਡ ਜਾਂਦੀ ਹੈ, ਪਰ ਜਿਨ੍ਹਾਂ ਨੂੰ ਸੋਚਣਾ ਚਾਹੀਦਾ ਹੈ, ਉਹ ਸਿਰਫ ਤੇ ਸਿਰਫ ਕੁਰਸੀਆਂ ਤੱਕ ਪੁੱਜਣ ਦੇ ਦਾਅ ਸੋਚਦੇ ਹਨ।

# ਭਾਸ਼ਾ ਅਤੇ ਬੋਲਬਾਣੀ

ਭਾਸ਼ਾ ਅਤੇ ਬੋਲਬਾਣੀ ਅਜਿਹਾ ਜ਼ਰੀਆ ਹੈ, ਜਿਸ ਨਾਲ ਅਸੀਂ ਆਪਸ ਵਿਚ ਆਪਣੇ ਮਨੋਭਾਵ ਸਾਂਝੇ ਕਰਦੇ ਹਾਂ; ਕੁਝ ਸਮਝਦੇ ਹਾਂ, ਸਮਝਾਉਂਦੇ ਹਾਂ; ਪੁੱਛਦੇ ਹਾਂ, ਦੱਸਦੇ ਹਾਂ। ਇਸ ਤੋਂ ਵਧੇਰੇ ਢੁਕਵਾਂ, ਫੱਬਵਾਂ ਤੇ ਸਰਲ ਜ਼ਰੀਆ ਹਾਲੇ ਤੱਕ ਹੋਰ ਕੋਈ ਨਹੀਂ ਹੈ। ਬੇਸ਼ੱਕ ਇਸ ਦੀ ਵਰਤੋਂ ਲਈ ਹਰ ਕੋਈ ਆਪਣੇ ਆਪ ਨੂੰ ਯੋਗ ਤੇ ਮਾਹਿਰ ਮੰਨਦਾ ਹੈ, ਪਰ ਬਹੁਤ ਘੱਟ ਲੋਕ ਜਾਣਦੇ ਜਾਂ ਸਮਝਦੇ ਹਨ ਕਿ ਅਸੀਂ ਭਾਸ਼ਾ ਦੀ ਵਰਤੋਂ ਕਰਦਿਆਂ ਇਸ ਦੀ ਕੁਵਰਤੋਂ ਜਾਂ ਦੁਰਵਰਤੋਂ ਵੀ ਕਰਦੇ ਹਾਂ।

ਕਈ ਵਾਰ ਸਾਡੀ ਮਨਸ਼ਾ ਕਿਸੇ ਨੂੰ ਨੇੜੇ ਲਿਆਉਣ ਦੀ ਹੁੰਦੀ ਹੈ, ਪਰ ਅਸੀਂ ਬੋਲ ਅਜਿਹੇ ਬੋਲ ਬੈਠਦੇ ਹਾਂ ਕਿ ਉਨ੍ਹਾਂ ਨੂੰ ਨੇੜੇ ਦੀ ਥਾਂ ਦੂਰ ਕਰ ਦਿੰਦੇ ਹਾਂ; ਪਿਆਰ ਦੀ ਥਾਂ ਨਫਰਤ ਵਧਾ ਲੈਂਦੇ ਹਾਂ; ਅੰਮ੍ਰਿਤ ਦੀ ਥਾਂ ਜ਼ਹਿਰ ਘੋਲ ਬੈਠਦੇ ਹਾਂ; ਜਿਸ ਦਾ ਖਮਿਆਜ਼ਾ ਸਾਲ ਨਹੀਂ, ਸਦੀਆਂ ਭੁਗਤਦੀਆਂ ਹਨ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਦੋਸਤਾਂ ਦੇ ਆਪਸੀ ਬੋਲ-ਕੁਬੋਲ ਉਨ੍ਹਾਂ ਦੀ ਦੋਸਤੀ ਨੂੰ ਹੰਢਾਉਣੇ ਅਤੇ ਸਹਿਣੇ ਪੈਂਦੇ ਹਨ। ਪਰਿਵਾਰਕ ਜੀਆਂ ਦੇ ਆਪਸੀ ਬੋਲ ਪਰਿਵਾਰ ਤੋੜ ਦਿੰਦੇ ਹਨ। ਕਈ ਵਾਰ ਦੇਸ਼ ਵੀ ਇਸੇ ਗੱਲੋਂ ਟੁਕੜੇ ਟੁਕੜੇ ਹੋ ਜਾਂਦੇ ਹਨ ਕਿ ਸਾਡੇ ਲੋਕ ਸਹੀ ਭਾਸ਼ਾ ਦਾ ਇਸਤੇਮਾਲ ਕਰਨੋਂ ਉਕ ਜਾਂਦੇ ਹਨ। ਹਰ ਸਮਾਜ ਵਿਚਲੀ ਕੁਝਿਤਣ ਬੋਲਾਂ ਦੀ ਦੁਰਵਰਤੋਂ ਦਾ ਨਤੀਜਾ ਹੁੰਦੀ ਹੈ।

ਕਹਿੰਦੇ ਹਨ, ਹਿੰਦੋਸਤਾਨ ਦੀ ਵੰਡ ਦਾ ਵੱਡਾ ਕਾਰਨ ਸਾਡੇ ਵੱਡੇ ਆਗੂ ਮਰਮੀ ਨੀਤਗ ਪੰਡਿਤ ਨਹਿਰੂ ਦਾ ਇੱਕ ਬੋਲ ਹੀ ਸੀ, ਜਿਸ ਵਿਚ ਉਨ੍ਹਾਂ ਨੇ ਸਹਿਵਨ ਹੀ ਆਖ ਦਿੱਤਾ ਸੀ ਕਿ ਆਜ਼ਾਦ ਭਾਰਤ ਦੇ ਫੈਸਲੇ ਬਹੁਸੰਮਤੀ ਨਾਲ ਹੋਣਗੇ। ਬਹੁਸੰਮਤੀ ਦਾ ਅਰਥ ਸਿਰਾਂ ਦੀ ਵਰਤੋਂ ਨਹੀਂ, ਗਿਣਤੀ ਹੁੰਦਾ ਹੈ। ਜਿਨਾਹ ਸਮਝ ਗਏ ਕਿ ਗਿਣਤੀ ਦੇ ਚੱਕਰ 'ਚ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਵੇਗਾ; ਉਹ ਬਹੁਸੰਮਤੀ ਦੇ ਚੱਕਰ ਵਿਚ ਬਹੁਗਿਣਤੀ ਦੇ ਮੁਥਾਜ ਬਣ ਕੇ ਰਹਿ ਜਾਣਗੇ। ਉਸ ਵੇਲੇ ਦੇ ਸਿੱਖ ਲੀਡਰ 'ਬਹੁਸੰਮਤੀ' ਦਾ ਗੁਹਜ-ਭਾਵ ਸਮਝਣ ਤੋਂ ਅਸਮਰੱਥ ਰਹੇ ਤੇ ਅੱਜ ਤੱਕ ਹਨ: ਖੁਧਿਆਵੰਤੁ ਨ ਜਾਣਈ ਲਾਜ ਕੁਲਾਜ॥

ਸਿੱਖਾਂ ਨੂੰ ਖੁਧਿਆਵੰਤੁ ਕਹਿਣਾ ਸ਼ਾਇਦ ਕਿਸੇ ਨੂੰ ਨਾ ਜਚੇ ਜਾਂ ਰਾਸ ਨਾ ਆਵੇ; ਪਰ ਇਹ ਹੈ ਸੱਚ। ਭੁੱਖ ਦੇ ਮਾਰੇ ਅਸੀਂ ਗੁਰੂ ਨੂੰ ਬੇਦਾਵਾ ਦੇ ਆਏ ਸਾਂ। ਗੁਰੂ ਸਾਹਿਬਾਨ ਨੇ ਕਦੇ ਕਿਸੇ ਸਰਕਾਰ ਤੋਂ ਮਦਦ ਨਹੀਂ ਸੀ ਮੰਗੀ ਤੇ ਨਾ ਸਵੀਕਾਰ ਕੀਤੀ ਸੀ; ਪਰ ਅਸੀਂ ਸਰਕਾਰੀ ਜਗੀਰਾਂ ਲੈ ਲੈ ਵੱਡੇ ਜਗੀਰਦਾਰ ਬਣ ਬੈਠੇ। ਅਸੀਂ ਇਹ ਭੁੱਲ ਗਏ ਕਿ ਜਗੀਰਦਾਰਾਂ ਕੋਲ ਹੋਰ ਸਭ ਕੁਝ ਹੁੰਦਾ ਹੈ, ਜੇ ਨਹੀਂ ਹੁੰਦੀ, ਸਿਰਫ ਜ਼ਮੀਰ ਨਹੀਂ ਹੁੰਦੀ। ਜਗੀਰ ਤੇ ਜ਼ਮੀਰ ਦਾ ਇੱਟ ਕੁੱਤੇ ਦਾ ਵੈਰ ਹੈ।

ਜਗੀਰਦਾਰੀ ਪ੍ਰਥਾ ਦਾ ਬੇਸ਼ੱਕ ਭੋਗ ਪੈ ਚੁਕਾ ਹੈ, ਪਰ ਇਹ ਜਿਮੀਂਦਾਰੀ ਦੇ ਲਿਬਾਸ ਵਿਚ ਹਾਲੇ ਵੀ ਸਾਹ ਲੈ ਰਹੀ ਹੈ। ਜਗੀਰਦਾਰੀ ਅਤੇ ਜਿਮੀਂਦਾਰੀ ਨੂੰ ਜ਼ਮੀਰ ਦਾ ਇੱਕ ਝੂਠਾ ਜਿਹਾ ਪੜੁੱਲ ਬੰਨ੍ਹ ਕੇ ਰੱਖਣਾ ਪੈਂਦਾ ਹੈ, ਜਿਸ ਦੇ ਹੇਠ ਸੱਚਮੁਚ ਦਾ ਕੁਝ ਵੀ ਨਹੀਂ ਹੁੰਦਾ। ਜਗੀਰਦਾਰੀ ਜਾਂ ਜਿਮੀਂਦਾਰਾ ਜ਼ਮੀਰ ਦੇ ਜੇ ਸਾਖਸ਼ਾਤ ਦਰਸ਼ਨ ਕਰਨੇ ਹੋਣ ਤਾਂ ਟਰੈਕਟਰਾਂ 'ਤੇ ਵੱਜਦੇ ਪੰਜਾਬੀ ਗੀਤ ਸੁਣੇ ਜਾ ਸਕਦੇ ਹਨ। ਜਾਂ ਫਿਰ ਅਖਬਾਰਾਂ 'ਚ ਛਪਦੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਖਬਰਾਂ ਪੜ੍ਹੀਆਂ ਜਾ ਸਕਦੀਆਂ ਹਨ। ਸੱਚ ਇਹ ਹੈ ਕਿ ਸੱਚੀ ਜ਼ਮੀਰ ਹੌਸਲਾ ਬੁਲੰਦ ਕਰਦੀ ਹੈ ਤੇ ਜ਼ਮੀਰ ਦਾ ਝੂਠਾ ਪੜੁੱਲ ਖੁਦਕੁਸ਼ੀ ਵੱਲ ਤੋਰਦਾ ਹੈ।

ਸਾਡੇ ਆਦਿ ਬਾਣੀਕਾਰ ਬਾਬਾ ਫਰੀਦ ਜੀ ਨੇ ਆਖਿਆ ਸੀ, "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥" ਪਰ ਅਸੀਂ ਵਾਹਿਗੁਰੂ ਤੋਂ ਪਰਾਏ ਬਾਰ ਦਾ ਬੈਸਣਾ ਨਿੱਤ ਅਰਦਾਸਾਂ ਕਰ ਕਰ ਮੰਗਦੇ ਹਾਂ। ਇਹ ਹੈ ਸਾਡਾ ਸਿਦਕ ਤੇ ਇਹ ਹੈ ਸਾਡੀ ਜ਼ਮੀਰ, "ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥" ਵਿਤੋਂ ਬਾਹਰੇ ਭੋਖੜੇ ਲਈ ਅਸੀਂ ਕੀ ਕੀ ਨਹੀਂ ਕਰ ਗੁਜ਼ਰੇ!

ਗੱਲ ਭਾਸ਼ਾ ਦੀ ਹੋ ਰਹੀ ਸੀ। ਅਖਾਣ ਹੈ, ਤਲਵਾਰਾਂ ਦੇ ਫੱਟ ਮਿਟ ਜਾਂਦੇ ਹਨ, ਚੰਦਰੇ ਬੋਲਾਂ ਦੇ ਫੱਟ ਨਹੀਂ ਮਿਟਦੇ। ਇਸੇ ਲਈ ਕਿਹਾ ਜਾਂਦਾ ਹੈ ਕਿ ਪਹਿਲਾਂ ਤੋਲੋ ਫਿਰ ਬੋਲੋ।

ਸਾਡੇ ਇਤਿਹਾਸ ਮਿਥਿਹਾਸ ਗਵਾਹ ਹਨ ਕਿ ਕਿਵੇਂ ਕਿਸੇ ਦੇ ਚੰਦਰੇ ਬੋਲ ਸੱਭਿਅਤਾਵਾਂ ਦੇ ਖਾਤਮੇ ਦੇ ਨੀਂਹ ਪੱਥਰ ਸਾਬਤ ਹੁੰਦੇ ਹਨ। ਫਿਰ ਉਦਰੇਵਾਂ, ਝੁਰੇਵਾਂ ਤੇ ਪਛਤਾਵਾ ਉਸ ਖਾਤਮੇ ਦਾ ਸਦੀਆਂ ਭਰ ਉਦਘਾਟਨ ਕਰਦਾ ਹੈ। ਅਸੀਂ ਪੰਜਾਬੀ ਅਜਿਹੇ ਹੀ ਕਿਸੇ ਸਮਾਪਤੀ ਦੇ ਉਦਘਾਟਨ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ।

ਸੋਚਣ ਵਾਲੀ ਗੱਲ ਹੈ ਕਿ ਸਾਡੇ ਸਮਾਜਕ ਸੱਭਿਆਚਾਰ ਵਿਚ ਮਿੱਤਰ ਆਪਸ ਵਿਚ ਖੇਡਦੇ ਹਨ ਤੇ ਦੁਸ਼ਮਣ ਲੜਦੇ ਹਨ। ਖੇਡ ਵਿਚ ਖਿਡਾਉਣੇ ਹੁੰਦੇ ਹਨ ਤੇ ਜੰਗ ਵਿਚ ਹਥਿਆਰ। ਖੇਡ ਦੀ ਭਾਸ਼ਾ ਵੀ ਪ੍ਰੇਮ ਵਧਾਊ ਹੁੰਦੀ ਹੈ, ਜਦਕਿ ਜੰਗ ਦੀ ਭਾਸ਼ਾ ਜੰਗੀ ਹਥਿਆਰਾਂ ਤੋਂ ਵੀ ਵੱਧ ਹਿੱਕ ਚੀਰਵੀਂ ਤੇ ਦਿਲ ਸਾੜਵੀਂ ਹੁੰਦੀ ਹੈ। ਖੇਡ ਦੇ ਬੋਲ ਕੰਨਾਂ ਵਿਚ ਗਹਿਣਿਆਂ ਵਾਂਗ ਛਣਕਦੇ ਰੂਹਾਂ ਨਸ਼ਿਆ ਜਾਂਦੇ ਹਨ, ਜਦਕਿ ਜੰਗ ਦੇ ਬੋਲ ਸੁੱਚੇ ਹਿਰਦਿਆਂ ਨੂੰ ਛਲਣੀ ਛਲਣੀ ਕਰਕੇ, ਸਾੜ ਕੇ ਸੁਆਹ ਕਰ ਦਿੰਦੇ ਹਨ।

ਖੇਡ ਦਾ ਮਕਸਦ ਮਨ-ਪਰਚਾਵਾ ਹੁੰਦਾ ਹੈ ਤੇ ਨਾਲ ਨਾਲ ਤੰਦਰੁਸਤੀ। ਕਿਸੇ ਵੀ ਖੇਡ ਵਿਚ ਹਿੱਸਾ ਲੈਣ ਵਾਲਿਆਂ ਦਾ ਮਨ-ਪਰਚਾਵਾ ਵੀ ਹੁੰਦਾ ਹੈ ਤੇ ਤੰਦਰੁਸਤੀ ਵੀ ਹਾਸਲ ਹੁੰਦੀ ਹੈ। ਖੇਡ ਦੇ ਦਰਸ਼ਕਾਂ ਦਾ ਮਨ-ਪਰਚਾਵਾ ਤਾਂ ਹੁੰਦਾ ਹੀ ਹੈ, ਜੋ ਟੇਢੇ ਢੰਗ ਨਾਲ ਤੰਦਰੁਸਤੀ ਦਾ ਜ਼ਾਮਨ ਵੀ ਬਣਦਾ ਹੈ। ਹਾਰ-ਜਿੱਤ ਕਿਸੇ ਵੀ ਖੇਡ ਦਾ ਲਾਜ਼ਮੀ ਅਸੂਲ ਨਹੀਂ ਹੈ। ਪਰ ਅਸੀਂ ਹਾਰ-ਜਿੱਤ ਨੂੰ ਹੀ ਖੇਡ ਦਾ ਇੱਕੋ ਇੱਕ ਉਦੇਸ਼ ਬਣਾ ਲਿਆ ਹੈ। ਅਸੀਂ ਖੇਡ ਦਾ ਸਮਾਂ ਉਦੋਂ ਤੱਕ ਵਧਾਉਂਦੇ ਰਹਿੰਦੇ ਹਾਂ, ਜਦ ਤੱਕ ਜਿੱਤ-ਹਾਰ ਦਾ ਫੈਸਲਾ ਨਹੀਂ ਹੁੰਦਾ। ਮੈਂ ਕਿਤੇ ਪੜ੍ਹਿਆ ਹੈ ਕਿ ਖਡੂਰ ਸਾਹਿਬ ਵਿਖੇ ਦੂਜੇ ਪਾਤਸ਼ਾਹ ਉਦੋਂ ਵਧੇਰੇ ਖੁਸ਼ ਹੁੰਦੇ ਸਨ, ਜਦੋਂ ਦੋ ਭਲਵਾਨ ਬਰਾਬਰ ਰਹਿੰਦੇ ਸਨ; ਹਾਰ-ਜਿੱਤ ਤੋਂ ਉਹ ਖੁਸ਼ ਨਹੀਂ ਸਨ ਹੁੰਦੇ। ਦਰਅਸਲ ਹਾਰ-ਜਿੱਤ ਖੇਡ ਦੀ ਬੋਲਬਾਣੀ ਨਹੀਂ ਹੈ।

ਅਸੀਂ ਜੰਗ ਦੀ ਬੋਲਬਾਣੀ ਖੇਡ ਵਿਚ ਲੈ ਆਂਦੀ ਹੈ। ਹੁਣ ਅਸੀਂ ਇਸ ਤੋਂ ਵੀ ਬਹੁਤ ਅੱਗੇ ਨਿਕਲ ਚੁਕੇ ਹਾਂ। ਘੋਗਾ ਚਿੱਤ ਕਰਨਾ, ਮੱਕੂ ਠੱਪ ਦੇਣਾ, ਲੋਹੇ ਦੇ ਚਨੇ ਚਬਾ ਦੇਣ ਜਿਹੇ ਮੁਹਾਵਰੇ ਹੁਣ ਖੇਡ ਦੀ ਬੋਲਬਾਣੀ ਵਿਚ ਦਾਖਲ ਹੋ ਗਏ ਹਨ।

ਸਾਡੀ ਮਾਂ ਖੇਡ ਕਬੱਡੀ ਦਾ ਹਾਲ ਇਸ ਤੋਂ ਵੀ ਬਦਤਰ ਹੈ। 'ਕੁੰਡੀਆਂ ਦੇ ਸਿੰਗ ਫਸ ਗਏ', 'ਕੋਈ ਨਿੱਤਰੂ ਵੜੇਵੇਂ ਖਾਣੀ' ਅਤੇ 'ਘੋਗਾ ਚਿੱਤ ਕਰ ਦਿੱਤਾ' ਜਿਹੀ ਡੰਗਰ ਭਾਸ਼ਾ ਦਾ ਇਸਤੇਮਾਲ ਸਾਡੇ ਕੌਡ ਕਬੱਡੀ ਦੇ ਮਹਾਂਰਥੀ ਕਰਦੇ ਸੁਣੇ ਜਾਂਦੇ ਹਨ। ਕਿਸੇ ਬਾਹਰਲੇ ਮੁਲਕ ਦੀ ਭਾਰੇ ਸਰੀਰ ਵਾਲੀ ਖਿਡਾਰਨ ਨੂੰ ਵਾਰ ਵਾਰ 'ਮੋਟੋ' ਕਹਿੰਦਿਆਂ ਸਾਡੇ ਕੁਮੈਂਟੇਟਰ ਨੂੰ ਰੱਤੀ ਭਰ ਸ਼ਰਮ ਮਹਿਸੂਸ ਨਹੀਂ ਸੀ ਹੁੰਦੀ। ਖੇਡ-ਸੰਚਾਲਨ ਵਿਚ "ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਲਖਤੇ ਜਿਗਰ ਸਰਦਾਰ ਸੁਖਬੀਰ ਸਿੰਘ ਬਾਦਲ" ਦਾ 'ਸੰਪਟ' ਖੇਡ ਦੇ ਅਸਲ ਮਨਸੂਬੇ ਜੱਗ ਜਾਹਰ ਕਰ ਰਿਹਾ ਸੀ।

ਸਿਰੇ ਦਾ ਸੌੜਾਪਨ ਸਾਡੇ ਲਈ ਇੰਟਰਨੈਸ਼ਨਲ ਹੋਣਾ ਹੈ; ਸੁਤੰਤਰਤਾ ਦਾ ਅਰਥ ਪੰਜਾਬ ਨੂੰ ਹੋਰ ਛੋਟਾ ਕਰਨਾ ਹੈ; 'ਸਿੱਖ ਪਛਾਣ' ਦੇ ਮਸਲੇ ਦਾ ਮੰਤਵ ਸਿੱਖਾਂ ਨੂੰ ਸਿੱਖੀ 'ਚੋਂ ਖਾਰਜ ਕਰਨਾ ਹੈ; ਪੰਥ ਨੂੰ ਖਤਰੇ ਦਾ ਭਾਵ ਅਕਾਲੀ ਦਲ ਨੂੰ ਵੋਟਾਂ ਪਾਉਣਾ ਹੈ। ਜਿਵੇਂ ਸੰਤਾਲੀ ਵਾਲੀ ਆਜ਼ਾਦੀ ਦਾ ਅਰਥ ਸਾਡੇ ਲਈ ਮੁਸਲਮਾਨਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਸੀ, ਹੁਣ ਅਤੇ ਹੋਣ ਵਾਲੇ ਦੱਸੇ ਜਾ ਰਹੇ ਰੈਫਰੰਡਮ ਦਾ ਮਰਮ ਤੁਸੀਂ ਖੁਦ ਸਮਝੋ। ਸਮਝ ਨਹੀਂ ਆ ਰਹੀ ਕਿ ਅਸੀਂ ਜਾ ਕਿਧਰ ਨੂੰ ਰਹੇ ਹਾਂ, ਅੱਗੇ ਨੂੰ ਕਿ ਪਿੱਛੇ ਨੂੰ!

ਸਤੀਆਂ ਤਾਂ ਪਤੀਆਂ ਦੀ ਚਿਖਾ 'ਚ ਸੜ ਕੇ ਮਰਦੀਆਂ ਸਨ। ਹੁਣ ਅਸੀਂ ਉਨ੍ਹਾਂ ਨੂੰ ਪਤੀਆਂ ਤੱਕ ਪੁੱਜਣ ਹੀ ਨਹੀਂ ਦਿੰਦੇ, ਕੁੱਖ 'ਚ ਹੀ ਮਾਰ ਦਿੰਦੇ ਹਾਂ। ਇਹ ਗੱਲ ਕਿਸੇ ਐਰੇ-ਗੈਰੇ ਤੱਕ ਸੀਮਤ ਨਹੀਂ, ਸਗੋਂ ਸਾਡੀ ਇੱਕ ਮਹਾਂ-ਇਸਤਰੀ ਇਸ ਦੋਸ਼ ਵਿਚ ਜੇਲ੍ਹ ਦੀ ਹਵਾ ਫੱਕ ਫੁੱਕ ਕੇ ਲੱਡੂ ਵੰਡਦੀ ਬਾਹਰ ਆ ਚੁਕੀ ਹੈ। ਅਕਾਲ ਤਖਤ ਦੀ ਆਸਥਾ ਅਤੇ ਮਰਿਆਦਾ ਨੂੰ ਅਸੀਂ ਹਊਏ ਅਤੇ ਧਮਕੀ ਬਣਾ ਲਿਆ ਹੈ। ਅਸੀਂ ਹਾਲੇ ਵੀ ਗੁਰੂ ਦਾ 'ਖਾਸ ਰੂਪ' ਅਰਥਾਤ ਖਾਲਸੇ ਹਾਂ।

ਸਾਡੇ ਰਾਜਸੀ ਦਲਾਂ ਨੇ ਸਮਾਜ ਦੇ ਹਰ ਵਿਹਾਰ ਵਿਚ ਜੰਗ ਦੀ ਭਾਸ਼ਾ ਵਾੜ ਦਿੱਤੀ ਹੈ। ਖੇਡਾਂ ਦੀ ਕੁਮੈਂਟਰੀ ਸੁਣਦਿਆਂ ਲੱਗਦਾ ਹੈ ਜਿਵੇਂ ਜੰਗ ਦੀਆਂ ਖਬਰਾਂ ਸੁਣ ਰਹੇ ਹੋਈਏ। ਜਿਵੇਂ ਖਿਡਾਰੀ ਆਪਣੇ ਵਿਰੋਧੀਆਂ ਦੇ ਖੂਨ ਦੇ ਪਿਆਸੇ ਹੋਣ। ਹੁਣ ਜੰਗ ਦੀ ਭਾਸ਼ਾ ਦੀ ਵਰਤੋ ਚੋਣਾਂ ਵਿਚ ਵੀ ਹੋਣ ਲੱਗ ਪਈ ਹੈ। ਚੋਣ ਹਲਕੇ ਨੂੰ ਮੈਦਾਨ ਕਹਿੰਦੇ ਕਹਿੰਦੇ ਹੁਣ ਅਸੀਂ ਚੋਣਾਂ ਨੂੰ ਦੰਗਲ ਕਹਿਣ ਲੱਗ ਪਏ ਹਾਂ। ਚੋਣਾਂ ਦੇ ਅਰੰਭ ਨੂੰ ਚੋਣ ਬਿਗਲ ਵੱਜ ਗਿਆ ਕਹਿੰਦੇ ਹਾਂ, ਜਦਕਿ ਬਿਗਲ ਜੰਗ ਵਿਚ ਵੱਜਦਾ ਹੈ ਤੇ ਜੰਗ ਦੁਸ਼ਮਣ ਨਾਲ ਹੁੰਦੀ ਹੈ। ਪਿਛਲੇ ਦਿਨੀਂ ਸਾਡੇ ਟੀ. ਵੀ. ਐਂਕਰ ਗੁਆਂਢੀ ਮੁਲਕ ਨੂੰ ਕਿੱਲ੍ਹ ਕਿੱਲ੍ਹ ਕੇ ਦੁਸ਼ਮਣ ਦੇਸ਼ ਆਖ ਬਲਦੀ 'ਤੇ ਤੇਲ ਪਾ ਰਹੇ ਸਨ। ਨੀਤੀ ਮੰਗ ਕਰਦੀ ਹੈ ਕਿ ਕਮ ਸੇ ਕਮ ਬੋਲਬਾਣੀ ਵਿਚ ਦੁਸ਼ਮਣ ਨੂੰ ਮਿੱਤਰ ਕਹੋ। ਪਰ, ਸਾਡੇ ਨੀਤੀਵਾਨ ਆਪਣੇ ਅੰਗ ਨੂੰ ਹੀ ਦੁਸ਼ਮਣ ਕਹਿਣ ਨੂੰ ਕੂਟਨੀਤੀ ਸਮਝਦੇ ਹਨ।

ਨੀਝ ਨਾਲ ਦੇਖਿਆ ਜਾਵੇ ਤਾਂ ਸਾਡੇ ਕਰੀਬੀ ਰਿਸ਼ਤਿਆਂ ਵਿਚ ਪਈ ਤ੍ਰੇੜ ਦਾ ਕਾਰਨ ਸਾਡੀ ਬੋਲਬਾਣੀ ਹੁੰਦੀ ਹੈ। ਲਫਜ਼ਾਂ ਦੀ ਚੋਣ ਅਤੇ ਵਰਤੋਂ ਵਿਚ ਅਸੀਂ ਅਕਸਰ ਗਲਤੀ ਕਰ ਜਾਂਦੇ ਹਾਂ। ਪਿਛੋਂ ਸਾਨੂੰ ਕਹਿਣਾ ਪੈਂਦਾ ਹੈ, 'ਮੇਰਾ ਇਹ ਮਤਲਬ ਨਹੀਂ ਸੀ।'

ਚਾਹੀਦਾ ਇਹ ਹੈ ਕਿ ਜੰਗ ਵਿਚ ਵੀ ਖੇਡ ਦੀ ਭਾਸ਼ਾ ਵਰਤੀ ਜਾਵੇ। ਕਮ ਸੇ ਕਮ ਚੋਣਾਂ ਵਿਚ ਤਾਂ ਅਸੀਂ ਖੇਡਾਂ ਵਾਲੀ ਬੋਲਬਾਣੀ ਵਰਤ ਹੀ ਸਕਦੇ ਹਾਂ। ਦੇਸ਼ ਦੀ ਵਾਗਡੋਰ ਸਾਂਭਣ ਦੀ ਦੌੜ ਵਿਚ ਸ਼ਾਮਲ ਇੱਕ ਦੂਜੇ ਦੇ ਦੁਸ਼ਮਣ ਨਹੀਂ ਹੁੰਦੇ, ਮਿੱਤਰ ਹੋ ਸਕਦੇ ਹਨ। ਜੇ ਰਾਜ ਭਾਗ ਸੱਚਮੁੱਚ ਦੀ ਸੇਵਾ ਹੈ ਤਾਂ ਇਸ ਸੇਵਾ ਦੇ ਭਾਗੀਦਾਰ ਅਤੇ ਚਾਹਵਾਨ ਭੈਣ-ਭਾਈ ਵੀ ਤਾਂ ਹੋ ਹੀ ਸਕਦੇ ਹਨ।

ਖਡੂਰ ਸਾਹਿਬ ਵਿਖੇ ਭਾਈ ਬਲਦੀਪ ਸਿੰਘ ਨੇ ਪਹਿਲੀ ਵਾਰ ਅਜਿਹਾ ਸ਼ੁੱਭ ਸੰਕੇਤ ਕੀਤਾ ਸੀ, ਜਦ ਉਨ੍ਹਾਂ ਕਿਹਾ, 'ਮੈਂ ਚੋਣ ਲੜਨ ਨਹੀਂ, ਖੇਲਣ ਆਇਆ ਹਾਂ।' ਦੁਸ਼ਟ ਅਤੇ ਰੋਂਡੀ ਮਾਨਸਿਕਤਾ ਖੇਲ ਨੂੰ ਵੀ ਲੜਾਈ ਅਨੁਮਾਨ ਲੈਂਦੀ ਹੈ; ਪਰ ਸਾਫ ਦਿਲ ਅਤੇ ਨੇਕ ਰੂਹਾਂ ਲੜਨ ਨੂੰ ਵੀ ਖੇਡ ਸਮਝਦੀਆਂ ਹਨ, 'ਪ੍ਰੇਮ ਖੇਲਣ ਕਾ ਚਾਉ॥'

ਕਿੰਨਾ ਚੰਗਾ ਹੁੰਦਾ ਜੇ ਅਸੀਂ ਉਸ ਦੀ ਗੱਲ ਦਾ ਮੁੱਲ ਪਾਇਆ ਹੁੰਦਾ ਤੇ ਉਸ ਨੂੰ ਗਲ ਲਾਇਆ ਹੁੰਦਾ। ਪਰ ਕਿੱਥੇ! ਸਾਨੂੰ ਤਾਂ ਚੋਣਾਂ ਵਿਚ ਕੁੱਤੇ-ਬਿੱਲੇ ਚਾਹੀਦੇ ਹਨ, ਜੋ ਸਾਨੂੰ ਨਿੱਤ 'ਬਊ ਬਊ' ਕਰਨ, ਵੱਢ ਵੱਢ ਪੈਣ ਅਤੇ ਖਾਣ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਮਾਰਚ 2019*

## ਲੋਕ-ਲੁਭਾਊਣੀ ਸਿਆਸਤ ਦੇ ਪੇਚੇ

ਇਸ ਵੇਲੇ ਭਾਰਤ ਵਿਚ ਚੋਣਾਂ ਦਾ ਮੌਸਮ ਚੱਲ ਰਿਹਾ ਹੈ। ਹਰ ਪਾਰਟੀ ਅਤੇ ਆਗੂ ਨੇ ਇਨ੍ਹਾਂ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਟਿੱਲ ਲਾ ਦਿੱਤਾ ਹੋਇਆ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਗਰੀਬ ਪਰਿਵਾਰਾਂ ਲਈ ਸਾਲਾਨਾ 72 ਹਜ਼ਾਰ ਰੁਪਏ ਦਾ ਪ੍ਰਬੰਧ ਕਰਨ ਦਾ ਵਾਅਦਾ ਕੀਤਾ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਨਾਲ ਪੰਜ ਕਰੋੜ ਪਰਿਵਾਰਾਂ, ਭਾਵ 25 ਕਰੋੜ ਲੋਕਾਂ ਨੂੰ ਫਾਇਦਾ ਹੋਵੇਗਾ। ਨਾਲ ਹੀ ਇਸ ਨੂੰ ਭਾਰਤ ਵਿਚ ਗਰੀਬੀ ਉਤੇ ਆਖਰੀ ਹੱਲਾ ਕਰਾਰ ਦਿੱਤਾ ਗਿਆ ਹੈ। ਕਰੀਬ ਅੱਧੀ ਸਦੀ ਪਹਿਲਾਂ ਕਾਂਗਰਸ ਨੇ 1971 ਵਿਚ ਵੀ 'ਗਰੀਬੀ ਹਟਾਓ' ਦਾ ਨਆਰਾ ਦਿੱਤਾ ਸੀ। ਤੱਥ ਬੋਲਦੇ ਹਨ ਕਿ ਉਦੋਂ ਗਰੀਬੀ ਨਹੀਂ ਸੀ ਹਟੀ; ਹਾਂ, ਅੰਕੜਿਆਂ ਦਾ ਹੇਰ-ਫੇਰ ਜ਼ਰੂਰ ਹੋ ਗਿਆ ਸੀ। ਅੰਕੜਿਆਂ ਦਾ ਇਹ ਹੇਰ-ਫੇਰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਵੀ ਕੀਤਾ ਸੀ। ਉਸ ਵਕਤ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਸਨ ਅਤੇ ਉਨ੍ਹਾਂ ਮੁਲਕ ਵਿਚੋਂ ਗਰੀਬੀ ਦੇ ਖਾਤਮੇ ਲਈ ਗਰੀਬੀ ਰੇਖਾ ਤੋਂ ਹੇਠਾਂ ਵੱਸਦੇ ਲੋਕਾਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਸੀ। ਉਦੋਂ ਤੈਅ ਕੀਤਾ ਗਿਆ ਕਿ ਪਿੰਡਾਂ ਵਿਚ ਜਿਹੜਾ ਬੰਦਾ ਇਕ ਦਿਨ ਵਿਚ 27 ਰੁਪਏ ਅਤੇ ਸ਼ਹਿਰਾਂ ਵਿਚ 33 ਰੁਪਏ ਕਮਾਉਂਦਾ ਹੈ, ਉਹ ਗਰੀਬੀ ਰੇਖਾ ਤੋਂ ਹੇਠਾਂ ਨਹੀਂ ਆਉਂਦਾ। ਇਉਂ ਸਰਕਾਰ ਨੇ ਕੁਝ ਵੀ ਕੀਤੇ ਬਗੈਰ ਰਾਤੋ-ਰਾਤ ਗਰੀਬੀ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਘਟਾ ਦਿੱਤੀ ਸੀ। ਉਸ ਵਕਤ ਸਰਕਾਰ ਦੇ ਇਸ ਫੈਸਲੇ ਦਾ ਤਿੱਖਾ ਵਿਰੋਧ ਹੋਇਆ ਸੀ ਅਤੇ ਸਰਕਾਰ ਨੂੰ ਆਪਣੇ ਇਸ ਫੈਸਲੇ ਵਿਚ ਸੋਧ ਕਰਨੀ ਪਈ ਸੀ ਪਰ ਇਸ ਤੋਂ ਭਾਰਤ ਦੇ ਹੁਕਮਰਾਨਾਂ ਦੀ ਆਮ ਲੋਕਾਂ ਪ੍ਰਤੀ ਪਹੁੰਚ ਜੱਗ ਜ਼ਾਹਰ ਹੋ ਗਈ ਸੀ।

ਕਾਂਗਰਸ ਦੇ ਹਾਲੀਆ ਐਲਾਨ ਨੂੰ ਸਿਆਸੀ ਮਾਹਿਰਾਂ ਨੇ ਚੋਣ ਸਿਆਸਤ ਨਾਲ ਜੋੜਿਆ ਹੈ। ਕੁਝ ਭਾਜਪਾ ਪੱਖੀਆਂ ਨੇ ਇਸ ਦੀ ਨੁਕਤਾਚੀਨੀ ਵੀ ਕੀਤੀ ਹੈ। ਇਸ ਸਬੰਧੀ ਸਭ ਤੋਂ ਵਧੇਰੇ ਚਰਚਾ ਨੀਤੀ ਆਯੋਗ ਦੇ ਡਿਪਟੀ ਚੇਅਰਮੈਨ ਰਾਜੀਵ ਕੁਮਾਰ ਦੇ ਬਿਆਨ ਦੀ ਹੋਈ ਹੈ, ਉਸ ਨੂੰ ਚੋਣ ਕਮਿਸ਼ਨ ਦਾ ਨੋਟਿਸ ਵੀ ਜਾਰੀ ਹੋਇਆ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਨੀਤੀ ਆਯੋਗ ਦਾ ਡਿਪਟੀ ਚੇਅਰਮੈਨ ਕਿਉਂਕਿ ਨੌਕਰਸ਼ਾਹ ਹੈ, ਇਸ ਲਈ ਉਸ ਨੂੰ ਸਿਆਸਤ ਦੇ ਹਿਸਾਬ ਨਾਲ ਬਿਆਨ ਦੇਣ ਦਾ ਕੋਈ ਹੱਕ ਨਹੀਂ ਹੈ। ਰਾਜੀਵ ਕੁਮਾਰ ਨੇ ਕਾਂਗਰਸ ਦੇ ਐਲਾਨ ਤੋਂ ਤੁਰੰਤ ਬਾਅਦ ਕਿਹਾ ਸੀ ਕਿ ਜੇ ਕਾਂਗਰਸ ਵਲੋਂ ਐਲਾਨੀ ਸਕੀਮ ਲਾਗੂ ਹੋ ਜਾਵੇ ਤਾਂ ਇਸ ਨਾਲ ਮੁਲਕ ਦਾ ਵਿੱਤੀ ਅਨੁਸ਼ਾਸਨ ਡੋਲ ਜਾਵੇਗਾ ਅਤੇ ਲੋਕਾਂ ਅੰਦਰ ਕੰਮ ਨਾ ਕਰਨ ਦੀ ਭਾਵਨਾ ਘਰ ਕਰ ਜਾਵੇਗੀ। ਉਂਜ, ਅਜਿਹੇ ਲੋਕ ਲੁਭਾਊ ਵਾਅਦਿਆਂ ਤੋਂ ਕੋਈ ਵੀ ਪਾਰਟੀ ਪਿੱਛੇ ਨਹੀਂ। ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਕੇਂਦਰੀ ਬਜਟ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਐਲਾਨ ਕੀਤਾ ਕਿ ਕਿਸਾਨਾਂ ਨੂੰ ਹਰ ਸਾਲ ਛੇ ਹਜ਼ਾਰ ਰੁਪਏ ਵਿਤੀ ਮਦਦ ਵਜੋਂ ਦਿੱਤੇ ਜਾਇਆ ਕਰਨਗੇ। ਕੁੱਲ ਤਿੰਨ ਕਿਸ਼ਤਾਂ ਵਿਚ ਮਿਲਣ ਵਾਲੀ ਇਸ ਮਦਦ ਦੀ ਪਹਿਲੀ ਕਿਸ਼ਤ ਤੁਰ-ਫੁਰਤ ਵੰਡ ਵੀ ਦਿੱਤੀ ਗਈ ਤਾਂ ਕਿ ਚੋਣਾਂ ਵਿਚ ਲਾਹਾ ਲਿਆ ਜਾ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਸਕੀਮ ਨੂੰ ਇਨਕਲਾਬੀ ਕਰਾਰ ਦਿੱਤਾ ਸੀ; ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੀ ਪੰਜ ਸਾਲ ਦੀ ਸਰਕਾਰ ਦੌਰਾਨ ਕਿਸਾਨਾਂ ਦਾ ਸਭ ਤੋਂ ਵੱਧ ਉਜਾੜਾ ਹੋਇਆ ਅਤੇ ਵਾਅਦਾ ਕਰਕੇ ਵੀ ਕਿਸਾਨਾਂ ਲਈ ਕਿਸੇ ਰਾਹਤ ਦਾ ਐਲਾਨ ਨਹੀਂ ਕੀਤਾ ਗਿਆ। ਤਾਮਿਲ ਨਾਡੂ ਦੇ ਕਿਸਾਨ ਮਹੀਨਿਆਂ ਬੱਧੀ ਦਿੱਲੀ ਵਿਚ ਰੋਸ ਧਰਨੇ ਉਤੇ ਬੈਠੇ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਇਸੇ ਕਰਕੇ ਇਨ੍ਹਾਂ ਕਿਸਾਨਾਂ ਨੇ ਹੁਣ ਰੋਸ ਵਜੋਂ ਮੋਦੀ ਦੇ ਵਾਰਾਨਸੀ ਹਲਕੇ ਤੋਂ 111 ਕਿਸਾਨ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ।

ਇਸ ਪ੍ਰਸੰਗ ਵਿਚ ਪੰਜਾਬ ਦੇ ਹਾਲਾਤ ਵੀ ਵੱਖਰੇ ਨਹੀਂ। ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਨੇ 2017 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੁਟਕੇ ਉਤੇ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਜੇ ਉਹ ਸੂਬੇ ਵਿਚ ਸੱਤਾ ਵਿਚ ਆ ਗਏ ਤਾਂ ਉਹ ਸੂਬੇ ਵਿਚੋਂ ਨਸ਼ਿਆਂ ਦਾ ਕੋਹੜ ਚਾਰ ਹਫਤਿਆਂ ਵਿਚ ਖਤਮ ਕਰ ਦੇਣਗੇ। ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਬਣਿਆਂ ਦੋ ਸਾਲ ਹੋ ਗਏ ਹਨ ਪਰ ਅਜੇ ਤੱਕ ਨਸ਼ਿਆਂ ਦਾ ਕਹਿਰ ਉਸੇ ਤਰ੍ਹਾਂ ਲੋਕਾਂ ਉਤੇ ਢਹਿ ਰਿਹਾ ਹੈ। ਨਿਤ ਦਿਨ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਜੱਗ ਜਾਣਦਾ ਹੈ ਕਿ ਸੂਬੇ ਵਿਚ ਨਸ਼ਿਆਂ ਦਾ ਵਪਾਰ ਨਸ਼ਾ ਤਸਕਰਾਂ, ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ ਪਰ ਕਿਸੇ ਪਾਸੇ ਕੋਈ ਕਾਰਵਾਈ ਨਹੀਂ ਹੋ ਰਹੀ, ਸਗੋਂ ਨਸ਼ਾ ਸਮਗਲਰਾਂ ਦੀ ਥਾਂ ਨਸ਼ੱਈਆਂ ਨੂੰ ਫੜ-ਫੜ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ, ਜਦਕਿ ਉਨ੍ਹਾਂ ਦਾ ਤਾਂ ਹਸਪਤਾਲਾਂ ਵਿਚ ਇਲਾਜ ਹੋਣਾ ਚਾਹੀਦਾ ਹੈ। ਅਜਿਹੇ ਮਸਲਿਆਂ ਉਤੇ ਸਰਕਾਰ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ। ਵਿਧਾਨ ਸਭਾ ਸੈਸ਼ਨਾਂ ਵਿਚ ਵਿਰੋਧੀ ਧਿਰ ਸਰਕਾਰ ਨੂੰ ਘੇਰਾ ਪਾ ਸਕਦੀ ਸੀ ਅਤੇ ਸਖਤੀ ਨਾਲ ਇਸ ਦੀ ਜਵਾਬਤਲਬੀ ਕੀਤੀ ਜਾ ਸਕਦੀ ਸੀ, ਪਰ ਪਾਟੋਧਾੜ ਹੋਈ ਵਿਰੋਧੀ ਧਿਰ ਇਸ ਮਾਮਲੇ ਵਿਚ ਬਹੁਤ ਪਛੜ ਖਾ ਗਈ। ਸੂਬੇ ਵਿਚ ਪਿਛਲੇ ਵਰ੍ਹੇ ਪਹਿਲੀ ਤੋਂ ਸੱਤ ਜੁਲਾਈ ਤਕ 'ਚਿੱਟੇ ਖਿਲਾਫ ਕਾਲਾ ਹਫਤਾ' ਮੁਹਿੰਮ ਚਲਾਈ ਗਈ ਸੀ, ਪਰ ਇਹ ਮੁਹਿੰਮ ਸਿਰਫ ਸੋਸ਼ਲ ਮੀਡੀਆ ਤਕ ਸਿਮਟ ਕੇ ਰਹਿ ਗਈ ਅਤੇ ਇਸ ਮੁਹਿੰਮ ਦੇ ਕਰਤਾ-ਧਰਤਾ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਕਿਤੇ ਨਹੀਂ ਰੜਕੇ। ਚੋਣਾਂ ਆਉਂਦੀਆਂ ਰਹਿਣੀਆਂ ਹਨ, ਵਾਅਦੇ ਵੀ ਹੁੰਦੇ ਰਹਿਣੇ ਹਨ। ਇਹ ਸਿਲਸਿਲਾ ਅਸਲ ਵਿਚ ਉਦੋਂ ਤਕ ਚੱਲੀ ਜਾਣਾ ਹੈ, ਜਦੋਂ ਤਕ ਲੋਕ ਜਾਗਰੂਕ ਹੋ ਕੇ ਇਨ੍ਹਾਂ ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਸਵਾਲ ਨਹੀਂ ਕਰਦੇ। ਲੋਕਾਂ ਦੀਆਂ ਤਕਲੀਫਾਂ ਜਿੰਨੀ ਵੱਡੀਆਂ ਹਨ, ਲੋਕਾਂ ਨੂੰ ਓਨੇ ਹੀ ਵੱਡੇ ਪੱਧਰ 'ਤੇ ਲਾਮਬੰਦੀ ਕਰਨੀ ਪਵੇਗੀ, ਤਾਂ ਕਿਤੇ ਜਾ ਕੇ ਉਨ੍ਹਾਂ ਦੀ ਬੰਦਖਲਾਸੀ ਦੀ ਸੰਭਾਵਨਾ ਬਣ ਸਕਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਖਡੂਰ ਸਾਹਿਬ ਖਾਸ!

ਅਣਪਛਾਤੀਆਂ ਲਾਸ਼ਾਂ ਪਹਿਚਾਣਦਾ ਸੀ, ਘਰੋਂ ਚੁੱਕ ਬਣਾ'ਤਾ ਸੀ ਲਾਸ਼ ਭਾਈ।
ਆਓ ਰਲ ਮਿਲ ਕੇ ਹੰਭਲਾ ਮਾਰੀਏ ਜੀ, ਉਸ ਦਾ ਟੱਬਰ ਨਾ ਹੋਏ ਨਿਰਾਸ਼ ਭਾਈ।
ਸੀਟਾਂ ਦੂਜੀਆਂ ਭਾਵੇਂ ਵੀ ਅਹਿਮ ਹੀ ਨੇ, ਖਡੂਰ ਸਾਹਿਬ ਦੀ ਹੋਈ ਪਰ ਖਾਸ ਭਾਈ।
ਇਥੋਂ ਆਏ ਨਤੀਜੇ ਨੇ ਬੰਨਣੀ ਏਂ, ਸੂਬੇ ਵਾਸਤੇ 'ਫਿਊਚਰ' ਦੀ ਆਸ ਭਾਈ।
ਸਾਨੂੰ ਸੱਚ ਇਨਸਾਫ ਲਈ ਜੂਝਣੇ ਦਾ, ਦਿੰਦਾ ਥਾਪੜਾ ਕਲਗੀਆਂ ਵਾਲੜਾ ਈ।
ਪਤੀ ਮਾਨਵੀ ਹੱਕਾਂ ਲਈ ਵਾਰਿਆ ਜਿਸ, ਬੀਬੀ ਜਿੱਤਣੀ ਚਾਹੀਦੀ ਖਾਲੜਾ ਜੀ!

# ਚੋਣਾਂ ਦੀ ਸਿਆਸਤ ਅਤੇ ਲੋਕਾਂ ਦੇ ਮਸਲੇ

*ਭਾਰਤ ਵਿਚ ਲੋਕ ਸਭਾ ਚੋਣਾਂ ਦੀ ਗਹਿਮਾ-ਗਹਿਮੀ ਹੈ। ਰੰਗ-ਬਰੰਗੀਆਂ ਪਾਰਟੀਆਂ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਹਰ ਹਰਬਾ ਵਰਤ ਰਹੀਆਂ ਹਨ। ਇਨ੍ਹਾਂ ਵਿਚ ਲੋਕ-ਲੁਭਾਊ ਵਾਅਦਿਆਂ ਦੀ ਨਿੱਤ ਦਿਨ ਝੜੀ ਲੱਗ ਰਹੀ ਹੈ ਪਰ ਲੋਕਾਂ ਦੇ ਬੁਨਿਆਦੀ ਮਸਲੇ ਜਿਉਂ ਦੇ ਤਿਉਂ ਹਨ। ਮੁਲਕ ਵਿਚ ਭ੍ਰਿਸ਼ਟਾਚਾਰ ਰੁਕਣ ਦਾ ਨਾਮ ਨਹੀਂ ਲੈ ਰਿਹਾ, ਬੇਰੁਜ਼ਗਾਰੀ ਵਿਚ ਬੇਅੰਤ ਵਾਧਾ ਹੋ ਰਿਹਾ ਹੈ, ਸਿਖਿਆ ਤੇ ਸਿਹਤ ਸਹੂਲਤਾਂ ਇਕ-ਇਕ ਕਰਕੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਇਨ੍ਹਾਂ ਸਾਰੇ ਮਸਲਿਆਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਗੁਰਪ੍ਰੀਤ ਸਿੰਘ ਮੰਡ ਨੇ ਕੀਤੀ ਹੈ। -ਸੰਪਾਦਕ*

ਲੋਕ ਮਸਲੇ ਜਾਂ ਸਮਾਜ ਦੀਆਂ ਲੋੜਾਂ ਸਦਾ ਹੀ ਸਿਆਸਤ ਦਾ ਆਧਾਰ ਰਹੇ ਹਨ ਅਤੇ ਕਿਸੇ ਵੀ ਖਿੱਤੇ ਦੀ ਸਿਆਸਤ ਉਸ ਖੇਤਰ ਦੇ ਵਸਨੀਕਾਂ ਦੀਆਂ ਲੋੜਾਂ, ਰੁਚੀਆਂ ਤੋਂ ਅਲੱਗ ਨਹੀਂ ਹੋ ਸਕਦੀ। ਅਵਾਮ ਦੇ ਮਸਲੇ, ਲੋੜਾਂ ਅਕਸਰ ਚੋਣਾਂ ਸਮੇਂ ਖ਼ੁਦਗਰਜ਼ ਸਿਆਸਤਦਾਨਾਂ ਲਈ ਬੇੜੀ ਦਾ ਕੰਮ ਕਰਦੇ ਹਨ ਜਿਨ੍ਹਾਂ ਉਪਰ ਸਵਾਰ ਹੋ ਕੇ ਉਹ ਆਪਣੇ ਰਾਜਸੀ ਖੇਤਰ ਦੇ ਵਿਸ਼ਾਲ ਸਮੁੰਦਰ ਤੈਅ ਕਰਦੇ ਹਨ ਪਰ ਸਿਤਮਜ਼ਰੀਫ਼ੀ ਇਹ ਕਿ ਸਿਆਸਤਦਾਨ ਉਸ ਬੇੜੀ (ਲੋਕ ਮਸਲੇ) ਨੂੰ ਅਕਸਰ ਹੀ ਕਿਨਾਰੇ ਲਾਉਣਾ ਭੁੱਲ ਜਾਂਦੇ ਹਨ ਜਾਂ ਬੜੀ ਚਤੁਰਾਈ ਨਾਲ ਅਗਲੀਆਂ ਚੋਣਾਂ ਸਮੇਂ ਵੀ ਉਸੇ ਬੇੜੀ ਨੂੰ ਹੀ ਵਰਤਣ ਲਈ ਉਸ ਨੂੰ ਜਿਉਂ ਦੀ ਤਿਉਂ ਹਾਲਤ ਵਿਚ ਹੀ ਛੱਡ ਦਿੱਤਾ ਜਾਂਦਾ ਹੈ। ਪੰਜਾਬ ਵਿਚ ਬੇਰੁਜ਼ਗਾਰੀ ਅਤੇ ਕਿਸਾਨੀ ਵਿਕਾਸ ਦਾ ਮੁੱਦਾ ਇਸ ਦੇ ਮੁੱਢਲੇ ਉਦਾਹਰਨ ਹਨ।

ਜਦੋਂ ਆਜ਼ਾਦ ਭਾਰਤ ਦੀ ਪਹਿਲੀ ਲੋਕ ਸਭਾ ਚੋਣ ਹੋਈ ਤਾਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਮੁਲਕ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਨ ਲਈ 1951 ਵਿਚ ਪੰਜ ਸਾਲਾ ਯੋਜਨਾਵਾਂ ਆਰੰਭੀਆਂ ਗਈਆਂ। ਸਭ ਤੋਂ ਪਹਿਲਾਂ ਖੇਤੀਬਾੜੀ ਅਤੇ ਫਿਰ ਦੂਜੀ ਪੰਜ ਸਾਲਾ ਯੋਜਨਾ ਅਧੀਨ ਸਨਅਤੀ ਵਿਕਾਸ ਨੂੰ ਪਹਿਲ ਦਿੱਤੀ ਗਈ। ਇਨ੍ਹਾਂ ਯੋਜਨਾਵਾਂ ਦਾ ਅਸਰ ਆਤਮ ਨਿਰਭਰਤਾ ਵੱਲ ਵਧਦੇ ਕਦਮਾਂ ਦੇ ਰੂਪ ਵਿਚ ਦਿਖਾਈ ਦੇਣ ਲੱਗਾ। ਨਵੀਂ ਮਿਲੀ ਆਜ਼ਾਦੀ ਦੇ ਜੋਸ਼ ਅਤੇ ਸੱਤਾ ਦੇ ਨਿਰਸਵਾਰਥ ਪ੍ਰਭਾਵ ਅਧੀਨ ਮੁਲਕ ਦੇ ਸਿਆਸਤਦਾਨਾਂ ਨੇ ਸਮਾਜ ਦੇ ਵਿਕਾਸ ਨੂੰ ਨਿੱਜੀ ਮੁਫਾਦਾਂ ਤੋਂ ਉਪਰ ਰੱਖਿਆ; ਕਿਸਾਨੀ, ਸਿਹਤ, ਸਿੱਖਿਆ, ਰੁਜ਼ਗਾਰ ਪ੍ਰਾਪਤੀ ਲਈ ਸਲਾਘਾਯੋਗ ਕਦਮ ਚੁੱਕੇ ਪਰ ਸਮੇਂ ਦੇ ਬੀਤਣ ਨਾਲ ਇਹ ਜੋਸ਼ ਠੰਢਾ ਪੈਂਦਾ ਗਿਆ ਅਤੇ ਸੱਤਾ ਦੀ ਭੁੱਖ ਨੇ ਜ਼ਿਆਦਾਤਰ ਸਿਆਸਤਦਾਨਾਂ ਦੇ ਸਿਰ ਅਖੌਤੀ ਅਤੇ ਭ੍ਰਿਸ਼ਟ ਹੋਣ ਦਾ ਕਲੰਕ ਮੜ੍ਹ ਦਿੱਤਾ। ਵੋਟ ਬੈਂਕ ਦੀ ਪੂਰੀ ਸਿਆਸਤ ਦੇ ਸ਼ਬਦਕੋਸ਼ ਵਿਚ ਕੌਮ, ਖੇਤਰ, ਧਰਮ ਅਤੇ ਜਾਤ ਵਰਗੇ ਸ਼ਬਦ ਉਪਰ ਆਉਣ ਲੱਗੇ।

ਹੁਣ ਮੁਲਕ ਦੀਆਂ ਸਤਾਰਵੀਆਂ ਲੋਕ ਸਭਾ ਚੋਣ ਲਈ ਸਭ ਪਾਰਟੀਆਂ ਅਤੇ ਆਗੂ ਪੱਬਾਂ ਭਾਰ ਹੋ ਰਹੇ ਹਨ। ਦੂਜੇ ਪਾਸੇ ਕਿਸਾਨੀ ਸੰਕਟ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਸਾਵਾਂ ਆਰਥਿਕ ਵਿਕਾਸ, ਭੁੱਖਮਰੀ, ਸਮਾਜਿਕ ਸੁਰੱਖਿਆ, ਸਿਹਤ ਤੇ ਸਿੱਖਿਆ ਸਹੂਲਤਾਂ ਦਾ ਮੰਦੜਾ ਹਾਲ, ਸੁਸਤ ਨਿਆਂ ਪ੍ਰਣਾਲੀ, ਗਰੀਬੀ, ਨਸ਼ੇ ਆਦਿ ਮੁਲਕ ਦੇ ਲੋਕਾਂ ਦੇ ਕੁਝ ਅਜਿਹੇ ਮਸਲੇ ਹਨ ਜਿਨ੍ਹਾਂ ਵਲ ਓਨੀ ਤਵੱਜੋ ਨਹੀਂ ਦਿੱਤੀ ਜਾ ਰਹੀ, ਜਿੰਨੀ ਇਸ ਵਕਤ ਜ਼ਰੂਰਤ ਹੈ। ਸਿਤਮ ਦੀ ਗੱਲ ਤਾਂ ਇਹ ਹੈ ਕਿ ਸਮੇਂ ਸਮੇਂ ਮੁਲਕ ਦੇ ਸਿਆਸਤਦਾਨਾਂ ਨੇ 'ਗਰੀਬੀ ਹਟਾਓ', 'ਸਭ ਕਾ ਸਾਥ, ਸਭ ਕਾ ਵਿਕਾਸ', 'ਅੱਛੇ ਦਿਨ' ਆਦਿ ਵਰਗੇ ਲੋਕ ਲੁਭਾਊ ਨਾਅਰੇ ਤਾਂ ਦਿੱਤੇ ਪਰ ਇਹ ਸਭ ਨਾਅਰੇ ਸਿਰਫ ਚੁਣਾਵੀ ਜੁਮਲੇ ਹੀ ਸਾਬਤ ਹੋਏ।

ਪਹਿਲੀ ਪੰਜ ਸਾਲਾ ਯੋਜਨਾ ਵਿਚ ਉਚੇਚੀ ਤਵੱਜੋ ਦੇ ਬਾਵਜੂਦ ਖੇਤੀਬਾੜੀ ਨੂੰ ਅੱਜ ਵੀ ਲਾਹੇਵੰਦ ਧੰਦਾ ਨਹੀਂ ਬਣਾਇਆ ਜਾ ਸਕਿਆ। ਅੱਜ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀਬਾੜੀ ਦਾ ਯੋਗਦਾਨ ਕੇਵਲ 10 ਫੀਸਦ ਰਹਿ ਗਿਆ ਹੈ ਜੋ ਕਿਸਾਨੀ ਸੰਕਟ ਦੀ ਬਦਹਾਲੀ ਦੀ ਗਵਾਹੀ ਭਰਦਾ ਹੈ। ਕੇਵਲ ਪੰਜਾਬ ਵਿਚ ਹੀ ਸਾਲ 2000 ਤੋਂ 2015-16 ਤੱਕ 16606 ਕਿਸਾਨਾਂ ਤੇ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਅਤੇ ਇਹ ਸਿਲਸਿਲਾ ਰੁਕ ਨਹੀਂ ਰਿਹਾ। ਮੁਲਕ ਦੀ 60 ਫੀਸਦੀ ਵਸੋਂ ਅੱਜ ਵੀ ਖੇਤੀਬਾੜੀ 'ਤੇ ਨਿਰਭਰ ਹੈ ਅਤੇ ਇਸ ਵਸੋਂ ਨੂੰ ਭਰਮਾ ਕੇ 2014 ਵਿਚ ਭਾਰਤੀ ਜਨਤਾ ਪਾਰਟੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਪਰ ਇਹ ਆਮਦਨ ਕਿਸ ਦੀ ਦੁੱਗਣੀ ਹੋਈ, ਸਭ ਦੇ ਸਾਹਮਣੇ ਹੈ। ਹੁਣ ਮੋਦੀ ਸਰਕਾਰ ਵੱਲੋਂ ਪੇਸ਼ ਅੰਤ੍ਰਿਮ ਬਜਟ ਵਿਚ ਪੰਜ ਏਕੜ ਤੱਕ ਦੇ ਕਿਸਾਨਾਂ ਲਈ ਦੋ ਦੋ ਹਜ਼ਾਰ ਦੀਆਂ ਤਿੰਨ ਕਿਸ਼ਤਾਂ ਵਿਚ ਦਿੱਤੀ ਜਾਣੀ ਸਾਲਾਨਾ ਛੇ ਹਜ਼ਾਰ ਰੁਪਏ ਦੀ ਸਹਾਇਤਾ ਜੋ 16.40 ਪੈਸੇ ਪ੍ਰਤੀ ਦਿਨ ਬਣਦੀ ਹੈ, ਕੀ ਕਿਸਾਨੀ ਸੰਕਟ ਦਾ ਹੱਲ ਕਰ ਸਕੇਗੀ? ਸਪੱਸ਼ਟ ਹੈ ਕਿ ਇਕ ਵਾਰ ਫਿਰ ਕਿਸਾਨਾਂ ਨੂੰ ਵੋਟ ਬੈਂਕ ਦੀ ਐਨਕ ਰਾਹੀਂ ਹੀ ਦੇਖਿਆ ਗਿਆ ਹੈ।

ਬੇਰੁਜ਼ਗਾਰੀ ਅੱਜ ਵੀ ਮੁਲਕ ਦੇ ਸਾਹਮਣੇ ਵੱਡੀ ਸਮੱਸਿਆ ਹੈ। ਇਹ ਸਮੱਸਿਆ ਭਾਵੇਂ ਪੂਰੇ ਸੰਸਾਰ ਵਿਚ ਹੀ ਹੈ ਪਰ ਭਾਰਤੀ ਸਿਆਸਤਦਾਨ ਹਰ ਚੁਣਾਵੀ ਦੰਗਲ ਸਮੇਂ ਇਸ ਨੂੰ ਖਤਮ ਕਰਨ ਦੇ ਵਾਅਦੇ ਕਰਦੇ ਹਨ, ਨਾਅਰੇ ਮਾਰੇ ਜਾਂਦੇ ਹਨ

**ਗੁਰਪ੍ਰੀਤ ਸਿੰਘ ਮੰਡ**

ਪਰ ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਸੈਂਪਲ ਸਰਵੇ ਆਫਿਸ ਨੇ ਜੁਲਾਈ 2017 ਤੋਂ ਜੂਨ 2018 ਤੱਕ ਬੇਰੁਜ਼ਗਾਰੀ ਬਾਰੇ ਜੋ ਅੰਕੜੇ ਜਾਰੀ ਕੀਤੇ ਹਨ, ਉਸ ਅਨੁਸਾਰ ਮੁਲਕ ਵਿਚ ਇਸ ਵੇਲੇ ਬੇਰੁਜ਼ਗਾਰੀ ਦੀ ਦਰ 6.1 ਫੀਸਦੀ ਹੈ ਜਿਹੜੀ ਕਿ ਪਿਛਲੇ 75 ਸਾਲਾਂ, ਭਾਵ 1972-73 ਤੋਂ ਬਾਅਦ ਸਭ ਤੋਂ ਉਚੀ ਹੈ। ਸਰਕਾਰ ਨੇ ਪਹਿਲਾਂ ਇਹ ਰਿਪੋਰਟ ਜਾਰੀ ਕਰਨ ਤੋਂ ਰੋਕੀ ਰੱਖੀ ਅਤੇ ਫਿਰ ਇਸ ਰਿਪੋਰਟ ਨੂੰ ਅੰਤਿਮ ਰਿਪੋਰਟ ਮੰਨਣ ਤੋਂ ਹੀ ਇਨਕਾਰੀ ਹੋ ਗਈ। ਮੁਲਕ ਦੇ ਹਜ਼ਾਰਾਂ ਨੌਜਵਾਨ ਲੱਖਾਂ ਰੁਪਏ ਖਰਚ ਕਰਕੇ ਰੁਜ਼ਗਾਰ ਪ੍ਰਾਪਤੀ ਲਈ ਵਿਦੇਸ਼ਾਂ ਨੂੰ ਦੌੜ ਰਹੇ ਹਨ।



ਸਿੱਖਿਆ ਸ਼ਖਸੀਅਤ ਨਿਰਮਾਣ ਦੀ ਬੁਨਿਆਦ ਹੁੰਦੀ ਹੈ। ਇਹ ਸੰਵਿਧਾਨ ਦੀ 86ਵੀਂ ਸੋਧ ਦੁਆਰਾ 2003 ਵਿਚ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਵਿਚ ਸ਼ਾਮਿਲ ਕੀਤੀ ਗਈ। ਇਸ ਅਨੁਸਾਰ 2009 ਵਿਚ ਮੁਲਕ ਦੇ 14 ਸਾਲ ਤੱਕ ਦੀ ਉਮਰ ਦੇ ਹਰ ਬੱਚੇ ਲਈ ਸਿੱਖਿਆ ਲਾਜ਼ਮੀ ਅਤੇ ਮੁਫ਼ਤ ਕਰ ਦਿੱਤੀ ਗਈ ਪਰ ਸਰਕਾਰੀ ਨੀਤੀਆਂ ਕਾਰਨ ਸਿੱਖਿਆ ਦਾ ਢਾਂਚਾ ਨਿੱਘਰ ਚੁੱਕਾ ਹੈ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਮੁਲਕ ਵਿਚ ਸ਼ੁਰੂ ਕੀਤੀਆਂ ਨਵਉਦਾਰਵਾਦੀ ਨੀਤੀਆਂ ਤਹਿਤ ਸਿੱਖਿਆ ਦਾ ਨਿੱਜੀਕਰਨ ਅਤੇ ਵਪਾਰੀਕਰਨ ਦਾ ਸਿਲਸਿਲਾ ਅੱਜ ਚਰਮ ਸੀਮਾ 'ਤੇ ਪੁੱਜ ਗਿਆ ਹੈ। ਇਸੇ ਕਰਕੇ ਹੁਣ ਸਿੱਖਿਆ ਪ੍ਰਾਪਤ ਕਰਨਾ ਕਾਬਲੀਅਤ ਤੇ ਲਗਨ ਦੀ ਬਜਾਏ ਪੈਸੇ ਦੀ ਖੇਡ ਬਣ ਕੇ ਰਹਿ ਗਿਆ ਹੈ।

ਸਰਕਾਰ ਦੀਆਂ ਨੀਤੀਆਂ ਕਾਰਨ ਸਿੱਖਿਆ, ਖਾਸ ਕਰਕੇ ਉਚੇਰੀ ਸਿੱਖਿਆ ਗਰੀਬ ਤੇ ਮੱਧ ਵਰਗ ਲਈ ਦਿਨੋ-ਦਿਨ ਸੁਪਨਾ ਹੋ ਰਹੀ ਹੈ। ਕੋਠਾਰੀ ਕਮਿਸ਼ਨ (1964-66) ਦੀ ਸਿਫਾਰਸ਼ ਸੀ ਕਿ ਸਰਕਾਰ ਉਚੇਰੀ ਸਿੱਖਿਆ ਉਪਰ ਕੁੱਲ ਘਰੇਲੂ ਪੈਦਾਵਾਰ ਦਾ ਹਿੱਸਾ 2.9 ਫੀਸਦੀ ਤੋਂ ਵਧਾ ਕੇ 1985-86 ਤੱਕ 6 ਫੀਸਦੀ ਤੱਕ ਲੈ ਕੇ ਜਾਵੇ ਪਰ ਐਸੋਚਮ ਦੀ ਰਿਪੋਰਟ ਅਨੁਸਾਰ 2016 ਵਿਚ ਵੀ ਇਹ ਕੁੱਲ ਘਰੇਲੂ ਪੈਦਾਵਾਰ ਦਾ ਕੇਵਲ 3.83 ਫੀਸਦੀ ਸੀ। ਮੁਢਲਾ ਅਧਿਕਾਰ ਸਿੱਖਿਆ ਖੋਹਿਆ ਜਾ ਰਿਹਾ ਹੈ ਪਰ ਸਿਆਸਤਦਾਨ ਇਸ ਮਸਲੇ ਬਾਰੇ ਚੁੱਪ ਹਨ। ਇਨ੍ਹਾਂ ਦੇ ਆਪਣੇ ਬੱਚੇ ਦੇਸ਼-ਵਿਦੇਸ਼ ਦੇ ਮਹਿੰਗੇ ਪ੍ਰਾਈਵੇਟ ਅਦਾਰਿਆਂ ਵਿਚ ਪੜ੍ਹਦੇ ਹਨ। ਜਾਪਦਾ ਹੈ, ਨਿਜ਼ਾਮ ਦੁਆਰਾ ਬੜੀ ਚਤੁਰਾਈ ਨਾਲ ਆਮ ਨਾਗਰਿਕ ਦੇ ਜੀਵਨ ਵਿਚੋਂ ਗਿਆਨ ਦੀ ਲੋਅ ਮੱਧਮ ਕੀਤੀ ਜਾ ਰਹੀ ਹੈ। ਸਿਹਤ ਦਾ ਖੇਤਰ ਜਿਸ ਨੂੰ ਸਾਡਾ ਸੰਵਿਧਾਨ ਨਾਗਰਿਕਾਂ ਦਾ ਮੁੱਢਲਾ ਅਧਿਕਾਰ ਵੀ ਨਹੀਂ ਮੰਨਦਾ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਆਏ ਦਿਨ ਆਮ ਸ਼ਖ਼ਸ ਦੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਜਨਤਕ ਖੇਤਰ ਦੇ ਸਿਹਤ ਅਦਾਰਿਆਂ ਦੀ ਹਾਲਤ ਨਿਘਰ ਰਹੀ ਹੈ। ਢਿੱਲੀ ਨਿਆਂ ਪ੍ਰਣਾਲੀ ਕਾਰਨ ਲੋਕ ਅੱਜ ਵੀ ਅਦਾਲਤਾਂ ਵਿਚ ਬਿਰਖ ਹੋ ਰਹੇ ਹਨ। ਨਿਆਂ ਵਿਚ ਦੇਰੀ, ਨਿਆਂ ਨਾ ਹੋਣ ਦੇ ਬਰਾਬਰ ਹੈ।

ਲੋਕ ਮਸਲਿਆਂ ਦਾ ਹੱਲ ਕਰਨਾ ਜਾਂ ਇਨ੍ਹਾਂ ਨੂੰ ਪ੍ਰਮੁੱਖਤਾ ਨਾਲ ਵਿਧਾਨਿਕ ਸੈਸ਼ਨਾਂ ਵਿਚ ਉਭਾਰਨਾ ਸਾਡੇ ਸਿਆਸਤਦਾਨਾਂ/ਲੋਕ ਨੁਮਾਇੰਦਿਆਂ ਦਾ ਮੁੱਢਲਾ ਫਰਜ਼ ਹੈ ਪਰ ਇਨ੍ਹਾਂ ਦੁਆਰਾ ਚੁਣਾਵੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਨਿੱਜੀ ਹਿੱਤਾਂ ਜਾਂ ਪਾਰਟੀ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਸੈਸ਼ਨਾਂ ਵਿਚ ਆਪਸੀ ਦੂਸ਼ਣਬਾਜ਼ੀ ਦੌਰਾਨ ਲੋਕ ਮਸਲੇ ਹੇਠਾਂ ਦੱਬ ਦਿੱਤੇ ਜਾਂਦੇ ਹਨ ਅਤੇ ਹਰ ਪੰਜ ਸਾਲਾਂ ਬਾਅਦ ਇਨ੍ਹਾਂ ਮਸਲਿਆਂ ਨੂੰ ਮੁੜ ਉਭਾਰ ਕੇ ਸੁਧਾਰ ਅਤੇ ਵਿਕਾਸ ਦੇ ਨਾਂ 'ਤੇ ਵੋਟ ਮੰਗਣ ਲਈ ਸਿਆਸਤਦਾਨ ਫਿਰ ਵੋਟਰਾਂ ਦੇ ਬੂਹੇ 'ਤੇ ਦਸਤਕ ਦਿੰਦੇ ਹਨ। ਹੁਣ ਤਾਂ ਸਿਆਸਤਦਾਨਾਂ ਨੇ ਆਪਣਾ ਵੋਟ ਬੈਂਕ ਪੱਕਾ ਕਰਨ ਦਾ ਨਾਰੂ ਰਾਹ ਅਖਤਿਆਰ ਕਰ ਲਿਆ ਹੈ ਜੋ ਧਰਮ ਅਤੇ ਜਾਤ ਆਧਾਰਿਤ ਕੋਝੀ ਸਿਆਸਤ ਰਾਹੀਂ ਹੋ ਕੇ ਲੰਘਦਾ ਹੈ।

ਲੋਕ ਸਭਾ ਚੋਣਾਂ ਦੇ ਨੇੜੇ ਆਣ ਕੇ ਜਿਸ ਤਰ੍ਹਾਂ ਦਾ ਮਾਹੌਲ ਮੁਲਕ ਵਿਚ ਸਿਰਜਿਆ ਗਿਆ, ਉਸ ਤੋਂ ਸਪੱਸ਼ਟ ਹੈ ਕਿ ਇਹ ਚੋਣਾਂ ਖੇਤਰ, ਕੌਮ, ਜਾਤ ਅਤੇ ਧਰਮ ਦੇ ਜਜ਼ਬਾਤ ਦੇ ਸਹਾਰੇ ਹੀ ਲੜੀਆਂ ਜਾਣਗੀਆਂ। ਇਸ ਦੀ ਤਿਆਰੀ ਤਾਂ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਹੀ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਹੁਣ ਚੋਣਾਂ ਦੇ ਐਲਾਨ ਤੋਂ ਵੀ ਪਹਿਲਾਂ ਇਨ੍ਹਾਂ ਅਖੌਤੀ ਮਸਲਿਆਂ ਨੂੰ ਭਖਾ ਦਿੱਤਾ ਗਿਆ ਸੀ। ਕਾਲਾ ਧਨ, ਸਮਾਰਟ ਸਿਟੀ ਅਤੇ ਗਰੀਬੀ ਹਟਾਓ ਵਰਗੇ ਚੁਣਾਵੀ ਜੁਮਲੇ ਇਸ ਵਾਰ ਪਹਿਲਾਂ ਹੀ ਚਰਚਾ ਵਿਚੋਂ ਬਾਹਰ ਹਨ ਅਤੇ ਸਿੱਖਿਆ, ਸਿਹਤ, ਨਿਆਂ ਤੇ ਸਮਾਜਿਕ ਸੁਰੱਖਿਆ ਵਰਗੇ ਲੋਕ ਮਸਲਿਆਂ ਦਾ ਤਾਂ ਜ਼ਿਕਰ ਵੀ ਮੁਸ਼ਕਿਲ ਜਾਪਦਾ ਹੈ।

ਅਖੌਤੀ ਸਿਆਸਤਦਾਨ ਅਹਿਮ ਲੋਕ ਮਸਲਿਆਂ ਦੁਆਲੇ ਚਿਰਾਂ ਤੋਂ ਸੁਆਰਥ ਦੀ ਖੇਡ, ਖੇਡ ਰਹੇ ਹਨ ਜੋ ਖਤਮ ਹੋਣੀ ਜ਼ਰੂਰੀ ਹੈ। ਹਰ ਰਾਜਸੀ ਪਾਰਟੀ ਦੇ ਆਗੂ ਦੀ ਆਪਣੇ ਬਿਆਨਾਂ, ਵਾਅਦਿਆਂ ਅਤੇ ਚੋਣ ਮਨੋਰਥ ਪੱਤਰਾਂ ਪ੍ਰਤੀ ਕਾਨੂੰਨ ਦੇ ਸਾਹਮਣੇ ਜੁਆਬਦੇਹ ਹੋਣੀ ਚਾਹੀਦੀ ਹੈ। ਇਹੀ ਜਮਹੂਰੀਅਤ ਦਾ ਸਭ ਤੋਂ ਵੱਡਾ ਸਨਮਾਨ ਹੋਵੇਗਾ।

# ਚੋਣਾਂ 2019: ਮੁੱਦੇ ਗਾਇਬ, ਪੈਸਾ ਪਾਣੀ ਅਤੇ ਝੂਠ ਅੰਮ੍ਰਿਤ ਵਾਂਗ ਵਰਤੇਗਾ

*ਭਾਰਤ ਵਿਚ ਲੋਕ ਸਭਾ ਚੋਣਾਂ ਦੀਆਂ ਸਰਗਰਮੀਆਂ ਆਏ ਦਿਨ ਤਿੱਖੀਆਂ ਹੋ ਰਹੀਆਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਕਾਸ ਦੇ ਮੁੱਦੇ ਉਤੇ ਲੁੱਟਣ ਵਾਲੀ ਨਰਿੰਦਰ ਮੋਦੀ ਜੁੰਡਲੀ ਨੂੰ ਐਤਕੀਂ ਕੋਈ ਮੁੱਦਾ ਨਹੀਂ ਲੱਭ ਰਿਹਾ, ਕਿਉਂਕਿ ਪਿਛਲੇ ਪੰਜ ਸਾਲਾਂ ਦੌਰਾਨ ਵਿਕਾਸ ਦੇ ਫਰੰਟ ਉਤੇ ਕੁਝ ਵੀ ਨਹੀਂ ਕੀਤਾ ਹੈ; ਹਾਂ! ਵੱਖ-ਵੱਖ ਫਿਰਕਿਆਂ ਅੰਦਰ ਪਾੜਾ ਜ਼ਰੂਰ ਵਧਾਇਆ ਹੈ। ਹੁਣ ਹੁਕਮਰਾਨ ਜਮਾਤ ਅਤੇ ਮੀਡੀਆ ਦਾ ਵਿਕਾਊ ਹਿੱਸਾ ਇਨ੍ਹਾਂ ਚੋਣਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਮਹਾਂ ਚੋਣ ਕੁੰਭ ਦੱਸ ਰਿਹਾ ਹੈ ਪਰ ਇਹ ਚੋਣ ਅਮਲ ਕਿੰਨਾ ਖੋਖਲਾ ਹੈ ਅਤੇ ਇਸ ਵਿਚੋਂ ਜਨਤਾ ਦੇ ਅਸਲ ਮੁੱਦੇ ਕਿਵੇਂ ਗਾਇਬ ਹਨ, ਇਹ ਸਵਾਲ ਉਘੇ ਪੱਤਰਕਾਰ ਰਵੀਸ਼ ਕੁਮਾਰ ਨੇ ਆਪਣੀ ਇਸ ਲਿਖਤ ਵਿਚ ਉਠਾਏ ਹਨ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਆਮ ਚੋਣਾਂ ਦਾ ਐਲਾਨ ਹੋ ਗਿਆ ਹੈ। ਚੋਣ ਕਮਿਸ਼ਨ ਨੇ ਜੋ ਪੜਾਅ ਤੈਅ ਕੀਤੇ ਹਨ, ਉਸ ਨੂੰ ਲੈ ਕੇ ਸਵਾਲ ਉਠ ਰਹੇ ਹਨ। 2014 ਵਿਚ ਬਿਹਾਰ ਵਿਚ ਛੇ ਪੜਾਵਾਂ ਵਿਚ ਚੋਣਾਂ ਹੋਈਆਂ ਸਨ। 2019 ਵਿਚ 7 ਪੜਾਵਾਂ ਵਿਚ ਹੋਣਗੀਆਂ। ਕਿਸੇ ਸ਼ਾਂਤੀਪੂਰਨ ਰਾਜ ਵਿਚ ਸੱਤ ਪੜਾਵਾਂ ਵਿਚ ਚੋਣਾਂ ਦਾ ਕੀ ਮਤਲਬ ਹੈ? 2014 ਵਿਚ ਝੰਝਾਰਪੁਰ, ਮਧੂਬਨੀ, ਦਰਭੰਗਾ ਨੂੰ ਮਧੇਪੁਰਾ, ਸਮੱਸਤੀਪੁਰ, ਬੇਗੂਸਰਾਏ ਅਤੇ ਖਗੜੀਆ ਦੇ ਨਾਲ ਚੌਥੇ ਪੜਾਅ ਵਿਚ ਰੱਖਿਆ ਗਿਆ ਸੀ। ਝੰਝਾਰਪੁਰ, ਮਧੂਬਨੀ ਅਤੇ ਦਰਭੰਗਾ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਵਾਰ ਇਨ੍ਹਾਂ ਤਿੰਨਾਂ ਗੁਆਂਢੀ ਜ਼ਿਲ੍ਹਿਆਂ ਨੂੰ ਵੱਖਰੇ-ਵੱਖਰੇ ਪੜਾਵਾਂ ਵਿਚ ਰੱਖਿਆ ਗਿਆ ਹੈ। ਝੰਝਾਰਪੁਰ ਵਿਚ ਵੋਟਾਂ ਤੀਸਰੇ ਪੜਾਅ ਵਿਚ, ਯਾਨੀ 23 ਅਪਰੈਲ ਨੂੰ ਪੈਣਗੀਆਂ। ਦਰਭੰਗਾ ਵਿਚ ਵੋਟਾਂ 29 ਅਪਰੈਲ ਨੂੰ ਪੈਣਗੀਆਂ; ਜਦਕਿ ਮਧੂਬਨੀ

**ਰਵੀਸ਼ ਕੁਮਾਰ**
**ਅਨੁਵਾਦ : ਬੂਟਾ ਸਿੰਘ**

ਵਿਚ ਪੰਜਵੇਂ ਪੜਾਅ ਵਿਚ 6 ਮਈ ਨੂੰ ਪੈਣਗੀਆਂ। ਚੋਣ ਕਮਿਸ਼ਨ ਹੀ ਦੱਸ ਸਕਦਾ ਹੈ ਕਿ ਤਿੰਨ ਗੁਆਂਢੀ ਜ਼ਿਲ੍ਹਿਆਂ ਨੂੰ ਵੱਖ-ਵੱਖ ਪੜਾਵਾਂ ਵਿਚ ਕਿਉਂ ਵੰਡ ਦਿੱਤਾ ਗਿਆ। ਇਹ ਕਿਸੇ ਦੀ ਸਹੂਲਤ ਦਾ ਧਿਆਨ ਰੱਖ ਕੇ ਕੀਤਾ ਗਿਆ ਹੈ ਜਾਂ ਕਮਿਸ਼ਨ ਨੇ ਆਪਣੀ ਸਹੂਲਤ ਦੇਖੀ ਹੈ।

ਇਸੇ ਤਰ੍ਹਾਂ ਮਹਾਂਰਾਸ਼ਟਰ ਵਿਚ 4 ਪੜਾਵਾਂ ਵਿਚ ਚੋਣਾਂ ਨੂੰ ਲੈ ਕੇ ਸਵਾਲ ਉਠ ਰਹੇ ਹਨ। ਯੋਗੇਂਦਰ ਯਾਦਵ ਨੇ ਸਵਾਲ ਕੀਤਾ ਹੈ ਕਿ 2014 ਵਿਚ ਉੜੀਸਾ ਵਿਚ ਦੋ ਪੜਾਵਾਂ ਵਿਚ ਚੋਣਾਂ ਹੋਈਆਂ ਸਨ। ਇਸ ਵਾਰ ਚਾਰ ਪੜਾਵਾਂ ਵਿਚ ਹੋ ਰਹੀਆਂ ਹਨ। ਪੱਛਮੀ ਬੰਗਾਲ ਵਿਚ ਪੰਜ ਦੀ ਥਾਂ 7 ਪੜਾਵਾਂ ਵਿਚ ਚੋਣਾਂ ਹੋਣਗੀਆਂ। ਇੰਨਾ ਹੀ ਨਹੀਂ, ਇਸ ਵਾਰ ਚੋਣਾਂ ਦੇ ਐਲਾਨ ਵਿਚ ਵੀ 5 ਦਿਨਾਂ ਦੀ ਦੇਰੀ ਹੋਈ ਹੈ। 2014 ਵਿਚ 5 ਮਾਰਚ ਨੂੰ ਚੋਣਾਂ ਦਾ ਐਲਾਨ ਹੋ ਗਿਆ ਸੀ। ਇਨ੍ਹਾਂ ਤਾਰੀਕਾਂ ਦੇ ਜ਼ਰੀਏ ਚੋਣ ਇੰਤਜ਼ਾਮਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਸਵਾਲ ਪੁੱਛੇ ਜਾਣ। ਇਹ ਉਹੀ ਚੋਣ ਕਮਿਸ਼ਨ ਹੈ ਜਿਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਪ੍ਰੈੱਸ ਕਾਨਫਰੰਸ ਲਈ ਸੰਦੇਸ਼ ਭੇਜ ਕੇ ਵਾਪਸ ਲੈ ਲਿਆ ਸੀ। ਪਤਾ ਲੱਗਾ ਕਿ ਉਸ ਦੌਰਾਨ ਪ੍ਰਧਾਨ ਮੰਤਰੀ ਰੈਲੀ ਕਰਨ ਚਲੇ ਗਏ ਹਨ। ਕਿਤੇ ਐਸਾ ਤਾਂ ਨਹੀਂ ਕਿ ਇਸ ਵਾਰ 100 ਰੈਲੀਆਂ ਨੂੰ ਸਮਾਪਤ ਕਰਕੇ ਉਸ ਦੇ ਦਿੱਲੀ ਪਰਤਣ ਦਾ ਇੰਤਜ਼ਾਰ ਹੋ ਰਿਹਾ ਸੀ!


ਜੋ ਵੀ ਹੈ, ਹੁਣ ਤੁਹਾਡੇ ਕੋਲ ਜਨਤਾ ਬਣਨ ਦਾ ਮੌਕਾ ਆਇਆ ਹੈ। ਜਨਤਾ ਵਾਂਗ ਸੋਚੋ। ਨਿਊਜ਼ ਚੈਨਲਾਂ ਨੇ ਸਰਵੇਖਣਾਂ ਵਿਚ ਦੱਸਣਾ ਸ਼ੁਰੂ ਕਰ ਦਿੱਤਾ ਹੈ ਕਿ ਨੌਕਰੀ ਮੁੱਦਾ ਹੈ। ਖੁਦ ਨੌਕਰੀ ਦੇ ਸਵਾਲ ਉਪਰ ਇਨ੍ਹਾਂ ਚੈਨਲਾਂ ਨੇ ਕੁਝ ਨਹੀਂ ਕੀਤਾ। ਫਿਰ ਵੀ ਤੁਸੀਂ ਇਨ੍ਹਾਂ ਚੈਨਲਾਂ ਨਾਲ ਸੰਪਰਕ ਕਰੋ ਕਿ ਜੇ ਨੌਕਰੀ ਮੁੱਦਾ ਹੈ ਤਾਂ ਇਸ ਦੀ ਵਿਆਖਿਆ ਦੇ ਸਵਾਲਾਂ ਨੂੰ ਵੀ ਦਿਖਾਉਣਾ ਸ਼ੁਰੂ ਕਰੋ। ਮੈਨੂੰ ਪੂਰਾ ਵਿਸ਼ਵਾਸ ਹੈ, ਉਨ੍ਹਾਂ ਨੂੰ ਨੌਕਰੀ ਦੇ ਸਵਾਲ ਦਾ ਚਿਹਰਾ ਨਹੀਂ ਚਾਹੀਦਾ, ਗਿਣਤੀ ਚਾਹੀਦੀ ਹੈ, ਤਾਂ ਕਿ ਉਹ ਦੱਸ ਸਕਣ ਕਿ ਐਨੇ ਫੀਸਦੀ ਲੋਕ ਨੌਕਰੀ ਨੂੰ ਮੁੱਦਾ ਮੰਨਦੇ ਹਨ ਅਤੇ ਐਨੇ ਫੀਸਦੀ ਨੌਕਰੀ ਨੂੰ ਮੁੱਦਾ ਨਹੀਂ ਮੰਨਦੇ।

ਬਿਹਾਰ ਵਿਚ ਐਸ.ਐਸ.ਸੀ. ਸਟੈਨੋਗ੍ਰਾਫਰ 2017 ਦੀ ਪ੍ਰੀਖਿਆ ਲਈ ਗਈ ਸੀ। 28 ਨਵੰਬਰ 2018 ਨੂੰ 2400 ਵਿਦਿਆਰਥੀ ਪਾਸ ਹੋਏ ਸਨ। 28 ਦਸੰਬਰ ਨੂੰ ਫਾਈਨਲ ਮੈਰਿਟ ਕੱਢਣ ਦੀ ਗੱਲ ਸੀ ਪਰ ਆਦੇਸ਼ ਆਇਆ ਕਿ ਕਾਪੀਆਂ ਸਹੀ ਤਰੀਕੇ ਨਾਲ ਚੈਕ ਨਹੀਂ ਹੋਈਆਂ। ਉਨ੍ਹਾਂ ਦਾ ਨਤੀਜਾ ਦੁਬਾਰਾ ਨਹੀਂ ਆ ਸਕਿਆ। 3 ਮਹੀਨੇ ਹੋ ਗਏ ਹਨ। ਮਗਧ ਯੂਨੀਵਰਸਿਟੀ ਦੇ ਹਜ਼ਾਰਾਂ ਵਿਦਿਆਰਥੀਆਂ ਦੇ ਦਿਲ ਧੜਕ ਰਹੇ ਹਨ। ਜੇ 31 ਮਾਰਚ ਤਕ ਨਤੀਜਾ ਨਹੀਂ ਨਿਕਲਿਆ ਤਾਂ ਉਹ ਰੇਲਵੇ ਦੀ ਨਵੀਂਆਂ ਨੌਕਰੀਆਂ ਦੇ ਫਾਰਮ ਨਹੀਂ ਭਰ ਸਕਣਗੇ।

ਪਿਛਲੇ ਸਾਲ ਅਸਾਮ ਵਿਚ ਰਾਜ ਸਰਕਾਰ ਦੇ ਪੰਚਾਇਤ ਮਹਿਕਮੇ ਨੇ 845 ਅਸਾਮੀਆਂ ਕੱਢੀਆਂ। 20 ਮਈ 2018 ਨੂੰ ਪ੍ਰੀਖਿਆ ਲਈ ਗਈ। ਉਹ ਇਮਤਿਹਾਨ ਕਈ ਤਰ੍ਹਾਂ ਦੀ ਜਾਂਚ ਅਤੇ ਮੁਕੱਦਮਿਆਂ ਵਿਚ ਫਸ ਗਿਆ। ਸੀ.ਆਈ.ਡੀ. ਜਾਂਚ ਹੋਈ ਅਤੇ ਗੜਬੜਾਂ ਸਾਹਮਣੇ ਆਈਆਂ। ਇਸ ਤੋਂ ਬਾਅਦ ਵੀ ਸਰਕਾਰ ਨੇ 5 ਮਾਰਚ 2019 ਨੂੰ ਨਤੀਜਾ ਕੱਢ ਦਿੱਤਾ। ਵਿਦਿਆਰਥੀਆਂ ਨੇ ਸੈਂਕੜੇ ਮੇਲ ਭੇਜ ਕੇ ਇਲਜ਼ਾਮ ਲਗਾਏ ਹਨ ਕਿ ਸੀਟਾਂ ਪੈਸੇ ਲੈ ਕੇ ਵੇਚੀਆਂ ਗਈਆਂ ਹਨ। ਰਾਜਨੀਤਕ ਕੁਨੈਕਸ਼ਨ ਵਾਲੇ ਲੋਕਾਂ ਨੂੰ ਨੌਕਰੀਆਂ ਮਿਲੀਆਂ ਹਨ।

ਹੁਣ ਇਹ ਚੈਨਲ ਇਨ੍ਹਾਂ ਪ੍ਰੀਖਿਆਵਾਂ ਨੂੰ ਲੈ ਕੇ ਸਵਾਲ ਤਾਂ ਕਰਨਗੇ ਨਹੀਂ। ਇਹ ਕਾਂਗਰਸ ਸਰਕਾਰਾਂ ਵਿਚ ਹੈ ਅਤੇ ਇਹੀ ਭਾਜਪਾ ਸਰਕਾਰਾਂ ਵਿਚ ਵੀ। ਰੁਜ਼ਗਾਰ ਦੇ ਮੁੱਦੇ ਨੂੰ ਸਰਵੇਖਣ ਦੀ ਫੀਸਦੀ ਵਿਚੋਂ ਗ਼ਾਇਬ ਕਰ ਦਿੱਤਾ ਗਿਆ। ਹੁਣ ਨੌਜਵਾਨਾਂ ਉਪਰ ਨਿਰਭਰ ਹੈ ਕਿ ਉਹ ਇਨ੍ਹਾਂ ਚੈਨਲਾਂ ਦੀਆਂ ਬਹਿਸਾਂ ਤੋਂ ਆਪਣੇ ਲਈ ਕੀ ਹਾਸਲ ਕਰਦੇ ਹਨ। ਉਨ੍ਹਾਂ ਨੂੰ ਇਸ ਮੁਸ਼ਕਲ ਸਵਾਲ ਵਿਚੋਂ ਲੰਘਣਾ ਹੀ ਪਵੇਗਾ। ਇਸ ਲਈ ਇਹ ਚੋਣ ਨੌਜਵਾਨਾਂ ਦੀ ਹੈ। ਉਹ ਮੀਡੀਆ ਅਤੇ ਨੇਤਾਵਾਂ ਦੇ ਘੜੇ ਹੋਏ ਝੂਠ ਤੋਂ ਹਾਰ ਜਾਣਗੇ ਜਾਂ ਦੋਨਾਂ ਨੂੰ ਹਰਾ ਦੇਣਗੇ।

ਜੇ ਨੌਕਰੀ ਮੁੱਦਾ ਹੈ ਤਾਂ ਇਹ ਚੋਣਾਂ ਨੌਜਵਾਨਾਂ ਦਾ ਇਮਤਿਹਾਨ ਹਨ। ਭਾਰਤ ਦੀ ਸਿਆਸਤ ਵਿਚ ਜੇ ਨੌਜਵਾਨਾਂ ਦੀ ਜ਼ਰਾ ਵੀ ਅਹਿਮੀਅਤ ਬਚੀ ਹੋਵੇਗੀ ਤਾਂ ਨੌਕਰੀ ਦਾ ਸਵਾਲ ਬੜਾ ਹੋ ਕੇ ਉਭਰੇਗਾ। ਵਰਨਾ ਇਹ ਸਵਾਲ ਦਮ ਤੋੜ ਦੇਵੇਗਾ। ਮੈਂ ਇਨ੍ਹਾਂ ਹਾਰੇ ਹੋਏ ਨੌਜਵਾਨਾਂ ਤੋਂ ਕੀ ਉਮੀਦ ਕਰਾਂ, ਬਸ ਇਹੀ ਦੁਆ ਕਰਦਾ ਹਾਂ ਕਿ ਇਹ ਮੀਡੀਆ ਦੀ ਬਣਾਈ ਹੋਈ ਧਾਰਨਾ ਤੋਂ ਆਪਣੀ ਹਾਰ ਨੂੰ ਬਚਾ ਲੈਣ ਅਤੇ ਆਪਣੇ ਮੁੱਦੇ ਨੂੰ ਬਚਾ ਲੈਣ।




2019 ਦੀਆਂ ਚੋਣਾਂ ਵਿਚ ਝੂਠ ਨਾਲ ਮੁਕਾਬਲਾ ਹੈ। ਇਹ ਚੋਣ ਰਾਹੁਲ ਬਨਾਮ ਮੋਦੀ ਦੀ ਨਹੀਂ ਹੈ। ਇਹ ਚੋਣ ਜਨਤਾ ਦੇ ਸਵਾਲਾਂ ਦੀ ਹੈ। ਝੂਠ ਨਾਲ ਉਨ੍ਹਾਂ ਸਵਾਲਾਂ ਦੇ ਮੁਕਾਬਲੇ ਦੀ ਚੋਣ ਹੈ। ਕੀ ਜਨਤਾ ਆਪਣੇ ਸਵਾਲਾਂ ਨਾਲ ਝੂਠ ਨੂੰ ਹਰਾ ਦੇਵੇਗੀ ਜਾਂ ਉਸ ਝੂਠ ਤੋਂ ਹਾਰ ਜਾਵੇਗੀ? ਇਸ ਤੋਂ ਬਿਨਾ ਇਹ ਭਾਰਤ ਦੀ ਸਿਆਸਤ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਹੋਣਗੀਆਂ। ਪੈਸਾ ਪਾਣੀ ਦੀ ਤਰ੍ਹਾਂ ਰੋੜ੍ਹਿਆ ਜਾਵੇਗਾ ਅਤੇ ਝੂਠ ਅੰਮ੍ਰਿਤ ਦੀ ਤਰ੍ਹਾਂ ਵਰਤੇਗਾ।

—

ਸਾਡੇ ਨੌਜਵਾਨਾਂ ਤੋਂ ਨਾ ਆਪਣੀ ਕਹਾਣੀ ਲਿਖੀ ਜਾ ਰਹੀ ਹੈ ਅਤੇ ਨਾ ਕੋਈ ਉਨ੍ਹਾਂ ਦੀ ਕਹਾਣੀ ਲਿਖਣਾ ਚਾਹੁੰਦਾ ਹੈ। ਹਜ਼ਾਰਾਂ ਕਰੋੜ ਦੀਆਂ ਇਨ੍ਹਾਂ ਚੋਣਾਂ ਵਿਚ ਨੌਜਵਾਨਾਂ ਦਾ ਇਸਤੇਮਾਲ ਉਸ ਪਲੇਟ ਦੀ ਤਰ੍ਹਾਂ ਕੀਤਾ ਜਾਂਦਾ ਹੈ ਜਿਸ ਨੂੰ ਖਾਣੇ ਤੋਂ ਬਾਅਦ ਸ਼ਾਮਿਆਨੇ ਤੋਂ ਬਾਹਰ ਸੁੱਟ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਕੋਡ ਆਫ ਕੰਡਕਟ ਲਾਗੂ ਹੋਣ ਤੋਂ ਪਹਿਲਾਂ ਇਸ਼ਤਿਹਾਰਬਾਜ਼ੀ ਦੀ ਹੋਲੀ ਖੇਡੀ ਗਈ। ਕਰੋੜਾਂ ਰੁਪਏ ਫੂਕ ਦਿੱਤੇ ਗਏ ਜੋ ਹੁਣ ਕੂੜਾ ਬਣ ਚੁੱਕੇ ਹਨ। ਇਸ ਪੈਸੇ ਨਾਲ ਕਈਆਂ ਨੂੰ ਰੁਜ਼ਗਾਰ ਮਿਲ ਜਾਂਦਾ। ਹਰ ਮੰਤਰਾਲੇ ਦੇ ਇਸ਼ਤਿਹਾਰ ਉਪਰ ਪ੍ਰਧਾਨ ਮੰਤਰੀ ਮੋਦੀ ਦਾ ਚਿਹਰਾ ਹੈ ਤਾਂ ਸਵਾਲ ਉਸੇ ਨੂੰ ਹੈ ਕਿ ਸਟਾਫ ਸਿਲੈਕਸ਼ਨ ਕਮਿਸ਼ਨ ਤੋਂ ਲੈ ਕੇ ਉਨ੍ਹਾਂ ਦਾ ਇਸ਼ਤਿਹਾਰ ਕਿੱਥੇ ਹੈ? ਕਿਉਂ ਨਹੀਂ ਹੈ?

ਪ੍ਰਧਾਨ ਮੰਤਰੀ ਮੋਦੀ ਦੀ ਸਿਆਸਤ ਨੇ ਨੌਜਵਾਨਾਂ ਨੂੰ ਇਕ ਰੁਜ਼ਗਾਰ ਦਿੱਤਾ। ਦਿਨ ਭਰ ਮੋਦੀ ਮੋਦੀ ਜਪੋ। ਜੋ ਮੋਦੀ ਮੋਦੀ ਨਾ ਜਪੇ, ਉਸ ਨੂੰ ਗਾਲਾਂ ਦਿਓ। ਨੌਜਵਾਨਾਂ ਨੇ ਇਹ ਕੰਮ ਪੂਰੀ ਇਮਾਨਦਾਰੀ ਨਾਲ ਕੀਤਾ। ਮੋਦੀ ਲਈ ਦੂਜਿਆਂ ਨੂੰ ਗਾਲਾਂ ਦਿੱਤੀਆਂ ਤਾਂ ਮੋਦੀ ਨੇ ਖੂਬ ਪਿਆਰ ਵੀ ਕੀਤਾ। ਇਸ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਨਹੀਂ ਕਰ ਸਕਦਾ ਕਿ ਨੌਜਵਾਨਾਂ ਨੇ ਉਸ ਨੂੰ ਘੱਟ ਪਿਆਰ ਕੀਤਾ ਹੈ। ਹੁਣ ਜਦੋਂ ਆਪਣੀ ਨੌਕਰੀ ਨੂੰ ਲੈ ਕੇ ਨੌਜਵਾਨ ਮਾਰੇ ਮਾਰੇ ਫਿਰ ਰਹੇ ਹਨ ਤਾਂ ਮੋਦੀ ਨਜ਼ਰ ਨਹੀਂ ਆ ਰਿਹਾ। ਉਲਟਾ ਰੁਜ਼ਗਾਰ ਦੇ ਸਵਾਲ ਉਪਰ ਵਿਵਾਦਪੂਰਨ ਅੰਕੜਿਆਂ ਨਾਲ ਉਸੇ ਨੂੰ ਝੁਠਲਾਇਆ ਜਾ ਰਿਹਾ ਹੈ।

ਚੈਨਲਾਂ ਉਪਰ ਜੌਬ ਦੇ ਨਾਂ ਨਾਲ ਮੁੱਦੇ ਉਪਰ ਚਰਚਾ ਤਾਂ ਹੈ ਪਰ ਜੌਬ ਸਿਸਟਮ ਦੇ ਸਤਾਏ ਨੌਜਵਾਨਾਂ ਦੇ ਚਿਹਰੇ ਨਹੀਂ ਹਨ। ਲੱਖਾਂ ਨੌਜਵਾਨਾਂ ਨੂੰ ਇਕ ਅੰਕੜੇ ਵਿਚ ਬਦਲ ਦਿੱਤਾ ਗਿਆ। 30 ਫੀਸਦੀ ਮੰਨਦੇ ਹਨ ਕਿ ਜੌਬ ਮੁੱਦਾ ਹੈ। ਇਕ ਪਲ ਬਾਅਦ ਉਸੇ ਪਰਦੇ ਉਪਰ ਨਰਿੰਦਰ ਮੋਦੀ ਦੀ ਹਰਮਨਪਿਆਰਤਾ ਦਾ ਅੰਕੜਾ ਆ ਜਾਂਦਾ ਹੈ। 30 ਫੀਸਦੀ ਦੀ ਥਾਂ 62 ਫੀਸਦੀ ਆ ਜਾਂਦਾ ਹੈ। 62 ਫੀਸਦੀ ਅੱਗੇ 30 ਫੀਸਦੀ ਦੀ ਔਕਾਤ ਸਿਫਰ ਹੋ ਜਾਂਦੀ ਹੈ। ਚਰਚਾ ਬਦਲ ਜਾਂਦੀ ਹੈ - ਮੋਦੀ ਦਾ ਬਦਲ ਨਹੀਂ ਹੈ।

ਸਟਾਫ ਸਿਲੈਕਸ਼ਨ ਕਮਿਸ਼ਨ, ਸੀ.ਜੀ.ਐਲ. 2017 ਦੇ ਮੈਸੇਜ ਆਈ ਜਾ ਰਹੇ ਹਨ। ਹਰ ਮੈਸੇਜ ਵਿਚ ਇਕ ਭਿਆਨਕ ਇਕੱਲਤਾ ਅਤੇ ਮਾਯੂਸੀ ਨਜ਼ਰ ਆ ਰਹੀ ਹੈ। ਸੱਤ ਮਹੀਨੇ ਤੋਂ ਉਨ੍ਹਾਂ ਦਾ ਮਾਮਲਾ ਸੁਪਰੀਮ ਕੋਰਟ ਵਿਚ ਲਟਕਿਆ ਹੋਇਆ ਹੈ। ਇਸ ਪ੍ਰੀਖਿਆ ਵਿਚ ਧਾਂਦਲੀ ਦਾ ਇਲਜ਼ਾਮ ਲੱਗ ਰਿਹਾ ਹੈ ਪਰ ਸਜ਼ਾ ਉਹ ਵਿਦਿਆਰਥੀ ਵੀ ਭੁਗਤ ਰਹੇ ਹਨ ਜਿਨ੍ਹਾਂ ਨੇ ਇਮਾਨਦਾਰੀ ਨਾਲ ਪ੍ਰੀਖਿਆ ਦਿੱਤੀ ਹੈ। ਉਹ ਸਜ਼ਾ ਨਹੀਂ ਭੁਗਤ ਰਹੇ ਸਗੋਂ ਨੌਕਰੀ ਹਾਸਲ ਕਰਨ ਦੇ ਸਾਲ ਗੁਆ ਰਹੇ ਹਨ। ਇਹ ਇਕ ਉਮਰ ਕੈਦ ਤੋਂ ਘੱਟ ਨਹੀਂ ਹੈ।

ਇਹ ਪ੍ਰੀਖਿਆ 2017 ਦੀ ਹੈ ਅਤੇ ਮਾਰਚ 2017 ਤਕ ਨਤੀਜਾ ਆਉਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ। ਦੋ ਸਾਲ ਵਿਚ ਇਕ ਪ੍ਰੀਖਿਆ ਪੂਰੀ ਨਹੀਂ ਹੋ ਸਕੀ। 30 ਲੱਖ ਪ੍ਰੀਖਿਆਰਥੀਆਂ ਨੇ 8000 ਤੋਂ ਵੱਧ ਅਸਾਮੀਆਂ ਦੇ ਲਈ ਪ੍ਰੀਖਿਆ ਦਿੱਤੀ। 98000 ਚੌਥੇ ਪੜਾਅ ਦੀ ਪ੍ਰੀਖਿਆ ਦਾ ਇੰਤਜ਼ਾਰ ਕਰ ਰਹੇ ਹਨ। ਤਿੰਨ ਪੜਾਵਾਂ ਵਿਚ ਪਾਸ ਕਰਨ ਤੋਂ ਬਾਅਦ ਇੰਤਜ਼ਾਰ ਲੰਮਾ ਹੋ ਰਿਹਾ ਹੈ। ਇਸ ਨੂੰ ਪਾਸ ਕਰਨ ਤੋਂ ਬਾਅਦ ਉਹ 8000 ਅਸਾਮੀਆਂ ਦੇ ਲਈ ਚੁਣੇ ਜਾਣਗੇ। ਉਨ੍ਹਾਂ ਦੇ ਲਈ ਇਕ ਇਕ ਦਿਨ ਭਾਰੀ ਹੁੰਦਾ ਜਾਂਦਾ ਹੈ। ਸੰਭਵ ਹੈ, ਜ਼ਿਆਦਾਤਰ ਭਾਜਪਾ ਦੇ ਹਮਾਇਤੀ ਹੀ ਹੋਣਗੇ। ਭਾਜਪਾ ਵੀ ਉਨ੍ਹਾਂ ਦੀ ਆਵਾਜ਼ ਨਹੀਂ ਬਣ ਰਹੀ। ਲਗਦਾ ਹੈ ਕਿ ਨੌਕਰੀ ਦੇ ਮੁੱਦੇ ਉਪਰ ਕਿਸੇ ਨੂੰ ਇਨ੍ਹਾਂ ਨੌਜਵਾਨਾਂ ਦੀ ਹਮਾਇਤ ਨਹੀਂ ਚਾਹੀਦੀ। ਸਾਰਿਆਂ ਨੂੰ ਯਕੀਨ ਹੈ ਕਿ ਹਿੰਦੂ ਮੁਸਲਿਮ ਬਹਿਸ ਫੈਕਟਰੀ ਵਿਚੋਂ ਨਿਕਲੇ ਇਹ ਨੌਜਵਾਨ ਭਾਜਪਾ ਦੇ ਤਾਉਮਰ ਲਈ ਗ਼ੁਲਾਮ ਬਣ ਚੁੱਕੇ ਹਨ।

ਸੁਪਰੀਮ ਕੋਰਟ ਨੂੰ ਇਕ ਕੰਮ ਕਰਨਾ ਚਾਹੀਦਾ ਹੈ। ਨੌਕਰੀ ਦੀਆਂ ਪ੍ਰੀਖਿਆਵਾਂ ਨਾਲ ਸਬੰਧਤ ਤਮਾਮ ਮੁਕੱਦਮਿਆਂ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿਚ ਕਰਾਉਣੀ ਚਾਹੀਦੀ ਹੈ। ਰਾਜਾਂ ਵਿਚ ਸਰਕਾਰਾਂ ਹਾਈ ਕੋਰਟ ਦੇ ਸਿੰਗਲ ਅਤੇ ਡਬਲ ਬੈਂਚ ਦੇ ਆਦੇਸ਼ ਤੋਂ ਬਾਅਦ ਵੀ ਭਰਤੀ ਪ੍ਰੀਖਿਆ ਉਪਰ ਕਾਰਵਾਈ ਨਹੀਂ ਕਰਦੀਆਂ। ਨਿਯੁਕਤੀ ਪੱਤਰ ਨਹੀਂ ਦਿੰਦੀਆਂ। ਮਾਮਲਾ ਸੁਪਰੀਮ ਕੋਰਟ ਵਿਚ ਵੀ ਲਟਕਦਾ ਹੈ। ਉਸ ਨੂੰ ਐਸੇ ਮਾਮਲਿਆਂ ਨੂੰ ਅਰਜੈਂਟ ਮਾਮਲੇ ਵਾਂਗ ਸੁਣਨਾ ਚਾਹੀਦਾ ਹੈ। ਪ੍ਰੀਖਿਆ ਕੈਂਸਲ ਹੋ ਗਈ ਤਾਂ ਨੌਜਵਾਨਾਂ ਦੇ ਕੋਲ ਦੁਬਾਰਾ ਮੌਕਾ ਨਹੀਂ ਰਹਿੰਦਾ। ਇਸ ਲਈ ਕੋਰਟ ਨੂੰ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਕਿ ਫੈਸਲਾ ਛੇਤੀ ਹੋਵੇ ਤਾਂ ਕਿ ਨੌਜਵਾਨਾਂ ਦੇ ਮੌਕਿਆਂ ਉਪਰ ਅਸਰ ਨਾ ਪਵੇ। ਫੈਸਲਾ ਆਉਣ ਵਿਚ ਹੋਣ ਵਾਲੀ ਦੇਰੀ ਮੌਕਿਆਂ ਦੀ ਸਮਾਨਤਾ ਦੀ ਭਾਵਨਾ ਦੇ ਖਿਲਾਫ ਹੈ। ਸੁਪਰੀਮ ਕੋਰਟ ਸਾਡੇ ਸੰਵਿਧਾਨ ਅਤੇ ਮੌਕਿਆਂ ਦੀ ਰਖਵਾਲੀ ਹੈ।

ਸਟਾਫ ਸਿਲੈਕਸ਼ਨ ਕਮਿਸ਼ਨ ਦੇ ਮਾਅਰਕਿਆਂ ਦੇ ਅਨੇਕ ਕਿੱਸੇ ਹਨ। ਐਸ.ਐਸ.ਸੀ. ਸਟੈਨੋਗ੍ਰਾਫਰ ਦੀ ਪ੍ਰੀਖਿਆ ਹੈ। ਇਹ ਮਾਰਚ 2019 ਦੀ ਹੈ। ਇਸ ਪ੍ਰੀਖਿਆ ਦਾ ਨਤੀਜਾ ਵੀ ਅਜੇ ਤਕ ਨਹੀਂ ਆਇਆ। ਨੌਜਵਾਨਾਂ ਦੀ ਪੀੜਾ ਅੰਤਹੀਣ ਹੋ ਚੁੱਕੀ ਹੈ। ਇਕ ਨੌਜਵਾਨ ਇਹ ਪ੍ਰੀਖਿਆ ਪਾਸ ਕਰਕੇ ਅਗਲੇ ਪੜਾਅ ਦੀ ਪ੍ਰੀਖਿਆ ਦਾ ਇੰਤਜ਼ਾਰ ਕਰ ਰਿਹਾ ਹੈ। ਅਗਸਤ ਮਹੀਨੇ ਤੋਂ ਤਾਰੀਕ ਹੀ ਨਿਕਲ ਰਹੀ ਹੈ ਪਰ ਪ੍ਰੀਖਿਆ ਨਹੀਂ ਹੋ ਰਹੀ। ਇਸ ਨੌਜਵਾਨ ਨੇ ਇਕ ਹੋਰ ਪ੍ਰੀਖਿਆ ਪਾਸ ਕੀਤੀ ਹੈ। ਇਲਾਹਾਬਾਦ ਹਾਈਕੋਰਟ ਨੇ ਸਿਵਲ ਕੋਰਟ ਦੇ ਲਈ ਸਟੈਨੋਗ੍ਰਾਫਰ ਦੀ ਪ੍ਰੀਖਿਆ ਲਈ ਸੀ। ਇਸ ਦੀ ਲਿਖਤੀ ਪ੍ਰੀਖਿਆ ਪਾਸ ਕਰ ਚੁੱਕਾ ਹੈ। ਸਕਿਲ ਟੈਸਟ ਦੇਣ ਦੇ ਲਈ ਲਖਨਊ ਸੈਂਟਰ ਉਪਰ ਪਹੁੰਚੇ ਤਾਂ ਤਕਨੀਕੀ ਖਰਾਬੀ ਦੇ ਨਾਂ 'ਤੇ ਪ੍ਰੀਖਿਆ ਰੱਦ ਕਰ ਦਿੱਤੀ ਗਈ।

ਇਹ ਚੋਣ ਬੇਰੁਜ਼ਗਾਰੀ ਅਤੇ ਨੌਕਰੀ ਦਾ ਸਵਾਲ ਹੈ। ਜੇ ਨੌਜਵਾਨ ਆਪਣੇ ਲਈ ਸਿਆਸੀ ਪਾਰਟੀਆਂ ਨੂੰ ਮਜਬੂਰ ਨਾ ਕਰ ਸਕੇ, ਉਨ੍ਹਾਂ ਦੇ ਅਗਲੇ ਪੰਜ ਸਾਲ ਵੀ ਭਿਆਨਕ ਹੋਣ ਜਾ ਰਹੇ ਹਨ। ਇਸ਼ਤਿਹਾਰਬਾਜ਼ੀ ਅਤੇ ਚੈਨਲਾਂ ਦੇ ਬਣਾਏ ਮੁੱਦਿਆਂ ਨਾਲ ਲੜਨਾ ਹੀ ਪਵੇਗਾ। ਹੁਣ ਤੋਂ ਪ੍ਰਧਾਨ ਮੰਤਰੀ ਨੇ ਨੌਕਰੀ ਦੇ ਬਾਰੇ ਝੂਠ ਬੋਲਣਾ ਵੀ ਬੰਦ ਕਰ ਦਿੱਤਾ ਹੈ। ਕੀ ਇਸ ਵਾਰ ਪਿਛਲੀਆਂ ਚੋਣਾਂ ਵਾਂਗ 2 ਕਰੋੜ ਦੀ ਥਾਂ ਚਾਰ ਕਰੋੜ ਦੇਣ ਦਾ ਝੂਠਾ ਨਾਅਰਾ ਆਵੇਗਾ? ਮੁਦਰਾ ਲੋਨ ਦੇ ਵਿਵਾਦਪੂਰਨ ਅੰਕੜਿਆਂ ਦੇ ਬਹਾਨੇ ਉਹ ਰੁਜ਼ਗਾਰ ਦਾ ਦਾਅਵਾ ਕਰ ਰਹੇ ਹਨ। ਸਭ ਨੂੰ ਪਤਾ ਹੈ, ਮੁਦਰਾ ਲੋਨ ਦੀ ਸਚਾਈ ਕੀ ਹੈ।

ਚੋਣਾਂ ਨਾ ਆਉਂਦੀਆਂ ਤਾਂ ਰੇਲਵੇ ਦੀਆਂ ਅਸਾਮੀਆਂ ਵੀ ਨਹੀਂ ਆਉਂਦੀਆਂ। ਇਹੀ ਰੇਲਵੇ ਸੀ ਜਿਸ ਨੇ ਮੋਦੀ ਦੀ ਹਰਮਨਪਿਆਰਤਾ ਦੇ ਨਸ਼ੇ ਵਿਚ ਪ੍ਰੀਖਿਆ ਪਾਸ ਕੀਤੇ ਹੋਏ ਐਨ.ਟੀ.ਆਰ.ਬੀ. ਦੇ 4000 ਉਮੀਦਵਾਰਾਂ ਨੂੰ ਨੌਕਰੀ ਉਪਰ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ। ਉਸ ਵਕਤ ਨੌਜਵਾਨ ਮੋਦੀ ਮੋਦੀ ਕਰ ਰਹੇ ਸਨ। ਨਵੰਬਰ 2015 ਵਿਚ 18255 ਅਸਾਮੀਆਂ ਕੱਢੀਆਂ ਗਈਆਂ ਸਨ। ਉਸ ਵਕਤ ਵੀ ਇਕ ਕਰੋੜ ਲੋਕਾਂ ਨੇ ਫਾਰਮ ਭਰੇ ਸਨ। ਪ੍ਰੀਖਿਆ ਸ਼ੁਰੂ ਹੋਣ ਤੋਂ ਬਾਦ 4000 ਪੋਸਟਾਂ ਘਟਾ ਦਿੱਤੀਆਂ ਗਈਆਂ। ਇਕ ਨੌਜਵਾਨ ਨੇ ਜਦ ਪ੍ਰਧਾਨ ਮੰਤਰੀ ਦਫਤਰ ਨੂੰ ਪੁੱਛਿਆ ਤਾਂ ਜਵਾਬ ਮਿਲਿਆ ਕਿ ਸਰਕਾਰ ਖਰਚੇ ਘਟਾ ਰਹੀ ਸੀ। ਇਸ ਲਈ ਪੋਸਟਾਂ ਘਟਾਈਆਂ ਗਈਆਂ। ਅਤੇ ਇਸ ਦੇ ਇਸ਼ਤਿਹਾਰ ਵਿਚ ਇਹ ਲਿਖਿਆ ਹੋਇਆ ਸੀ ਕਿ ਪੋਸਟਾਂ ਦੀ ਜੋ ਗਿਣਤੀ ਦਿੱਤੀ ਗਈ ਹੈ ਉਹ ਪ੍ਰੋਵਿਜ਼ਨਲ ਹੈ। ਇਹ ਜਵਾਬ ਮਿਲਿਆ ਹੈ ਜਿਸ ਦਾ ਸਕਰੀਨ ਸ਼ਾਟ ਨੌਜਵਾਨ ਨੇ ਸਾਨੂੰ ਭੇਜਿਆ ਹੈ।

ਮੋਦੀ ਸਰਕਾਰ ਨੇ ਨੌਕਰੀ ਨਹੀਂ ਦਿੱਤੀ ਪਰ ਨੌਕਰੀ ਦੀ ਪ੍ਰੀਖਿਆ ਦੀ ਇਮਾਨਦਾਰ ਵਿਵਸਥਾ ਵੀ ਨਹੀਂ ਦਿੱਤੀ। ਰਾਜਾਂ ਵਿਚ ਤਾਂ ਹਾਲਤ ਹੋਰ ਵੀ ਭੈੜੀ ਹੈ। ਤਿੰਨ ਰਾਜਾਂ ਵਿਚ ਕਾਂਗਰਸ ਦੀ ਸਰਕਾਰ ਆਈ ਹੈ। ਉਥੇ ਵੀ ਇਸ ਦਿਸ਼ਾ ਵਿਚ ਕੋਈ ਠੋਸ ਯਤਨ ਨਹੀਂ ਹੋ ਰਹੇ। ਜਨਤਾ ਦਲ (ਯੂ) ਅਤੇ ਤਿਣਮੂਲ ਸਰਕਾਰ ਦੀ ਪ੍ਰੀਖਿਆ ਵਿਵਸਥਾ ਦਾ ਵੀ ਇਹੀ ਹਾਲ ਹੈ। ਪ੍ਰੀਖਿਆਵਾਂ ਉਪਰ ਧਾਂਦਲੀ ਅਤੇ ਮੁਕੱਦਮਿਆਂ ਦਾ ਖਤਰਾ ਮੰਡਰਾ ਰਿਹਾ ਹੈ।

ਨੌਜਵਾਨਾਂ ਨੂੰ ਸਖਤੀ ਨਾਲ ਵਿਰੋਧੀ ਧਿਰ ਅਤੇ ਸਰਕਾਰ ਨੂੰ ਸਵਾਲ ਕਰਨੇ ਹੋਣਗੇ। ਜੇ ਸਾਡਾ ਨੌਜਵਾਨ ਇਕ ਇਮਾਨਦਾਰ ਪ੍ਰੀਖਿਆ ਵਿਵਸਥਾ ਹਾਸਲ ਨਹੀਂ ਕਰ ਸਕਦਾ, ਤੇਜ਼ ਰਫਤਾਰ ਨਿਯੁਕਤੀ ਪ੍ਰਕਿਰਿਆ ਹਾਸਲ ਨਹੀਂ ਕਰ ਸਕਦਾ ਤਾਂ ਲਾਹਣਤ ਹੈ ਉਸ ਦੀ ਜਵਾਨੀ ਉਪਰ। ਉਸ ਨੂੰ ਕ੍ਰਾਂਤੀ ਫਿਲਮ ਦੇ ਇਕ ਗਾਣੇ ਦੇ ਇਹ ਬੋਲ ਚੇਤੇ ਰੱਖਣੇ ਚਾਹੀਦੇ ਹਨ - ਵੋਹ ਜਵਾਨੀ ਜਵਾਨੀ ਨਹੀਂ, ਜਿਸ ਦੀ ਕੋਈ ਕਹਾਨੀ ਨਹੀਂ।

## ਮੋਦੀ ਨੇ ਉਘੀਆਂ ਹਸਤੀਆਂ ਆਸਰੇ ਲੁੱਟਿਆ ਸੀ 2014 ਦਾ ਚੋਣ ਮੇਲਾ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2014 ਦੀਆਂ ਆਮ ਚੋਣਾਂ ਮੌਕੇ ਆਪਣੀ ਚੋਣ ਇੱਛਾਵਾਂ ਨੂੰ ਪੂਰਾ ਕਰਨ ਅਤੇ ਟਵਿੱਟਰ 'ਤੇ ਆਪਣੀ ਹਾਜ਼ਰੀ ਤੇ ਘੇਰਾ ਵਧਾਉਣ ਲਈ ਅਮਿਤਾਭ ਬੱਚਨ ਤੇ ਸਚਿਨ ਤੇਂਦੁਲਕਰ ਸਮੇਤ ਹੋਰ ਕਈ ਉਘੀਆਂ ਹਸਤੀਆਂ ਦਾ ਸਹਾਰਾ ਲਿਆ ਸੀ। ਇਹ ਦਾਅਵਾ ਅਮਰੀਕੀ ਯੂਨੀਵਰਸਿਟੀ ਵੱਲੋਂ ਕੀਤੇ ਅਧਿਐਨ 'ਚ ਕੀਤਾ ਗਿਆ ਹੈ।

ਮਿਸ਼ੀਗਨ ਯੂਨੀਵਰਸਿਟੀ ਵਿਚ ਸਹਾਇਕ ਪ੍ਰੋਫੈਸਰ ਜੋਇਓਜੀਤ ਪਾਲ ਨੇ ਇਸ ਨਤੀਜੇ 'ਤੇ ਪੁੱਜਣ ਲਈ ਟਵਿੱਟਰ ਹੈਂਡਲ ਨਰਿੰਦਰਮੋਦੀ ਵੱਲੋਂ ਫਰਵਰੀ 2009 ਤੋਂ ਅਕਤੂਬਰ 2015 ਦੇ ਅਰਸੇ ਦੌਰਾਨ ਕੀਤੇ ਨੌਂ ਹਜ਼ਾਰ ਤੋਂ ਵੱਧ ਟਵੀਟਾਂ ਦੀ ਘੋਖ ਕੀਤੀ ਹੈ।

ਅਧਿਐਨ ਮੁਤਾਬਕ ਮੋਦੀ ਨੇ ਸਾਲ 2009 ਵਿਚ ਜਦੋਂ ਟਵੀਟ ਕਰਨਾ ਸ਼ੁਰੂ ਕੀਤਾ ਤਾਂ ਉਹ ਭਾਰਤ ਦੇ ਉਨ੍ਹਾਂ ਕੁਝ ਗਿਣੇ ਚੁਣੇ ਆਗੂਆਂ ਵਿਚ ਸ਼ੁਮਾਰ ਸਨ, ਜੋ ਸੋਸ਼ਲ ਮੀਡੀਆ ਮੰਚਾਂ ਉਤੇ ਸਰਗਰਮ ਸਨ। ਅਕਤੂਬਰ 2012 ਤੱਕ ਸ੍ਰੀ ਮੋਦੀ ਦੇ ਟਵਿੱਟਰ ਉਤੇ ਦਸ ਲੱਖ ਤੋਂ ਵੱਧ ਫੌਲੋਅਰਜ਼ ਸਨ। ਮੌਜੂਦਾ ਸਮੇਂ ਟਵਿੱਟਰ 'ਤੇ ਉਨ੍ਹਾਂ ਨੂੰ 4.6 ਕਰੋੜ ਤੋਂ ਵੱਧ ਲੋਕ ਫੌਲੋ ਕਰਦੇ ਹਨ। ਪਾਲ ਮੁਤਾਬਕ ਭਾਰਤ ਵਿਚ ਸੋਸ਼ਲ ਮੀਡੀਆ ਦੇ ਵਿਸਥਾਰ ਦੇ ਨਾਲ ਹੀ ਸਿਆਸੀ ਆਗੂ ਵਜੋਂ ਮੋਦੀ ਦਾ ਉਭਾਰ ਹੋਇਆ ਹੈ। ਮੋਦੀ ਵੱਲੋਂ ਕੀਤੇ ਟਵੀਟਾਂ ਦੀ ਘੋਖ ਪੜਤਾਲ ਤੋਂ ਖੋਜਾਰਥੀਆਂ ਨੇ ਪਤਾ ਲਾਇਆ ਹੈ ਕਿ ਇਨ੍ਹਾਂ ਵਿਚ 414 ਅਜਿਹੇ ਮੌਕੇ ਸਨ ਜਿਨ੍ਹਾਂ ਵਿਚ ਉਘੀਆਂ ਹਸਤੀਆਂ ਦਾ ਕਈ ਕਈ ਵਾਰ ਜ਼ਿਕਰ ਸੀ।

ਪਾਲ ਨੇ ਕਿਹਾ ਕਿ ਮੋਦੀ ਵੱਲੋਂ ਛੇ ਸਾਲਾਂ ਦੌਰਾਨ ਕੀਤੇ ਟਵੀਟਾਂ ਦੇ ਅਧਿਐਨ ਤੋਂ ਤਿੰਨ ਪੜਾਅ ਸਾਹਮਣੇ ਆਏ ਹਨ। ਪਹਿਲੇ ਪੜਾਅ ਵਿਚ ਮੋਦੀ ਨੇ ਕੌਮੀ ਪੱਧਰ 'ਤੇ ਅਜਿਹੀ ਦਿੱਖ ਬਣਾਉਣ ਦਾ ਯਤਨ ਕੀਤਾ, ਜੋ ਸਾਰਿਆਂ ਨੂੰ ਸਵੀਕਾਰ ਹੋਵੇ। ਦੂਜੇ ਪੜਾਅ ਵਿਚ ਉਨ੍ਹਾਂ ਅਮਿਤਾਭ ਬੱਚਨ, ਕਾਰੋਬਾਰੀ ਨਰਾਇਣ ਮੂਰਤੀ, ਕ੍ਰਿਕਟਰ ਸਚਿਨ ਤੇਂਦੁਲਕਰ ਤੇ ਅਧਿਆਤਮਕ ਆਗੂ ਸ੍ਰੀ ਸ੍ਰੀ ਰਵੀ ਸ਼ੰਕਰ ਜਿਹੀਆਂ ਉਘੀਆਂ ਸ਼ਖ਼ਸੀਅਤਾਂ ਤੱਕ ਰਸਾਈ ਕੀਤੀ। ਤੀਜੇ ਪੜਾਅ ਵਿਚ ਮੋਦੀ ਨੇ ਚੋਣਾਂ ਮਗਰੋਂ ਆਪਣੀਆਂ ਪਹਿਲਕਦਮੀਆਂ ਨੂੰ ਪ੍ਰਚਾਰਨ ਵਾਲੀਆਂ ਹਸਤੀਆਂ ਨੂੰ ਚੈਂਪੀਅਨਜ਼ ਕਰਾਰ ਦਿੱਤਾ।

# ਪੰਜਾਬ ਨੂੰ ਆਰਾਮ ਦੀ ਨੀਂਦਰ ਸੌਣ ਦਿਓ

**ਹਾਲਾਤ-ਏ-ਹਾਜ਼ਰਾ**

*ਭਾਵੇਂ ਸੰਨ 1947 ਸੀ, 1965 ਜਾਂ 1971-ਭਾਰਤ ਅਤੇ ਪਾਕਿਸਤਾਨ ਵਿਚਾਲੇ ਜਦੋਂ ਵੀ ਜੰਗ ਲੱਗੀ, ਇਸ ਦਾ ਬਹੁਤਾ ਸੇਕ ਕਸ਼ਮੀਰ ਅਤੇ ਪੰਜਾਬ ਨੂੰ ਹੀ ਲੱਗਾ। ਹਾਲ ਹੀ ਵਿਚ ਕਸ਼ਮੀਰ ਦੇ ਸ਼ਹਿਰ ਪੁਲਵਾਮਾ ਨੇੜੇ ਸੀ. ਆਰ. ਪੀ. ਦੀ ਟੁਕੜੀ 'ਤੇ ਹੋਏ ਹਮਲੇ ਪਿਛੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਕਸ਼ੀਦਗੀ ਇਕ ਵਾਰ ਫਿਰ ਵਧੀ ਹੈ। ਭਾਰਤ ਵਿਚ ਆ ਰਹੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਹੁਕਮਰਾਨ ਭਾਰਤੀ ਜਨਤਾ ਪਾਰਟੀ ਦੇ ਸਿਆਸਤਦਾਨਾਂ ਨੇ ਬਲਦੀ 'ਤੇ ਤੇਲ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਾਰ ਵੀ ਖੁਦਾ ਨਾ ਖਾਸਤਾ ਜੇ ਜੰਗ ਲੱਗਦੀ ਹੈ ਤਾਂ ਸੇਕ ਕਸ਼ਮੀਰ ਤੇ ਪੰਜਾਬ ਨੂੰ ਹੀ ਸਭ ਤੋਂ ਵੱਧ ਲੱਗੇਗਾ। ਆਪਣੇ ਇਸ ਲੇਖ ਵਿਚ ਹਰਜਾਪ ਸਿੰਘ ਔਜਲਾ ਨੇ ਇਸ ਗੱਲ ਨੂੰ ਆਧਾਰ ਬਣਾ ਕੇ ਕੁਝ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ*

ਸਤੰਬਰ 1965 ਦਾ ਵੇਲਾ ਯਾਦ ਕਰਕੇ ਝੁਣਝੁਣੀ ਜਿਹੀ ਛਿੜ ਜਾਂਦੀ ਹੈ। ਉਨ੍ਹੀਂ ਦਿਨੀਂ ਮੈਂ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਵਿਚ ਪੜ੍ਹਦਾ ਸਾਂ ਅਤੇ ਡਿਗਰੀ ਦੇ ਆਖਰੀ ਸਾਲ ਵਿਚ ਸਾਂ। ਦਿਨ ਵਿਚ ਕਈ ਵਾਰੀ ਹਵਾਈ ਹਮਲੇ ਦਾ ਸਾਇਰਨ (ਹੂਟਰ) ਵੱਜਦਾ ਸੀ। ਹੂਟਰ ਵਜਦਿਆਂ ਸਾਰ ਲੋਕੀਂ ਘਰਾਂ ਅੰਦਰ ਵੜ ਜਾਂਦੇ। ਮੁਹੱਲੇ ਇਲਾਕਿਆਂ ਵਿਚ ਲੋਕੀਂ ਖੰਦਕਾਂ ਪੁੱਟ ਕੇ ਮੋਰਚਿਆਂ ਵਿਚ ਛਾਲਾਂ ਮਾਰ ਲੈਂਦੇ। ਪਲਾਂ ਵਿਚ ਹੀ ਸਾਰੇ ਕੰਮਕਾਰ ਰੁਕ ਜਾਂਦੇ। ਕਾਲਜਾਂ ਦੀ ਪੜ੍ਹਾਈ ਮੁਤਾਸਰ ਹੋ ਜਾਂਦੀ ਅਤੇ ਦਫਤਰਾਂ ਦੇ ਕੰਮ ਰੁਕ ਜਾਂਦੇ।

ਖਿੜਕੀਆਂ ਅਤੇ ਰੋਸ਼ਨਦਾਨਾਂ ਵਿਚ ਗੂੰਦ ਨਾਲ ਲਿਫਾਫਿਆਂ ਵਾਲਾ ਖਾਕੀ ਰੰਗ ਦਾ ਕਾਗਜ਼ ਚਿਪਕਾਇਆ ਹੁੰਦਾ। ਰਾਤੀਂ ਬੱਤੀਆਂ ਬੁਝਾ ਦਿੱਤੀਆਂ ਜਾਂਦੀਆਂ। ਰੇਡੀਓ ਵੀ ਬੜੀ ਮੱਧਮ ਆਵਾਜ਼ ਵਿਚ



**ਹਰਜਾਪ ਸਿੰਘ ਔਜਲਾ**
ਫੋਨ: +91-98149-06024
ਈਮੇਲ: harjapaujla@gmail.com

ਸੁਣਿਆ ਜਾਂਦਾ। ਮੈਂ ਆਪਣੇ ਪਰਿਵਾਰਕ ਰੇਡੀਓ ਤੋਂ ਤਿੰਨ ਸਟੇਸ਼ਨ ਸੁਣਦਾ ਹੁੰਦਾ ਸਾਂ। ਪਾਕਿਸਤਾਨ ਦੀ ਆਵਾਜ਼ ਸੁਣਨ ਲਈ ਮੈਂ ਰੇਡੀਓ ਪਾਕਿਸਤਾਨ ਲਾਹੌਰ ਲਾ ਰਖਿਆ ਸੀ। ਭਾਰਤੀ ਖਬਰਾਂ ਸੁਣਨ ਲਈ ਜਲੰਧਰ ਅਤੇ ਦਿੱਲੀ ਸਟੇਸ਼ਨ ਲਾਏ ਜਾਂਦੇ ਸਨ। ਉਨ੍ਹੀਂ ਦਿਨੀਂ ਸਾਰੇ ਪੰਜਾਬ ਵਿਚ ਟੈਲੀਵਿਜ਼ਨ ਕੇਵਲ ਅੰਮ੍ਰਿਤਸਰ ਵਿਚ ਹੀ ਇੱਕੜ-ਦੁੱਕੜ ਸਨ। ਉਹ ਵੀ ਪਾਕਿਸਤਾਨ ਦੇ ਪ੍ਰੋਗਰਾਮ ਹੀ ਦੇਖ ਸਕਦੇ ਸਨ। ਬਾਕੀ ਪੰਜਾਬ ਵਿਚ ਟੈਲੀਵਿਜ਼ਨ ਨਹੀਂ ਸੀ।

ਜਦੋਂ ਰੇਡੀਓ ਪਾਕਿਸਤਾਨ ਖਬਰਾਂ ਦਿੰਦਾ ਤਾਂ ਉਹ ਵੱਡੇ-ਵੱਡੇ ਦਮਗਜ਼ੇ ਮਾਰਦੇ। ਇਕ ਦਿਨ ਖਬਰ ਆਈ ਕਿ ਪਾਕਿਸਤਾਨ ਦੇ ਤੋਪਖਾਨੇ ਨੇ ਕਰੀਬ 500 ਪੈਟਨ ਟੈਂਕਾਂ ਨਾਲ ਕਸੂਰ-ਖੇਮਕਰਨ ਖੇਤਰ ਵਿਚ ਕਈ ਭਾਰਤੀ ਪਿੰਡਾਂ 'ਤੇ ਚੜ੍ਹਾਈ ਕਰ ਦਿੱਤੀ ਹੈ। ਇਹ ਖਬਰ ਵੀ ਆਈ ਕਿ ਟੈਂਕ ਅੰਮ੍ਰਿਤਸਰ ਵੱਲ ਤੇਜ਼ੀ ਨਾਲ ਵਧ ਰਹੇ ਹਨ। ਭਾਰਤੀ ਰੇਡੀਓ ਨੇ ਦਬੀ ਜ਼ਬਾਨ ਨਾਲ ਪੁਸ਼ਟੀ ਕੀਤੀ ਕਿ ਖੇਮਕਰਨ ਤਾਈਂ ਪਾਕਿਸਤਾਨੀ ਫੌਜੀ ਟੁਕੜੀਆਂ ਪੁੱਜ ਚੁੱਕੀਆਂ ਹਨ। ਇੰਜ ਜਾਪਦਾ ਸੀ, ਜਿਵੇਂ ਕੋਈ ਕਲੇਜਾ ਕੱਢ ਕੇ ਲੈ ਗਿਆ ਹੋਵੇ। ਇਸੇ ਤਰ੍ਹਾਂ ਦੀਆਂ ਖਬਰਾਂ ਫਾਜ਼ਿਲਕਾ ਤੋਂ ਵੀ ਆ ਰਹੀਆਂ ਸਨ। ਮਨ ਬੜਾ ਖਰਾਬ ਸੀ। ਅਸਮਾਨ ਵਿਚ ਹਵਾਈ ਜਹਾਜ਼ਾਂ ਦੀ ਹਰਕਤ ਵੀ ਸੀ।

ਉਨ੍ਹੀਂ ਦਿਨੀਂ ਭਾਰਤ ਵਿਚ ਤਿੰਨ ਮੁੱਖ ਸਮਾਚਾਰ ਬੁਲੇਟਿਨ ਪੇਸ਼ ਕੀਤੇ ਜਾਂਦੇ ਸਨ। ਇਹ ਸਾਰੇ ਹੀ ਅੰਗਰੇਜ਼ੀ ਵਿਚ ਸਨ। ਪਹਿਲਾ ਬੁਲੇਟਿਨ ਸਵੇਰੇ 8 ਵਜੇ ਆਉਂਦਾ, ਦੂਜਾ ਦੁਪਹਿਰ ਡੇਢ ਵਜੇ ਅਤੇ ਤੀਜਾ ਰਾਤ 9 ਵਜੇ। ਸਵੇਰੇ 8 ਵਜੇ ਅਤੇ ਰਾਤ 9 ਵਜੇ ਵਾਲੇ ਬੁਲੇਟਿਨ 15-15 ਮਿੰਟਾਂ ਦੇ ਸਨ ਅਤੇ ਡੇਢ ਵਜੇ ਵਾਲਾ ਬੁਲੇਟਿਨ ਦਸ ਮਿੰਟਾਂ ਦਾ ਹੁੰਦਾ। ਸਵੇਰੇ 8 ਵਜੇ ਖਬਰ ਆਈ ਕਿ ਖੇਮਕਰਨ ਨੇੜੇ ਪਿੰਡ ਅਸਲ ਉਤਾੜ ਵਿਚ ਪਾਕਿਸਤਾਨੀ ਟੈਂਕਾਂ ਦੀ ਟੁਕੜੀ ਨੂੰ ਰੋਕ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਫੌਜੀਆਂ ਦੇ ਹੌਸਲੇ ਪਸਤ ਹੋ ਗਏ ਹਨ। ਦੂਜੇ ਪਾਸੇ ਪਾਕਿਸਤਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਦਸਤੇ ਦਰਿਆ ਬਿਆਸ ਵੱਲ ਵਧ ਰਹੇ ਹਨ।

ਇਸੇ ਦੌਰਾਨ ਦਿੱਲੀ ਤੋਂ ਹੁਕਮ ਆਇਆ ਕਿ ਅੰਮ੍ਰਿਤਸਰ ਖਾਲੀ ਕਰਵਾ ਕੇ ਢਿਲਵਾਂ ਮੋਰਚੇ ਲਾ ਲਓ, ਜੋ ਜਰਨੈਲ ਹਰਬਖਸ਼ ਸਿੰਘ ਨੇ ਰੱਦ ਕਰ ਦਿੱਤਾ। ਦੁਪਹਿਰ ਡੇਢ ਵਜੇ ਖਬਰ ਆਈ ਕਿ ਭਾਰਤ ਨੇ ਲਾਹੌਰ ਸੈਕਟਰ ਵਿਚ ਰੈਡਕਲਿਫ ਲਾਈਨ ਟੱਪ ਲਈ ਅਤੇ ਭਾਰਤੀ, ਲਾਹੌਰ ਸੈਕਟਰ ਵਿਚ ਪੇਸ਼ਕਦਮੀ ਕਰ ਰਹੇ ਹਨ। ਪਾਕਿਸਤਾਨ ਨੇ ਇਸ ਦੀ ਪੁਸ਼ਟੀ ਨਾ ਕੀਤੀ। ਫਿਰ ਖਬਰਾਂ ਆਈਆਂ ਕਿ ਫਾਜ਼ਿਲਕਾ ਸੈਕਟਰ ਵਿਚ ਪਾਕਿਸਤਾਨ ਨੇ ਭਾਰਤ ਦੇ ਮਜ਼ੀਦ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਹੈ। ਇਸੇ ਤਰ੍ਹਾਂ ਦੀਆਂ ਖਬਰਾਂ ਗੰਡਾ ਸਿੰਘ ਵਾਲਾ ਅਤੇ ਹੁਸੈਨੀਵਾਲਾ ਤੋਂ ਵੀ ਆਈਆਂ। ਸਿਆਲਕੋਟ ਸੈਕਟਰ ਤੋਂ ਖਬਰ ਆਈ ਕਿ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਦੀ ਅਗਵਾਈ ਵਿਚ ਭਾਰਤੀ ਫੌਜਾਂ ਨੇ ਸਿਆਲਕੋਟ ਸੈਕਟਰ ਵਿਚ ਕਰੀਬ 250 ਵਰਗ ਮੀਲ ਦੇ ਇਲਾਕੇ ਵਿਚ ਪਾਕਿਸਤਾਨ ਧਰਤੀ 'ਤੇ ਕਬਜ਼ਾ ਕਰ ਲਿਆ ਹੈ। ਭਾਰਤ ਤੇ ਪਾਕਿਸਤਾਨ ਦੇ ਵਿਰੋਧੀ ਦਾਅਵੇ ਸਨ।

ਸਭ ਤੋਂ ਭੈੜੀ ਖਬਰ ਜੰਗ ਦੇ ਆਖਰੀ ਦਿਨ ਆਈ। ਸ਼ਾਮੀ 4 ਕੁ ਵਜੇ ਖਬਰ ਆਈ ਕਿ 5 ਵਜੇ ਦੋਹਾਂ ਮੁਲਕਾਂ ਦਰਮਿਆਨ ਜੰਗਬੰਦੀ ਲਾਗੂ ਹੋ ਜਾਵੇਗੀ ਅਤੇ ਜਿਥੇ ਜਿਥੇ ਵੀ ਫੌਜਾਂ ਹਨ, ਉਹ ਉਥੇ ਹੀ ਜੰਗਬੰਦੀ ਕਰ ਲੈਣਗੀਆਂ। ਲਿਹਾਜ਼ਾ ਅੰਮ੍ਰਿਤਸਰ ਅਤੇ ਬਟਾਲੇ ਵਿਚ ਖੁਸ਼ੀਆਂ ਦਾ ਮਾਹੌਲ ਸੀ। ਲੋਕ ਮਠਿਆਈਆਂ ਵੰਡ ਰਹੇ ਸਨ। ਜੰਗਬੰਦੀ ਤੋਂ ਪੰਜ ਮਿੰਟ ਬਾਅਦ 5 ਵਜ ਕੇ 5 ਮਿੰਟ 'ਤੇ ਪਾਕਿਸਤਾਨੀ ਬੰਬਾਰ ਲਾਹੌਰ ਵਾਲੇ ਪਾਸਿਓਂ ਭਾਰਤੀ ਸਰਹੱਦ ਵਿਚ ਦਾਖਲ ਹੋਏ ਅਤੇ ਅੰਮ੍ਰਿਤਸਰ ਦੇ ਸਭ ਤੋਂ ਵੱਡੇ ਸਨਅਤੀ ਇਲਾਕੇ ਛੇਹਰਟਾ ਵਿਚ ਚਲਦੇ ਕਾਰਖਾਨਿਆਂ 'ਤੇ ਬੰਬਾਰੀ ਕਰਕੇ ਪਾਕਿਸਤਾਨ ਵੱਲ ਚਾਲੇ ਪਾ ਲਏ। ਸਾਰੀਆਂ ਖੁਸ਼ੀਆਂ ਸੋਗ ਵਿਚ ਬਦਲ ਗਈਆਂ। ਹਰ ਪਾਸੇ ਚੀਕਾਂ, ਕੂਕਾਂ ਅਤੇ ਵੈਣਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਅੰਮ੍ਰਿਤਸਰ ਅਤੇ ਬਟਾਲੇ ਦੇ ਅਮੀਰ ਤਬਕਿਆਂ ਵਿਚ ਗਮ ਦੀ ਲਹਿਰ ਦੌੜ ਗਈ। ਉਸ ਸਮੇਂ ਅੰਮ੍ਰਿਤਸਰ ਦੀ ਛੇ ਲੱਖ ਆਬਾਦੀ ਵਿਚੋਂ ਕਰੀਬ ਦੋ ਲੱਖ ਸਦਾ ਵਾਸਤੇ ਬੰਬਈ, ਸੂਰਤ, ਪੂਨਾ, ਫਰੀਦਾਬਾਦ, ਪਾਨੀਪਤ, ਗਾਜ਼ੀਆਬਾਦ,



ਜਨਰਲ ਹਰਬਖਸ਼ ਸਿੰਘ

ਦਿੱਲੀ ਅਤੇ ਕਾਨਪੁਰ ਮੁੰਤਕਿਲ ਹੋ ਗਈ। ਕੁਝ ਇਸੇ ਤਰ੍ਹਾਂ ਹੀ ਬਟਾਲਾ ਅਤੇ ਫਿਰੋਜ਼ਪੁਰ ਵਿਚ ਵੀ ਵੇਖਣ ਨੂੰ ਮਿਲਿਆ।

ਫਿਰ 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਵੱਡੇ ਛੋਟੇ ਪੈਮਾਨੇ 'ਤੇ ਇੰਜ ਹੀ ਵਾਪਰਿਆ। ਫਿਰ ਸ਼ੁਰੂ ਹੋਈ 1978 ਤੋਂ 1997 ਤਕ ਪੁਲਿਸ-ਖਾੜਕੂ ਜੰਗ। ਇਸ ਦੌਰ ਵਿਚ ਰਾਤ ਸਮੇਂ ਖਾੜਕੂਆਂ ਦਾ ਬੋਲਬਾਲਾ ਹੁੰਦਾ ਅਤੇ ਦਿਨ ਸਮੇਂ ਪੁਲਿਸ ਦਾ ਭੈਅ ਹਰ ਪਾਸੇ ਸੀ। ਇਸ ਦੌਰ ਵਿਚ ਸਾਰੀ ਹੀ ਸਰਹੱਦ 'ਤੇ ਸਨਅਤਾਂ ਬੰਦ ਹੁੰਦੀਆਂ ਗਈਆਂ। ਅਮੀਰ ਆਦਮੀ ਖੰਭ ਲਾ ਕੇ ਹੋਰ ਥਾਂਈਂ ਉਡਣ ਲੱਗੇ। ਜਿਸ ਨੂੰ ਜਿਸ ਜਗ੍ਹਾ ਢੋਈ ਮਿਲਦੀ, ਉਹ ਉਥੇ ਹੀ ਜਾ ਵਸਦਾ ਰਿਹਾ। ਗਰੀਬ ਆਦਮੀ ਜਿਸ ਨੂੰ ਹਰ ਰੋਜ਼ ਖਾਣ ਨੂੰ ਰੋਟੀ ਵੀ ਨਾ ਨਸੀਬ ਹੋਵੇ, ਉਸ ਨੂੰ ਫਰਕ ਨਹੀਂ ਪੈਂਦਾ ਪਰ ਜੋ ਲੋਕ ਕਾਰਖਾਨੇਦਾਰ, ਦੁਕਾਨਾਂ ਦੇ ਮਾਲਕ ਅਤੇ ਖੁਸ਼ਹਾਲ ਵਪਾਰੀ ਹੁੰਦੇ ਹਨ, ਉਹ ਆਪਣੀ ਸਲਾਮਤੀ ਅਤੇ ਬਹਿਬੂਦੀ ਦੇ ਬਿਨਾ ਕਿਤੇ ਨਹੀਂ ਰਹਿ ਸਕਦੇ। ਪੰਜਾਬ ਵਿਚ ਖਾੜਕੂਵਾਦ ਦੌਰਾਨ ਅਮੀਰ ਆਦਮੀ ਵੀ ਪੰਜਾਬ ਤੋਂ ਪਲਾਇਨ ਕਰ ਗਏ ਅਤੇ ਸਰਮਾਇਆ ਵੀ। 20 ਸਾਲਾਂ ਦੀ ਪੰਜਾਬ ਦੀ ਗੈਰ ਸਲਾਮਤੀ ਦੇ ਦੌਰ ਵਿਚ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਪੱਟੀ, ਫਿਰੋਜ਼ਪੁਰ, ਮਮਦੋਟ, ਜਲਾਲਾਬਾਦ ਅਤੇ ਫਾਜ਼ਿਲਕਾ ਸਰਮਾਏ ਪੱਖੋਂ ਵੀ ਖਾਲੀ ਹੋ ਗਏ ਅਤੇ ਸਨਅਤ ਪੱਖੋਂ ਵੀ। ਅੰਮ੍ਰਿਤਸਰ ਦਾ ਉਜਾੜਾ ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਵੱਡੇ ਪੈਮਾਨੇ 'ਤੇ ਹੋਇਆ।

ਅੱਜ ਕੱਲ੍ਹ ਫਿਰ ਉਹੀ ਮਾਹੌਲ ਹੈ। ਇਕ ਪਾਸੇ ਕੌਮੀ ਚੋਣਾਂ ਸਿਰ 'ਤੇ ਹਨ, ਦੂਜੇ ਪਾਸੇ ਸਾਰੇ ਦੇਸ਼ ਵਿਚ ਜੰਗ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਦੇਸ਼ ਦੀਆਂ ਪ੍ਰਭਾਵਸ਼ਾਲੀ ਸੰਸਥਾਵਾਂ ਜਿਨ੍ਹਾਂ ਵਿਚ ਅਖਬਾਰਾਂ ਅਤੇ ਟੈਲੀਵਿਜ਼ਨ ਸੰਸਥਾਵਾਂ ਸ਼ਾਮਿਲ ਹਨ, ਲੋਕਾਂ ਵਿਚ ਮਸਨੂਈ ਤੌਰ 'ਤੇ ਜੰਗ ਦਾ ਜੋਸ਼ ਭਰ ਰਹੀਆਂ ਹਨ। ਵੈਸੇ ਤਾਂ ਗੁਜਰਾਤ ਵੀ ਸਰਹੱਦੀ ਸੂਬਾ ਹੈ ਅਤੇ ਰਾਜਸਥਾਨ ਵੀ, ਪਰ ਲੜਾਈ ਦਾ ਮਾਹੌਲ ਸਿਰਫ ਪੰਜਾਬ ਵਿਚ ਸਿਰਜਿਆ ਜਾ ਰਿਹਾ ਹੈ। ਇਸ ਸਾਰੇ ਖੇਡ ਤਮਾਸ਼ੇ ਤੋਂ ਹੁਕਮਰਾਨ ਅੰਦਰੋਂ-ਅੰਦਰੀ ਖੁਸ਼ ਹਨ।

27 ਫਰਵਰੀ 2019 ਨੂੰ ਜੰਮੂ ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿਚ ਤਮਾਮ ਹਵਾਈ ਅੱਡੇ ਬੰਦ ਕੀਤੇ ਗਏ ਤਾਂ ਜੋ ਜੰਗ ਦੀ ਲੋੜੀਂਦੀ ਤਿਆਰੀ ਕੀਤੀ ਜਾ ਸਕੇ; ਲੇਕਿਨ ਚੰਡੀਗੜ੍ਹ ਦਾ ਹਵਾਈ ਅੱਡਾ ਬੰਦ ਨਹੀਂ ਕੀਤਾ ਗਿਆ। ਨੇੜਲਾ ਅੰਬਾਲਾ ਵੀ ਬੰਦ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਦਿੱਲੀ ਹਵਾਈ ਅੱਡਾ ਵੀ ਮਾਮੂਲ ਦੀ ਤਰ੍ਹਾਂ ਖੁੱਲ੍ਹਾ ਰਖਿਆ ਗਿਆ। ਉਸ ਦਿਨ ਰਾਜਸਥਾਨ ਵਿਚ ਕੋਈ ਅਜਿਹਾ ਜੰਗੀ ਮਾਹੌਲ ਨਹੀਂ ਸੀ। ਗੁਜਰਾਤ ਵਿਚ ਕਿਤੇ ਵੀ ਜੰਗ ਦੇ ਸੰਕੇਤ ਨਹੀਂ ਦਿੱਤੇ ਗਏ। ਕੀ ਗੁਜਰਾਤ ਸਰਹੱਦੀ ਸੂਬਾ ਨਹੀਂ? 2001 ਵਿਚ ਜਦੋਂ ਸੰਸਦ ਉਤੇ ਅਤਿਵਾਦੀ ਹਮਲਾ ਹੋਇਆ ਸੀ, ਉਸ ਸਮੇਂ ਵੀ ਪੰਜਾਬ ਵਿਚ ਫੌਜ ਭੇਜੀ ਗਈ ਸੀ ਅਤੇ ਲੋਕਾਂ ਦੇ ਖੇਤਾਂ ਤੇ ਫਸਲਾਂ ਦਾ ਉਜਾੜਾ ਕੀਤਾ ਗਿਆ। ਅੱਜ ਕੱਲ੍ਹ ਵੀ ਪੰਜਾਬ ਵਿਚ ਉਹੀ ਹਾਲ ਹੈ।

ਕਈ ਵਾਰੀ ਜਾਪਦਾ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਜੰਗ ਪੰਜਾਬ ਅਤੇ ਕਸ਼ਮੀਰ ਵਿਚ ਹੀ ਹੋਵੇ। ਇੰਜ ਜਾਪਦਾ ਹੈ ਕਿ ਅਸੀਂ ਪਾਕਿਸਤਾਨ ਨੂੰ ਸੱਦਾ ਦੇ ਰਹੇ ਹਾਂ ਕਿ ਉਹ ਪੰਜਾਬ ਵਿਚ ਸਾਡੇ ਨਾਲ ਲੜੇ। ਅੱਜ ਕੱਲ੍ਹ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਉਜੜੇ ਪਏ ਹਨ। ਪਠਾਨਕੋਟ, ਗੁਰਦਾਸਪੁਰ, ਧਾਰੀਵਾਲ, ਬਟਾਲਾ, ਤਰਨਤਾਰਨ, ਪੱਟੀ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿਚ ਕੋਈ ਸਨਅਤ ਨਹੀਂ ਬਚੀ। ਅੰਮ੍ਰਿਤਸਰ ਦੀ ਸਨਅਤ ਮਸਾਂ ਸਹਿਕ ਰਹੀ ਹੈ। ਇਹੋ ਹਾਲ ਗੋਇੰਦਵਾਲ ਸਾਹਿਬ ਦਾ ਹੈ। ਜੋ ਕੁਝ ਬਚਿਆ ਹੈ, ਉਹ ਵੀ ਖਤਮ ਕਰਨ ਦੀ ਸਕੀਮ ਹੈ।

ਅੱਜ ਕੱਲ੍ਹ ਅੰਮ੍ਰਿਤਸਰ ਦਾ ਵਪਾਰ ਵਧ ਰਿਹਾ ਸੀ। ਅਟਾਰੀ-ਵਾਹਗਾ ਦੇ ਰਸਤੇ ਵੀ ਭਾਰਤੀ ਬਰਾਮਦ ਪਾਕਿਸਤਾਨ ਨੂੰ ਹੋ ਰਹੇ ਸਨ ਅਤੇ ਪਾਕਿਸਤਾਨ ਮਸਨੂਆਤ ਭਾਰਤ ਨੂੰ ਆ ਰਹੀਆਂ ਸਨ ਪਰ 14 ਫਰਵਰੀ ਨੂੰ ਪੁਲਵਾਮਾ ਵਿਚ ਹੋਏ ਅਤਿਵਾਦੀ ਹਮਲੇ ਪਿਛੋਂ ਭਾਰਤ ਨੇ ਪਾਕਿਸਤਾਨ ਬਰਾਮਦਾਂ 'ਤੇ 200 ਫੀਸਦੀ ਟੈਕਸ ਲਾ ਦਿੱਤਾ ਹੈ, ਜਿਸ ਕਾਰਨ 200 ਦੀ ਵਸਤੂ 600 ਰੁਪਏ ਦੀ ਹੋ ਗਈ ਹੈ। ਅਜਿਹੇ ਕਦਮਾਂ ਕਾਰਨ ਭਾਰਤ ਅਤੇ ਪਾਕਿਸਤਾਨ ਦਾ ਵਪਾਰ ਪੂਰੀ ਤਰ੍ਹਾਂ ਠੱਪ



ਜਨਰਲ ਜਗਜੀਤ ਸਿੰਘ

ਹੋਇਆ ਪਿਆ ਹੈ। ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਵਧੇਰੇ ਮੁਸਾਫਰ ਲੰਡਨ, ਬਰਮਿੰਘਮ, ਟੋਰਾਂਟੋ, ਨਿਊ ਯਾਰਕ, ਮਿਲਾਨ, ਅਸ਼ਗਾਬਾਤ, ਤਾਸ਼ਕੰਦ, ਵੈਨਕੂਵਰ, ਸੈਨ ਫਰਾਂਸਿਸਕੋ ਅਤੇ ਲਾਸ ਏਂਜਲਸ ਜਾਂਦੇ ਹਨ। ਇਨ੍ਹਾਂ ਦੀਆਂ ਪਰਵਾਜ਼ਾਂ ਪਾਕਿਸਤਾਨ ਦੇ ਉਪਰੋਂ ਦੀ ਹੋ ਕੇ ਜਾਂਦੀਆਂ ਹਨ। ਪਾਕਿਸਤਾਨ ਨੇ ਭਾਰਤੀ ਪਰਵਾਜ਼ਾਂ ਨੂੰ ਪਾਕਿਸਤਾਨ ਉਪਰੋਂ ਲੰਘਣ ਤੋਂ ਵਰਜ ਦਿੱਤਾ ਹੈ। ਇਸ ਕਾਰਨ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਦਾ ਕਾਰੋਬਾਰ ਘਟ ਕੇ ਅੱਧਾ ਰਹਿ ਗਿਆ ਹੈ। ਪਿਛਲੇ ਦੋ-ਤਿੰਨ ਸਾਲਾਂ ਤੋਂ ਅੰਮ੍ਰਿਤਸਰ ਵਿਚ ਅਨੇਕਾਂ ਹੋਟਲ ਤਾਮੀਰ ਹੋ ਗਏ ਸਨ, ਇਨ੍ਹਾਂ ਵਿਚੋਂ ਕਈ ਚਾਰ ਅਤੇ ਪੰਜ ਤਾਰਾ ਹਨ। ਇਨ੍ਹਾਂ ਦਾ ਕਾਰੋਬਾਰ ਵੀ ਹਵਾਈ ਅੱਡੇ ਨਾਲ ਸਬੰਧਤ ਹੋਣ ਕਰਕੇ ਬਹੁਤ ਘਟ ਗਿਆ ਹੈ। ਜੰਗੀ ਮਾਹੌਲ ਕਾਰਨ ਹੁਕਮਰਾਨ ਪਾਰਟੀ ਨੂੰ ਜ਼ਰੂਰ ਲਾਭ ਹੋਵੇਗਾ ਪਰ ਪੰਜਾਬ ਨੂੰ ਬਰਬਾਦ ਕਰਕੇ ਹੀ। ਕੀ ਸਾਨੂੰ ਆਰਾਮ ਨਾਲ ਜਿਉਣ ਦਾ ਹੱਕ ਨਹੀਂ ਹੈ?

**ਮਸਲੇ**

## ਖਾਮੋਸ਼ੀ ਤੋੜਨ ਦਾ ਹੋਕਾ

ਹਾਲ ਹੀ ਵਿਚ ਇਕ ਬੜੀ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿਸ ਵਿਚ ਇਕ ਔਰਤ ਨੇ ਆਪਣੀ ਨਾਬਾਲਗ ਧੀ ਦੇ ਨਵਜੰਮੇ ਬੱਚੇ ਨੂੰ ਪਾਣੀ ਦੇ ਟੱਬ ਵਿਚ ਡੋਬ ਕੇ ਮਾਰ ਮੁਕਾਇਆ। ਨਾਬਾਲਗ ਧੀ ਨੇ ਘਰ ਦੇ ਬਾਥਰੂਮ ਵਿਚ ਇਸ ਬੱਚੇ ਨੂੰ ਜਨਮ ਦਿੱਤਾ ਸੀ। ਨਾਬਾਲਗ ਦੀ ਮਾਂ ਨੇ ਉਸ ਬੱਚੇ ਨੂੰ ਪਹਿਲਾਂ ਟੱਬ ਵਿਚ ਡੋਬ ਦਿੱਤਾ ਅਤੇ ਫਿਰ ਘਰ ਦੇ ਪਿਛਵਾੜੇ ਦੱਬ ਦਿੱਤਾ। ਬਾਅਦ ਵਿਚ ਇਹ ਖਬਰ ਚੁਫੇਰੇ ਫੈਲ ਗਈ ਅਤੇ ਇਸ ਬਾਰੇ ਜਾਂਚ ਹੁਣ ਚਲ ਰਹੀ ਹੈ। ਉਂਜ ਇਸ ਖਬਰ ਨਾਲ ਬਾਲ ਹੱਤਿਆ ਅਤੇ ਕੁਝ ਹੋਰ ਮਸਲਿਆਂ ਬਾਰੇ ਪ੍ਰਚਲਿਤ ਰੁਤੀਆਂ ਉਜਾਗਰ ਹੋ ਗਈਆਂ ਹਨ।

ਕਿਹਾ ਜਾ ਰਿਹਾ ਹੈ ਕਿ ਨਾਬਾਲਗ ਦੀ ਮਾਂ ਬੇਅੰਤ ਕੌਰ ਢਿੱਲੋਂ ਨੇ ਆਪਣੇ ਪਰਿਵਾਰ ਨੂੰ 'ਬੇਇੱਜਤੀ ਤੋਂ ਬਚਾਉਣ' ਲਈ ਇਹ ਕਦਮ ਉਠਾਇਆ। ਉਸ ਨੇ ਕੁੜੀ ਦੇ ਕਜ਼ਨ ਬਖਸ਼ਿੰਦਰਪਾਲ ਮਾਨ ਨਾਲ ਰਲ ਕੇ ਇਹ ਕਾਰਾ ਕੀਤਾ। ਪਤਾ ਲੱਗਿਆ ਹੈ ਕਿ ਨਾਬਾਲਗ ਲੜਕੀ ਦੀ ਉਮਰ 15 ਸਾਲ ਸੀ ਅਤੇ ਉਸ ਨੂੰ ਜਣੇਪੇ ਤੋਂ ਬਾਅਦ ਕੋਈ ਮੈਡੀਕਲ ਸਹਾਇਤਾ ਵੀ ਨਹੀਂ ਦਿੱਤੀ ਗਈ।

ਸਿੱਖ ਭਾਈਚਾਰੇ ਨਾਲ ਜੁੜੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਘਟਨਾ ਵਿਕੋਲਿਤਰੀ ਘਟਨਾ ਹੈ ਅਤੇ ਇਹ ਕੋਈ ਸਿੱਖ ਭਾਈਚਾਰੇ ਅੰਦਰ ਅਕਸਰ ਵਾਪਰਨ ਵਾਲੀ ਘਟਨਾ ਨਹੀਂ ਹੈ। ਪਰ ਸਵਾਲ ਹੈ ਕਿ ਕੀ ਇਹ ਸੱਚ ਹੈ? ਕੀ ਇਹ ਦਰਦਨਾਕ ਘਟਨਾ ਸਾਨੂੰ ਇਸ ਨਾਲ ਜੁੜੇ ਤੱਥਾਂ ਨੂੰ ਬਾਹਰ ਲਿਆਉਣ ਵਿਚ ਮਦਦ ਕਰ ਸਕਦੀ ਹੈ? ਕੀ ਅਸੀਂ ਅਖੌਤੀ 'ਅਣਖ' ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰ ਸਕਾਂਗੇ? ਅਸੀਂ ਅਜਿਹੀਆਂ ਘਟਨਾਵਾਂ ਨੂੰ ਆਪਣੀ ਇੱਜਤ ਨਾਲ ਕਿਉਂ ਜੋੜ ਲੈਂਦੇ ਹਾਂ? ਕੀ ਸੱਚਮੁਚ ਅਜਿਹੀਆਂ ਘਟਨਾਵਾਂ ਨਾਲ ਪਰਿਵਾਰ ਦੀ ਬੇਇੱਜਤੀ ਹੁੰਦੀ ਹੈ? ਕੀ ਸੱਚਮੁਚ ਸਾਨੂੰ ਆਪਣੇ ਬੱਚਿਆਂ ਦਾ ਫਿਕਰ ਨਹੀਂ ਹੈ? ਇਹ ਠੀਕ ਹੈ ਕਿ ਨਾਬਾਲਗ ਉਮਰ ਵਿਚ ਇਸ ਤਰ੍ਹਾਂ ਬੱਚੀ ਦਾ ਜਨਮ ਦੇਣਾ ਸਹੀ ਨਹੀਂ ਮੰਨਿਆ ਜਾਂਦਾ ਪਰ ਇਸ ਨੂੰ ਬੇਇੱਜਤੀ ਨਾਲ ਜੋੜਨਾ ਕਿੰਨਾ ਕੁ ਵਾਜਬ ਹੈ?

ਇਕ ਭਾਈਚਾਰੇ ਵਜੋਂ ਸਾਨੂੰ ਇਸ ਤਰ੍ਹਾਂ ਦਾ ਵਿਹਾਰ ਬਦਲਣ ਦੀ ਬਹੁਤ ਜ਼ਰੂਰਤ ਹੈ ਤਾਂ ਕਿ ਅਖੌਤੀ 'ਅਣਖ' ਖਾਤਰ ਅਜਿਹੇ ਕਾਰਿਆਂ ਨੂੰ ਠੱਲ੍ਹ ਪੈ ਸਕੇ ਜਾਂ ਅਜਿਹੇ ਦੁਖਾਂਤਾਂ ਨੂੰ ਰੋਕਿਆ ਜਾ ਸਕੇ। ਇਸ ਮਾਮਲੇ ਵਿਚ ਭਾਈਚਾਰੇ ਦੇ ਲੋਕਾਂ ਨੂੰ ਇਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਹਮਦਰਦੀ ਪ੍ਰਗਟਾਉਣੀ ਚਾਹੀਦੀ ਹੈ। ਸਾਨੂੰ ਬੇਅੰਤ ਕੌਰ ਢਿੱਲੋਂ ਅਤੇ ਬਖਸ਼ਿੰਦਰਪਾਲ ਮਾਨ ਵਰਗੇ ਲੋਕਾਂ ਵਲੋਂ ਆਪਣੇ ਹੀ ਬੱਚਿਆਂ ਨਾਲ ਕੀਤੀਆਂ ਵਧੀਕੀਆਂ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ ਅਤੇ ਅਜਿਹੇ ਮੌਕਿਆਂ ਨੂੰ ਇਕ ਦੂਜੇ ਨਾਲ ਸੰਵਾਦ ਰਚਾਉਣਾ ਚਾਹੀਦਾ ਹੈ। ਸਾਨੂੰ ਇਹ ਤੱਥ ਸਮਝਣ-ਵਿਚਾਰਨ ਦੀ ਸਖਤ ਲੋੜ ਹੈ ਕਿ ਅਜਿਹੇ ਹਾਲਾਤ 'ਚ ਪਰਿਵਾਰ ਅਤੇ ਮਿੱਤਰ-ਸੱਜਣ ਇੰਨੇ ਜ਼ਿਆਦਾ ਡਰ ਕਿਉਂ ਜਾਂਦੇ ਹਨ ਅਤੇ ਬੇਇੱਜਤੀ ਦੇ ਡਰੋਂ ਅਜਿਹੇ ਕਾਰੇ ਕਿਉਂ ਕਰ ਬੈਠਦੇ ਹਨ। ਇਸ ਨਾਲ ਉਨ੍ਹਾਂ ਦੇ ਆਪਣੇ ਬੱਚਿਆਂ ਦਾ ਹੀ ਨੁਕਸਾਨ ਹੁੰਦਾ ਹੈ। ਜ਼ਾਹਰ ਹੈ ਕਿ ਕਿਸੇ ਵੀ ਪ੍ਰਕਾਰ ਦੀ ਖਾਮੋਸ਼ੀ ਸਾਡੇ ਬੱਚਿਆਂ 'ਤੇ ਵਧੀਕੀ ਬਣ ਕੇ ਵਰ੍ਹਦੀ ਹੈ।

ਅਜਿਹੇ ਮੌਕਿਆਂ 'ਤੇ ਕਈ ਵਾਰ ਲੋਕਾਂ ਨੂੰ ਪਤਾ ਵੀ ਨਹੀਂ ਲਗਦਾ ਕਿ ਮਦਦ ਕਿਥੋਂ ਹਾਸਲ ਕਰਨੀ ਹੈ? ਅਜਿਹੇ ਹੋਰ ਵੀ ਮਾਮਲੇ ਹਨ ਜਿਨ੍ਹਾਂ ਬਾਰੇ ਲੋਕ ਅਕਸਰ ਅਣਜਾਣ ਹੁੰਦੇ ਹਨ ਅਤੇ ਕਿਸੇ ਪਾਸਿਓਂ ਕੋਈ ਮਦਦ ਲੈਣ ਦੀ ਥਾਂ ਅਜਿਹੇ ਕਾਰੇ ਕਰ ਬੈਠਦੇ ਹਨ ਜਦਕਿ ਅਜਿਹੇ ਮਾਮਲਿਆਂ ਨੂੰ ਗੁਪਤ ਰਖ ਕੇ ਸਬੰਧਤ ਵਿਅਕਤੀ ਦੀ ਮਦਦ ਕੀਤੀ ਜਾ ਸਕਦੀ ਹੈ। ਜੇ ਕਿਤੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਜਾਂ ਮਿੱਤਰ-ਪਿਆਰੇ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਜਾਵੇ ਅਤੇ ਮੌਕੇ 'ਤੇ ਕੁਝ ਨਾ ਅਹੁੜੇ ਕਿ ਜਾਣਾ ਕਿਥੇ ਹੈ ਜਾਂ ਕੀ ਕਰਨਾ ਹੈ, ਤਾਂ ਅਜਿਹੇ ਮੌਕੇ ਕੋਈ ਨਾ ਕੋਈ ਜੁਗਤ ਲੜਾਉਣੀ ਚਾਹੀਦੀ ਹੈ ਅਤੇ ਕਿਤੇ ਨਾ ਕਿਤੇ ਪਹੁੰਚ ਕਰਨੀ ਚਾਹੀਦੀ ਹੈ। ਇਕ ਦੂਜੇ ਦੀ ਮਦਦ ਕਰਕੇ ਹੀ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ।

*-ਸੰਦੀਪ ਜੰਮੂ, ਰਜਨੀਕ ਬਿੰਦ*

## ਇਰਾਕ 'ਚ ਕਿਸ਼ਤੀ ਡੁੱਬਣ ਕਾਰਨ 100 ਮੌਤਾਂ

**ਮੋਸੂਲ:** ਇਰਾਕ ਦੇ ਸ਼ਹਿਰ ਮੋਸੂਲ ਨੇੜੇ ਪੈਂਦੀ ਟਿਗਰਿਸ ਨਦੀ 'ਚ ਕਿਸ਼ਤੀ ਡੁੱਬਣ ਕਾਰਨ ਕਰੀਬ 100 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ 'ਚ ਔਰਤਾਂ ਅਤੇ ਬੱਚੇ ਵੱਧ ਹਨ। ਕਿਸ਼ਤੀ 'ਚ ਸਮਰੱਥਾ ਤੋਂ ਜ਼ਿਆਦਾ ਲੋਕ ਸਵਾਰ ਸਨ ਜੋ ਕੁਰਦ ਨਵਾਂ ਸਾਲ ਮਨਾ ਰਹੇ ਸਨ। ਉੱਤਰੀ ਨਾਈਨਵੇਹ ਸੂਬੇ ਦੇ ਨਾਗਰਿਕ ਸੁਰੱਖਿਆ ਦੇ ਮੁਖੀ ਕਰਨਲ ਹੁਸਾਮ ਖਲੀਲ ਨੇ ਦੱਸਿਆ ਕਿ ਇਹ ਘਟਨਾ ਉਦੋਂ ਵਾਪਰੀ ਜਦੋਂ ਵੱਡੀ ਗਿਣਤੀ 'ਚ ਲੋਕ ਨਵਰੋਜ਼ ਮਨਾਉਣ ਲਈ ਬਾਹਰ ਨਿਕਲੇ ਸਨ। ਨਵਰੋਜ਼ ਕੁਰਦ ਨਵੇਂ ਸਾਲ ਤੇ ਬਸੰਤ ਰੁੱਤ ਦੇ ਆਗਮਨ ਦਾ ਪ੍ਰਤੀਕ ਹੈ। ਸਿਹਤ ਮੰਤਰਾਲੇ ਦੇ ਬੁਲਾਰੇ ਸੈਫ ਅਲ ਬਦਰ ਨੇ ਕਿਹਾ ਕਿ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ। ਖਲੀਲ ਨੇ ਕਿਹਾ ਕਿ ਤਕਨੀਕੀ ਸਮੱਸਿਆਵਾਂ ਕਾਰਨ ਕਿਸ਼ਤੀ ਪਲਟੀ। ਪ੍ਰਧਾਨ ਮੰਤਰੀ ਆਦਿਲ ਅਬਦੇਲ ਮੇਹਦੀ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੇ ਤਿੰਨ ਦਿਨਾਂ ਰਾਸ਼ਟਰੀ ਸੋਗ ਦਾ ਐਲਾਨ ਕੀਤਾ।

## ਉਮਾ ਭਾਰਤੀ ਭਾਜਪਾ ਦੀ ਕੌਮੀ ਮੀਤ ਪ੍ਰਧਾਨ ਬਣੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਕੇਂਦਰੀ ਮੰਤਰੀ ਉਮਾ ਭਾਰਤੀ ਨੂੰ ਪਾਰਟੀ ਦੀ ਕੌਮੀ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਉਮਾ ਭਾਰਤੀ ਇਸ ਸਮੇਂ ਝਾਂਸੀ ਤੋਂ ਲੋਕ ਸਭਾ ਮੈਂਬਰ ਹਨ ਤੇ ਉਹ ਆਗਾਮੀ ਲੋਕ ਸਭਾ ਚੋਣਾਂ ਨਹੀਂ ਲੜ ਰਹੇ। ਉਮਾ ਭਾਰਤੀ ਨੇ ਕਿਹਾ ਕਿ ਉਹ ਮਈ ਤੋਂ ਬਾਅਦ 18 ਮਹੀਨੇ ਦੀ ਲੰਮੀ ਧਾਰਮਿਕ ਯਾਤਰਾ 'ਤੇ ਜਾਣਾ ਚਾਹੁੰਦੀ ਹੈ।

ਗੀਤ-ਸੰਗੀਤ

# 'ਵਾਰੇ-ਵਾਰੇ' ਨਾਲ ਬਨਵੈਤ ਮਿਊਜ਼ਿਕ ਦਾ ਆਗਾਜ਼

ਬਨਵੈਤ ਮਿਊਜ਼ਿਕ ਦੇ ਬਾਨੀ ਮੋਹਿਤ ਬਨਵੈਤ ਨੇ 'ਵਾਰੇ-ਵਾਰੇ ਜਾਵਾਂ ਸਰਦਾਰ ਦੇ' ਦਿਲ ਨੂੰ ਧੂਹ ਪਾਉਣ ਵਾਲੀਆਂ ਲਾਈਨਾਂ ਵਾਲੇ ਧਰਮਬੀਰ ਭੰਗੂ ਦੇ ਲਿਖੇ ਗੀਤ ਨੂੰ ਇਕਹਿਰੇ ਟਰੈਕ 'ਵਾਰੇ-ਵਾਰੇ' ਰਾਹੀਂ ਮਹਿਤਾਬ ਵਿਰਕ ਦੀ ਮਿੱਠੀ ਆਵਾਜ਼ ਵਿਚ ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਆਗਾਜ਼ ਕੀਤਾ ਹੈ। ਭੰਗੂ ਦਾ ਹੀ ਲਿਖਿਆ ਤੇ ਮਹਿਤਾਬ ਵਿਰਕ ਦਾ ਗਾਇਆ 'ਸੁਣੋ ਸਰਦਾਰ ਜੀ' ਗੀਤ ਕਾਫੀ ਮਕਬੂਲ ਹੋਇਆ ਸੀ।

ਮਹਿਤਾਬ (ਚੰਨ ਜਾਂ ਚੰਨ ਦੀਆਂ ਕਿਰਨਾਂ) ਦੀ ਮੁਹੱਬਤ ਦਾ ਸਾਰਾ ਜਹਾਨ ਦੀਵਾਨਾ ਹੈ। ਜਦੋਂ ਵੀ ਕਦੇ ਇਹ ਬੱਦਲਾਂ ਦੇ ਸਾਏ ਹੇਠ ਆ ਜਾਂਦਾ ਹੈ ਤਾਂ ਜਹਾਨ 'ਤੇ ਹਨੇਰਾ ਜਿਹਾ ਪਸਰ ਜਾਂਦਾ ਹੈ।

**ਡਾ. ਸਵਰਨਜੀਤ ਸਿੰਘ**

ਮਹਿਤਾਬ ਦੀ ਦਿੱਖ, ਰੌਸ਼ਨੀ, ਬਨਾਵਟ, ਤੋਰ ਤੇ ਖਿੱਚ ਹਰ ਦਿਲ ਨੂੰ ਛੂਹੰਦੀ ਹੈ, ਪਰ ਕੰਨ ਹਮੇਸ਼ਾ ਹੀ ਉਸ ਦੇ ਸ਼ਬਦਾਂ ਨੂੰ ਸੁਣਨ ਲਈ ਬੇਤਾਬ ਰਹਿੰਦੇ ਹਨ। ਵਕਤ ਦੇ ਹਿਸਾਬ ਨਾਲ ਕੁਦਰਤ ਦੇ ਇਹ ਅਨਮੋਲ ਹੀਰੇ ਕਿਸੇ ਹੋਰ ਦੁਨਿਆਵੀ ਵਜੂਦ ਵਿਚ ਆ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੀ ਆਵਾਜ਼ ਰਾਹੀਂ ਕੰਨਾਂ ਵਿਚ ਮਧੁਰ ਤੇ ਮਿੱਠੀ ਲੋਰੀ ਵਰਗੀ ਛੂਹ ਗ੍ਰਹਿਣ ਕਰਵਾ ਦਿੰਦੇ ਹਨ।

ਲੋਰੀਆਂ ਵਰਗੀ ਮਿੱਠੀ ਤੇ ਸੰਜੀਦਗੀ ਨਾਲ ਸਰਸ਼ਾਰ ਮਧੁਰ ਆਵਾਜ਼ ਦਾ ਮਾਲਕ ਮਹਿਤਾਬ ਵਿਰਕ 'ਵਾਰੇ ਵਾਰੇ' ਗੀਤ ਰਾਹੀਂ ਸਰੋਤਿਆਂ ਦੇ ਰੂਬਰੂ ਹੋ ਰਿਹਾ ਹੈ। ਉਸ ਵਿਚ ਅੰਤਾਂ ਦੀ ਹਲੀਮੀ ਤੇ ਸਾਦਗੀ ਹੈ। ਉਹ ਕਲਾ ਦਾ ਕਦਰਦਾਨ ਤੇ ਪਰਿਵਾਰਕ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲਾ ਗਾਇਕ ਹੈ। ਇਹ ਗੀਤ ਸਹਿਜੇ ਹੀ ਉਸ ਦੀ ਅਦਾਕਾਰੀ ਨੂੰ ਵਿਲੱਖਣ ਦਿੱਖ ਦੇ ਜਾਂਦਾ ਹੈ। ਮਹਿਤਾਬ ਦਾ ਪਿਛੋਕੜ ਅਣਵੰਡੇ ਪੰਜਾਬ ਦੇ ਪਿੰਡ ਰੁਗਸਾਨਾ, ਕਰਨਾਲ ਦਾ ਹੈ। ਬਚਪਨ ਵਿਚ ਹੀ ਉਸ ਦਾ ਝੁਕਾਅ ਪੰਜਾਬੀ ਸੰਗੀਤ ਵੱਲ ਹੋ ਗਿਆ, ਜਿਸ ਨੂੰ ਯੁਵਕ ਮੇਲਿਆਂ ਨੇ ਨਿਖਾਰਿਆ। ਸੱਤ ਕੁ ਸਾਲ ਪਹਿਲਾਂ ਉਹ ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਆਪਣੀ 8 ਗੀਤਾਂ ਦੇ ਟਰੈਕ ਨਾਲ ਦਾਖਲ ਹੋਇਆ ਅਤੇ ਟੀ. ਸੀਰੀਜ਼ ਵੱਲੋਂ 'ਪ੍ਰੋਪੋਜ਼ਲ' ਨਾਂ ਦੇ ਗੀਤ ਨੇ ਉਸ ਨੂੰ ਸੰਗੀਤ ਦੀ ਦੁਨੀਆਂ ਵਿਚ ਮਕਬੂਲ ਕਰ ਦਿੱਤਾ। ਉਸ ਦੇ ਹੋਰ ਮਕਬੂਲ ਗੀਤਾਂ ਵਿਚੋਂ 'ਹਾਰ ਜਾਨੀ ਆਂ', 'ਸੁਣੋ ਸਰਦਾਰ ਜੀ', 'ਆਪਣੀ ਬਣਾ ਲੈ', 'ਡਰੌਪ', 'ਝਿੜਕਾਂ', 'ਪੱਗ ਮੇਰੀ', 'ਨੌਟੀ ਮੁੰਡਾ', 'ਇਸ਼ਕ ਦੇ ਪੈਂਡੇ' ਅਤੇ 'ਤੈਨੂੰ ਚਾਹੁੰਦੀ ਆਂ' ਹਨ।



ਮਹਿਤਾਬ ਵਿਰਕ ਅਤੇ ਪੂਨਮ ਸਿੰਘ

ਮਹਿਤਾਬ ਦੇ ਨਾਲ ਮਸ਼ਹੂਰ ਬਾਲੀਵੁੱਡ ਅਦਾਕਾਰ ਸਿਮਰਨ ਹੁੰਦਲ ਨੇ ਕੰਮ ਕੀਤਾ ਹੈ। ਸਿਮਰਨ ਇਕ ਸੁਲਝੀ ਤੇ ਕਲਾ ਵਿਚ ਨਿਪੁੰਨ ਕਲਾਕਾਰ ਹੈ, ਜੋ ਉਸ ਨੇ ਇਸ ਗੀਤ ਰਾਹੀਂ ਸਾਬਤ ਕਰ ਦਿੱਤਾ ਹੈ। ਇਸ ਪ੍ਰਾਜੈਕਟ ਦਾ ਨਿਰਦੇਸ਼ਕ ਅਰੁਣ ਥਾਪਰ ਹੈ।

ਮੋਹਿਤ ਬਨਵੈਤ ਇਕ ਸੁਲਝਿਆ ਹੋਇਆ ਇਨਸਾਨ ਹੈ। ਉਸ ਦੇ ਗੱਲ ਕਰਨ ਦਾ ਸਲੀਕਾ ਬਹੁਤ ਹੀ ਮਿਲਾਪੜਾ ਤੇ ਫਰਾਖਦਿਲ ਹੈ। ਉਸ ਵਿਚ ਜ਼ਿੰਦਗੀ ਦੇ ਚੰਗੇ ਤੇ ਮੰਦੇ ਵਕਤ ਦੀ ਗੱਲ ਨੂੰ ਕਹਿਣ ਵਾਲਾ ਸਿਦਕ ਹੈ। ਉਹ ਸਿਦਕ ਨਾਲ ਜ਼ਿੰਦਗੀ ਨੂੰ ਮਾਣਦਾ ਅੱਗੇ ਵਧਦਾ ਹੈ, ਜਿਥੇ ਸਫਲਤਾ ਉਸ ਦੇ ਰਾਹਾਂ ਨੂੰ ਸਲਾਮ ਕਰਦੀ ਹੈ। ਉਹ ਕੁਰੂਕਸ਼ੇਤਰ ਦਾ ਵਾਸੀ ਹੈ, ਜਿਥੇ ਉਸ ਦਾ ਬਚਪਨ ਗੁਜ਼ਰਿਆ। ਬਹੁਪੱਖੀ ਸਖਸ਼ੀਅਤ ਦੇ ਮਾਲਕ ਮੋਹਿਤ ਬਨਵੈਤ ਨੇ ਮੁੱਢ ਵਿਚ 'ਵਨਸ ਅਪੌਨ ਏ ਟਾਈਮ ਇਨ ਅੰਮ੍ਰਿਤਸਰ' ਨਾਂ ਦੀ ਪੰਜਾਬੀ ਫਿਲਮ ਨੂੰ ਹੱਥ ਪਾਇਆ ਅਤੇ ਉਸ ਦੀ ਪੰਜਾਬੀ ਫਿਲਮ 'ਪ੍ਰਾਹੁਣਾ' ਦਰਸ਼ਕਾਂ ਨੇ ਬਹੁਤ ਪਸੰਦ ਕੀਤੀ। ਕੁਝ ਦਿਨ ਪਹਿਲਾਂ ਹੀ ਉਹ ਲਘੂ ਪੰਜਾਬੀ ਫਿਲਮ 'ਪਾਲੀ' ਨਾਲ ਦਰਸ਼ਕਾਂ ਦੇ ਰੂਬਰੂ ਹੋਇਆ, ਜਿਸ ਵਿਚ ਉਸ ਨੇ ਕਿਸਾਨਾਂ ਦੇ ਕਰਜ਼ਿਆਂ ਤੇ ਖੁਦਕੁਸ਼ੀਆਂ ਦਾ ਗੰਭੀਰ ਵਿਸ਼ਾ ਚੁਣਿਆ। ਉਹ ਸੰਗੀਤ ਦਾ ਪੁਜਾਰੀ ਹੈ। ਉਸ ਦਾ ਬਚਪਨ ਸੰਗੀਤ ਦੀਆਂ ਕੈਸਟਾਂ ਦੇ ਆਲੇ-ਦੁਆਲੇ ਹੀ ਘੁੰਮਿਆ ਹੈ।

ਮੋਹਿਤ ਬਨਵੈਤ ਨੇ ਬਚਪਨ 'ਚ ਪਿਤਾ ਸ. ਜਰਨੈਲ ਸਿੰਘ ਬਨਵੈਤ ਦੇ ਕੈਸਟਾਂ ਦੇ ਕਾਰੋਬਾਰ ਨੂੰ ਨੇੜਿਓਂ ਵੇਖਿਆ ਤੇ ਉਸੇ ਵਰਤਾਰੇ ਨੂੰ ਨਵੇਂ ਰੂਪ 'ਚ ਬਨਵੈਤ ਮਿਊਜ਼ਿਕ ਕੰਪਨੀ ਰਾਹੀਂ ਸਾਕਾਰ ਕੀਤਾ ਹੈ। ਇਹ ਗੀਤ ਉਸ ਦੀ ਕੰਪਨੀ ਦਾ ਪਲੇਠਾ ਗੀਤ ਹੈ। ਉਹ ਆਪਣੀਆਂ ਫਿਲਮਾਂ ਤੇ ਗੀਤਾਂ ਰਾਹੀਂ ਪਰਿਵਾਰਕ ਸਾਂਝ ਨੂੰ ਵਧਾਉਣ ਵਾਲੇ ਮਿਆਰੀ ਵਿਸ਼ਿਆਂ ਨੂੰ ਹੀ ਛੋਹਣ ਦਾ ਆਦੀ ਹੈ।

ਪੰਜਾਬੀ ਫਿਲਮ ਤੇ ਸੰਗੀਤ ਦੀ ਦੁਨੀਆਂ ਵਿਚ ਪੂਨਮ ਸਿੰਘ ਆਪਣੀ ਕਲਾ ਵਿਚ ਨਿਪੁੰਨ ਤੇ ਮੰਨੀ ਹੋਈ ਹਸਤੀ ਹੈ। ਉਸ ਨੇ ਆਪਣੀ ਕਲਾ ਦੇ ਨਾਲ 'ਜੋਰਾ ਦਸ ਨੰਬਰੀਆ', 'ਮਜਾਜਣ', 'ਲਾਵਾਂ ਫੇਰੇ', 'ਦੁਸ਼ਮਣ' ਅਤੇ 'ਮੈਰਿਜ਼ ਦਾ ਗੈਰੇਜ' ਨਾਮੀ ਪੰਜਾਬੀ ਫਿਲਮਾਂ ਦੇ ਗਾਣਿਆਂ ਨੂੰ ਸ਼ਿੰਗਾਰਿਆ ਹੈ। ਉਹ ਇਕ ਵਧੀਆ ਕੋਰੀਓਗ੍ਰਾਫਰ ਹੋਣ ਦੇ ਨਾਲ-ਨਾਲ ਇਕ ਬੇਹੱਦ ਸਫਲ ਵੀਡੀਓ ਡਾਇਰੈਕਟਰ ਵੀ ਹੈ। ਉਸ ਨੇ ਤਿੰਨ ਸੌ ਤੋਂ ਵੱਧ ਪੰਜਾਬੀ ਵੀਡੀਓ ਡਾਇਰੈਕਟ ਕੀਤੇ ਹਨ। ਉਸ ਨੇ ਪੰਜਾਬੀ ਦੇ ਮਸ਼ਹੂਰ ਗਾਇਕਾਂ-ਸੁਖਜਿੰਦਰ ਸ਼ਿੰਦਾ, ਮਿਸ ਪੂਜਾ, ਹਰਮਿਲਾਪ ਗਿੱਲ, ਪੰਮੀ ਬਾਈ, ਰਾਜ ਬਰਾੜ, ਰਾਏ ਜੁਝਾਰ, ਨਛੱਤਰ ਗਿੱਲ, ਇੰਦਰਜੀਤ ਨਿੱਕੂ, ਅਮਰਜੀਤ ਬਾਈ, ਮਨਿੰਦਰ ਦਿਓਲ, ਦਵਿੰਦਰ ਦਿਓਲ, ਸਤਵਿੰਦਰ ਬੁੱਗਾ, ਮਾਸ਼ਾ ਅਲੀ, ਦੁਰਗਾ ਰੰਗੀਲਾ, ਦਵਿੰਦਰ ਕੋਹਿਨੂਰ, ਰਣਵੀਰ ਦੁਸਾਂਝ, ਹਰਿੰਦਰ ਸੰਧੂ, ਅਨਿਲ ਸਾਗਰ, ਸਰਵਜੀਤ ਕੌਰ (ਕੋਕੇ ਵਾਲੀ), ਡਿੰਪਲ ਰਾਜਾ, ਗੁਰਵਿੰਦਰ ਬਰਾੜ, ਹਰਭਜਨ ਸ਼ੇਰਾ, ਜੈਲੀ, ਹਰਦੇਵ ਮਾਹੀਨੰਗਲ, ਸਨਮਦੀਪ, ਜੀ. ਐਸ. ਪੀਟਰ ਆਦਿ ਦੇ ਗੀਤਾਂ ਨੂੰ ਕੋਰੀਓਗ੍ਰਾਫ ਤੇ ਡਾਇਰੈਕਟ ਕੀਤਾ।

ਪੂਨਮ ਸਿੰਘ ਆਪਣੇ ਕੰਮ ਪ੍ਰਤੀ ਸਮਰਪਿਤ ਅਤੇ ਮਿਹਨਤੀ ਹੈ। ਮੁੱਢ ਤੋਂ ਲੈ ਕੇ ਗੀਤ ਨੂੰ ਅੰਤਿਮ ਛੋਹਾਂ ਤੱਕ ਸਜਾਈ ਜਾਣਾ ਉਸ ਦੀ ਫਿਤਰਤ ਦਾ ਦਸਤੂਰ ਹੈ। ਹਰਮਿਲਾਪ ਗਿੱਲ ਦੇ ਗੀਤ 'ਨੱਚ ਸਰਦਾਰਾ' ਦੀ ਸਫਲਤਾ ਤੋਂ ਬਾਅਦ



ਗੀਤ 'ਵਾਰੇ ਵਾਰੇ' ਦੀ ਸ਼ੂਟਿੰਗ ਦੌਰਾਨ ਪੂਨਮ ਸਿੰਘ ਅਤੇ ਅਦਾਕਾਰ ਸਿਮਰਨ ਹੁੰਦਲ

'ਵਾਰੇ ਵਾਰੇ' ਗੀਤ ਦੀ ਬੇਹੱਦ ਸਫਲਤਾ ਦੀ ਉਮੀਦ ਦਾ ਰਾਜ ਗੀਤ ਦੀ ਮਿਆਰੀ ਸਮੱਗਰੀ, ਬੇਹੱਦ ਖੂਬਸੂਰਤ ਤੇ ਮਿੱਠੀ ਆਵਾਜ਼ ਵਿਚ ਗਾਇਆ ਹੋਣਾ, ਉਚ ਪਾਏ ਦੇ ਸੰਗੀਤ, ਕਲਾ 'ਚ ਨਿਪੁੰਨ ਕੋਰੀਓਗ੍ਰਾਫਰ ਤੇ ਬਨਵੈਤ ਮਿਊਜ਼ਿਕ ਵੱਲੋਂ ਵੱਡੇ ਬਜਟ ਨਾਲ ਬਣਿਆ ਤੇ ਸੁਹਿਰਦ ਡਾਇਰੈਕਸ਼ਨ ਦਾ ਹੋਣਾ ਹੈ। ਜਲਦ ਹੀ ਪੂਨਮ ਸਿੰਘ ਇਕ ਹੋਰ ਮਿਆਰੀ ਪ੍ਰਾਜੈਕਟਾਂ ਨਾਲ ਰੂਬਰੂ ਹੋ ਰਹੀ ਹੈ।

# ਸੁਰਜੀਤ ਗਿੱਲ ਘੋਲੀਆ ਤੇ ਮਨਮੋਹਨ ਆਲਮ ਦੀਆਂ ਪੁਸਤਕਾਂ ਲੋਕ-ਅਰਪਣ

**ਨਿਊ ਯਾਰਕ (ਬਿਊਰੋ):** ਪਿਛਲੇ 13 ਸਾਲਾਂ ਤੋਂ ਸਰਗਰਮ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੀ ਮੀਟਿੰਗ ਪੰਜਾਬੀ ਸ਼ਾਇਰ ਰਾਜਿੰਦਰ ਜਿੰਦ ਹੋਰਾਂ ਦੇ ਘਰ ਰਿਚਮੰਡ ਹਿਲ



(ਕੁਈਨਜ਼) ਹੋਈ। ਇਸ ਮੌਕੇ ਨਿਊ ਯਾਰਕ ਵਸਦੇ ਉਰਦੂ ਦੇ ਮਸ਼ਹੂਰ ਸ਼ਾਇਰ ਮਨਮੋਹਨ ਆਲਮ ਦੀਆਂ ਉਰਦੂ ਗਜ਼ਲਾਂ ਤੇ ਨਜ਼ਮਾਂ ਦਾ ਗੁਰਮੁਖੀ ਲਿਪੀਅੰਤਰ 'ਚਿਰਾਗੋਂ ਕਾ ਕਾਰਵਾਂ' (ਲਿਪੀਅੰਤਰਕਾਰ- ਸੁਰਿੰਦਰ ਸੋਹਲ) ਅਤੇ ਪੰਜਾਬੀ ਕਵੀ ਸੁਰਜੀਤ ਗਿੱਲ ਘੋਲੀਆ ਦੀਆਂ ਕਾਵਿ-ਪੁਸਤਕਾਂ 'ਆਦਿ, ਮੱਧ ਤੇ ਅੰਤ' ਤੇ 'ਹਰ ਪਲ ਤੇਰੇ ਨਾਮ' ਲੋਕ-ਅਰਪਣ ਕੀਤੀਆਂ ਗਈਆਂ। ਰਾਣੀ ਨਗਿੰਦਰ ਦੇ ਨਵੇਂ ਛਪੇ ਕਹਾਣੀ ਸੰਗ੍ਰਿਹ 'ਗੁਲਾਬੀ ਤਿਕੋਣ' ਬਾਰੇ ਆਉਣ ਵਾਲੀ ਮੀਟਿੰਗ ਵਿਚ ਵਿਚਾਰਾਂ ਕਰਨ ਦੀ ਰੂਪ-ਰੇਖਾ ਵੀ ਉਲੀਕੀ ਗਈ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਡਾ. ਰਾਮਜੀ ਦਾਸ ਸੇਠੀ ਨੇ ਸਭ ਤੋਂ ਪਹਿਲਾਂ 23 ਮਾਰਚ ਦੀ ਅਹਿਮੀਅਤ ਦਾ ਜ਼ਿਕਰ ਕੀਤਾ ਤੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਕ ਮਿੰਟ ਦਾ ਮੌਨ ਰੱਖਿਆ ਗਿਆ। ਮੀਟਿੰਗ ਮਨਮੋਹਨ ਆਲਮ ਦੀ ਪ੍ਰਧਾਨਗੀ ਹੇਠ ਹੋਈ ਜਦ ਕਿ ਮੁੱਖ ਮਹਿਮਾਨ ਸੁਰਜੀਤ ਗਿੱਲ ਘੋਲੀਆ ਸਨ।

ਪੁਸਤਕਾਂ ਰਿਲੀਜ਼ ਕਰਨ ਪਿਛੋਂ ਹਾਜ਼ਰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪੁਆਈ। ਸਭ ਤੋਂ ਪਹਿਲਾਂ ਓਂਕਾਰ ਸਿੰਘ ਡੁਮੇਲੀ ਨੇ ਆਪਣੀ ਨਵੀਂ ਕਹਾਣੀ 'ਵਹਿੰਗੀ' ਪੜ੍ਹੀ। ਇੰਦਰਜੀਤ ਸਿੰਘ ਮਲਿਕ ਨੇ ਲਘੂ ਕਹਾਣੀ 'ਤਨਖਾਹ' ਸਾਂਝੀ ਕੀਤੀ। ਜਸਵਿੰਦਰ ਸਿੰਘ ਨੇ ਵਿਅੰਗ 'ਕਿੰਨੇ ਬਾਪ?' ਪੜ੍ਹਿਆ। ਰਾਣੀ ਨਗਿੰਦਰ ਨੇ ਆਪਣੇ ਕਹਾਣੀ-ਸੰਗ੍ਰਿਹ 'ਗੁਲਾਬੀ ਤਿਕੋਣ' ਦਾ ਮੁੱਖ ਬੰਦ ਪੜ੍ਹ ਕੇ ਗੁਲਾਬੀ ਤਿਕੋਣ ਦੇ ਇਤਿਹਾਸ ਤੇ ਗਹਿਰੇ ਅਰਥਾਂ ਤੱਕ ਰਸਾਈ ਕਰਵਾਈ।

ਸ਼ਾਇਰੀ ਦੇ ਦੌਰ ਵਿਚ ਰਾਜਿੰਦਰ ਜਿੰਦ, ਸੁਰਿੰਦਰ ਸੋਹਲ, ਤਰਲੋਕਬੀਰ, ਡਾ. ਰਾਮਜੀ ਦਾਸ ਸੇਠੀ, ਮਨਮੋਹਨ ਪੁਨੀ, ਸੁਰਜੀਤ ਗਿੱਲ ਘੋਲੀਆ, ਮੋਹਨ ਸਿੰਘ ਭੰਵਰਾ, ਬਲਬੀਰ ਸਿੰਘ ਡੁਮੇਲੀ, ਮਨਮੋਹਨ ਆਲਮ, ਰੇਸ਼ਮ ਸਿੰਘ ਡੁਮੇਲੀ, ਜੱਸੀ ਢਿੱਲੋਂ, ਸੁਖਲੈਨ ਮਲਿਕ ਨੇ ਹਾਜ਼ਰੀ ਲਵਾਈ।

ਪੰਜਾਬੀ ਕਵੀ ਤਰਲੋਕਬੀਰ ਇਨ੍ਹੀਂ ਦਿਨੀਂ ਹਿੰਦੋਸਤਾਨ ਤੇ ਪਾਕਿਸਤਾਨ ਘੁੰਮ ਕੇ ਆਏ ਹਨ। ਉਨ੍ਹਾਂ ਪਾਕਿਸਤਾਨ ਦੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਭਾਵੇਂ ਦੋਹਾਂ ਦੇਸ਼ਾਂ ਵਿਚ ਮਾਹੌਲ ਤਣਾਓ ਭਰਿਆ ਹੈ, ਪਰ ਆਮ ਲੋਕ ਹੁਣ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਕਿ ਇਹ ਸਾਰਾ ਸਿਆਸੀ ਡਰਾਮਾ ਹੈ। ਵਰਲਡ ਪੰਜਾਬੀ ਕਾਨਫਰੰਸ ਬਾਰੇ ਉਨ੍ਹਾਂ ਦੋ ਟੁੱਕ ਗੱਲ ਕੀਤੀ ਕਿ ਭਾਵੇਂ ਅਜਿਹੀਆਂ ਕਾਨਫਰੰਸਾਂ ਵਿਚ ਕਾਨਫਰੰਸਾਂ ਵਰਗਾ ਕੁਝ ਹੁੰਦਾ ਨਹੀਂ, ਪਰ ਇਸ ਦਾ ਇਕ ਲਾਭ ਜ਼ਰੂਰ ਹੈ ਕਿ ਦੋਹਾਂ ਮੁਲਕਾਂ ਦੇ ਪੰਜਾਬੀਆਂ ਨੂੰ ਮਿਲ ਬੈਠਣ ਦਾ ਮੌਕਾ ਮਿਲ ਜਾਂਦਾ ਹੈ। ਉਨ੍ਹਾਂ ਪਾਕਿਸਤਾਨ ਵਿਚ ਮਿਲੇ ਖਲੂਸ ਤੇ ਪਿਆਰ ਦਾ ਉਚੇਚਾ ਜ਼ਿਕਰ ਕੀਤਾ।

ਮਨਮੋਹਨ ਪੂਨੀ ਨੇ ਆਪਣੀ ਤਕਰੀਰ 'ਚ ਕਿਹਾ ਕਿ ਉਹ ਲੰਮੇ ਅਰਸੇ ਤੋਂ ਗਦਰੀ ਬਾਬਿਆਂ ਦੀ ਯਾਦ ਵਿਚ ਸਮਾਗਮ ਕਰਵਾਉਂਦੇ ਆ ਰਹੇ ਹਨ। ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵਾਪਰਿਆਂ ਸੌ ਸਾਲ ਹੋ ਗਏ ਹਨ। ਉਸ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਹਿੱਤ ਕੋਈ ਭਾਵ-ਪੂਰਤ ਸਮਾਗਮ ਕਰਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਸਭ ਨੂੰ ਇਸ ਮੌਕੇ ਹਾਜ਼ਰ ਹੋਣ ਦੀ ਬੇਨਤੀ ਵੀ ਕੀਤੀ। ਮੀਟਿੰਗ ਦੀ ਕਰਵਾਈ ਡਾ. ਰਾਮਜੀ ਦਾਸ ਸੇਠੀ ਨੇ ਚਲਾਈ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ

**ਨਿਊ ਯਾਰਕ (ਬਿਊਰੋ):** ਸ਼ਹੀਦ ਭਗਤ ਸਿੰਘ ਐਸੋਸੀਏਸ਼ਨ, ਨਿਊ ਯਾਰਕ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਕੁਈਨਜ਼ ਵਿਲੇਜ ਵਿਖੇ ਮਨਾਇਆ ਗਿਆ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਜਥੇਬੰਦੀ ਦੇ ਪ੍ਰਧਾਨ ਮਨਿੰਦਰ ਸਿੰਘ ਹੈਪੀ, ਚੇਅਰਮੈਨ ਭੁਪਿੰਦਰ ਸਿੰਘ ਅਟਵਾਲ, ਸਰਪ੍ਰਸਤ ਹਰਦੇਵ ਸਿੰਘ ਪੱਡਾ ਅਤੇ ਜਨਰਲ ਸਕੱਤਰ ਹਰਭਜਨ ਸਿੰਘ ਬੈਂਸ ਨੇ ਆਈਆਂ ਸਮੂਹ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਹਿੰਮਤ ਸਿੰਘ ਤੇ ਸਮੁੱਚੀ ਪ੍ਰਬੰਧਕੀ ਕਮੇਟੀ ਅਤੇ ਸਮੂਹ ਜਥੇਬੰਦੀਆਂ ਦਾ ਭਰਵਾਂ ਸਹਿਯੋਗ ਮਿਲਿਆ।




# ਮੇਰੀ ਪਾਕਿਸਤਾਨ ਫੇਰੀ

ਕਿਤਾਬਾਂ ਵਿਚ ਪੜ੍ਹਦੇ ਸਾਂ ਕਿ ਬਾਬੇ ਨਾਨਕ ਨੇ ਪਾਂਧੇ ਨੂੰ ਪੜ੍ਹਾਇਆ, ਸੱਚਾ ਸੌਦਾ ਕੀਤਾ, ਹੱਥੀਂ ਹਲ ਚਲਾਇਆ। ਆਖਿਰ ਸਬੱਬ ਬਣ ਹੀ ਗਿਆ ਉਹ ਥਾਂਵਾਂ ਵੇਖਣ ਦਾ। ਪਹਿਲਾਂ ਡਰਦੇ ਸਾਂ ਕਿ ਜੇ ਪਾਕਿਸਤਾਨ ਗਏ ਹੋਵੋ ਤਾਂ ਬਾਹਰਲੀਆਂ ਕਈ ਸਰਕਾਰਾਂ ਇਮੀਗਰੇਸ਼ਨ ਵੇਲੇ ਤੰਗ ਕਰਦੀਆਂ ਹਨ। ਪਿਛਲੇ ਸਾਲ ਸਾਡੇ ਗਵਾਂਢੀ ਪਾਕਿਸਤਾਨ ਯਾਤਰਾ ਕਰਕੇ ਆਏ, ਉਨ੍ਹਾਂ ਨੇ ਇੰਤਜ਼ਾਮ ਦੀ ਕਾਫੀ ਸ਼ਲਾਘਾ ਕੀਤੀ। ਹੌਸਲਾ ਕਰਕੇ ਸ. ਦਵਿੰਦਰ ਸਿੰਘ ਖਾਲਸਾ ਨਾਲ ਸੰਪਰਕ ਕੀਤਾ, ਜੋ ਅਮਰੀਕਾ ਤੋਂ ਨਨਕਾਣਾ ਯਾਤਰਾ ਡਾਟ ਕਾਮ (nankanayatra.com) ਚਲਾਉਂਦੇ ਹਨ। ਇਸੇ ਤਰ੍ਹਾਂ ਪਾਕਿਸਤਾਨ ਵਿਚ ਜਨਾਬ ਮਹਿਮੂਦ ਮਲਿਕ ਜੋ ਸੇਵਸਿੱਖ ਹੈਰੀਟੇਜ਼ ਡਾਟ ਕਾਮ (savesikhheritage.com) ਚਲਾਉਂਦੇ ਹਨ, ਉਨ੍ਹਾਂ ਵਧੀਆ ਇੰਤਜ਼ਾਮ ਕੀਤਾ। ਇਕ ਹਜ਼ਾਰ ਡਾਲਰ ਵਿਚ ਚਾਰ ਸਟਾਰ ਹੋਟਲਾਂ ਵਿਚ ਠਹਿਰਾਅ, ਸਵੇਰ-ਸ਼ਾਮ ਦਾ ਖਾਣਾ, ਦੋ ਏ.ਸੀ. ਵੈਨਾਂ, ਇਕ ਐਕਸ.ਯੂ.ਵੀ. ਗੱਡੀ ਵਿਚ ਸਾਡਾ 39 ਯਾਤਰੂਆਂ

**ਠਾਕਰ ਸਿੰਘ ਬਸਾਤੀ, ਸ਼ਿਕਾਗੋ**
**ਫੋਨ: 847-736-6092**

ਦਾ ਇੰਤਜ਼ਾਮ ਸੀ। ਅੱਗੇ-ਪਿੱਛੇ ਕਮਾਂਡੋ ਸਿਕਿਓਰਿਟੀ ਪਹਿਰਾ ਦਿੰਦੀ ਤਾਂ ਕਿ ਯਾਤਰੀਆਂ ਨਾਲ ਕੋਈ ਬਦਸਲੂਕੀ ਨਾ ਹੋਵੇ, ਪਰ ਅੰਤਾਂ ਦਾ ਸਨੇਹ ਪਾਕਿਸਤਾਨੀਆਂ ਵਲੋਂ ਠਾਠਾਂ ਮਾਰਦਾ ਸੀ। ਜਿਧਰ ਜਾਂਦੇ 'ਸਰਦਾਰ ਜੀ ਸਤਿ ਸ੍ਰੀ ਅਕਾਲ, ਜੀ ਆਇਆਂ ਨੂੰ, ਤੁਹਾਡਾ ਮੁਲਕ ਹੈ, ਤੁਹਾਡੀ ਵਿਰਾਸਤ ਹੈ' ਆਮ ਸੁਣਨ ਨੂੰ ਮਿਲਦਾ। ਅਖਬਾਰਾਂ ਵਿਚ ਜਾਹਰ ਹੁੰਦੀ ਨਫਰਤ ਦੇ ਉਲਟ ਪ੍ਰੇਮ ਦੇ ਸੁਨੇਹੇ ਮਿਲ ਰਹੇ ਸਨ।

ਇਸ ਯਾਤਰਾ ਤੋਂ ਪਹਿਲਾਂ ਜਦੋਂ ਆਪਣੇ ਪਿੰਡ ਪੁੱਜਾ ਤਾਂ ਪਹਿਲਾ ਸੁਨੇਹਾ ਮਿਲਿਆ ਕਿ ਪਿੰਡ ਵਿਚ ਤਿੰਨ ਮਹੀਨੇ ਤੋਂ ਪਾਣੀ ਬੰਦ ਹੈ। ਸਰਕਾਰੀ ਟਿਊਬਵੈਲ ਵਿਚੋਂ ਸਾਲ ਤੋਂ ਗੰਧਲਾ ਪਾਣੀ ਆ ਰਿਹਾ ਸੀ। ਪੱਤਰਕਾਰ ਸੱਜਣਾਂ ਦੀ ਮਿਹਰਬਾਨੀ ਨਾਲ ਅਖਬਾਰ ਵਿਚ ਖਬਰ ਲੱਗੀ ਤਾਂ ਕਿਤੇ ਜਾ ਕੇ ਐਕਸ਼ਨ ਸ਼ੁਰੂ ਹੋ ਗਿਆ। ਪਿੰਡ ਵਾਲਿਆਂ ਨੇ ਆਪਣੇ ਖਰਚੇ 'ਤੇ ਬੋਰ ਕਰਵਾਇਆ। ਦੱਸਣ ਵਾਲੀ ਗੱਲ ਇਹ ਵੀ ਹੈ ਕਿ ਟਿਊਬਵੈਲ ਦਾ ਪਾਣੀ ਭਾਵੇਂ ਬੰਦ ਸੀ ਪਰ ਬਿਲ ਫਿਰ ਵੀ ਆ ਰਹੇ ਸਨ। ਲੋਕਾਂ ਦੇ ਘਰਾਂ ਵਿਚ ਫਿਲਟਰ, ਕੱਪੜੇ ਧੋਣ ਦੀਆਂ ਮਸ਼ੀਨਾਂ ਖਰਾਬ ਹੋ ਗਈਆਂ। ਜ਼ਿੰਮੇਵਾਰ ਕੌਣ, ਪਤਾ ਨਹੀਂ! ਪਿੰਡ ਵਾਲਿਆਂ ਮੁਤਾਬਕ, ਉਹ ਪਹਿਲਾਂ



ਫੈਸਲ ਮਸਜਿਦ

ਵੀ ਸ਼ੁੱਧ ਪਾਣੀ ਖਾਤਰ ਟਿਊਬਵੈਲ ਠੀਕ ਕਰਾਉਣ ਲਈ ਉਗਰਾਹੀ ਆਪ ਕਰਦੇ ਹਨ। ਤਿੰਨ ਮਹੀਨੇ 'ਚ ਛੋਟੇ ਜਿਹੇ ਪਿੰਡ ਵਿਚ ਲੋਕਾਂ ਨੇ ਆਪੋ-ਆਪਣੇ ਘਰਾਂ ਵਿਚ ਘੱਟੋ-ਘੱਟ 25 ਬੋਰ ਕਰਵਾ ਲਏ।

ਖੈਰ! ਜਥੇ ਦੇ ਕੁਝ ਲੋਕ ਸਿੱਧੇ ਲਾਹੌਰ ਦੇ ਹਵਾਈ ਅੱਡੇ 'ਤੇ ਪਹੁੰਚੇ ਅਤੇ ਕੁਝ ਵਾਹਗਾ ਬਾਰਡਰ ਰਾਹੀਂ। ਸਾਨੂੰ ਵਾਹਗਾ ਬਾਰਡਰ ਪਾਰ ਕਰਨ ਲਈ ਚਾਰ ਘੰਟੇ ਲੱਗੇ। ਹਰ ਕਰਮਚਾਰੀ ਜੋ ਉਥੇ ਕੰਮ ਕਰਦਾ ਹੈ, ਪਾਸਪੋਰਟ ਦੇਖਦਾ ਹੈ। ਕਿਉਂ? ਜਦੋਂ ਐਂਟਰੀ ਵੇਲੇ ਇਕ ਜਣੇ ਨੇ ਦੇਖ ਲਿਆ ਤਾਂ ਵਾਰ-ਵਾਰ ਕਿਉਂ? ਸ਼ਾਇਦ ਪ੍ਰੇਸ਼ਾਨ ਕਰਨ ਦਾ ਇਹ ਵੀ ਇਕ ਤਰੀਕਾ ਹੋਵੇ। ਰਜਿਸਟਰਾਂ ਵਿਚ ਐਂਟਰੀ ਉਵੇਂ ਹੁੰਦੀ ਹੈ, ਜਿਵੇਂ ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹੁੰਦੀ ਸੀ। ਦੁਨੀਆਂ ਵਿਚ ਹਰ ਥਾਂ ਕੰਪਿਊਟਰ ਆ ਗਏ ਹਨ, ਪਰ ਇਥੇ ਅਜੇ ਵੀ ਰਜਿਸਟਰ ਚਲਦੇ ਹਨ। ਵਧੇਰੇ ਘੜਮੱਸ ਕੁਲੀ ਅਤੇ ਸਿਫਾਰਸ਼ੀ ਪਾਉਂਦੇ ਹਨ, ਕਿਉਂਕਿ ਉਨ੍ਹਾਂ ਉਤੇ ਕੋਈ ਸਿਸਟਮ ਲਾਗੂ ਨਹੀਂ




ਹੁੰਦਾ। ਹਿੰਦੁਸਤਾਨ ਜਦੋਂ ਤਕ ਸੈਲਾਨੀਆਂ ਲਈ ਕੋਈ ਸਿਸਟਮ ਨਹੀਂ ਬਣਾਉਂਦਾ, ਸੈਰ ਸਪਾਟੇ ਤੇ ਇਸ ਨਾਲ ਜੁੜੇ ਕਾਰੋਬਾਰ ਦਾ ਰੱਬ ਹੀ ਰਾਖਾ!

ਪਹਿਲਾਂ ਬੱਸ ਰਾਹੀਂ ਪਾਕਿਸਤਾਨ ਸਫਾਰਤਖਾਨੇ ਤਕ ਲੈ ਕੇ ਗਏ। ਉਥੇ 20 ਕੁ ਮਿੰਟਾਂ ਵਿਚ ਹੀ ਸਾਰੀ ਤਫਤੀਸ਼ ਹੋ ਗਈ ਤੇ ਬੱਘੀ ਰਾਹੀਂ ਬਸਾਂ ਤਕ ਪਹੁੰਚਾਇਆ ਗਿਆ। ਉਥੇ ਤਿੰਨ ਬਸਾਂ ਖੜ੍ਹੀਆਂ ਸਨ, ਜੋ ਸਾਨੂੰ ਹੋਟਲ ਤਕ ਲੈ ਕੇ ਗਈਆਂ। ਉਥੇ ਉਤਰਦਿਆਂ ਹੀ ਢੋਲ ਵਜਣੇ ਸ਼ੁਰੂ ਹੋ ਗਏ। ਗਲਾਂ ਵਿਚ ਗੁਲਾਬਾਂ ਦੇ ਮਹਿਕਾਂ ਛੱਡਦੇ ਹਾਰ ਪਾਏ ਗਏ ਤੇ 15-20 ਮਿੰਟ ਖੂਬ ਭੰਗੜਾ ਚਲਿਆ। ਸਿੱਖ ਯਾਤਰੀਆਂ ਨੂੰ 'ਜੀ ਆਇਆਂ' ਦੇ ਸਾਈਨ ਲੱਗੇ ਹੋਏ ਸਨ।

ਚਾਹ ਪਾਣੀ ਪਿਛੋਂ ਪਹਿਲਾ ਪੜਾਅ ਗੁਰਦੁਆਰਾ ਡੇਰਾ ਸਾਹਿਬ ਸੀ, ਜਿਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਵੀ ਵਿਚ ਸਮਾਏ। ਦੋ ਥਾਂਈਂ ਉਨ੍ਹਾਂ ਦੀ ਯਾਦ ਬਣੀ ਹੋਈ ਹੈ-ਇਕ, ਜਿਥੇ ਤਸੀਹੇ ਸਹਿਣ ਤੋਂ ਬਾਅਦ ਰਾਵੀ ਵਿਚ ਪਹਿਲਾਂ ਡੁੱਬਕੀ ਮਾਰੀ। ਫਿਰ ਦੂਜੀ ਡੁਬਕੀ ਜਿਥੇ ਉਹ ਲੋਪ ਹੋ ਗਏ। ਨੇੜੇ ਖੂਹ ਵੀ ਹੈ, ਜੋ ਬਚਾ ਕੇ ਰਖਿਆ ਹੋਇਆ ਹੈ। ਕਾਰ ਸੇਵਾ ਚਲ ਰਹੀ ਹੈ। ਦੋ ਮੰਜ਼ਿਲਾ ਵੱਡਾ ਗੁਰਦੁਆਰਾ ਬਣ ਰਿਹਾ ਹੈ। ਨੇੜੇ ਸ਼ਾਹੀ ਮਸਜਿਦ ਹੈ ਜਿਸ ਦਾ ਵੱਖਰਾ ਜਲੌਅ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲ੍ਹਾ ਖੰਡਰ ਬਣਦਾ ਨਜ਼ਰ ਆਉਂਦਾ ਹੈ। ਜਿਸ ਦਰਵਾਜੇ ਹੇਠ ਕੰਵਰ ਨੌਨਿਹਾਲ ਸਿੰਘ ਨੂੰ ਪੱਥਰ ਦੀ ਸਿੱਲ ਸੁੱਟ ਕੇ ਮਾਰਿਆ ਸੀ, ਉਹ ਹਾਲੇ ਵੀ ਮੌਜੂਦ ਹੈ। ਆਰਜ਼ੀ ਬਿਲਡਿੰਗ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਜਿਥੇ ਭਾਈ ਚਾਂਦ ਦਾ ਪੜਪੋਤਾ ਤਬਲੇ 'ਤੇ ਨਾਮ ਸਿਮਰਨ ਕਰਵਾ ਰਿਹਾ ਸੀ। ਇਹ ਲੋਕ ਭਾਈ ਮਰਦਾਨੇ ਦੀ ਪੀੜ੍ਹੀ ਵਿਚੋਂ ਹਨ ਤੇ ਗੁਰੂਘਰਾਂ ਨਾਲ ਜੁੜੇ ਹੋਏ ਹਨ। ਬਾਅਦ 'ਚ ਉਸ ਨੇ ਪਰਿਵਾਰ ਲਈ ਰਾਸ਼ਨ ਵਾਸਤੇ ਅਰਜ਼ ਕੀਤੀ। ਕਮਾਲ ਹੈ ਸਾਡੀ ਸਿੱਖੀ ਦੀ? ਅਸੀਂ ਗੁਰਦੁਆਰਿਆਂ 'ਤੇ ਸੋਨੇ ਦੇ ਕਲਸ ਚੜ੍ਹਾਉਂਦੇ ਹਾਂ ਪਰ ਕੀਰਤਨੀਏ ਰੋਟੀ ਰੋਜ਼ੀ ਲਈ ਤਰਸਦੇ ਹਨ!


ਸਾਡੇ ਜਥੇ ਵਿਚ ਦੋ ਸ਼ਰਧਾਲੂ ਸਨ, ਜੋ ਸ਼ਬਦ ਪੜ੍ਹ ਕੇ ਹਾਜ਼ਰੀ ਲਵਾਉਂਦੇ। ਯਾਤਰੂਆਂ ਨੂੰ ਸੰਖੇਪ ਇਤਿਹਾਸ ਦੱਸਿਆ ਜਾਂਦਾ। ਹਰ ਗੁਰਦੁਆਰੇ ਵਿਚ ਅਰਦਾਸ ਕੀਤੀ ਜਾਂਦੀ। ਕਈ ਵਾਰ ਮੁਸਲਿਮ ਸ਼ਰਧਾਲੂ ਹੀ ਅਰਦਾਸ ਕਰਦੇ। ਬਹੁਤੇ ਥਾਂਈਂ ਮੁਸਲਮਾਨ ਹੀ ਲੰਗਰ ਬਣਾਉਂਦੇ ਤੇ ਵਰਤਾਉਂਦੇ ਹਨ। ਲੰਗਰ ਸਾਦੇ ਹਨ-ਦਾਲ, ਸਬਜੀ ਤੇ ਮਿੱਠੇ ਚੌਲ। ਸਾਡੇ ਵਾਂਗ ਮਠਿਆਈਆਂ 'ਤੇ ਜ਼ੋਰ ਨਹੀਂ। ਪਾਕਿਸਤਾਨ ਵਿਚ ਧਰਮ ਸਥਾਨਾਂ ਦੀ ਦੇਖਭਾਲ ਵਕਫ ਬੋਰਡ ਕਰਦਾ ਹੈ। ਉਸ ਵਿਚ ਸਰਕਾਰਾਂ ਦਾ ਕੋਈ ਦਖਲ ਨਹੀਂ। ਵਕਫ ਬੋਰਡ ਹੀ ਅੰਦਰ ਮੁਲਾਜ਼ਮ ਰੱਖਦਾ ਹੈ। ਹਰ ਗੁਰਦੁਆਰੇ ਦੇ ਬਾਹਰ ਪੁਲਿਸ ਦਾ ਸਖਤ ਪਹਿਰਾ ਹੈ ਤੇ ਸਥਾਨਕ ਲੋਕਾਂ ਦਾ ਦਾਖਲਾ ਸਨਾਖਤੀ ਕਾਰਡ ਦੇਖ ਕੇ ਹੁੰਦਾ ਹੈ ਤਾਂ ਜੋ ਸ਼ਰਾਰਤੀ ਅਨਸਰਾਂ ਤੋਂ ਬਚਿਆ ਜਾ ਸਕੇ। ਗੈਰ ਸਿੱਖ 'ਸਤਿ ਸ੍ਰੀ ਅਕਾਲ' ਜ਼ਰੂਰ ਕਹਿੰਦੇ ਹਨ ਪਰ ਬਹੁਤੇ ਬਖਸ਼ਿਸ਼ ਲੈਣ ਲਈ ਵੀ ਨਾਲ ਤੁਰੇ ਫਿਰਦੇ ਹਨ।

ਅਗਲੇ ਦਿਨ ਨਾਸ਼ਤੇ ਪਿਛੋਂ ਸਿਆਲਕੋਟ ਨੂੰ ਰਵਾਨਗੀ ਹੋਈ, ਜੋ ਕਦੀ ਸਿਆਲੂ ਦਾ ਕੋਟ ਹੁੰਦਾ ਸੀ। ਇਸ ਦਾ ਪਿਛੋਕੜ ਰਾਜਾ ਰਸਾਲੂ ਨਾਲ ਜਾ ਜੁੜਦਾ ਹੈ। ਇਹ ਕਸ਼ਮੀਰ ਦੇ ਨੇੜੇ ਪੈਂਦਾ ਹੈ ਅਤੇ ਹਿਮਾਲਿਆ ਦੇ ਪਹਾੜਾਂ ਦਾ ਅਦਭੁਤ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਪਾਕਿਸਤਾਨ ਵਿਚ ਹਿਮਾਲਿਆ ਦੇ ਸਭ ਤੋਂ ਵਧ ਪਹਾੜ ਹਨ। ਇਹ ਪੁਰਾਤਨ ਟੈਕਸਿਲਾ ਯੂਨੀਵਰਸਿਟੀ ਦੇ ਨੇੜੇ ਹੈ, ਜੋ ਕਿਸੇ ਵੇਲੇ ਦੁਨੀਆਂ ਭਰ ਵਿਚ ਮਸ਼ਹੂਰ ਸੀ। ਇਥੋਂ ਅਸੀਂ ਗੁਰਦੁਆਰਾ ਸੱਚਾ ਸੌਦਾ ਦੇਖਣ ਗਏ, ਜਿਥੇ ਬਾਬੇ ਨਾਨਕ ਨੇ ਭੁੱਖੇ ਸਾਧੂਆਂ ਨੂੰ ਲੰਗਰ ਛਕਾਇਆ ਸੀ। ਇਸ ਵਾਕੇ ਦੇ ਨਾਲ ਹੀ ਲੰਗਰ ਦੀ ਪ੍ਰਥਾ ਦਾ ਅਰੰਭ ਹੋਇਆ ਮੰਨਿਆ ਜਾਂਦਾ ਹੈ। ਭੋਜਨ ਤੋਂ ਬਿਨਾ ਬਾਬੇ ਨਾਨਕ ਨੇ ਉਨ੍ਹਾਂ ਨਾਲ ਆਤਮਿਕ ਵਿਚਾਰ-ਵਟਾਂਦਰਾ ਕੀਤਾ। ਇਥੋਂ ਨੇੜੇ ਹੀ ਉਹ ਸਥਾਨ ਵੀ ਹੈ, ਜਿਥੇ ਸਿੱਧ ਗੋਸਟਿ ਹੋਈ।

ਵਕਫ ਬੋਰਡ ਨੇ ਗੁਰਦੁਆਰੇ ਅੰਦਰ ਬਹੁਤ ਖੂਬਸੂਰਤ ਫੁੱਲ-ਫਲੇਰ ਲਾਏ ਹੋਏ ਹਨ। ਇਨ੍ਹਾਂ ਦਿਨਾਂ ਵਿਚ ਹੀ ਛੋਟੀ ਈਦ ਮਿਲਾਦ ਨਬੀ ਵੀ ਸੀ। ਇਉਂ ਆਪਣੀਆਂ ਰਸਮਾਂ ਮੁਤਾਬਕ ਹਰ ਗੁਰਦੁਆਰਾ ਸੋਭਾ ਦੇ ਰਿਹਾ ਸੀ। ਉਨ੍ਹਾਂ 'ਤੇ ਚੀਨ ਤੋਂ ਆਈਆਂ ਝੰਡੀਆਂ ਝੂਲ ਰਹੀਆਂ ਸਨ। ਇਥੇ ਦੋ ਜਵਾਨ ਸਿੱਖ ਪਰਿਵਾਰ ਰਹਿੰਦੇ ਹਨ।

ਅਗਲਾ ਪੜਾਅ ਐਮਨਾਬਾਦ ਸੀ, ਜਿਥੇ ਬਾਬੇ ਨਾਨਕ ਤੇ ਭਾਈ ਲਾਲੋ ਦੀ ਮੁਲਾਕਾਤ ਹੋਈ। ਬਾਬਾ ਜੀ ਤੋਂ ਭਾਈ ਲਾਲੋ ਪਹਿਲਾਂ ਹੀ ਵਾਕਿਫ ਸੀ। ਅੱਜ ਵੀ ਉਥੇ ਭਾਈ ਲਾਲੋ ਦੀ ਖੂਹੀ ਮੌਜੂਦ ਹੈ। ਸਥਾਨ ਤਕ ਪਹੁੰਚਣ ਲਈ ਕਈ ਭੀੜੀਆਂ ਗਲੀਆਂ ਵਿਚੋਂ ਲੰਘਣਾ ਪੈਂਦਾ ਹੈ। ਅੰਦਰ ਉਹ ਸਥਾਨ ਸੁਰੱਖਿਅਤ ਹਨ, ਜਿਥੇ ਬਾਬਾ ਜੀ ਬੈਠੇ ਸਨ ਤੇ ਵਿਚਾਰ-ਵਟਾਂਦਰਾ ਕਰਦੇ ਸਨ। ਰਸਤੇ ਵਿਚ ਦੋ ਹਿੰਦੂ ਮੰਦਿਰ ਵੀ ਆਏ, ਜਿਨ੍ਹਾਂ 'ਤੇ ਤਾਲੇ ਲੱਗੇ ਹੋਏ ਸਨ। ਇਹ ਸ਼ਾਇਦ ਪੁਕਾਰ ਰਹੇ ਸਨ ਕਿ ਕਦੋਂ ਕੋਈ ਕਰਤਾਰਪੁਰ ਲਾਂਘਾ ਖੁੱਲ੍ਹੇ ਅਤੇ ਸ਼ਰਧਾਲੂ ਮੰਦਿਰਾਂ ਵਿਚ ਆਉਣ। ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ, ਬਸ ਥਾਂ ਹੀ ਸੰਭਾਲੀ ਹੋਈ ਹੈ। ਗੁਰਦੁਆਰਾ ਰੋੜੀ ਸਾਹਿਬ ਦੇਖਿਆ ਜਿਥੇ ਗੁਰੂ ਜੀ ਨੇ ਰੋੜੀਆਂ ਦੀ ਸਫ ਵਿਛਾ ਕੇ ਸਿਮਰਨ ਕੀਤਾ ਸੀ। ਗੁਰਦੁਆਰਾ ਚੱਕੀ ਸਾਹਿਬ ਵਿਖੇ ਨਤਮਸਤਕ ਹੋਏ, ਜਿਥੇ ਬਾਬਰ ਨੇ ਗੁਰੂ ਜੀ ਨੂੰ ਚੱਕੀ ਪੀਸਣ ਲਾਇਆ ਸੀ। ਹੁਣ ਉਹ ਚੱਕੀ ਗਾਇਬ ਹੈ, ਪਰ 1948 ਤਕ ਮੌਜੂਦ ਸੀ।

ਅਗਲੇ ਦਿਨ ਵਾਰੀ ਸੀ ਕਰਤਾਰਪੁਰ ਸਾਹਿਬ ਦੀ, ਜਿਥੇ ਬਾਬੇ ਨਾਨਕ ਨੇ ਜ਼ਿੰਦਗੀ ਦੇ ਆਖਰੀ 18 ਸਾਲ ਬਿਤਾਏ। ਅੱਜ ਵੀ ਉਥੇ ਮਿਹਨਤ ਦੀ ਖੁਸ਼ਬੋ ਮਿਲਦੀ ਹੈ। ਬਲਦਾਂ ਦੀ ਥਾਂ ਰੰਗ-ਬਰੰਗੇ ਟਰੈਕਟਰ ਖੜ੍ਹੇ ਸਨ। ਜੀਰੀ ਸੁੱਕਣੀ ਪਾਈ ਹੋਈ ਸੀ। ਇਥੇ ਦੋ ਖੂਹੀਆਂ ਹਨ-ਇਕ ਵਿਚੋਂ ਪਾਣੀ ਬਾਬੇ ਦੇ ਘਰ ਲਈ ਤੇ ਦੂਜੇ ਹਲਟ ਤੋਂ ਬਾਬੇ ਦੇ ਖੇਤਾਂ ਲਈ ਜਾਂਦਾ ਸੀ। ਦੋਵੇਂ ਅੱਜ ਵੀ ਸੰਭਾਲ ਕੇ ਰਖੀਆਂ ਹੋਈਆਂ ਹਨ। ਹਲਟ ਵਾਲੀ ਖੂਹੀ 'ਤੇ ਮੋਟਰ ਨਾਲ ਟਿੰਡਾਂ ਅਤੇ ਮਾਲ ਗਿੜਦੇ ਹਨ, ਲੋਕੀਂ ਪਾਣੀ ਭਰ ਭਰ ਘਰਾਂ ਨੂੰ ਲੈ ਜਾਂਦੇ ਹਨ। ਅਮਰੂਦ ਬੜੇ ਵੱਡੇ ਲੱਗਦੇ ਹਨ ਅਤੇ ਕਰਮਚਾਰੀ ਸੰਗਤ ਵਿਚ ਵੰਡਦੇ ਹਨ ਪਰ ਨਾਲ ਭੇਟਾ ਵੀ ਲੈਂਦੇ ਹਨ। ਇਥੋਂ ਦੇ ਆਲੂ ਅਤੇ ਬਾਸਮਤੀ ਦੁਨੀਆਂ ਭਰ ਵਿਚ ਮਸ਼ਹੂਰ ਹਨ।



ਗੁਰਦੁਆਰਾ ਪੰਜਾ ਸਾਹਿਬ

ਇਥੇ ਹੀ ਉਹ ਅਦਭੁਤ ਥਾਂ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਬਾਬੇ ਨਾਨਕ ਦਾ ਦੋ ਤਰ੍ਹਾਂ ਨਾਲ ਸਸਕਾਰ ਹੋਇਆ। ਅੱਧੀ ਚਾਦਰ ਤੇ ਅੱਧੇ ਫੁੱਲਾਂ ਦੀ ਮੁਸਲਮਾਨਾਂ ਨੇ ਕਬਰ ਬਣਾ ਦਿੱਤੀ ਅਤੇ ਅੱਧੀ ਚਾਦਰ ਤੇ ਅੱਧੇ ਫੁੱਲਾਂ ਦੀ ਹਿੰਦੂ ਸਿੱਖਾਂ ਨੇ ਸਮਾਧ ਬਣਾ ਦਿੱਤੀ। ਲੋਕ ਅੱਜ ਵੀ ਬਾਬੇ ਨਾਨਕ ਨੂੰ ਆਪੋ-ਆਪਣੇ ਤਰੀਕੇ ਨਾਲ ਯਾਦ ਕਰਦੇ ਹਨ।

ਲੋਕਾਂ ਵਿਚ ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਬਹੁਤ ਚਾਅ ਹੈ। ਲੋਕ ਦੁਆਵਾਂ ਕਰਦੇ ਹਨ ਕਿ ਇਸੇ ਤਰ੍ਹਾਂ ਬਾਕੀ ਲਾਂਘੇ ਵੀ ਖੁੱਲ੍ਹ ਜਾਣ। ਸ਼ਾਮ ਨੂੰ ਅਸੀਂ ਗੁਰਦੁਆਰਾ ਬੇਰੀ ਸਾਹਿਬ ਦੇਖਣ ਗਏ, ਜਿਥੇ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਕੀਮਤੀ ਹੀਰਾ ਦੇ ਕੇ ਭੇਜਿਆ ਸੀ ਤੇ ਭਾਈ ਮਰਦਾਨਾ 'ਮਰਨਾ ਸੱਚ ਜਿਊਣਾ ਝੂਠ' ਪਰਚੀ ਲੈ ਕੇ ਆਏ ਸਨ। ਇਥੇ ਹੀ ਗੁਰੂ ਜੀ ਨੇ ਪੀਰ ਹਮਦਾ ਨੂੰ ਸਮਝਾਇਆ ਸੀ ਕਿ ਜਿਨ੍ਹਾਂ ਸੇਵਕਾਂ ਦੀ ਤੂੰ ਕਮਾਈ ਖਾਂਦਾ ਹੈ, ਉਨ੍ਹਾਂ ਨਾਲ ਅੱਛਾ ਵਿਹਾਰ ਕਰ। ਗੁਰਦੁਆਰੇ ਵਿਚ ਕਮਾਲ ਦੀਆਂ ਤਸਵੀਰਾਂ ਹਨ, ਜੋ ਹੁਣ ਖਸਤਾ ਹੋ ਰਹੀਆਂ ਹਨ। ਪਿਛਲੇ ਪਾਸੇ ਬੇਰੀ ਹਾਲੇ ਵੀ ਮੌਜੂਦ ਹੈ। ਤਸਵੀਰਾਂ ਵਿਚੋਂ ਬਾਲਾ ਗਾਇਬ ਹੈ। ਕਈ ਲੋਕ ਖਰੀਦੋ-ਫਰੋਖਤ ਕਰਨਾ ਚਾਹੁੰਦੇ ਸਨ, ਪਰ ਸਿਕਿਓਰਿਟੀ ਰਿਸਕ ਕਰਕੇ ਸਿਆਲਕੋਟ ਸ਼ਾਪਿੰਗ ਦੀ ਇਜਾਜ਼ਤ ਨਾ ਮਿਲ ਸਕੀ।

ਅਗਲੇ ਦਿਨ ਜਿਹਲਮ ਉਤੋਂ ਲੰਘ ਕੇ ਇਸਲਾਮਾਬਾਦ ਪਹੁੰਚੇ, ਜੋ ਪਾਕਿਸਤਾਨ ਦੀ ਰਾਜਧਾਨੀ ਹੈ ਅਤੇ ਚੰਡੀਗੜ੍ਹ ਵਾਂਗ ਪੂਰੀ ਯੋਜਨਾਬੱਧ ਢੰਗ ਨਾਲ ਉਸਾਰੀ ਗਈ ਹੈ। ਇਹ ਸ਼ਹਿਰ 1965 ਵਿਚ ਬਣਿਆ ਅਤੇ ਇਸ ਦਾ ਨਕਸ਼ਾ ਯੂਨਾਨ (ਗਰੀਸ) ਦੇ ਆਰਕੀਟੈਕਟ ਸੀ. ਏ. ਡੌਕਸੀਐਡਿਸ ਨੇ ਬਣਾਇਆ ਸੀ। ਜਿਹਲਮ ਵਿਚ ਪਾਣੀ ਸਭ ਤੋਂ ਸਾਫ ਹੈ। ਇਥੇ ਦੋ ਵਕੀਲਾਂ ਨਾਲ ਮੁਲਾਕਾਤ ਹੋਈ, ਜਿਨ੍ਹਾਂ ਵਿਚੋਂ ਇਕ ਬਾਰ ਐਸੋਸੀਏਸ਼ਨ ਦਾ ਉਪ ਪ੍ਰਧਾਨ ਸੀ। ਉਹ ਵਾਰ-ਵਾਰ ਪੁੱਛ ਰਿਹਾ ਸੀ, "ਦੱਸੋ ਮੈਂ ਤੁਹਾਡੀ ਕੀ ਖਿਦਮਤ ਕਰ ਸਕਦਾਂ?"

ਇਥੇ ਪਹਿਲਾ ਗੁਰਦੁਆਰਾ ਚੋਆ ਸਾਹਿਬ ਦੇਖਣ ਨੂੰ ਮਿਲਿਆ, ਜੋ ਖੰਡਰਾਤ ਤੋਂ ਉਭਰ ਰਿਹਾ ਹੈ। ਇਹ ਪਹਾੜੀ ਦੇ ਐਨ ਥੱਲੇ ਕਰਕੇ ਸਥਿਤ ਹੈ, ਜਿਥੇ ਲਈ ਰਸਤਾ ਤਰੱਦਦ ਕਰਕੇ ਲੱਭਣਾ ਪੈਂਦਾ ਹੈ। ਮੋੜ-ਘੋੜ ਕਾਫੀ ਹਨ। ਪਿਛਲੇ ਪਾਸੇ ਮਹਾਰਾਜਾ ਰਣਜੀਤ ਸਿੰਘ ਦਾ ਰੋਹਤਾਸ ਕਿਲ੍ਹਾ ਹੈ, ਜਿਸ ਨੂੰ ਹਵੇਲੀ ਮਾਨ ਸਿੰਘ ਵੀ ਕਿਹਾ ਜਾਂਦਾ ਹੈ। ਇਥੋਂ ਮਹਾਰਾਜਾ ਰਣਜੀਤ ਸਿੰਘ ਕਸ਼ਮੀਰ ਵਲ ਕਾਬੂ ਰੱਖਦੇ ਸਨ। ਥੱਲੇ ਚਸ਼ਮਾ ਹੈ। ਕਿਹਾ ਜਾਂਦਾ ਹੈ ਕਿ ਇਥੋਂ ਬਾਬਾ ਜੀ ਨੇ ਛੜੀ ਨਾਲ ਚਸ਼ਮਾ ਚਲਾ ਦਿੱਤਾ ਸੀ, ਜਦੋਂ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਦੱਸਿਆ ਸੀ ਕਿ ਇਥੇ ਪਾਣੀ ਦੀ ਮੁਸੀਬਤ ਹੈ। ਸ਼ੇਰ ਸ਼ਾਹ ਸੂਰੀ ਨੇ ਜਦੋਂ ਇਸ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਤਿੰਨ ਵਾਰ ਪਾਣੀ ਕਿਲ੍ਹੇ 'ਚ ਚੜ੍ਹਾਉਣਾ ਚਾਹਿਆ ਪਰ ਨਾਕਾਮ ਰਿਹਾ।

ਸਾਹਮਣੇ ਸ਼ਹਿਰ ਦੀਨਾ ਵਸਦਾ ਹੈ। ਅੱਗਿਉਂ ਘਾਣ ਨਦੀ ਸੁੱਕ ਗਈ ਹੈ। ਚਸ਼ਮੇ ਦਾ ਪਾਣੀ ਨਾ ਕਦੇ ਘਟਦਾ ਤੇ ਨਾ ਵਧਦਾ ਹੈ। ਗੁਰਦੁਆਰੇ ਵਿਚ ਕੰਧਾਂ 'ਤੇ ਪੰਜਾਬੀ ਵਿਚ ਗੁਰਬਾਣੀ ਲਿਖੀ ਹੋਈ ਹੈ। ਨੇੜੇ ਪੁਰਾਣਾ ਖੂਹ ਮੌਜੂਦ ਹੈ। ਗੁਰਦੁਆਰੇ ਪਿਛੇ ਜੰਗਲ ਸੀ, ਜਿਥੇ 1947 ਵਿਚ ਕਾਫੀ ਸਿੱਖ ਆ ਕੇ ਛੁਪ ਗਏ ਸਨ। ਜਦੋਂ ਉਹ ਕਾਬੂ ਨਾ ਆਏ ਤਾਂ ਆਖਿਰ ਅੱਗ ਲਾ ਕੇ ਸਾੜ ਦਿਤੇ ਗਏ। ਹੁਣ ਮਲਿਕ ਸਾਹਿਬ ਉਪਰਾਲਾ ਕਰਕੇ ਅੰਬ, ਸੰਤਰਾ,



ਗੁਰਦੁਆਰਾ ਚੋਆ ਸਾਹਿਬ

(ਅਗਲੇ ਸਫੇ 'ਤੇ ਜਾਰੀ)

# ਇੱਕੋ ਜੀਵਨ ਜਾਚ ਵਾਲੇ ਦੋ ਪੰਜਾਬ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਹਿਰਾਵੇ ਦੀ ਤਬਦੀਲੀ ਤੋਂ ਬਿਨਾ 1947 ਦੀ ਦੇਸ਼ ਵੰਡ ਓਧਰਲੇ ਤੇ ਏਧਰਲੇ ਪੰਜਾਬ ਦੀ ਜੀਵਨ ਜਾਚ ਤੇ ਰਹਿਣੀ ਸਹਿਣੀ ਵਿਚ ਕੋਈ ਵਖਰੇਵਾਂ ਨਹੀਂ ਲਿਆ ਸਕੀ। ਜਿਹੜੇ ਸੱਦੇ ਉਤੇ ਅਸੀਂ ਲਾਹੌਰ ਗਏ, ਉਹ ਉਥੋਂ ਦੇ ਉਘੇ ਵਕੀਲ ਅਜ਼ਹਰ ਅਹਿਸਨ ਸ਼ੇਖ ਵੱਲੋਂ ਸੀ। ਉਸ ਦੇ ਪੁੱਤਰ ਹਮਜ਼ਾ ਸ਼ੇਖ ਦੀ ਸ਼ਾਦੀ ਸੀ। ਉਸ ਨੇ ਡਾਕਟਰ ਕੁੜੀ ਨੂੰ ਵਿਆਹੁਣਾ ਸੀ। ਡਾ. ਮੁਸ਼ਕਬਾਰ ਨਾਂ ਦੀ ਪੰਜਾਬੀ ਯੂਨੀਵਰਸਿਟੀ ਵਾਲੀ ਡਾ. ਜਸਬੀਰ ਕੌਰ ਉਨ੍ਹਾਂ ਦੇ ਪਰਿਵਾਰ ਦੀ ਧੀ ਹੈ। ਉਹ ਸਾਨੂੰ ਵੀ ਨਾਲ ਲੈ ਗਈ। ਮਜ਼ੇ ਦੀ ਗੱਲ ਇਹ ਹੈ ਕਿ ਓਧਰਲੇ ਪੰਜਾਬ ਦੀਆਂ ਰਸਮਾਂ ਰੀਤਾਂ ਬਿਲਕੁਲ ਸਾਡੇ ਵਾਲੀਆਂ ਹਨ। ਅਗਲੀ ਮਹਿੰਦੀ ਦੀ ਰਸਮ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਹੋ ਚੁਕੀ ਸੀ। ਅਗਲੀ ਦੁਪਹਿਰ ਦਾ ਖਾਣਾ ਸ਼ੇਖ ਦੇ ਘਰ ਸੀ, ਜਿੱਥੇ ਸ਼ੇਖ ਸਾਹਿਬ ਦੀ ਵੱਡੀ ਭੈਣ ਵੀ ਹਾਜ਼ਰ ਸੀ। ਘਰ ਵਿਚ ਭੈਣ ਦੀ ਇੱਜਤ ਮਾਣ ਸਭ ਤੋਂ ਵੱਧ ਸੀ। ਸਭ ਨੇ ਮਿਲ ਕੇ ਖਾਣਾ ਖਾਧਾ ਤੇ ਦੋਵਾਂ ਪੰਜਾਬਾਂ ਦੀ ਸੱਭਿਆਚਾਰਕ ਸਾਂਝ ਦੇ ਕਿੱਸੇ ਸੁਣਨ ਵਿਚ ਆਏ।



ਹਮਜ਼ਾ ਸ਼ੇਖ, ਮੁਸ਼ਕਬਾਹ ਸੁਰਜੀਤ ਕੌਰ, ਗੁਲਜ਼ਾਰ ਸੰਧੂ ਅਤੇ ਹੋਰ

ਵਿਆਹ ਤੋਂ ਪਿੱਛੋਂ ਦੀਵਾਲੀ ਮਾਂ (ਸਵਾਗਤ ਪਾਰਟੀ) ਵਿਚ ਸਾਨੂੰ ਸਭ ਤੋਂ ਵੱਡੇ ਮੇਜ ਉਤੇ ਬਿਠਾਇਆ ਗਿਆ। ਤਿੰਨ ਸੀਟਾਂ ਖਾਲੀ ਰੱਖੀਆਂ ਗਈਆਂ, ਮੀਆਂ ਮੰਜੂਰ ਅਹਿਮਦ ਵੱਟੂ ਦੇ ਪਰਿਵਾਰ ਲਈ। ਮੀਆਂ ਜੀ ਉਥੋਂ ਦੀ ਪੰਜਾਬ ਅਸੈਂਬਲੀ ਦੇ ਸਪੀਕਰ ਵੀ ਰਹਿ ਚੁਕੇ ਸਨ ਤੇ ਚੀਫ ਮਿਨਿਸਟਰ ਵੀ। ਇੱਕ ਪੜਾਅ ਉਤੇ ਪਾਕਿਸਤਾਨ ਦੀ ਕੇਂਦਰੀ ਸਰਕਾਰ ਦੇ ਕੈਬਨਿਟ ਮੰਤਰੀ ਵੀ। ਹਾਂ, ਸਾਡੇ ਨਾਲ ਖਾਣਾ ਖਾਂਦੇ ਸਮੇਂ ਉਨ੍ਹਾਂ ਦਾ ਵਿਹਾਰ ਕੁਝ ਇਸ ਤਰ੍ਹਾਂ ਦਾ ਸੀ, ਜਿਵੇਂ ਉਹੀਓ ਸਾਡੇ ਮੇਜ਼ਬਾਨ ਹੋਣ। ਇਕੱਲੇ-ਇਕੱਲੇ ਨੂੰ ਪੁੱਛ ਰਹੇ ਸਨ ਕਿ ਸਾਨੂੰ ਕਿਹੜੀ ਚੀਜ਼ ਪਸੰਦ ਹੈ ਤਾਂ ਕਿ ਉਸ ਦਾ ਪ੍ਰਬੰਧ ਕੀਤਾ ਜਾ ਸਕੇ।

ਖੂਬੀ ਇਹ ਕਿ ਮੇਜ ਉਤੇ ਮਾਸਾਹਾਰੀ ਤੇ ਦੂਜੀਆਂ ਸਬਜ਼ੀਆਂ ਦਾ ਸਾਡੇ ਵਾਂਗ ਗਾਹ ਨਹੀਂ ਸੀ ਪਿਆ ਹੋਇਆ। ਮਿੱਠੇ-ਫਿੱਕੇ ਪਾਣੀ ਤੇ ਸੂਪ ਦਾ ਖਾਸ ਪ੍ਰਬੰਧ ਸੀ, ਪਰ ਗਿਣੀਆਂ-ਚੁਣੀਆਂ ਆਈਟਮਾਂ, ਮਿਰਚ ਮਸਾਲੇ ਤੋਂ ਬਿਨਾ। ਵੱਡੀ ਗੱਲ ਇਹ ਕਿ ਦਸ ਵਜੇ ਗੌਲਫ ਤੇ ਕੰਟਰੀ ਕਲੱਬ ਵਾਲਿਆਂ ਨੇ ਇੱਕ-ਦੋ ਬੱਤੀਆਂ ਬੁਝਾ ਦਿੱਤੀਆਂ। ਇਹ ਦੱਸਣ ਲਈ ਕਿ ਖਾਣੇ ਦਾ ਸਮਾਂ ਖਤਮ ਹੋ ਚੁਕਾ ਹੈ। ਸਾਨੂੰ ਪਤਾ ਲੱਗਾ, ਉਥੋਂ ਦੀ ਸਰਕਾਰ ਨੇ ਵਰਤਾਈਆਂ ਜਾਣ ਵਾਲੀਆਂ ਡਿਸ਼ਾਂ ਤੇ ਕਲੱਬਾਂ ਦਾ ਸਮਾਂ ਨਿਯਤ ਕੀਤਾ ਹੋਇਆ ਹੈ। ਰਾਤ ਦੇ ਦਸ ਵਜੇ ਪਿਛੋਂ ਹਰ ਤਰ੍ਹਾਂ ਦਾ ਹੱਲਾ ਗੁੱਲਾ ਮਨ੍ਹਾਂ ਹੈ।

ਅਸੀਂ ਆਪਣੇ ਵੱਲੋਂ ਲਾੜੇ ਤੇ ਵਹੁਟੀ ਅਤੇ ਪਰਿਵਾਰ ਦੇ ਮੈਂਬਰਾਂ ਲਈ ਬਣਦੇ ਸਰਦੇ ਵਸਤਰ ਤੇ ਸੁਗਾਤਾਂ ਲੈ ਕੇ ਗਏ ਸਾਂ। ਜਸਬੀਰ ਕੌਰ ਸ਼ੇਖ ਸਾਹਿਬ ਦੇ ਪਰਿਵਾਰ ਨੂੰ ਹੀ ਨਹੀਂ, ਨੇੜਲੇ ਰਿਸ਼ਤੇਦਾਰਾਂ ਨੂੰ ਵੀ ਜਾਣਦੀ ਸੀ। ਪਾਰਟੀ ਤੋਂ ਪਿੱਛੋਂ ਸਾਨੂੰ ਮਾਣ ਤੇ ਸਤਿਕਾਰ ਨਾਲ ਵਿਦਾ ਕੀਤਾ ਗਿਆ। ਅਗਲੇ ਦਿਨ ਅਸੀਂ ਆਪਣੇ ਵੱਲੋਂ ਵਿਉਂਤੇ ਗਏ ਕੰਮਾਂ ਵਿਚ ਰੁਝ ਗਏ। ਕਰਤਾਰਪੁਰ ਤੇ ਨਨਕਾਣਾ ਸਾਹਿਬ ਦੀ ਬਾਤ ਉਨ੍ਹਾਂ ਵਿਚੋਂ ਪ੍ਰਮੁੱਖ ਸਨ। ਹਰ ਰੋਜ਼ ਅਸੀਂ ਆਪਣੇ ਟਿਕਾਣੇ ਉਤੇ ਪਰਤਦੇ ਤਾਂ ਸ਼ੇਖ ਸਾਹਿਬ ਦਾ ਸੁਨੇਹਾ ਮਿਲਦਾ ਕਿ ਉਨ੍ਹਾਂ ਨੂੰ ਮਿਲੇ ਬਿਨਾ ਵਾਪਸ ਨਹੀਂ ਆਉਣਾ, ਪਰ ਮੌਸਮ ਸਾਡਾ ਸਾਥ ਨਹੀਂ ਸੀ ਦੇ ਰਿਹਾ। ਦਿਨ-ਰਾਤ ਏਧਰ ਵਾਂਗ ਹੀ ਓਧਰ ਵੀ ਬਾਰਸ਼ ਹੋ ਰਹੀ ਸੀ। ਸਾਡੇ ਨਾਲ ਗਈ ਪਾਲਕੀ ਨਾਂ ਦੀ ਬਿਟੀਆ ਨੇ ਮਿਥੇ ਦਿਨ ਵਾਪਸ ਭਾਰਤ ਆ ਕੇ ਆਪਣੀ ਨੌਕਰੀ 'ਤੇ ਜਾਣਾ ਸੀ। ਅਸੀਂ ਜਾਣਦੇ ਸਾਂ ਕਿ ਜਸਬੀਰ ਤੇ ਉਸ ਦੀ ਵੱਡੀ ਭੈਣ ਨੇ ਕੁਝ ਦਿਨ ਹੋਰ ਪਾਕਿਸਤਾਨ ਲਾਉਣੇ ਸਨ। ਪਾਲਕੀ ਨੂੰ ਵੇਲੇ ਸਿਰ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਮੇਰੀ ਪਤਨੀ ਸੁਰਜੀਤ ਨੇ ਲੈ ਰੱਖੀ ਸੀ। ਸਾਨੂੰ ਸ਼ੇਖ ਸਾਹਿਬ ਦੇ ਪਰਿਵਾਰ ਨੂੰ ਮਿਲੇ ਬਿਨਾ ਵਾਪਸ ਆਉਣਾ ਪੈ ਗਿਆ।

ਅਜ਼ਹਰ ਸ਼ੇਖ ਨੂੰ ਆਪਣਾ ਮੁਆਫੀਨਾਮਾ ਪਹੁੰਚਾਉਣ ਦਾ ਕੰਮ ਜਸਬੀਰ ਨੂੰ ਸੌਂਪ ਕੇ ਜਦੋਂ ਉਥੋਂ ਜਸਬੀਰ ਪਰਤੀ ਤਾਂ ਸਮਾਂ ਮਿਲਦੇ ਸਾਰ ਪਟਿਆਲਾ ਤੋਂ ਚੰਡੀਗੜ੍ਹ ਸਾਨੂੰ ਮਿਲਣ ਆਈ। ਉਹਦੇ ਕੋਲ ਹਰ ਕਿਸੇ ਲਈ ਵਸਤਰ ਤੇ ਵਿਆਹ ਵਾਲੀ ਮਠਿਆਈ ਸੀ। ਮੇਰੇ ਤੇ ਸੁਰਜੀਤ ਲਈ ਹੀ ਨਹੀਂ, ਸਾਡੀ ਭਤੀਜੀ ਦੀ ਸਹੇਲੀ ਰਮਨ ਕਪੂਰ ਲਈ ਵੀ, ਜੋ ਸਾਡੇ ਨਾਲ ਗਈ ਸੀ। ਭਾਰਤ-ਪਾਕਿਸਤਾਨ ਸਰਹੱਦ ਉਤੇ ਦੋਹਾਂ ਧਿਰਾਂ ਵਿਚ ਕਿੰਨੀ ਵੀ ਠੂਹ ਠਾਹ ਹੋ ਰਹੀ ਹੋਵੇ, ਸੱਭਿਆਚਾਰ ਅਤੇ ਸੰਸਕ੍ਰਿਤੀ ਸਾਂਝੀ ਹੈ। ਇਥੋਂ ਤੱਕ ਕਿ ਲਾਹੌਰ ਵਿਚ ਅੱਜ ਵੀ ਦਿੱਲੀ ਗੇਟ ਕਾਇਮ ਹੈ ਤੇ ਦਿੱਲੀ ਵਿਚ ਲਾਹੌਰੀ ਗੇਟ। ਲਾਹੌਰ ਵਿਚ ਗੁਰਦੁਆਰੇ ਤੇ ਮਸਜਿਦਾਂ ਨਾਲੋ ਨਾਲ ਵੇਖਣ ਨੂੰ ਮਿਲੀਆਂ।

ਲਾਹੌਰ ਰਹਿੰਦਿਆਂ ਸੁਰਜੀਤ ਆਪਣੇ ਪੇਕੇ ਪਿੰਡ ਨੁਸ਼ਹਿਰਾ ਪਨੂੰਆਂ ਦੇ ਉਸ ਪਰਿਵਾਰ ਨੂੰ ਵੀ ਮਿਲਣਾ ਚਾਹੁੰਦੀ ਸੀ, ਜੋ 1947 ਵਿਚ ਏਧਰੋਂ ਓਧਰ ਜਾ ਵੱਸਿਆ ਸੀ। ਸ਼ੇਖ ਸਾਹਿਬ ਨੇ ਉਨ੍ਹਾਂ ਦਾ ਪਤਾ ਟਿਕਾਣਾ ਲੱਭ ਕੇ ਸਾਨੂੰ ਉਨ੍ਹਾਂ ਦੇ ਘਰ ਭਿਜਵਾ ਦਿੱਤਾ। ਉਸ ਪਰਿਵਾਰ ਦੇ ਵਾਰਿਸ ਦਾ ਨਾਂ ਉਸਮਾਨ ਨਿਸਾਰ ਪਨੂੰ ਸੀ ਤੇ ਉਸ ਦੀ ਰਿਹਾਇਸ਼ ਲਾਹੌਰ ਦੀ ਰਿੰਗ ਰੋਡ ਉਤੇ ਪੈਂਦੇ ਕਸਬਾ ਨਾਰੰਗ ਮੰਡੀ ਨੇੜੇ ਮੁਰਾਦਪੁਰ ਕਾਲੋਨੀ ਵਿਚ ਸੀ। ਉਹ ਸਾਨੂੰ ਏਦਾਂ ਉਡੀਕ ਰਹੇ ਸਨ, ਜਿਵੇਂ ਅਸੀਂ ਉਨ੍ਹਾਂ ਦੇ ਪਰਿਵਾਰ ਦੇ ਚਿਰਾਂ ਤੋਂ ਵਿਛੜੇ ਜੀਅ ਹੋਈਏ। ਰਿੰਗ ਰੋਡ ਉਤੇ ਕਈ ਕਮਰਿਆਂ ਵਾਲੀ ਕੋਠੀ। ਅਸੀਂ ਸਾਰੇ ਡਰਾਇੰਗ ਰੂਮ ਵਿਚ ਹੀ ਬੈਠੇ ਪਰ ਖਾਣ-ਪੀਣ ਉਪਰੰਤ ਸੁਰਜੀਤ ਘਰ ਦੀਆਂ ਔਰਤਾਂ ਨਾਲ ਵੱਖਰੇ ਕਮਰੇ ਵਿਚ ਬੈਠੀ ਜਿੱਥੇ ਵਡੇਰੀ ਉਮਰ ਦੀ ਇੱਕ ਬਜੁਰਗ ਔਰਤ ਨੂੰ ਨੁਸ਼ਹਿਰਾ ਪਨੂੰਆਂ ਤੇ ਉਥੇ ਦੇ ਵਸਨੀਕਾਂ ਦੀ ਧੁੰਦਲੀ ਜਿਹੀ ਯਾਦ ਸੀ। ਛੇ ਫੁੱਟਾ ਉਸਮਾਨ ਨਿਸਾਰ ਸਾਡੇ ਨਾਲ ਪਿਛਲੇ ਸਮਿਆਂ ਨੂੰ ਚੇਤੇ ਕਰਦਾ ਰਿਹਾ।

ਸੁਰਜੀਤ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਘਰ ਨੁਸ਼ਹਿਰਾ ਪਨੂੰਆਂ ਵਿਚ ਸੁਰਜੀਤ ਦੇ ਪੁਰਾਣੇ ਘਰ ਦੇ ਬਹੁਤ ਨੇੜੇ ਸੀ ਤੇ ਉਸ ਘਰ ਦੇ ਸਾਰੇ ਮਰਦ ਉਚੇ-ਲੰਮੇ ਕੱਦ ਵਾਲੇ ਸਨ। ਇਹ ਵੀ ਪਤਾ ਲੱਗਾ ਕਿ ਨੁਸ਼ਹਿਰਾ ਪਨੂੰਆਂ ਦੀ ਮੋਢੀ ਗੱਡਣ ਵਾਲਾ ਬਾਬਾ ਰਸਾਲ ਸੀ। ਉਸ ਦੇ ਵੰਸ਼ ਵਿਚੋਂ ਸਾਹਿਬ ਰਾਏ ਨਾਂ ਦਾ ਜਿਉੜਾ ਸਿੰਘ ਸੱਜ ਗਿਆ ਸੀ। ਪਿੰਡ ਦਾ ਉਹ ਖੂਹ ਹਾਲੀ ਵੀ ਮੌਜੂਦ ਹੈ, ਜਿਸ ਦੀ ਇੱਕ ਇੱਟ ਉਤੇ ਸਾਹਿਬ ਰਾਏ ਉਕਰਿਆ ਹੋਇਆ ਹੈ ਤੇ ਇੱਕ ਉਤੇ ਸਾਹਿਬ ਸਿੰਘ। ਇਹ ਗੱਲ ਵੀ ਸਾਹਮਣੇ ਆਈ ਕਿ ਸਾਹਿਬ ਸਿੰਘ ਦੇ ਚਾਰ ਪੁੱਤ ਹੋਏ, ਜਿਨ੍ਹਾਂ ਵਿਚੋਂ ਜ਼ਮੀਲ ਸਿੰਘ ਨਾਂ ਦੇ ਪੁੱਤਰ ਨੇ ਇਸਲਾਮ ਕਬੂਲ ਕਰ ਲਿਆ ਸੀ। ਹੋ ਸਕਦਾ ਹੈ, ਉਸਮਾਨ ਨਿਸਾਰ ਉਸੇ ਵੰਸ਼ ਵਿਚੋਂ ਹੋਵੇ।



ਸਵਾਗਤੀ ਪਾਰਟੀ ਦਾ ਇੱਕ ਦ੍ਰਿਸ਼

ਉਸ ਪਰਿਵਾਰ ਨੇ ਸਾਨੂੰ ਵਿਦਾ ਕਰਨ ਵੇਲੇ ਸੁਰਜੀਤ ਲਈ ਇੱਕ ਸੂਟ ਤੇ ਮੇਰੇ ਲਈ ਸਲਵਾਰ ਕਮੀਜ਼ ਦਾ ਸੂਫੀਆਨਾ ਰੰਗ ਦਾ ਕੱਪੜਾ ਸਾਨੂੰ ਦਿੱਤਾ ਜਿਵੇਂ ਅਸੀਂ ਉਨ੍ਹਾਂ ਦੇ ਧੀ-ਜੁਆਈ ਹੋਈਏ।

ਰਹੁਰੀਤਾਂ ਵਿਚ ਓਧਰ ਦੇ ਮਰਦਾਂ ਦਾ ਇੱਕ-ਦੂਜੇ ਨੂੰ ਜੱਫੀ ਪਾ ਕੇ ਮਿਲਣਾ ਵੀ ਸ਼ਾਮਲ ਹੈ। ਪਾਕਿਸਤਾਨ ਸਰਕਾਰ ਦੇ ਸੈਨਾ ਮੁਖੀ ਜਨਰਲ ਬਾਜਵਾ ਦੇ ਸਾਡੇ ਸੱਭਿਆਚਾਰਕ ਮੰਤਰੀ ਨਵਜੋਤ ਸਿੱਧੂ ਨੂੰ ਵਾਹਗਾ ਬਾਰਡਰ ਉਤੇ ਜੱਫੀ ਪਾ ਕੇ ਮਿਲਣ ਵਾਂਗ। ਮੁਕਦੀ ਗੱਲ ਇਹ ਕਿ ਉਨ੍ਹਾਂ ਦੀ ਰਹਿਣੀ-ਬਹਿਣੀ ਤੇ ਜੀਵਨ-ਜਾਚ ਬਿਲਕੁਲ ਸਾਡੇ ਵਾਲੀ ਹੈ। ਜੇ ਫਰਕ ਹੈ ਤੇ ਕੇਵਲ ਏਨਾ ਕਿ ਉਨ੍ਹਾਂ ਦੇ ਮਰਦਾਂ ਨੇ ਪੈਂਟ ਕਮੀਜ਼ ਤਿਆਗ ਕੇ ਸਲਵਾਰ ਕਮੀਜ਼ ਅਪਨਾ ਲਈ ਹੈ ਤੇ ਮੁਸਲਮਾਨ ਔਰਤਾਂ ਕਾਲਾ ਬੁਰਕਾ ਪਹਿਨਦੀਆਂ ਹਨ। ਉਨ੍ਹਾਂ ਨੂੰ ਇਹ ਪਹਿਰਾਵਾ ਸਜਦਾ ਵੀ ਹੈ।

**ਸ਼ਗਨਾਂ ਦੇ ਵਿਹੜੇ:** 10 ਮਾਰਚ 2019 ਨੂੰ ਮੇਰੀ ਭੂਆ ਦੇ ਪੜਪੋਤਰੇ ਜਸਕਰਨ ਸਿੰਘ ਸਪੁੱਤਰ ਗੁਰਦਰਸ਼ਨ ਸਿੰਘ ਪਿੰਡ ਕੰਗ ਜਾਗੀਰ (ਫਿਲੌਰ) ਨੇ ਕੁਮਾਰੀ ਰੁਪਿੰਦਰਜੀਤ ਕੌਰ ਸਪੁੱਤਰੀ ਸਾਹਿਬ ਸਿੰਘ ਨੂੰ ਪਿੰਡ ਮੌੜਾਂ ਨਾਭਾ ਬਰਨਾਲਾ ਤੋਂ ਵਿਆਹ ਕੇ ਲਿਆਉਣਾ ਸੀ। ਮੌੜਾਂ ਉਹ ਪਿੰਡ ਹੈ, ਜਿੱਥੇ ਕੁਝ ਸਮਾਂ ਗੁਰੂ ਤੇਗ ਬਹਾਦਰ ਜੀ ਬਿਰਾਜੇ ਸਨ। ਮੌੜ ਵਾਸੀਆਂ ਦਾ ਪ੍ਰੇਮ ਭਾਵ ਵੇਖ ਕੇ ਗੁਰੂ ਸਾਹਿਬ ਆਪਣਾ ਚੋਲਾ ਉਨ੍ਹਾਂ ਨੂੰ ਬਖਸ਼ ਆਏ ਸਨ, ਜੋ ਭਾਈ ਬਸੰਤ ਸਿੰਘ ਦੇ ਪਰਿਵਾਰ ਕੋਲ ਹੁਣ ਤੱਕ ਸੁਰੱਖਿਅਤ ਹੈ। ਮੈਂ ਤੇ ਮੇਰੀ ਪਤਨੀ ਮੌੜਾਂ ਜਾਈ ਰੁਪਿੰਦਰ ਨੂੰ ਸ਼ਗਨ ਪਾਉਣ ਕੰਗ ਜਾਗੀਰ ਪਹੁੰਚ ਗਏ। ਪਤਾ ਲੱਗਾ ਕਿ ਵਿਆਹੁੰਦੜ ਮੁੰਡਾ ਤਾਂ ਪਹੁੰਚਿਆ ਹੀ ਨਹੀਂ। ਉਹ ਬੰਦਰਗਾਹ ਤੇ ਫਸਿਆ ਬੈਠਾ ਹੈ। ਉਨ੍ਹਾਂ ਦੇ ਸਮੁੰਦਰੀ ਬੇੜੇ ਦੇ ਅੱਗੇ ਕੋਈ ਹੋਰ ਬੇੜਾ ਲੱਗਾ ਹੋਇਆ ਹੈ, ਜੋ ਇਨ੍ਹਾਂ ਦੇ ਬੇੜੇ ਨੂੰ ਰਸਤਾ ਨਹੀਂ ਦੇ ਰਿਹਾ। ਜਸਕਰਨ ਮਰਚੈਂਟ ਨੇਵੀ ਵਿਚ ਕੰਮ ਕਰਦਾ ਹੈ।

ਸਾਨੂੰ ਨੂੰਹ ਰਾਣੀ ਦਾ ਮੂੰਹ ਵੇਖੇ ਬਿਨਾ ਹੀ ਪਰਤਣਾ ਪਿਆ ਤੇ ਉਹ ਸ਼ਾਦੀ ਵਿਆਹੁੰਦੜ ਮੁੰਡੇ ਦੇ ਪਿੰਡ ਪਹੁੰਚਣ ਉਤੇ 20 ਮਾਰਚ ਨੂੰ ਹੋਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਜਦੋਂ ਮੇਰੇ ਮਿੱਤਰ ਮਨਮੋਹਨ ਸਿੰਘ ਦੇ ਬੇਟੇ ਸਰਵਜੀਤ ਸਿੰਘ (ਆਈ. ਏ. ਐਸ.) ਨੇ ਪਟਿਆਲਾ ਤੋਂ ਚੰਡੀਗੜ੍ਹ ਦੀ ਡਾ. ਰੂਬੀ ਹੁਣ ਰੂਬੀ ਓਬਰਾਏ ਨੂੰ ਵਿਆਹੁਣ ਆਉਣਾ ਸੀ, ਉਦੋਂ ਵੀ ਇਸੇ ਤਰ੍ਹਾਂ ਦਾ ਅੜਿੱਕਾ ਪੈ ਗਿਆ ਸੀ। ਮੀਂਹ ਕਾਰਨ ਚੋਆਂ ਦਾ ਪਾਣੀ ਏਨਾ ਚੜ੍ਹ ਗਿਆ ਸੀ ਕਿ ਬਰਾਤ ਨੂੰ ਰਾਜਪੁਰੇ ਰਾਤ ਕੱਟਣੀ ਪਈ ਤੇ ਵਿਆਹ ਅਗਲੇ ਦਿਨ ਹੋਇਆ। ਉਨ੍ਹਾਂ ਦਾ ਵਿਆਹ ਅੱਜ ਤੱਕ ਪੂਰਨ ਸਫਲ ਹੈ। ਅੱਜ ਸਵਰਜੀਤ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਦਾ ਪ੍ਰਿੰਸੀਪਲ ਸੈਕਟਰੀ ਹੈ ਤੇ ਰੂਬੀ 23 ਸੈਕਟਰ ਦੇ ਹਸਪਤਾਲ ਵਿਚ ਸੀਨੀਅਰ ਡਾਕਟਰ। ਮੈਂ ਆਪਣੀ ਭੂਆ ਦੇ ਪੁੱਤ ਨੂੰ ਕਿਹਾ ਕਿ ਉਨ੍ਹਾਂ ਦਾ ਨਾਗਾ ਤਾਂ ਕਈ ਦਿਨ ਦਾ ਹੈ। ਦਸ ਗੁਣਾ ਵਧ ਸ਼ਗਨਾਂ ਵਾਲਾ। ਲੱਖ-ਲੱਖ ਵਧਾਈ।

**ਅੰਤਿਕਾ: ਗੁਰਨਾਮ ਗਿੱਲ**

ਬੜੇ ਬੱਦਲ ਗਮਾਂ ਦੇ
ਆਣ ਸਾਡੇ 'ਤੇ ਰਹੇ ਵਰ੍ਹਦੇ,
ਅਸਾਂ ਨੂੰ ਕੱਚੇ ਕੋਠੇ ਵਾਂਗ
ਪਰ ਚੋਣਾ ਨਹੀਂ ਆਇਆ।

# ਮੇਰੀ ਪਾਕਿਸਤਾਨ ਫੇਰੀ

(ਪਿਛਲੇ ਸਫੇ ਦੀ ਬਾਕੀ)

ਬੇਰੀ ਆਦਿ ਬੂਟੇ ਲਵਾ ਰਹੇ ਹਨ। ਯਾਤਰੂਆਂ ਲਈ ਗੁਸਲਖਾਨੇ ਬਣ ਰਹੇ ਹਨ। ਇਥੇ ਹੀ ਟੁੱਟੀ ਹਵੇਲੀ ਦੀ ਉਹ ਕੰਧ ਮੌਜੂਦ ਹੈ, ਜੋ ਸਿੰਗਾਪੁਰੀਏ ਸ. ਅਮਰਦੀਪ ਸਿੰਘ ਦੀ ਕਿਤਾਬ (Lost Heritage of Sikhs) ਦੇ ਕਵਰ 'ਤੇ ਛਪੀ ਹੋਈ ਹੈ। ਚਸ਼ਮੇ ਅੰਦਰ ਗੁਰਬਾਣੀ ਦੀਆਂ ਤੁਕਾਂ ਉਕਰੀਆਂ ਹਨ। ਕਿਲ੍ਹੇ ਦੀ ਤਾਂ ਬਸ ਬਾਹਰਲੀ ਕੰਧ ਹੀ ਮੌਜੂਦ ਹੈ। ਲੋਕਾਂ ਨੇ ਅੰਦਰ ਸਭ ਥਾਂ ਮਲ ਲਈ ਹੋਈ ਹੈ।

ਅਗਲਾ ਪੜਾਅ ਮਾਤਾ ਸਾਹਿਬ ਕੌਰ ਦਾ ਜਨਮ ਸਥਾਨ ਸੀ, ਜੋ ਸ਼ੀਸ਼ਿਆਂ ਨਾਲ ਸਜਾਇਆ ਪਿਆ ਹੈ। ਸਥਾਨ ਦਾ ਸਿਰਫ ਨਿੱਕਾ ਕਮਰਾ ਹੀ ਬਚਿਆ ਹੈ, ਬਾਕੀ ਸਭ ਕੁਝ ਲੋਕਾਂ ਨੇ ਮੱਲ ਲਿਆ ਹੈ। ਬਾਹਰ ਪਕੌੜੇ, ਜਲੇਬੀਆਂ ਬਣਦੀਆਂ ਹਨ। ਮਾਰਗਲਾ ਹਿੱਲਜ਼ 'ਤੇ ਖਾਣਾ ਖਾਣ ਦਾ ਆਪਣਾ ਅਨੰਦ ਸੀ। ਤਬਲੇ-ਹਾਰਮੋਨੀਅਮ 'ਤੇ ਪੰਜਾਬੀ ਉਰਦੂ ਗੀਤ ਗਾਏ ਜਾ ਰਹੇ ਸਨ। ਠੰਢ ਤੋਂ ਬਚਾਓ ਲਈ ਅੰਗੀਠੀਆਂ ਸਨ। ਯਾਤਰੂਆਂ ਲਈ ਛੋਟੀਆਂ ਦੁਕਾਨਾਂ ਸਨ। ਸਰਦਾਰਾਂ ਨੂੰ ਖਾਣਾ ਖਵਾਉਣ ਲਈ ਅਜੀਬ ਉਤਸ਼ਾਹ ਸੀ। ਬਹਿਰੇ ਆਪਣੇ ਪਿਛੋਕਿਆਂ ਦੀਆਂ ਯਾਦਾਂ ਦਿਵਾ ਰਹੇ ਸਨ ਅਤੇ ਸਾਨੂੰ ਭਰਪੂਰ 'ਜੀ ਆਇਆਂ' ਮਹਿਸੂਸ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਇਸਲਾਮਾਬਾਦ ਦੂਤਾਵਾਸਾਂ ਨਾਲ ਭਰਿਆ ਪਿਆ ਹੈ।

ਇਸਲਾਮਾਬਾਦ ਪਿਛੋਂ ਸਫਰ ਸ਼ੁਰੂ ਹੋਇਆ ਫੈਸਲਾਬਾਦ ਦਾ, ਜਿਸ ਦਾ ਪਹਿਲਾ ਨਾਂ ਲਾਇਲਪੁਰ ਸੀ। ਜਦੋਂ ਸਾਊਦੀ ਅਰਬ ਦਾ ਸ਼ਹਿਨਸ਼ਾਹ ਫੈਸਲ 1976 ਵਿਚ ਪਾਕਿਸਤਾਨ ਆਇਆ ਅਤੇ 120 ਮਿਲੀਅਨ ਦਾ ਤੋਹਫਾ ਪਾਕਿਸਤਾਨ ਨੂੰ ਦੇ ਗਿਆ ਤਾਂ ਲਾਇਲਪੁਰ ਦਾ ਨਾਂ ਫੈਸਲਾਬਾਦ ਕਰ ਦਿੱਤਾ ਗਿਆ ਸੀ। ਉਸ ਦੀ ਯਾਦਗਾਰ ਵਿਚ ਫੈਸਲ ਮਸਜਿਦ ਬਣਾਈ, ਜੋ ਇਟਲੀ ਦੇ ਕਰਾਰਾ ਦੇ ਪੱਥਰ ਦੀ ਆਲੀਸ਼ਾਨ ਇਮਾਰਤ ਹੈ। ਇਹ ਏਸ਼ੀਆ ਦੀ ਸਭ ਤੋਂ ਵੱਡੀ ਮਸਜਿਦ ਹੈ, ਜਿਥੇ ਇਕ ਲੱਖ ਸ਼ਰਧਾਲੂ ਅੰਦਰ ਅਤੇ ਦੋ ਲੱਖ ਬਾਹਰ ਨਮਾਜ ਅਦਾ ਕਰ ਸਕਦੇ ਹਨ। ਮਸਜਿਦ ਵਿਚ ਯੂਨੀਵਰਸਿਟੀ ਤੇ ਲਾਇਬ੍ਰੇਰੀ ਵੀ ਹੈ। ਉਥੇ ਹਰ ਸਮੇਂ ਰੋਸ਼ਨੀ ਦਾ ਇੰਤਜ਼ਾਮ ਹੈ ਤੇ ਪਾਣੀ ਦੇ ਫੁਹਾਰਿਆਂ ਨਾਲ ਠੰਢੀ ਰੱਖੀ ਜਾਂਦੀ ਹੈ।

ਅਗਲੇ ਦਿਨ ਸਵੇਰੇ ਪੰਜਾ ਸਾਹਿਬ (ਹਸਨ ਅਬਦਾਲ) ਵੱਲ ਚਾਲੇ ਪਾਏ। ਵੱਡੀ ਦਿੱਕਤ ਗਰੁਪ ਵਿਚ ਇਹ ਆਈ ਕਿ ਸਵੇਰੇ ਚਲਣ ਤੇ ਪਰਤਣ ਵੇਲੇ ਲੋਕੀਂ ਡੇਢ-ਦੋ ਘੰਟੇ ਲੇਟ ਕਰਵਾ ਦਿੰਦੇ। ਸਿਕਿਓਰਿਟੀ ਵਾਲੇ ਸਹੀ ਟਾਈਮ 'ਤੇ ਅਪੜ ਜਾਂਦੇ। ਅਮਰੀਕਾ ਤੋਂ ਪੁੱਜੇ ਲੋਕ ਵੀ ਕੋਈ ਨਾ ਕੋਈ ਬਹਾਨਾ ਕਰਕੇ ਲੇਟ ਕਰ ਦਿੰਦੇ। ਜਦੋਂ ਤਕ 39 ਬੰਦੇ ਪੂਰੇ ਨਾ ਹੁੰਦੇ, ਸਿਕਿਓਰਿਟੀ ਵਾਲੇ ਪੈਰ ਨਹੀਂ ਸੀ ਪੁਟਦੇ। ਬੀਬੀਆਂ ਵਧੇਰੇ ਲੇਟ ਕਰਵਾਉਂਦੀਆਂ। ਇਕ ਰਾਤ ਕਰਾਚੀ ਵਿਚ ਬੰਬ ਧਮਾਕਾ ਹੋਇਆ। ਸਾਡੀ ਸਿਕਿਓਰਿਟੀ ਵਾਲੇ ਦਿਨੇ ਸਾਡੇ ਨਾਲ ਰਹੇ, ਫਿਰ ਰਾਤੀਂ ਸ਼ੱਕੀ ਲੋਕਾਂ ਨੂੰ ਫੜਦੇ ਰਹੇ, ਪਰ ਸਵੇਰ ਵੇਲੇ ਸਿਰ ਫਿਰ ਸਾਡੇ ਨਾਲ ਸਨ। ਕਈ ਵਾਰ ਸਿਕਿਓਰਿਟੀ ਵਾਲੇ ਭੁੱਖਣ ਭਾਣੇ ਖੜ੍ਹੇ ਰਹਿੰਦੇ। ਜੇ ਕਿਤੇ ਰਸਤੇ ਵਿਚ ਰੁਕਦੇ ਤਾਂ ਵੀ ਗਿਣਤੀ ਪੂਰੀ ਕਰਕੇ ਤੁਰਦੇ ਅਤੇ ਜਿਲਿਆਂ ਦੀ ਹੱਦ 'ਤੇ ਅਗਲੀ ਪੁਲਿਸ ਟੋਲੀ ਨੂੰ 39 ਬੰਦੇ ਦਸ ਕੇ, ਕਿ ਅਮਰੀਕਾ ਤੋਂ ਆਏ ਨੇ, ਸਥਾਨ ਦੇਖ ਕੇ ਵਾਪਸ ਪਰਤਣਗੇ, ਸੌਂਪ ਦਿੰਦੇ। ਸਿਕਿਓਰਿਟੀ 'ਚ ਕਾਹਲੋਂ, ਬਾਜਵਾ, ਜੌਹਲ, ਚੀਮਾ ਆਦਿ ਨਾਂਵਾਂ ਵਾਲੇ ਸ਼ਖਸ ਆਮ ਮਿਲਦੇ ਹਨ।

ਖੈਰ! ਪੰਜਾ ਸਾਹਿਬ ਵਿਚ ਈਦ ਦੇ ਜਲੂਸ ਕਰਕੇ ਸਾਡਾ ਰਸਤਾ ਬਦਲ ਦਿੱਤਾ ਗਿਆ। ਅੱਜ ਕਲ੍ਹ ਵਿਗੜੇ ਹਾਲਾਤ ਕਰਕੇ ਵਲੀ ਕੰਧਾਰੀ ਦੇ ਟਿੱਲੇ 'ਤੇ ਤਾਂ ਨਹੀਂ ਸੀ ਜਾਣ ਦਿੰਦੇ, ਪਰ ਗੁਰਦੁਆਰਾ ਸਾਹਿਬ ਵਿਚ ਇੰਤਜ਼ਾਮ ਠੀਕ ਹੈ। ਦਰਵਾਜੇ 'ਤੇ ਪੁਲਿਸ ਚੈੱਕ ਕਰਦੀ ਹੈ। ਅੰਦਰ ਸਰਾਂ ਵੀ ਹੈ। ਸ਼ਰਧਾਲੂ ਸਿੰਧੀ ਅਤੇ ਮੁਸਲਮਾਨ ਬਹੁਤ ਨੇ। ਸਰਾਇਕੀ ਜ਼ਬਾਨ ਅਕਸਰ ਸੁਣਾਈ ਦਿੰਦੀ ਹੈ। ਪੰਜੇ ਵਾਲੀ ਚੱਟਾਨ ਹੇਠਾਂ ਠੰਢੇ ਪਾਣੀ ਦਾ ਚਸ਼ਮਾ ਲਗਾਤਾਰ ਵਗ ਰਿਹਾ ਹੈ। ਹਾਲਾਂਕਿ ਪੰਜੇ ਦੇ ਨਿਸ਼ਾਨ ਦਾ ਬਾਬੇ ਨਾਨਕ ਦਾ ਪੰਜਾ ਹੋਣਾ ਸ਼ੱਕੀ ਹੋ ਗਿਆ ਹੈ ਤਾਂ ਵੀ ਸ਼ਰਧਾਲੂ ਪੰਜੇ 'ਤੇ ਪੰਜਾ ਰੱਖ ਕੇ ਫੋਟੋ ਖਿਚਾਉਂਦੇ ਹਨ। ਲੰਗਰ ਚਲਦਾ ਹੈ। ਪਿੰਨੀ ਪ੍ਰਸ਼ਾਦ ਭੇਟਾ ਦੇ ਕੇ ਮਿਲਦਾ ਹੈ।

(ਬਾਕੀ ਅਗਲੇ ਅੰਕ 'ਚ)

To Advertise with Punjab Times Call: 847-359-0746
Fax:847-705-9388, e-mail:punjabtimes1@gmail.com
Visit us on the web:wwwpunjabtimesusa.com

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai
Cell:734-644-1010
Office:734-747-4298

# ਪੰਜਾਬੀ ਨਾਟਕਾਂ ਵਿਚ ਭਗਤ ਸਿੰਘ



**ਤੇਜਵੰਤ ਸਿੰਘ ਗਿੱਲ**

ਇਹ ਵਿਚਾਰਨ ਵਾਲੀ ਗੱਲ ਹੈ ਕਿ ਭਗਤ ਸਿੰਘ ਬਾਬਤ ਲਿਖੇ ਗਏ ਨਾਟਕ ਕਿਥੋਂ ਤਕ ਸਫਲ ਹੋਏ ਹਨ। ਉਸ ਬਾਰੇ ਪਹਿਲਾ ਨਾਟਕ ਡਾ. ਹਰਚਰਨ ਸਿੰਘ ਦਾ 1980 ਵਿਚ ਛਪਿਆ ਨਾਟਕ 'ਮਸੀਹਾ ਸੂਲੀ 'ਤੇ ਮੁਸਕਾਇਆ' ਸੀ। ਵਾਪਰਨ ਵਾਲੀ ਘਟਨਾ ਸ਼ਹੀਦ ਦੇ ਫਾਂਸੀ ਚੜ੍ਹਨ ਤੋਂ ਅੱਧਾ ਕੁ ਘੰਟਾ ਪਹਿਲਾਂ ਦੀ ਹੈ। ਇਸ ਵਕਫੇ ਨੂੰ ਪਿਛਲੇ ਤਿੰਨ ਸਾਲ ਦੇ ਕਾਰਨਾਮਿਆਂ ਸੰਗ ਵਾਪਰਦੇ ਦਿਖਾ ਕੇ ਨਾਟਕਕਾਰ ਨੇ ਭਗਤ ਸਿੰਘ ਨੂੰ ਲੋਕ-ਭਾਵੀ, ਤੀਖਣ ਬੁੱਧੀ ਅਤੇ ਕੁਰਬਾਨੀ ਦਾ ਪੁੰਜ ਸਿੱਧ ਕੀਤਾ ਹੈ। ਅੰਤਿਮ ਪਲ ਈਸਾ ਮਸੀਹ ਨੂੰ ਤਾਂ ਅੰਤਾਂ ਦੀ ਇਕੱਲ ਦਾ ਅਹਿਸਾਸ ਹੋਇਆ ਸੀ, ਉਸ ਨੂੰ ਲੱਗਿਆ ਜਿਵੇਂ ਰੱਬ ਨੇ ਵੀ ਉਸ ਦਾ ਸਾਥ ਛੱਡ ਦਿੱਤਾ ਪਰ ਇਸ ਤਰ੍ਹਾਂ ਦਾ ਕੋਈ ਝੋਰਾ ਭਗਤ ਸਿੰਘ ਨੂੰ ਨਹੀਂ। ਇਹ ਗੱਲਾਂ ਨਾਟਕ ਵਿਚ ਭਗਤ ਸਿੰਘ ਨੂੰ ਉਸ ਬੰਧਨ ਤੋਂ ਉਪਰ ਉਠਾਉਂਦੀਆਂ ਹਨ ਜਿਸ ਕਾਰਨ ਦੇਸ਼ਭਗਤੀ ਦਾ ਅਟੱਲ ਬਿੰਬ ਜਾਂ ਬੌਧਿਕ ਸਿੱਧ ਹੁੰਦਾ ਹੈ। ਘਟਨਾਵਾਂ 'ਤੇ ਰੌਸ਼ਨੀ ਪੈਂਦੀ ਹੈ, ਧਾਰਨਾਵਾਂ ਪੇਸ਼ ਹੁੰਦੀਆਂ ਹਨ, ਦਾਅਵੇ ਕੀਤੇ ਜਾਂਦੇ ਹਨ ਪਰ ਕਿਤੇ ਵੀ ਦਵੰਧ ਪੇਸ਼ ਨਹੀਂ ਹੁੰਦਾ।

ਨਾਟਕ ਵਿਚ ਅਰਾਜਕ ਭਾਵਨਾ ਅਧੀਨ ਹੱਤਿਆ ਵਿਚ ਵਿਸ਼ਵਾਸ ਜਤਲਾਇਆ ਜਾਂਦਾ ਹੈ ਜਦੋਂਕਿ ਇਸ ਦੇ ਮੁਦੱਈ ਨਿਰਦੋਸ਼ ਦੀ ਹੱਤਿਆ ਨੂੰ ਪਾਪ ਸਮਝਦਿਆਂ ਖ਼ੁਦ ਦੀ ਹੱਤਿਆ ਰਾਹੀਂ ਸੰਤੋਖ ਦੇ ਭਾਗੀ ਬਣਦੇ ਸਨ, ਨਾਟਕ ਵਿਚ ਅਜਿਹਾ ਕੋਈ ਸੰਕਟ ਨਹੀਂ ਪੇਸ਼ ਹੁੰਦਾ। ਸਾਂਡਰਸ ਨਾਲ ਚੰਨਣ ਸਿੰਘ ਦਾ ਕਤਲ ਹੋ ਜਾਂਦਾ ਹੈ ਪਰ ਸੰਤਾਪ ਦਾ ਕਾਰਨ ਨਹੀਂ ਬਣਦਾ। ਅੰਤ ਵਿਚ ਨਾਟਕ ਸਤਲੁਜ ਦਰਿਆ ਨੂੰ ਭਗਤ ਸਿੰਘ ਦੀ ਬੇਮਿਸਾਲ ਸ਼ਹਾਦਤ ਦੀ ਸਾਖੀ ਭਰਨ ਦੀ ਜ਼ਿੰਮੇਵਾਰੀ ਬਖ਼ਸ਼ ਕੇ ਸਮਾਪਤ ਹੋ ਜਾਂਦਾ ਹੈ। ਇਹ ਸਾਖੀ ਉਸ ਨਾਲੋਂ ਘੱਟ ਨਹੀਂ ਜੋ ਇਹ ਕਦੀਮੀ ਦਰਿਆ ਆਦਿ ਕਾਲ ਵਿਚ ਆਪਣੇ ਕੰਢੇ ਪਵਿਤਰ ਵੇਦਾਂ ਦੇ ਰਚੇ ਜਾਣ ਦੀ ਭਰਦਾ ਹੈ।

ਇਸੇ ਪ੍ਰਕਾਰ ਦਾ ਇਕਪਾਸੜ ਕੌਤਕ ਸਾਗਰ ਸਰਹੱਦੀ ਦੇ 1983 ਵਿਚ ਲਿਖੇ ਨਾਟਕ 'ਭਗਤ ਸਿੰਘ ਦੀ ਵਾਪਸੀ' ਵਿਚ ਵਾਪਰਦਾ ਹੈ। ਸਾਗਰ ਸਰਹੱਦੀ ਫਿਲਮਸਾਜ਼ ਹੈ ਅਤੇ ਇਹ ਕਿਰਤ ਨਾਟਕਕਾਰ ਨਾਲੋਂ ਨਿਰਦੇਸ਼ਕ ਦੀ ਲਿਖੀ ਵਧੇਰੇ ਪ੍ਰਤੀਤ ਹੁੰਦੀ ਹੈ। ਇਸ ਨਾਟਕ ਦਾ ਆਰੰਭ ਭਗਤ ਸਿੰਘ ਦਾ ਕਿਰਦਾਰ ਕਰਨ ਵਾਲੇ ਅਦਾਕਾਰ ਦੀ ਮਨਬਚਨੀ ਨਾਲ ਹੁੰਦਾ ਹੈ। ਅਸਲ ਅਤੇ ਨਕਲ ਵਿਚ ਜੋ ਅੰਤਰ ਹੁੰਦਾ ਹੈ, ਉਸ ਦੀ ਚਰਚਾ ਨਾਲ ਉਹ ਪਹਿਲੇ ਐਕਟ ਦਾ ਆਰੰਭ ਕਰਦਾ ਹੈ। ਅਸਲ ਭਗਤ ਸਿੰਘ ਹੈ ਅਤੇ ਨਕਲ ਉਹ ਆਪ ਹੈ, ਪਰ ਦੋਵਾਂ ਵਿਚਲੇ ਅੰਤਰ ਨੂੰ ਨਾਟਕ ਦੇ ਵਿਸ਼ੇ ਅਤੇ ਸਰੋਕਾਰ ਨਾਲ ਜੋੜਨ ਦੀ ਥਾਂ ਉਹ ਭਗਤ ਸਿੰਘ ਨਾਲ ਅਭੇਦ ਹੋ ਕੇ ਅਦਾਕਾਰੀ ਕਰਦਾ ਹੈ। ਪਹਿਲੇ ਐਕਟ ਵਿਚ ਮਾਂ ਉਸ ਤੋਂ ਕਮਾਈ ਦੀ ਆਸ ਰੱਖਦੀ ਹੈ। ਭਗਤ ਸਿੰਘ ਦੇਸ਼ ਭਗਤੀ ਰਾਹੀਂ ਇਹ ਆਸ ਪੁਗਾਉਣ ਦਾ ਪ੍ਰਣ ਕਰਦਾ ਹੈ ਅਤੇ ਭਾਰਤ ਮਾਤਾ ਦੀ ਰੂਪ ਰੇਖਾ ਉਸੇ ਦੀ ਸੀਰਤ ਤੇ ਸੂਰਤ ਅਨੁਸਾਰ ਤਸੱਵੁਰ ਕਰਦਾ ਹੈ। ਇਸ ਕਮਾਈ ਖ਼ਾਤਰ ਕਿਸ ਪ੍ਰਕਾਰ ਦੀ ਘਾਲਣਾ ਲੋੜੀਂਦੀ ਹੈ, ਅੱਗੇ ਇਸ ਦਾ ਫੈਸਲਾ ਚੰਦਰਸ਼ੇਖਰ ਨਾਲ ਲੰਮੀ ਵਾਰਤਾਲਾਪ ਰਾਹੀਂ ਨੇਪਰੇ ਚੜ੍ਹਦਾ ਹੈ। ਉਹ ਅਸੈਂਬਲੀ ਵਿਚ ਬੰਬ ਸੁੱਟਣ ਦਾ ਕਾਰਨਾਮਾ ਨੇਪਰੇ ਚਾੜ੍ਹ ਕੇ ਬੰਦੀਖਾਨੇ ਵਿਚ ਪਹੁੰਚ ਜਾਂਦਾ ਹੈ। ਮੁਕੱਦਮੇ ਰਾਹੀਂ ਭਾਰਤ ਮਾਤਾ ਦੀ ਆਜ਼ਾਦੀ ਦਾ ਪੱਖ ਪੂਰ ਕੇ ਅਤੇ ਅਜਿਹਾ ਕਸ਼ਟ ਸਹਿ ਕੇ ਉਥੇ ਵੀ ਇਹ ਘਾਲਣਾ ਨਿਰੰਤਰ ਚੱਲਦੀ ਰਹਿੰਦੀ ਹੈ। ਅੰਤ ਵਿਚ ਸ਼ਹਾਦਤ ਦੇ ਰੂਪ ਵਿਚ ਇਸ ਦਾ ਇਨਾਮ ਰਾਖਵਾਂ ਹੋ ਜਾਂਦਾ ਹੈ। ਪਹਿਲਾ ਹੈ ਮਾਂ ਨਾਲ ਜਿਸ ਕਮਾਈ ਦਾ ਪ੍ਰਣ ਕੀਤਾ ਸੀ, ਉਸ ਨੂੰ ਧਰਤੀ ਦੀ ਮੁੱਠੀ ਕੁ ਭਰ ਰਾਖ ਅਰਪਿਤ ਕਰਨਾ ਅਤੇ ਦੂਜਾ ਦੇਸ਼ ਦੇ ਨੌਜਵਾਨਾਂ ਨੂੰ ਨਿਰੰਤਰ ਇਨਕਲਾਬ ਨਾਲ ਜੁੜਨ ਦੀ ਪ੍ਰੇਰਨਾ ਦੇਣਾ।

ਦੇਸ਼ਭਗਤੀ ਦਾ ਬੰਧਕ ਬਣਾ ਕੇ ਰਾਜ ਸੱਤਾ ਨੇ ਭਗਤ ਸਿੰਘ ਨੂੰ ਜਨਤਾ ਨਾਲੋਂ ਵੱਖ ਕਰ ਛੱਡਿਆ। ਇਸ ਦਾ ਪ੍ਰਗਟਾਵਾ ਗੁਰਸ਼ਰਨ ਸਿੰਘ ਦੇ 1997 ਵਿਚ ਲਿਖੇ ਗਏ ਇਕਾਂਗੀ 'ਲਾਰੇ' ਵਿਚ ਸਪਸ਼ਟ ਢੰਗ ਨਾਲ ਹੁੰਦਾ ਹੈ। ਇਹ ਪ੍ਰਾਪੇਗੰਡਾ ਹੈ ਜਿਸ ਦਾ ਤਤਕਾਲੀ ਪ੍ਰਭਾਵ ਪੈ ਸਕਦਾ ਹੈ ਪਰ ਸਥਾਈ ਪ੍ਰੇਰਨਾ ਨਹੀਂ ਮਿਲ ਸਕਦੀ। ਭਗਤ ਸਿੰਘ ਦੇ ਜਨਮ ਸਥਾਨ ਦੇ ਬਾਹਰ ਲੱਗੇ ਬੁੱਤ ਕੋਲ ਹਰ ਸਾਲ ਸ਼ਰਧਾਂਜਲੀ ਮੇਲਾ ਲੱਗਦਾ ਹੈ। ਵਿਰੋਧੀ ਪਾਰਟੀਆਂ ਦੇ ਦੋਵੇਂ ਨੇਤਾ ਜਦੋਂ ਆਪੋ ਆਪਣੀ ਵਾਰੀ ਬੁੱਤ ਨੂੰ ਹਾਰ ਪਹਿਨਾਉਣ ਆਉਂਦੇ ਹਨ ਤਾਂ ਬੁੱਤ ਘੂਰੀ ਵੱਟ ਕੇ ਉਨ੍ਹਾਂ ਦੇ ਘਸੁੰਨ ਮਾਰਦਾ ਹੈ। ਨਿੰਮੋਝੂਣੇ ਹੋ ਉਹ ਲੇਲੜੀਆਂ ਕੱਢਣ ਜੋਗੇ ਰਹਿ ਜਾਂਦੇ ਹਨ। ਖੁਦ ਨੂੰ ਸ਼ਹੀਦ ਦੀ ਭੈਣ ਦੱਸਦੀ ਇਕ ਲੜਕੀ ਹਾਰ ਪਹਿਨਾਉਣ ਆਉਂਦੀ ਹੈ ਤਾਂ ਬੁੱਤ ਖਿੜੇ ਮੱਥੇ ਸਵੀਕਾਰ ਕਰ ਲੈਂਦਾ ਹੈ। ਲੜਕੀ ਜੁੜੀ ਭੀੜ ਨੂੰ ਭਗਤ ਸਿੰਘ ਦੇ ਸੰਦੇਸ਼ ਤੋਂ ਜਾਣੂ ਕਰਵਾਉਂਦੀ ਹੈ। ਭੀੜ ਸੱਚੀ ਜਨਤਾ ਦਾ ਰੂਪ ਧਾਰ ਲੈਂਦੀ ਹੈ। ਨੇਤਾ ਉਥੋਂ ਖਿਸਕ ਜਾਂਦੇ ਹਨ। ਲੜਕੀ ਦੇ ਮਗਰ ਜਨਤਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕਰਦੀ ਹੈ। ਭਗਤ ਸਿੰਘ ਦਾ ਬੁੱਤ ਵੀ ਇਸ ਮੁਹਿੰਮ 'ਚ ਸ਼ਾਮਲ ਹੋ ਜਾਂਦਾ ਹੈ।

ਹੁਣ ਤਕ ਲਿਖੇ ਗਏ ਸਾਰੇ ਨਾਟਕਾਂ ਵਿਚੋਂ ਅਸਲੋਂ ਗੰਭੀਰ ਕਿਰਤ 'ਭਗਤ ਸਿੰਘ ਸ਼ਹੀਦ' ਡਾ. ਚਰਨ ਦਾਸ ਸਿੱਧੂ ਦਾ ਤਿੱਕੜੀ ਨਾਟਕ ਹੈ ਜਿਸ ਦਾ ਪਹਿਲਾ ਸੰਸਕਰਨ 1998 ਵਿਚ ਛਪਿਆ। ਇਸ ਦਾ ਪਹਿਲਾ ਭਾਗ 'ਭਾਗਾਂ ਵਾਲਾ ਪੋਤਰਾ' ਹੈ ਜਿਸ ਵਿਚ ਭਗਤ ਸਿੰਘ ਦੇ ਇਨਕਲਾਬੀ ਬਣਨ ਦੇ ਅਮਲ ਨੂੰ ਚਿਤਰਿਆ ਗਿਆ ਹੈ। ਇਸ ਦਾ ਮੁੱਢਲਾ ਕਾਰਨ ਇਕ ਚਾਚੇ ਦੇ ਜੇਲ੍ਹ ਵਿਚ ਮਾਰੇ ਜਾਣ ਅਤੇ ਦੂਜੇ ਜਲਾਵਤਨ ਹੋ ਜਾਣ ਕਾਰਨ ਪਹੁੰਚਦੀ ਪੀੜ ਹੈ। ਦੋਵਾਂ ਚਾਚੀਆਂ ਦੇ ਹੰਝੂ ਭਿੱਜੇ ਚਿਹਰੇ ਉਸ ਨੂੰ ਹੋਰ ਵੀ ਭਾਵੁਕ ਕਰੀ ਰੱਖਦੇ ਹਨ। ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਉਸ ਦੀ ਪੀੜ ਨੂੰ ਲੋਕ ਪੀੜ ਵਿਚ ਬਦਲ ਦਿੰਦਾ ਹੈ। ਨਾਲ ਹੀ ਉਹ ਧਰਮ ਨਿਰਪੇਖ ਬਣਨ ਦਾ ਫੈਸਲਾ ਕਰਦਾ ਹੈ ਪਰ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ 'ਹਮ ਹਿੰਦੂ ਨਹੀਂ' ਨੂੰ ਇਸ ਦੇ ਨਾਮ ਤੋਂ ਹੀ ਵਿਸ਼ਾ ਵਸਤੂ ਦਾ ਅਨੁਮਾਨ ਲਗਾ ਕੇ ਭੰਡਦਿਆਂ ਉਹ ਅਨੈਤਿਕ ਵੀ ਹੋ ਜਾਂਦਾ ਹੈ। ਇਹ ਦੋਸ਼ ਨਾਟਕਕਾਰ ਦਾ ਹੈ ਜੋ ਆਰੀਆ ਸਮਾਜ ਨਾਲ ਆਪਣੀ ਨੇੜਤਾ ਛੁਪਾ ਨਹੀਂ ਸਕਿਆ।



ਨਾਟਕ ਦਾ ਦੂਜੇ ਭਾਗ 'ਇਨਕਲਾਬੀ ਪੁੱਤਰ' ਭਗਤ ਸਿੰਘ ਦੇ ਜੇਲ੍ਹ ਜੀਵਨ ਨਾਲ ਸਬੰਧਤ ਹੈ। ਭਗਤ ਸਿੰਘ ਪੱਕਾ ਇਨਕਲਾਬੀ ਬਣ ਚੁੱਕਾ ਹੈ। ਮਹਾਤਮਾ ਗਾਂਧੀ ਦੇ ਅਹਿੰਸਾ ਸਿਧਾਂਤ ਨਾਲ ਉਸ ਦਾ ਪੂਰਾ ਵਿਰੋਧ ਹੈ ਅਤੇ ਲੈਨਿਨ ਦੀ ਇਨਕਲਾਬੀ ਸੋਚ ਨਾਲ ਲਗਾਓ। ਤੀਜਾ ਭਾਗ 'ਨਾਸਤਕ ਸ਼ਹੀਦ' ਇਸ ਦਾ ਅੱਗੇ ਵਿਸਥਾਰ ਹੈ ਜਿਸ ਵਿਚ ਉਸ ਦੀ ਇਨਕਲਾਬੀ ਸੋਚ ਨਾਸਤਿਕਤਾ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਦਾ ਕੁਲ ਸਾਰ ਵਾਦ-ਵਿਵਾਦ ਵਿਚ ਸਮਾ ਜਾਂਦਾ ਹੈ ਜੋ ਉਸ ਦਾ ਭਾਈ ਰਣਧੀਰ ਸਿੰਘ ਨਾਲ ਚੱਲਦਾ ਹੈ। ਸਵਾ ਸਾਲ ਤੋਂ ਭਾਈ ਰਣਧੀਰ ਸਿੰਘ ਬੰਦੀਖਾਨੇ ਵਿਚ ਬੰਦ ਹੈ ਕਿਉਂ ਜੋ ਉਸ ਦੇ ਸ਼ਬਦ ਕੀਰਤਨ ਤੋਂ ਬਰਤਾਨਵੀ ਸਰਕਾਰ ਨੂੰ ਉਹ ਗ਼ਦਰ ਲਹਿਰ ਦਾ ਸਮਰਥਕ ਜਾਪਿਆ ਸੀ। ਸੁਚੇਤ ਰੂਪ ਵਿਚ ਉਹ ਇਸ ਨੂੰ ਵਾਹਿਗੁਰੂ ਦਾ ਭਾਣਾ ਮੰਨਦਾ ਹੈ ਪਰ ਅਚੇਤ ਤੌਰ 'ਤੇ ਇਸ ਨੂੰ ਆਪਣੇ ਨਾਲ ਹੋਇਆ ਘੋਰ ਅਨਿਆਂ ਮਹਿਸੂਸ ਕਰਦਾ ਹੈ। ਫਲਸਰੂਪ ਉਹ ਆਪਣੇ ਵਿਚਾਰਾਂ ਵਿਚ ਬਹੁਤ ਕੱਟੜ ਹੋ ਗਿਆ ਹੈ ਅਤੇ ਗੁਰਬਾਣੀ ਤੇ ਗੁਰਮਤਿ ਨੂੰ ਉਸ ਨੇ ਪੰਜ ਕਕਾਰਾਂ ਤਕ ਸੀਮਤ ਕਰ ਲਿਆ ਹੈ। ਆਰੀਆ ਸਮਾਜ ਵੱਲ ਨਾਟਕਕਾਰ ਦਾ ਉਲਾਰ ਅਤੇ ਕਈ ਥਾਵਾਂ 'ਤੇ ਵਾਰਤਾਲਾਪ ਮਹਿਜ਼ ਸਪਾਟ ਸੂਚਨਾ ਭਾਸ਼ਨ ਦੇ ਬਾਵਜੂਦ ਇਸ ਨਾਟਕ ਦੀ ਗੰਭੀਰਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਇਸੇ ਪ੍ਰਸੰਗ ਵਿਚ ਵਿਚਾਰਯੋਗ ਨਾਟਕ ਜਗਜੀਤ ਸਿੰਘ ਕੋਮਲ ਦਾ 'ਧੋਤੇ ਮੂੰਹ ਚਪੇੜ' ਹੈ ਜੋ 2004 ਵਿਚ ਛਪਿਆ। ਇਸ ਦਾ ਨਾਇਕ ਬਾਬਾ ਸੋਹਣ ਸਿੰਘ ਭਕਨਾ ਹੈ ਪਰ ਭਗਤ ਸਿੰਘ ਦੀ ਉਸ ਨਾਲ ਸਾਂਝ ਵਿਚੋਂ ਕਾਫੀ ਰੌਸ਼ਨੀ ਮਿਲਦੀ ਹੈ। ਭਗਤ ਸਿੰਘ ਲਾਹੌਰ ਜੇਲ੍ਹ ਵਿਚ ਕੈਦ ਹੈ। ਬਾਬਾ ਭਕਨਾ ਅਤੇ ਹੋਰ ਰਾਜਸੀ ਕੈਦੀ ਵੀ ਉਥੇ ਹਨ। ਕੈਦੀਆਂ ਦੇ ਭਲੇ ਲਈ ਭਗਤ ਸਿੰਘ ਨੇ ਮਰਨ ਵਰਤ ਰੱਖਿਆ ਹੋਇਆ ਹੈ ਜਿਸ ਦਾ ਪ੍ਰਭਾਵ ਵਧਦਾ ਜਾਂਦਾ ਹੈ। ਇਸ ਪ੍ਰਭਾਵ ਨੂੰ ਘਟਾਉਣ ਲਈ ਜੇਲ੍ਹ ਅਧਿਕਾਰੀ ਸਾਜ਼ਿਸ਼ ਘੜਦੇ ਹਨ ਬਾਬਾ ਭਕਨਾ ਤੋਂ ਮਰਨ ਵਰਤ ਤੁੜਵਾਉਣ ਦੀ, ਪਰ ਉਨ੍ਹਾਂ ਦੇ ਇਸ ਬਦਨੀਤੀ ਭਰੇ ਕਦਮ ਦਾ ਉਲਟ ਅਸਰ ਹੁੰਦਾ ਹੈ। ਬਾਬਾ ਭਕਨਾ ਆਪ ਵਰਤ ਰੱਖਣ ਦਾ ਐਲਾਨ ਕਰ ਦਿੰਦਾ ਹੈ।

ਉਸ ਰਿਹਾਈ ਦਾ ਦਿਨ ਨਜ਼ਦੀਕ ਹੋਣ ਸਦਕਾ ਬਾਹਰ ਜਾ ਕੇ ਉਹ ਕਿਰਸਾਨੀ ਨੂੰ ਲਾਮਬੰਦ ਕਰਨ ਵਿਚ ਵਡਮੁੱਲਾ ਯੋਗਦਾਨ ਪਾ ਸਕਦਾ ਹੈ। ਇਹ ਵਾਸਤਾ ਪਾ ਕੇ ਭਗਤ ਸਿੰਘ ਬਾਬਾ ਭਕਨਾ ਨੂੰ ਮਰਨ ਵਰਤ ਰੱਖਣ ਤੋਂ ਹੋੜ ਲੈਂਦਾ ਹੈ। ਇਸ ਤੋਂ ਸੁਝਾਅ ਮਿਲਦਾ ਹੈ ਕਿ ਲੋਕ ਲਹਿਰਾਂ ਨੂੰ ਸਮਰੱਥ ਬਣਾਉਣ ਦੀ ਤਮੰਨਾ ਭਗਤ ਸਿੰਘ ਦੀ ਵੀ ਸੀ। ਜਿਉਂਦੇ ਜੀਅ ਉਸ 'ਤੇ ਦੇਸ਼ ਭਗਤੀ ਦੀ ਅਟੱਲ ਭਾਵਨਾ ਨੇ ਪਰਦਾ ਪਾਈ ਰੱਖਿਆ ਅਤੇ ਹੁਣ ਤਕ ਇਹ ਪੱਖ ਜਨਤਾ ਤਾਂ ਕੀ, ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਵੀ ਨਜ਼ਰ ਨਹੀਂ ਆਇਆ। ਲੇਖਕ ਦਾ ਦਾਅਵਾ ਹੈ ਕਿ ਇਹ ਕਾਵਿ-ਨਾਟ ਹੈ, ਪਰ ਇਸ ਦੀ ਵਿਸ਼ੇਸ਼ਤਾ ਨੂੰ ਇਹ ਘੱਟ ਹੀ ਪਹੁੰਚਦਾ ਹੈ। ਇਸ ਦੇ ਪਾਠ ਤੋਂ ਗ੍ਰਹਿਣ ਹੁੰਦੇ ਵਿਚਾਰਧਾਰਕ ਸੁਝਾਅ ਦੇ ਆਧਾਰ 'ਤੇ ਇਸ ਨਾਟਕ ਨੂੰ ਧਿਆਨ ਗੋਚਰੇ ਕਰਨਾ ਜ਼ਰੂਰੀ ਬਣ ਜਾਂਦਾ ਹੈ।

ਨਾਟਕੀ ਰੂਪ ਵਿਚ ਭਗਤ ਸਿੰਘ ਬਾਰੇ ਇਕ ਹੋਰ ਕਿਰਤ 'ਛਿਪਣ ਤੋਂ ਪਹਿਲਾਂ' ਨਾਂ ਦਾ ਦਵਿੰਦਰ ਦਮਨ ਦਾ ਸਟੇਜੀ ਨਾਟਕ ਹੈ ਜਿਹੜਾ ਉਸ ਨੇ 2006 ਵਿਚ ਲਿਖਿਆ। ਇਸ ਦਾ ਸਬੰਧ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਦੇ ਪਲਾਂ ਨਾਲ ਹੈ। ਕੋਠੜੀ ਦੇ ਪਖਾਨੇ ਦੀ ਸਫਾਈ ਕਰਨ ਆਉਂਦੇ ਅਛੂਤ ਜਾਤ ਦੇ ਭੰਗੀ ਦੇ ਘਰ ਵਿਚ ਪੱਕੀ ਮੱਕੀ ਦੀ ਰੋਟੀ ਨੂੰ ਸਾਗ ਨਾਲ ਖਾਣ ਦੀ ਭਗਤ ਸਿੰਘ ਦੀ ਤਮੰਨਾ ਹੈ। ਭਗਤ ਸਿੰਘ ਦੀ ਬੇਨਤੀ ਦੇ ਲੁਕਵੇਂ ਅਰਥ ਉਸ ਭੋਲੇ-ਭਾਲੇ ਪ੍ਰਾਣੀ ਨੂੰ ਪਹਿਲਾਂ ਸਮਝ ਨਹੀਂ ਆਉਂਦੇ। ਉਹ ਭਗਤ ਸਿੰਘ ਵਰਗੇ ਅਦਭੁੱਤ ਸ਼ਹੀਦ ਦੀ ਅੰਤਲੀ ਤਮੰਨਾ ਪੂਰੀ ਕਰਦਾ ਹੈ। ਕਹਿਣ ਨੂੰ ਇਸ ਨਿਗੂਣੀ ਜਿਹੀ ਘਟਨਾ ਦਾ ਅਲੰਕਾਰਕ ਮਹੱਤਵ ਬਹੁਤ ਵਡੇਰਾ ਹੈ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਸਮੁੱਚੀ ਮਾਨਵਤਾ ਵਿਚ ਵਿਸ਼ਵਾਸ ਕਰਨਾ ਹੀ ਭਗਤ ਸਿੰਘ ਦਾ ਦੀਨ ਧਰਮ ਸੀ। ਜਾਤ-ਪਾਤ, ਵਰਗ, ਨਸਲ ਆਦਿ ਦਾ ਕੋਈ ਵਿਤਕਰਾ ਉਸ ਨਹੀਂ ਸੀ ਟੁੰਬਦਾ।

ਪਰਿਵਾਰ ਦੇ ਪ੍ਰਸੰਗ ਵਿਚ ਪੇਸ਼ਕਾਰੀ 'ਚ ਨਾਟਕਕਾਰ ਟਪਲਾ ਖਾ ਜਾਂਦਾ ਹੈ। ਜਦੋਂ ਪਰਿਵਾਰ ਦੇ ਜੀਅ ਉਸ ਨੂੰ ਫਾਂਸੀ ਲੱਗਣ ਤੋਂ ਪਹਿਲਾਂ ਮਿਲਦੇ ਹਨ ਤਾਂ ਭਗਤ ਸਿੰਘ ਵਿਚਲਾ ਬੱਚਾ ਆਖਦਾ ਹੈ: "ਮੈਂ ਪਰਿਵਾਰ ਲਈ ਕੁਝ ਨਹੀਂ ਕੀਤਾ। ਤੁਹਾਡੀਆਂ ਜ਼ਿੰਦਗੀਆਂ ਦਾ ਕੀ ਬਣੇਗਾ? ਗੁਜ਼ਾਰਾ ਕਿਵੇਂ ਚਲੇਗਾ? ਇਹ ਸੋਚ ਕੇ ਮੈਂ ਕੰਬ ਜਾਂਦਾ ਹਾਂ ਪਰ ਬੇਬੇ, ਹੌਸਲੇ ਰੱਖਿਓ। ਕੁਲਤਾਰ ਦੀ ਪੜ੍ਹਾਈ ਜਾਰੀ ਰੱਖਣਾ... ਜੇ ਹੋ ਸਕੇ ਤਾਂ ਕੁਲਬੀਰ ਨੂੰ ਵੀ ਅਮਰੀਕਾ ਭੇਜ ਦੇਣਾ।" ਭਗਤ ਸਿੰਘ ਦੇ ਫਾਂਸੀ ਲੱਗਣ ਵੇਲੇ ਅਮਰੀਕਾ ਜਾਣ ਦਾ ਭਾਵ ਖਿੰਡ-ਪੁੰਡ ਗਈ ਗਦਰ ਲਹਿਰ ਨਾਲ ਜੁੜਨਾ ਹੋ ਸਕਦਾ ਸੀ। ਇਸ ਦਾ ਭਾਵ ਅਜੋਕੇ ਸਮੇਂ ਵਾਂਗ ਨੈਤਿਕ, ਅਨੈਤਿਕ ਢੰਗ ਨਾਲ ਉਥੇ ਪਹੁੰਚ ਕੇ ਪੂੰਜੀ ਜੁਟਾਉਣ ਤਕ ਸੀਮਿਤ ਹੋਣਾ ਨਹੀਂ। ਨਾਟਕਕਾਰ ਨੇ ਅਚੇਤ ਹੀ ਇਹ ਅਜੋਕਾ ਫਿਕਰ ਭਗਤ ਸਿੰਘ ਦੇ ਜ਼ਿੰਮੇ ਲਗਾ ਦਿੱਤਾ ਹੈ। ਜੇ ਇਹ ਉਸ ਦਾ ਸੁਚੇਤ ਯਤਨ ਹੈ ਤਾਂ ਇਹ ਕਾਰਵਾਈ ਨਾਟਕਾਕਰ ਨਾਲੋਂ ਵਧੇਰੇ ਨਿਰਦੇਸ਼ਕ ਹੋਣ ਕਾਰਨ ਹੈ। ਆਖ਼ਰ ਨਿਰਦੇਸ਼ਕ ਨੂੰ ਸਰੋਤਿਆਂ ਅਤੇ ਦਰਸ਼ਕਾਂ ਦਾ ਵੀ ਖਿਆਲ ਹੁੰਦਾ ਹੈ। ਕਿਸੇ ਵੀ ਸੂਰਤ ਵਿਚ ਇਹ ਖਿਆਲ ਪ੍ਰਮਾਣਕਤਾ ਨਾਲ ਜੁੜੇ ਫਿਕਰ ਨੂੰ ਭੰਗ ਕਰਨ ਦਾ ਅਧਿਕਾਰ ਨਹੀਂ ਰੱਖਦਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਅਪਰੈਲ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-371



*ਗੈਸ ਆ ਵੜੀ ਵਿਚ ਰਸੋਈ, 'ਕੱਠ ਟੱਬਰ ਦਾ ਤੋੜਿਆ।*
*ਬਰਕਤ ਵਾਲੇ ਚੁੱਲ੍ਹੇ ਨੇ ਸੀ, ਟੱਬਰਾ ਤਾਈਂ ਜੋੜਿਆ।*

## ਕੈਪਸ਼ਨ ਮੁਕਾਬਲਾ-369



ਬਿੱਲੇ ਬਿੱਲੀ ਦਾ ਵਿਆਹ ਹੈ
ਬਈ ਸ਼ੇਰ ਬਰਾਤੀ ਆਇਆ।
ਸੱਜ ਧੱਜ ਕੇ ਤਿਆਰ ਬੈਠੀ ਨੇ
ਭਾਣਜਾ ਆਖ ਬੁਲਾਇਆ।
ਸੰਗ ਦੇ ਮਾਰੇ ਸ਼ੇਰ ਸ਼ਰਮਾਵੇ
ਨਾਲੇ ਹੁੱਬਕੀਂ ਹੁੱਬਕੀਂ ਰੋਵੇ।
ਕੌਣ ਮੈਨੂੰ ਹੁਣ ਕੁੱਛੜ ਚੁੱਕੂ
ਕੌਣ ਗਿੱਦ ਵਾਲਾ ਮੂੰਹ ਧੋਵੇ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਬਿੱਲੀ ਮਾਸੀ ਤਿਆਰ ਹੋਣ ਲਈ
ਬਿਊਟੀ ਪਾਰਲਰ ਆਈ।
ਲਿੱਪ ਪੋਚ ਕੇ ਕਲਾਕਾਰ ਨੇ
ਗਹਿਣਿਆਂ ਨਾਲ ਸਜਾਈ।
ਸੋਚਾਂ ਦੇ ਵਿਚ ਉਲਝੀ ਬਿੱਲੀ
ਮਾਪਿਆਂ ਨੂੰ ਛੱਡ ਜਾਣਾ।
ਸਹੁਰੇ ਘਰ ਰਹੂੰ ਧੀ ਬੇਗਾਨੀ
ਪੇਕੇ ਕਹਿੰਦੇ ਰਹੇ ਪਰਾਈ।
**-ਪੋਰਿੰਦਰ ਸਿੰਗਲਾ ਢਪਾਲੀ**

---

ਮੇਰਾ ਵੀ ਮਨ ਕੀਤਾ ਅੱਜ ਤਾਂ
ਗਹਿਣਾ ਗੱਟਾ ਸਾਰਾ ਪਾਇਆ।
ਲੈ ਦੁਪੱਟਾ ਸਿਰ 'ਤੇ ਕੱਢਵਾਂ
ਗਲ ਰਾਣੀ ਹਾਰ ਸਜਾਇਆ।
ਮੈਂ ਹਾਂ ਕਿਹੜਾ ਘੱਟ ਕਿਸੇ ਤੋਂ
ਮਾਸੀ ਐਵੇਂ ਨਹੀਂ ਕਹਾਇਆ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਸਿਰ 'ਤੇ ਸਜੇ ਦੁਪੱਟਾ
ਮਾਸੀ ਗਹਿਣਿਆਂ ਨਾਲ ਸ਼ਿੰਗਾਰੀ।
ਸਹੁਰੇ ਜਾਣ ਜੋਗ ਹੈ ਮਾਸੀ
ਵਿਆਹ ਦੀ ਕਰੀ ਤਿਆਰੀ।
ਮਾਸੀ ਬੈਠੀ ਵਿਚ ਖੁਸ਼ੀ ਦੇ
ਬਿੱਟ-ਬਿੱਟ ਸਾਹਮਣੇ ਤੱਕੇ।
ਭਾਣਜੇ ਨੂੰ ਛੱਡ ਸਹੁਰੇ ਤੁਰ ਜਾਊ,
ਪਾ ਵਿਛੋੜੇ ਪੱਕੇ।
ਸ਼ੇਰ ਗਮੀ ਵਿਚ ਡੁਬਿਆ ਰਹਿੰਦਾ
ਕੀਕਣ ਰਹੂ ਇਕੱਲਾ।
ਮਾਸੀ ਨੇ ਤੁਰ ਸਹੁਰੇ ਜਾਣਾ
ਫੜ ਮਾਸੜ ਦਾ ਪੱਲਾ।
ਭਰ ਜੋਬਨ ਵਿਚ ਹੋਈ ਮਾਸੀ
ਲਿਸ਼ਕਣ ਦੋਵੇਂ ਅੱਖਾਂ।
ਮਾਸੀ ਨੂੰ ਲੱਗ ਨਜ਼ਰ ਨਾ ਜਾਵੇ
ਰਹਿਣ ਰੱਬ ਦੀਆਂ ਰੱਖਾਂ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਨੌਂ ਸੌ ਚੂਹਾ ਖਾ ਕੇ ਬਿੱਲੀ
ਹੱਜ ਕਰਨ ਨੂੰ ਚੱਲੀ।
ਸਜ ਧਜ ਹਾਰ ਸ਼ਿੰਗਾਰ ਨਾਲ
ਚਮਕੇ ਜਿਉਂ ਚੀਚ ਵਹੁਟੀ
ਮਸਤ ਚਾਲੇ ਜਦ ਤੁਰੇ ਜੰਗਲ 'ਚ
ਸ਼ੇਰ ਵੀ ਪੈਰ ਮਲਦਾ ਮਲਦਾ
ਪਿੱਛਾ ਮੁੜ ਮੁੜ ਦੇਖੇ।
ਕੌਣ ਹੈ ਇਹ ਹੁਸਨ ਦੀ ਮਲਕਾ
ਆ ਗਈ ਅੱਜ ਸਾਡੇ ਵਿਹੜੇ
ਭੁੱਲ ਆਪਣੀ ਦਹਾੜ ਧੀਮਾ ਧੀਮਾ ਹੱਸੇ
ਪਸੀਜ ਹੀ ਗਿਆ ਉਸ ਦਾ ਮਨ ਇੰਨਾ
ਦੇਖ ਬਿੱਲੀ ਦਾ ਸੁਹੱਪਣ ਸਿਰ ਮੱਥੇ।
**-ਦਰਸ਼ਨਪਾਲ ਦੋਸਾਂਝ**

---

ਕਿੰਨੀ ਸੋਹਣੀ ਬਿੱਲੀ ਮਾਸੀ
ਲੈ ਕੇ ਫਰ ਬਣਾਈ।
ਹਾਰ, ਟਿੱਕਾ, ਸਿਰ 'ਤੇ ਪੱਲੂ
ਬਣਾ ਰਕਾਨ ਬਿਠਾਈ।
ਨੀਝ ਲਾ ਕੇ ਦੇਖਣਗੇ ਸਭ
ਰੱਖੂ ਜੀਅ ਪਰਚਾਈ।
**-ਦਵਿੰਦਰ ਕੌਰ**

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

---ਗਤਕਾ ਪੇਟੈਂਟ ਮਾਮਲਾ---

# ਇੰਡੀਅਨ ਗਤਕਾ ਫੈਡਰੇਸ਼ਨ ਨੇ ਰੱਖਿਆ ਆਪਣਾ ਪੱਖ

**ਅੰਮ੍ਰਿਤਸਰ:** ਸਿੱਖ ਮਾਰਸ਼ਲ ਆਰਟ ਗਤਕੇ ਨੂੰ ਪੇਟੈਂਟ ਕਰਾਉਣ ਦੀ ਕੀਤੀ ਗਈ ਸ਼ਿਕਾਇਤ ਦੇ ਮਾਮਲੇ ਵਿਚ ਇੰਡੀਅਨ ਗਤਕਾ ਫੈਡਰੇਸ਼ਨ ਦੇ ਚੇਅਰਮੈਨ ਹਰਪ੍ਰੀਤ ਸਿੰਘ ਨੇ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਸੌਂਪ ਕੇ ਦੋਸ਼ ਲਾਇਆ ਕਿ ਗਤਕਾ ਪੇਟੈਂਟ ਕਰਾਉਣ ਬਾਰੇ ਗਲਤ ਜਾਣਕਾਰੀ ਦਿਤੀ ਜਾ ਰਹੀ ਹੈ।



ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਅਤੇ ਹੋਰ ਗਤਕਾ ਜਥੇਬੰਦੀਆਂ ਵੱਲੋਂ ਬੀਤੇ ਦਿਨੀ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਵਿਖੇ ਇਕ ਸ਼ਿਕਾਇਤ ਪੱਤਰ ਦੇ ਕੇ ਦਿੱਲੀ ਵਾਸੀ ਹਰਪ੍ਰੀਤ ਸਿੰਘ 'ਤੇ ਦੋਸ਼ ਲਾਇਆ ਸੀ ਕਿ ਉਸ ਨੇ ਟਰੇਡ ਮਾਰਕ ਹੇਠ ਗਤਕੇ ਨੂੰ ਪੇਟੈਂਟ ਕਰਵਾ ਲਿਆ ਹੈ। ਉਨ੍ਹਾਂ ਇਸ ਵਿਅਕਤੀ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਅਕਾਲ ਤਖਤ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿਚ ਜਾਂਚ ਕਰਾਉਣ ਦੀ ਹਦਾਇਤ ਕੀਤੀ ਸੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਕਾਰਵਾਈ ਕਰਦਿਆਂ ਇਸ ਵਿਅਕਤੀ ਨੂੰ ਪੇਟੈਂਟ ਕਰਾਉਣ ਦੇ ਮਾਮਲੇ ਵਿਚ ਸਿੱਖ ਸੰਗਤ ਕੋਲੋਂ ਮੁਆਫੀ ਮੰਗਣ ਵਾਸਤੇ ਆਖਿਆ ਸੀ। ਸ਼੍ਰੋਮਣੀ ਕਮੇਟੀ ਨੇ ਇਸ ਖਿਲਾਫ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਸੀ। ਇਸੇ ਮਾਮਲੇ ਵਿਚ ਇੰਡੀਅਨ ਗਤਕਾ ਫੈਡਰੇਸ਼ਨ ਦੇ ਚੇਅਰਮੈਨ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਅਤੇ ਅਕਾਲ ਤਖਤ ਦੇ ਸਕੱਤਰੇਤ ਵਿਖੇ ਆਪਣਾ ਪੱਤਰ ਦੇ ਕੇ ਆਪਣਾ ਪੱਖ ਰੱਖਣ ਦਾ ਯਤਨ ਕੀਤਾ ਹੈ। ਪੱਤਰ ਵਿਚ ਉਸ ਨੇ ਆਖਿਆ ਕਿ ਗਤਕੇ ਨੂੰ ਪੇਟੈਂਟ ਕਰਾਉਣ ਸਬੰਧੀ ਗਲਤ ਜਾਣਕਾਰੀ ਦਿੱਤੀ ਗਈ ਹੈ। ਉਸ ਨੇ ਸਪਸ਼ਟ ਕੀਤਾ ਕਿ ਗਤਕੇ ਨੂੰ ਪੇਟੈਂਟ ਨਹੀਂ ਕਰਾਇਆ ਗਿਆ। ਸਗੋਂ ਗਤਕਾ ਲੀਗ ਸਬੰਧੀ 'ਲੋਗੋ' ਨੂੰ ਰਜਿਸਟਰਡ ਕਰਾਇਆ ਗਿਆ ਹੈ। ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਵੀ ਉਸ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੇ ਹਨ।

ਉਨ੍ਹਾਂ ਆਖਿਆ ਕਿ ਬਾਕੀ ਗਤਕਾ ਜਥੇਬੰਦੀਆਂ ਨਾਲ ਉਸ ਦੀ ਇਹ ਲੜਾਈ ਹੈ ਕਿ ਗਤਕਾ ਪਤਿਤ ਖਿਡਾਰੀਆਂ ਨੂੰ ਖੇਡਣ ਦੀ ਆਗਿਆ ਨਾ ਦਿੱਤੀ ਜਾਵੇ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਗਤਕਾ ਸਿਰਫ ਬਾਣੇ ਵਿਚ ਖੇਡਣ ਲਈ ਹਦਾਇਤ ਕੀਤੀ ਜਾਵੇ। ਮੀਡੀਆ ਨਾਲ ਗੱਲ ਕਰਦਿਆਂ ਉਸ ਨੇ ਦਾਅਵਾ ਕੀਤਾ ਕਿ ਗਤਕੇ ਨੂੰ ਪੇਟੈਂਟ ਕਰਵਾਇਆ ਹੀ ਨਹੀਂ ਜਾ ਸਕਦਾ। ਉਸ ਨੇ ਸਿਰਫ ਲੋਗੋ ਨੂੰ ਹੀ ਰਜਿਸਟਰਡ ਕਰਵਾਇਆ ਹੈ। ਉਸ ਨੇ ਦੂਜੀ ਧਿਰ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਕਰੋੜਾਂ ਰੁਪਏ ਦੀਆਂ ਜਾਅਲੀ ਰਸੀਦਾਂ ਛਪਾਉਣ ਦੇ ਦੋਸ਼ਾਂ ਤੋਂ ਵੀ ਉਸ ਨੇ ਕਿਨਾਰਾ ਕੀਤਾ ਹੈ। ਇਸ ਦੌਰਾਨ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਦੋਸ਼ ਲਾਇਆ ਕਿ ਹਰਪ੍ਰੀਤ ਸਿੰਘ ਨੇ ਦਿੱਲੀ ਵਿਖੇ ਜਵਾਹਰ ਲਾਲ ਨਹਿਰੂ ਸਟੇਡੀਅਮ ਨੂੰ 20 ਕਰੋੜ ਰੁਪਏ ਵਿਚ ਗਤਕਾ ਲੀਗ ਲਈ ਬੁੱਕ ਕਰਾਉਣ ਲਈ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਨਾਂ ਦੀ ਦੁਰਵਰਤੋਂ ਕੀਤੀ ਹੈ।

# ਜਲੰਧਰ ਦੇ ਕਰਮਬੀਰ ਸਿੰਘ ਜਲ ਸੈਨਾ ਦੇ ਅਗਲੇ ਮੁਖੀ ਨਿਯੁਕਤ

**ਨਵੀਂ ਦਿੱਲੀ:** ਵਾਈਸ ਐਡਮਿਰਲ ਕਰਮਬੀਰ ਸਿੰਘ ਨੂੰ ਭਾਰਤੀ ਜਲ ਸੈਨਾ ਦਾ ਅਗਲਾ ਮੁਖੀ ਥਾਪਿਆ ਗਿਆ ਹੈ। ਉਹ ਐਡਮਿਰਲ ਸੁਨੀਲ ਲਾਂਬਾ ਦੀ ਥਾਂ ਲੈਣਗੇ ਜੋ ਕਿ 30 ਮਈ ਨੂੰ ਸੇਵਾ ਮੁਕਤ ਹੋ ਰਹੇ ਹਨ। ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਇਸ ਨਿਯੁਕਤੀ ਲਈ ਮੈਰਿਟ ਆਧਾਰਿਤ ਪਹੁੰਚ ਅਪਣਾਈ ਗਈ ਹੈ ਤੇ ਸੀਨੀਅਰਤਾ ਨੂੰ ਆਧਾਰ ਨਹੀਂ ਬਣਾਇਆ ਗਿਆ। ਸੰਨ 1959 ਵਿਚ ਜਨਮੇ ਵਾਈਸ ਐਡਮਿਰਲ ਕਰਮਬੀਰ ਸਿੰਘ ਨੂੰ ਜੁਲਾਈ 1980 ਵਿਚ ਕਮਿਸ਼ਨ ਮਿਲਿਆ ਸੀ।



ਇਸ ਤੋਂ ਬਾਅਦ 1982 ਵਿਚ ਉਹ ਜਲ ਸੈਨਾ 'ਚ ਹੈਲੀਕਾਪਟਰ ਪਾਇਲਟ ਬਣੇ ਤੇ ਚੇਤਕ ਅਤੇ ਕਾਮੋਵ ਹੈਲੀਕਾਪਟਰ ਨਾਲ ਸੇਵਾਵਾਂ ਦਿੱਤੀਆਂ। ਉਹ ਰੱਖਿਆ ਸੇਵਾਵਾਂ ਸਟਾਫ ਕਾਲਜ (ਵੈਲਿੰਗਟਨ) ਤੇ ਜਲ ਸੈਨਾ ਜੰਗੀ ਸਿਖਲਾਈ ਕਾਲਜ (ਮੁੰਬਈ) ਤੋਂ ਗ੍ਰੈਜੂਏਟ ਹਨ ਤੇ ਜਲ ਸੈਨਾ ਮੁਖੀ ਬਣਨ ਵਾਲੇ ਪਹਿਲੇ ਹੈਲੀਕਾਪਟਰ ਪਾਇਲਟ ਹਨ। ਕਰਮਬੀਰ ਸਿੰਘ ਜਲੰਧਰ ਨਾਲ ਸਬੰਧਤ ਹਨ ਤੇ 'ਪਰਮ ਵਸ਼ਿਸ਼ਟ ਸੇਵਾ ਮੈਡਲ' ਤੇ 'ਅਤੀ ਵਸ਼ਿਸ਼ਟ ਸੇਵਾ ਮੈਡਲ' ਨਾਲ ਸਨਮਾਨੇ ਜਾ ਚੁੱਕੇ ਹਨ। ਅੰਡੇਮਾਨ ਤੇ ਨਿਕੋਬਾਰ ਕਮਾਂਡ ਦੇ ਮੁਖੀ ਵਾਇਸ ਐਡਮਿਰਲ ਵਿਮਲ ਵਰਮਾ ਜੋ ਕਿ ਸਿੰਘ ਤੋਂ ਸੀਨੀਅਰ ਹਨ, ਵੀ ਜਲ ਸੈਨਾ ਦੇ ਸਿਖਰਲੇ ਅਹੁਦੇ ਦੇ ਦਾਅਵੇਦਾਰਾਂ ਵਿਚ ਸਨ। ਮੌਜੂਦਾ ਸਮੇਂ ਕਰਮਬੀਰ ਸਿੰਘ ਪੂਰਬੀ ਜਲ ਸੈਨਾ ਕਮਾਂਡ (ਵਿਸ਼ਾਖਾਪਟਨਮ) ਵਿਚ 'ਫਲੈਗ ਆਫਿਸਰ ਕਮਾਂਡਿੰਗ ਇਨ ਚੀਫ' (ਐਫ.ਓ.ਸੀ.-ਇਨ-ਸੀ) ਹਨ।

ਉਹ 31 ਮਈ ਨੂੰ ਜਲ ਸੈਨਾ ਮੁਖੀ ਦਾ ਅਹੁਦਾ ਸੰਭਾਲਣਗੇ। ਵਿਸ਼ਾਖਾਪਟਨਮ ਵਿਚ ਅਕਤੂਬਰ 2017 'ਚ ਅਹੁਦਾ ਸੰਭਾਲਣ ਤੋਂ ਪਹਿਲਾਂ ਉਹ ਜਲ ਸੈਨਾ ਸਟਾਫ ਦੇ ਉਪ ਮੁਖੀ ਵੀ ਰਹਿ ਚੁੱਕੇ ਹਨ। ਵਰਮਾ ਤੋਂ ਇਲਾਵਾ ਜਲ ਸੈਨਾ ਮੁਖੀ ਅਹੁਦੇ ਦੇ ਦਾਅਵੇਦਾਰਾਂ ਵਿਚ ਉਪ ਮੁਖੀ ਜਲ ਸੈਨਾ ਸਟਾਫ ਵਾਇਸ ਐਡਮਿਰਲ ਜੀ ਅਸ਼ੋਕ ਕੁਮਾਰ, ਪੱਛਮੀ ਜਲ ਸੈਨਾ ਕਮਾਂਡ ਦੇ ਐਫ.ਓ.ਸੀ.-ਇਨ-ਸੀ ਵਾਇਸ ਐਡਮਿਰਲ ਅਜੀਤ ਕੁਮਾਰ ਤੇ ਦੱਖਣੀ ਕਮਾਂਡ ਦੇ ਐਫ.ਓ.ਸੀ.-ਇਨ-ਸੀ ਵਾਇਸ ਐਡਮਿਰਲ ਅਨਿਲ ਕੁਮਾਰ ਚਾਵਲਾ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ ਵੀ 2016 'ਚ ਥਲ ਸੈਨਾ ਮੁਖੀ ਲਾਉਂਦਿਆਂ ਸਰਕਾਰ ਨੇ ਸੀਨੀਅਰਤਾ ਨੂੰ ਆਧਾਰ ਨਹੀਂ ਬਣਾਇਆ ਸੀ।

# ਨਸ਼ੇ ਦੇ ਝੂਠੇ ਕੇਸ ਵਿਚ ਫਸਾਉਣ ਵਾਲੇ ਤਿੰਨ ਪੁਲਿਸ ਅਫਸਰਾਂ ਨੂੰ ਕੈਦ

**ਮਾਨਸਾ:** ਮੈਡੀਕਲ ਸਟੋਰ ਮਾਲਕ ਨੂੰ ਦੁਕਾਨ ਤੋਂ ਚੁੱਕ ਕੇ ਉਸ ਖਿਲਾਫ ਨਸ਼ੀਲੇ ਪਾਊਡਰ ਦਾ ਝੂਠਾ ਮਾਮਲਾ ਦਰਜ ਕਰਨ ਵਾਲੇ ਉਸ ਸਮੇਂ ਦੇ ਥਾਣਾ ਜੋਗਾ ਦੇ ਮੁਖੀ ਅਤੇ ਉਸ ਦੇ 2 ਪੁਲਿਸ ਕਰਮਚਾਰੀ ਸਾਥੀਆਂ ਨੂੰ ਮਾਨਸਾ ਦੀ ਅਦਾਲਤ ਨੇ 7-7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਸਾਰੇ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਮਾਮਲੇ ਵਿਚ ਅਦਾਲਤ ਨੇ ਇਕ ਹੌਲਦਾਰ ਨੂੰ ਬਰੀ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਥਾਣਾ ਜੋਗਾ ਦੀ ਪੁਲਿਸ ਨੇ ਸਾਲ 2010 ਵਿਚ ਅਕਲੀਆ ਦੇ ਇਕ ਮੈਡੀਕਲ ਸਟੋਰ ਤੋਂ ਨਸ਼ੀਲੀਆਂ ਦਵਾਈਆਂ ਫੜਨ ਦਾ ਦਾਅਵਾ ਕੀਤਾ। ਇਸ ਮਾਮਲੇ ਵਿਚ ਪੁਲਿਸ ਨੇ ਮਾਨਸਾ ਮੈਡੀਕਲ ਸਟੋਰ ਮਾਨਸਾ ਦੇ ਮਾਲਕ ਰਮੇਸ਼ ਕੁਮਾਰ ਉਰਫ ਡੀਸੀ ਨੂੰ ਚੁੱਕਿਆ ਅਤੇ ਉਸ ਉਤੇ ਇਸ ਮਾਮਲੇ ਸਬੰਧੀ ਪਰਚਾ ਪਾ ਦਿੱਤਾ ਗਿਆ। ਅਦਾਲਤ ਦੇ ਬਾਹਰ ਰਮੇਸ਼ ਕੁਮਾਰ ਨੇ ਦੱਸਿਆ ਕਿ ਉਸ ਵੇਲੇ ਉਨ੍ਹਾਂ ਦੀ ਪਹਿਲਾਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਫਿਰ ਥਾਣਾ ਜੋਗਾ ਵਿਚ ਦਰਜ ਇਕ ਮਾਮਲੇ ਵਿਚ ਉਨ੍ਹਾਂ ਨੂੰ ਨਾਮਜ਼ਦ ਕਰਕੇ ਉਨ੍ਹਾਂ 'ਤੇ ਨਸ਼ੀਲੇ ਪਾਊਡਰ ਦਾ ਕੇਸ ਪਾ ਦਿੱਤਾ ਗਿਆ।

ਦੱਸਿਆ ਗਿਆ ਹੈ ਕਿ ਪੁਲਿਸ ਨੇ ਇਸ ਮਾਮਲੇ ਨੂੰ ਲੈ ਕੇ ਅਦਾਲਤ ਵਿਚ ਨਸ਼ੀਲੇ ਪਾਊਡਰ ਦੇ ਜੋ ਨਮੂਨੇ ਪੇਸ਼ ਕੀਤੇ ਸਨ ਉਨ੍ਹਾਂ ਵਿਚੋਂ ਇਕ ਨਮੂਨਾ ਗਾਇਬ ਕਰ ਦਿੱਤਾ ਗਿਆ। ਇਸ ਸਾਰੇ ਮਾਮਲੇ ਨੂੰ ਚੁਣੌਤੀ ਦੇਣ ਅਤੇ ਪੁਲਿਸ ਦੀ ਕਹਾਣੀ ਨੂੰ ਮਨਘੜਤ ਦੱਸਣ ਵਾਸਤੇ ਰਮੇਸ਼ ਕੁਮਾਰ ਉਰਫ ਡੀਸੀ ਨੇ ਮਾਨਸਾ ਅਦਾਲਤ ਵਿਚ ਸਾਲ 2011 ਵਿੱਚ ਇਸਤਗਾਸਾ ਦਾਇਰ ਕੀਤਾ। 8 ਸਾਲ ਬਾਅਦ ਇਸ ਮਾਮਲੇ 'ਤੇ ਫੈਸਲਾ ਸੁਣਾਉਂਦਿਆਂ ਐਡੀਸ਼ਨਲ ਸੈਸ਼ਨ ਜੱਜ ਮਾਨਸਾ ਦਲਜੀਤ ਸਿੰਘ ਰੱਲਣ ਨੇ ਉਸ ਸਮੇਂ ਦੇ ਥਾਣਾ ਜੋਗਾ ਦੇ ਮੁਖੀ ਸਬ ਇੰਸਪੈਕਟਰ ਗੁਰਦਰਸ਼ਨ ਸਿੰਘ (ਹੁਣ ਸੇਵਾ ਮੁਕਤ), ਸਬ ਇੰਸਪੈਕਟਰ ਯਾਦਵਿੰਦਰ ਸਿੰਘ (ਹੁਣ ਬਠਿੰਡਾ ਤਾਇਨਾਤ) ਤੇ ਏ.ਐਸ.ਆਈ. ਅਜੈਬ ਸਿੰਘ (ਸੁਵਿਧਾ ਕੇਂਦਰ ਮਾਨਸਾ ਤਾਇਨਾਤ) ਨੂੰ 7 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿਚ ਹੌਲਦਾਰ ਮਲਕੀਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ ਹੈ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਪਹਿਲੀ ਜੂਨ ਤੋਂ

**ਦੇਹਰਾਦੂਨ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਇਸ ਵਾਰ ਪਹਿਲੀ ਜੂਨ ਤੋਂ ਆਰੰਭ ਹੋਵੇਗੀ। ਉਕਤ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਉਪ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਇਸ ਸਾਲ 25 ਮਈ ਦੀ ਬਜਾਏ ਹੁਣ ਪਹਿਲੀ ਜੂਨ ਨੂੰ ਅਰੰਭ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸਾਲ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ 'ਚ ਕਾਫੀ ਬਰਫਬਾਰੀ ਹੋਈ ਹੈ, ਜਿਸ ਨੇ ਕਈ ਸਾਲਾਂ ਦਾ ਰਿਕਾਰਡ ਤੋੜ ਦਿੱਤਾ। ਸ੍ਰੀ ਹੇਮਕੁੰਟ ਸਾਹਿਬ ਯਾਤਰਾ 2019 ਦੀਆਂ ਤਿਆਰੀਆਂ ਨੂੰ ਲੈ ਕੇ ਮੈਨੇਜਮੈਂਟ ਕਮੇਟੀ ਦੇ ਟਰੱਸਟੀਆਂ ਦੀ ਬੈਠਕ ਹੋਈ। ਜਿਸ 'ਚ ਯਾਤਰਾ ਦੀ ਤਰੀਕ ਨੂੰ ਲੈ ਕੇ ਵਿਸਥਾਰ 'ਚ ਵਿਚਾਰ ਚਰਚਾ ਹੋਈ ਅਤੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਵਾਰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਪਹਿਲੀ ਜੂਨ ਤੋਂ ਆਰੰਭ ਕੀਤੀ ਜਾਵੇਗੀ, ਕਿਉਂਕਿ ਗੁਰਦੁਆਰਾ ਸਾਹਿਬ ਦੇ ਆਸੇ-ਪਾਸੇ ਬਹੁਤ ਜ਼ਿਆਦਾ ਬਰਫ ਪਈ ਹੋਈ ਹੈ ਜਿਸ ਨੂੰ ਸਾਫ ਕਰਨ ਲਈ ਸੈਨਿਕਾਂ ਨੂੰ ਸਮਾਂ ਮਿਲ ਜਾਵੇਗਾ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਯਾਤਰਾ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ। ਉਨ੍ਹਾਂ ਆਸ ਕੀਤੀ ਕਿ ਇਸ ਸਾਲ ਵੀ ਲੱਖਾਂ ਦੀ ਗਿਣਤੀ 'ਚ ਸੰਗਤਾਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪੁੱਜਣਗੀਆਂ। ਉਨ੍ਹਾਂ ਮੈਨੇਜਮੈਂਟ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਝੂਠੀਆਂ ਅਫਵਾਹਾਂ 'ਤੇ ਯਕੀਨ ਨਾ ਕਰਨ, ਸਗੋਂ ਗੁਰਦੁਆਰਾ



ਟਰੱਸਟ ਨਾਲ ਸੰਪਰਕ ਕਰ ਕੇ ਮਾਰਗ ਸਬੰਧੀ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸ਼੍ਰੋਮਣੀ ਕਮੇਟੀ ਵਿਚ ਗੋਲਕ ਦੀ ਦੁਰਵਰਤੋਂ ਤੋਂ ਨਵਾਂ ਵਿਵਾਦ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ 'ਗੁਰੂ ਕੀ ਗੋਲਕ' ਦੀ ਦੁਰਵਰਤੋਂ ਦਾ ਹੁਣ ਨਵਾਂ ਵਿਵਾਦ ਉਠਿਆ ਹੈ, ਜਿਸ 'ਤੇ ਅੰਦਰੋਂ ਅੰਦਰੀ ਮਿੱਟੀ ਪਾਉਣ ਦੇ ਯਤਨ ਜਾਰੀ ਹਨ। ਸੁਲਤਾਨਪੁਰ ਲੋਧੀ ਦੇ ਉਸ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਉਤੇ ਉਂਗਲ ਉਠੀ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਰੋਹ ਨਵੰਬਰ ਮਹੀਨੇ ਤੋਂ ਸ਼ੁਰੂ ਹਨ।

ਸ਼੍ਰੋਮਣੀ ਕਮੇਟੀ ਦੇ ਚੀਫ (ਉਡਣ ਦਸਤਾ) ਕੁਲਦੀਪ ਸਿੰਘ ਰੋਡੇ ਵੱਲੋਂ ਜਦੋਂ ਗੁਰਦੁਆਰਾ ਬੇਰ ਸਾਹਿਬ ਦੇ ਖਜਾਨੇ ਦੀ ਚੈਕਿੰਗ ਕੀਤੀ ਤਾਂ ਇਕ ਵੱਡੀ ਊਣਤਾਈ ਸਾਹਮਣੇ ਆਈ। ਬੇਰ ਸਾਹਿਬ ਦੇ ਖਜਾਨੇ ਦੇ ਰਿਕਾਰਡ ਵਿਚ ਜਿੰਨੀ ਰਕਮ ਬੋਲਦੀ ਸੀ, ਉਨੀ ਰਕਮ ਖਜਾਨੇ ਵਿਚ ਨਹੀਂ ਸੀ। ਸੂਤਰਾਂ ਅਨੁਸਾਰ ਗੁਰੂ ਦੀ ਗੋਲਕ ਦੇ ਚੜ੍ਹਾਵੇ ਦੀ ਰਾਸ਼ੀ ਖਜਾਨੇ ਵਿਚ ਜਮ੍ਹਾਂ ਕਰਾਈ ਜਾਂਦੀ ਹੈ। ਜਦੋਂ ਖਜਾਨੇ ਦੀ ਚੈਕਿੰਗ ਹੋਈ ਤਾਂ 2.02 ਲੱਖ ਰੁਪਏ ਦੀ ਰਕਮ ਘੱਟ ਪਾਈ ਗਈ। ਗੁਰੂ ਘਰ ਦੇ ਖਜਾਨਚੀ ਅਤੇ ਹੋਰਨਾਂ ਦੇ ਪੜਤਾਲ ਟੀਮ ਨੇ ਬਿਆਨ ਰਿਕਾਰਡ ਕੀਤੇ ਜਿਨ੍ਹਾਂ ਨੇ ਇਸ਼ਾਰਾ ਮੈਨੇਜਰ ਵੱਲ ਕਰ ਦਿੱਤਾ। ਸੂਤਰ ਦੱਸਦੇ ਹਨ ਕਿ ਸ਼੍ਰੋਮਣੀ ਕਮੇਟੀ ਅਧਿਕਾਰੀ ਨੇ ਇਹ ਰਾਸ਼ੀ ਨਿੱਜੀ ਕੰਮਾਂ ਵਿਚ ਵਰਤ ਲਈ ਜਦਕਿ ਨਿਯਮਾਂ ਅਨੁਸਾਰ ਇਹ ਪੈਸਾ ਖਜਾਨੇ ਵਿਚ ਹੋਣਾ ਚਾਹੀਦਾ ਸੀ। ਜਦੋਂ ਰੌਲਾ ਪੈ ਗਿਆ ਤਾਂ ਇਸ ਅਧਿਕਾਰੀ ਨੇ ਹੱਥੋਂ ਹੱਥ ਪੈਸਾ ਖਜਾਨੇ ਵਿਚ ਮੁੜ ਜਮ੍ਹਾਂ ਕਰਵਾ ਦਿੱਤਾ।

ਨਿਯਮਾਂ ਅਨੁਸਾਰ ਖਜਾਨੇ ਦੀਆਂ ਤਿੰਨ ਚਾਬੀਆਂ ਹੁੰਦੀਆਂ ਹਨ ਅਤੇ ਤਿੰਨ ਜਣਿਆਂ ਦੀ ਹਾਜ਼ਰੀ ਵਿਚ ਖਜਾਨਾ ਖੁੱਲ੍ਹਦਾ ਹੈ। ਕੁਲਦੀਪ ਸਿੰਘ ਰੋਡੇ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਚੈਕਿੰਗ ਕਰਨ ਮਗਰੋਂ ਆਪਣੀ ਰਿਪੋਰਟ ਸਮਰੱਥ ਅਧਿਕਾਰੀ ਨੂੰ ਦੇ ਦਿੱਤੀ ਹੈ। ਦੂਸਰੀ ਤਰਫ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਜਰਨੈਲ ਸਿੰਘ ਦਾ ਕਹਿਣਾ ਸੀ ਕਿ ਦੋ ਖਜ਼ਾਨਿਆਂ 'ਚੋਂ ਇਹ ਰਾਸ਼ੀ ਦੂਸਰੇ ਖਜਾਨੇ ਵਿਚ ਪਈ ਸੀ ਅਤੇ ਕਿਤੇ ਵੀ ਕੋਈ ਘਪਲਾ ਨਹੀਂ ਹੋਇਆ ਹੈ। ਉਨ੍ਹਾਂ ਆਖਿਆ ਕਿ ਖਜਾਨੇ ਨੂੰ ਲੈ ਕੇ ਕੋਈ ਵਿਵਾਦ ਨਹੀਂ ਹੈ ਅਤੇ ਨਾ ਹੀ ਕੋਈ ਊਣਤਾਈ ਪਾਈ ਗਈ ਹੈ।

## ਕੈਨੇਡਾ ਤੋਂ ਆਈ ਮਹਿਲਾ ਦੀ ਹਾਦਸੇ 'ਚ ਮੌਤ

**ਫਗਵਾੜਾ:** ਸਥਾਨਕ ਮੁਹੱਲਾ ਭਗਤਪੁਰਾ ਸਥਿਤ ਡੇਰਾ ਬਾਬਾ ਅਲੀ ਅਹਿਮਦ ਸ਼ਾਹ ਜੀ ਕਾਦਰੀ ਦੇ ਅਸਥਾਨ ਤੋਂ ਜੈਪੁਰ ਗਈ ਇਕ ਗੱਡੀ ਨਾਲ ਝੱਜਰ ਨੇੜੇ ਵਾਪਰੇ ਹਾਦਸੇ 'ਚ ਕੈਨੇਡਾ ਦੀ ਵਾਸੀ ਇਕ ਔਰਤ ਦੀ ਮੌਤ ਹੋ ਗਈ ਜਦਕਿ ਬਾਕੀ ਚਾਰ ਵਿਅਕਤੀ ਜ਼ਖ਼ਮੀ ਹੋ ਗਏ।

ਜਾਣਕਾਰੀ ਅਨੁਸਾਰ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਅਸ਼ੋਕ ਸ਼ਾਹ ਅਜਮੇਰ ਸ਼ਰੀਫ਼ ਜਾਣ ਲਈ ਤਿਆਰ ਸਨ ਪਰ ਮੌਕੇ 'ਤੇ ਉਨ੍ਹਾਂ ਡਰਾਈਵਰ ਨਾ ਆਉਣ ਕਾਰਨ ਉਹ ਖੁਦ ਹੀ ਤਿੰਨ ਗੱਡੀਆਂ ਦਾ ਕਾਫਲਾ ਲੈ ਕੇ ਰਵਾਨਾ ਹੋ ਗਏ। ਉਹ ਹਰਿਆਣਾ ਦੇ ਝੱਜਰ ਇਲਾਕੇ 'ਚ ਪਹੁੰਚੇ ਤਾਂ ਉਥੇ ਅਚਾਨਕ ਇਕ ਪਾਸਿਉਂ ਛੋਟਾ ਹਾਥੀ ਆਉਣ ਕਾਰਨ ਇਨ੍ਹਾਂ ਦੀ ਗੱਡੀ ਡਿਵਾਈਡਰ 'ਤੇ ਚੜ੍ਹ ਗਈ ਜਿਸ ਕਾਰਨ ਬਬਿਤਾ ਮਹਿਤਾ (43) ਵਾਸੀ ਟੋਰਾਂਟੋ (ਕੈਨੇਡਾ) ਦੀ ਮੌਕੇ 'ਤੇ ਮੌਤ ਹੋ ਗਈ। ਜ਼ਖ਼ਮੀਆਂ 'ਚ ਬਲਜੀਤ ਕੌਰ ਫਗਵਾੜਾ, ਰਾਣੀ ਲੁਧਿਆਣਾ ਵੀ ਸ਼ਾਮਲ ਸੀ। ਬਬਿਤਾ ਆਪਣੇ ਪਿਤਾ ਦੇ ਨਾਲ ਕੁਝ ਦਿਨ ਪਹਿਲਾ ਹੀ ਇਥੇ ਆਈ ਸੀ।

# ਕਰਤਾਰਪੁਰ ਲਾਂਘਾ: ਪਾਕਿਸਤਾਨ ਦੇ ਪਿੰਡ ਵਾਸੀ ਜ਼ਮੀਨ ਨਾ ਦੇਣ ਲਈ ਅੜੇ

**ਲਾਹੌਰ:** ਕਰਤਾਰਪੁਰ ਲਾਂਘੇ ਦੇ ਨਿਰਮਾਣ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ ਚੱਲ ਰਹੀ ਗੱਲਬਾਤ ਦੌਰਾਨ ਇਕ ਪਿੰਡ ਦੇ ਵਸਨੀਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਲਾਂਘੇ ਦੀ ਉਸਾਰੀ ਲਈ ਐਕੁਆਇਰ ਕੀਤੀ ਜਾ ਰਹੀ ਉਨ੍ਹਾਂ ਦੀ ਜ਼ਮੀਨ ਦਾ ਬਾਜ਼ਾਰ ਦੀ ਕੀਮਤ ਅਨੁਸਾਰ ਮੁਆਵਜ਼ਾ ਨਾ ਦਿੱਤਾ ਗਿਆ ਤਾਂ ਉਹ ਇਸ ਦਾ ਵਿਰੋਧ ਕਰਨਗੇ।

ਪਿੰਡ ਕੋਠੇ ਖੁਰਦ ਜਿਥੇ ਗੁਰਦੁਆਰਾ ਡੇਰਾ ਸਾਹਿਬ ਕਰਤਾਰਪੁਰ ਸਥਿਤ ਹੈ, ਦੇ ਵਸਨੀਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਕਮ ਦਿੱਤੇ ਗਏ ਹਨ ਕਿ ਕਰਤਾਰਪੁਰ ਲਾਂਘੇ ਦੀ ਉਸਾਰੀ ਦੇ ਮੱਦੇਨਜ਼ਰ ਆਪਣੇ ਮਕਾਨਾਂ ਨੂੰ ਤੁਰਤ ਖਾਲੀ ਕੀਤਾ ਜਾਵੇ। ਪਿੰਡ ਵਾਸੀ ਮੁਹੰਮਦ ਅਰਸ਼ਦ ਨੇ ਕਿਹਾ ਕਿ ਉਸ ਦੇ ਪੁਰਖੇ ਇਸ ਪਿੰਡ 'ਚ ਦੇਸ਼ ਵੰਡ ਤੋਂ ਪਹਿਲਾਂ ਦੇ ਰਹਿ ਰਹੇ ਹਨ ਤੇ ਇਹ ਉਨ੍ਹਾਂ ਦੇ ਖਾਨਦਾਨ ਦੀ ਪੰਜਵੀਂ ਪੀੜ੍ਹੀ ਹੈ। ਹੁਣ ਉਨ੍ਹਾਂ ਨੂੰ ਜ਼ਮੀਨ ਤੇ ਘਰ ਖਾਲੀ ਕਰਨ ਦੇ ਹੁਕਮ ਆ ਗਏ ਹਨ। ਇਕ ਹੋਰ ਪਿੰਡ ਵਾਸੀ ਜ਼ਈਮ ਹੁਸੈਨ ਨੇ ਕਿਹਾ ਕਿ ਉਹ ਸਦੀਆਂ ਤੋਂ ਇਸ ਇਲਾਕੇ 'ਚ ਰਹਿ ਰਹੇ ਹਨ। ਉਨ੍ਹਾਂ ਲਈ ਇਹ ਇਲਾਕਾ ਛੱਡਣਾ ਸੰਭਵ ਨਹੀਂ ਹੈ ਕਿਉਂਕਿ ਇਥੇ ਉਨ੍ਹਾਂ ਦੇ ਪੁਰਖਿਆਂ ਦੀਆਂ ਕਬਰਾਂ ਹਨ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਲੋਕਾਂ ਦੇ ਘਰ ਜਬਰੀ ਖਾਲੀ ਕਰਵਾ ਕੇ ਲਾਂਘਾ ਨਹੀਂ ਉਸਾਰਨ ਦੇਣਗੇ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਨੂੰ ਜ਼ਮੀਨ ਦਾ ਭਾਅ ਬਾਜ਼ਾਰ ਦੀ ਕੀਮਤ ਅਨੁਸਾਰ ਦਿੱਤਾ ਜਾਵੇ। ਪਾਕਿਸਤਾਨ ਕਿਸਾਨ ਰਾਬਤਾ ਕਮੇਟੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਸਾਧਾਰਨ ਮੁਆਵਜ਼ਾ ਦਿੱਤਾ ਗਿਆ ਤਾਂ ਉਹ ਇਸ ਨੂੰ ਸਵੀਕਾਰ ਨਹੀਂ ਕਰਨਗੇ।

ਡਿਪਟੀ ਕਮਿਸ਼ਨਰ ਵਹੀਦ ਅਸਗਰ ਨੇ ਕਿਹਾ ਕਿ ਸਰਕਾਰੀ ਨਿਯਮਾਂ ਅਨੁਸਾਰ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਤੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਤੇ ਜ਼ਮੀਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਕਿਸੇ ਤੋਂ ਵੀ ਜਬਰੀ ਘਰ ਖਾਲੀ ਕਰਵਾਏ ਜਾ ਰਹੇ ਹਨ।

# ਨਫਰਤ ਅਤੇ ਕੱਟੜਤਾ ਵਿਰੁਧ ਲੜਾਈ

ਨਿਊਜ਼ੀਲੈਂਡ ਦੇ ਸ਼ਹਿਰ ਕ੍ਰਾਈਸਟ ਚਰਚ ਵਿਚ ਆਸਟਰੇਲਿਆਈ ਨਾਗਰਿਕ ਬਰੈਂਟਨ ਟੈਰੈਂਟ ਨੇ ਦੋ ਮਸਜਿਦਾਂ ਵਿਚ ਗੋਲੀਬਾਰੀ ਕਰਕੇ 49 ਵਿਅਕਤੀ ਮਾਰ ਦਿੱਤੇ ਅਤੇ 20 ਦੇ ਕਰੀਬ ਜ਼ਖਮੀ ਹੋ ਗਏ। ਇਸ ਦਹਿਸ਼ਤਗਰਦ ਨੇ ਲੋਕਾਂ ਨੂੰ ਮਾਰਦੇ ਸਮੇਂ ਇਸ ਕਤਲੇਆਮ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਲਾਈਵ ਸਾਂਝੀਆਂ ਕੀਤੀਆਂ। ਸੋਸ਼ਲ ਮੀਡੀਆ ਉਤੇ ਉਸ ਦੀਆਂ ਪੋਸਟਾਂ ਤੋਂ ਪਤਾ ਲੱਗਦਾ ਹੈ ਕਿ ਉਹ ਮੁਸਲਮਾਨਾਂ ਨੂੰ ਸਖਤ ਨਫਰਤ ਕਰਦਾ ਹੈ ਅਤੇ ਇਸਲਾਮ-ਵਿਰੋਧੀ ਮੁਹਿੰਮਾਂ ਦੀ ਹਮਾਇਤ ਕਰਦਾ ਰਿਹਾ ਹੈ। ਆਪਣੀਆਂ ਪੋਸਟਾਂ ਵਿਚ ਉਸ ਨੇ 2017 ਤੋਂ ਇਸ ਹਮਲੇ ਦੀ ਤਿਆਰੀ ਸਬੰਧੀ ਮੰਨਿਆ ਹੈ। ਇਕ ਮਸਜਿਦ ਵਿਚ ਲੋਕਾਂ ਨੂੰ ਮਾਰਨ ਤੋਂ ਬਾਅਦ ਉਹ ਆਪਣੀ ਕਾਰ ਵਿਚ ਬੈਠ ਗਿਆ ਅਤੇ ਇਹ ਗੀਤ ਸੁਣਿਆ 'ਆਈ

**ਸਵਰਾਜਬੀਰ**

ਐਮ ਦਿ ਗੌਡ ਆਫ ਹੈੱਲਫਾਇਰ' (ਮੈਂ ਨਰਕ ਦੀ ਅੱਗ ਦਾ ਦੇਵਤਾ/ਰੱਬ ਹਾਂ), ਭਾਵ ਉਸ ਦੇ ਮਨ ਵਿਚ ਨਾ ਤਾਂ ਕੋਈ ਪਛਤਾਵਾ ਸੀ ਅਤੇ ਨਾ ਹੀ ਡਰ ਤੇ ਉਤੇਜਨਾ ਕਾਰਨ ਕੋਈ ਮਾਨਸਿਕ ਦਬਾਓ। ਨਫਰਤ ਵਿਚ ਭਿੱਜਿਆ ਇਹ ਮਨੁੱਖ ਮਾਨਵੀ ਭਾਵਨਾਵਾਂ ਤੋਂ ਪੂਰੀ ਤਰ੍ਹਾਂ ਬੇਗਾਨਾ ਹੋ ਚੁੱਕਾ ਸੀ।

1980ਵਿਆਂ ਤੋਂ ਅਮਰੀਕਾ ਅਤੇ ਯੂਰਪ ਵਿਚ ਇਸਲਾਮ ਤੇ ਮੁਸਲਮਾਨਾਂ ਦਾ ਵਿਰੋਧ ਬੜੀ ਤੇਜ਼ੀ ਨਾਲ ਵਧਿਆ। ਕੁਝ ਲੋਕ ਸਿਆਸੀ, ਸਭਿਆਚਾਰਕ ਤੇ ਸਮਾਜਿਕ ਪੱਧਰ ਉਤੇ ਹੀ ਮੁਸਲਮਾਨਾਂ ਦਾ ਵਿਰੋਧ ਨਹੀਂ ਕਰਦੇ ਸਗੋਂ ਵੱਡੇ ਪੱਧਰ ਉਤੇ ਨਫਰਤ ਫੈਲਾਉਂਦੇ ਹਨ ਜਿਸ ਨੂੰ 'ਇਸਲਾਮੋਫੋਬੀਆ' ਕਿਹਾ ਜਾਂਦਾ ਹੈ। ਆਵਾਮ ਵਿਚ ਇਹ ਚਿੰਤਾ, ਫਿਕਰ ਤੇ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮੁਸਲਮਾਨਾਂ ਧੜਾਧੜ ਅਮਰੀਕਾ ਤੇ ਯੂਰਪ ਦੇ ਦੇਸ਼ਾਂ ਵਿਚ ਆ ਰਹੇ ਹਨ ਅਤੇ ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਉਥੋਂ ਦੇ ਗੋਰੇ ਵਸਨੀਕ ਘੱਟਗਿਣਤੀ ਵਿਚ ਰਹਿ ਜਾਣਗੇ। ਇਹ ਕੁਤੱਤਣ ਭਰਿਆ ਪ੍ਰਚਾਰ ਨਸਲਵਾਦ ਦੀ ਵਿਚਾਰਧਾਰਾ ਨਾਲ ਡੂੰਘੇ ਰੂਪ ਵਿਚ ਜੁੜਿਆ ਹੋਇਆ ਹੈ। ਲੋਕਾਂ ਵਿਚ ਇਹ ਧਾਰਨਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਗੋਰੇ ਇਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਕੁਦਰਤੀ ਅਤੇ ਕਦੇ ਵੀ ਖਤਮ ਨਾ ਹੋਣ ਵਾਲੇ ਵਿਰੋਧ/ਦੁਸ਼ਮਣੀ ਹੈ; ਮੁਸਲਮਾਨ ਪਛੜੇ ਹੋਏ, ਪੁਰਾਤਨ ਵਿਚਾਰਾਂ ਵਾਲੇ, ਵਹਿਸ਼ੀ, ਜ਼ਾਲਮ ਤੇ ਹਿੰਸਕ ਲੋਕ ਹਨ; ਉਹ ਸੁਭਾਵਿਕ ਤੌਰ 'ਤੇ ਦਹਿਸ਼ਤਪਸੰਦ ਹਨ ਅਤੇ ਜਹਾਦ ਕਰਕੇ ਪੱਛਮੀ ਸਭਿਅਤਾ ਦਾ ਮਲੀਆਮੇਟ ਕਰ ਦੇਣਾ ਚਾਹੁੰਦੇ ਹਨ। ਕਈ ਦੇਸ਼ਾਂ ਵਿਚ ਇਹੋ ਜਿਹੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ ਜਿਹੜੀਆਂ ਇਸ ਤਰ੍ਹਾਂ ਦਾ ਪ੍ਰਚਾਰ ਕਰਨ ਨੂੰ ਆਪਣਾ ਧਾਰਮਿਕ ਤੇ ਰਾਸ਼ਟਰੀ ਫਰਜ਼ ਸਮਝਦੀਆਂ ਹਨ। ਫਰਾਂਸ ਵਿਚ ਮੁਸਲਮਾਨਾਂ ਦੀ ਆਮਦ ਨੂੰ 'ਵੱਡੇ ਬਦਲਾਓ' ਦੇ ਸਿਧਾਂਤ ਦੇ ਰੂਪ ਵਿਚ ਪ੍ਰਚਾਰਿਆ ਜਾਂਦਾ ਹੈ। ਅਮਰੀਕਾ ਵਿਚ ਕਈ ਜਥੇਬੰਦੀਆਂ ਜਿਵੇਂ 'ਸਟਾਪ ਇਸਲਾਮਾਈਜੇਸ਼ਨ ਆਫ ਅਮੈਰਿਕਾ' (ਐਸ.ਆਈ.ਓ.ਏ.) ਅਤੇ 'ਅਮੈਰਿਕਨ ਫਰੀਡਮ ਡਿਫੈਂਸ ਇਨਸ਼ੀਏਟਿਵ. ਆਦਿ ਸੰਸਥਾਤਮਕ ਤੌਰ 'ਤੇ ਇਸਲਾਮ ਅਤੇ ਮੁਸਲਮਾਨਾਂ ਵਿਰੁਧ ਪ੍ਰਚਾਰ ਕਰਦੀਆਂ ਹਨ।

ਇਥੇ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਸਲਾਮ ਵਿਰੁਧ ਹੋ ਰਹੇ ਇਸ ਪ੍ਰਚਾਰ ਲਈ ਕੁਝ ਇਸਲਾਮੀ/ਮੁਸਲਿਮ ਚਿੰਤਕ ਅਤੇ ਦਹਿਸ਼ਤਗਰਦ ਜਥੇਬੰਦੀਆਂ ਵੀ ਜ਼ਿੰਮੇਵਾਰ ਹਨ। ਬਸਤੀਵਾਦ ਦੇ ਸਮਿਆਂ ਵਿਚ ਇੰਗਲੈਂਡ, ਫਰਾਂਸ ਅਤੇ ਹੋਰਨਾਂ ਨੇ ਕਈ ਉਨ੍ਹਾਂ ਦੇਸ਼ਾਂ ਨੂੰ ਗੁਲਾਮ ਬਣਾਇਆ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਮੁਸਲਮਾਨ ਰਹਿੰਦੇ ਸਨ। ਪੀੜਤ ਹੋਏ ਮੁਸਲਮਾਨਾਂ ਵਿਚੋਂ ਕਈਆਂ ਨੇ ਇਸ ਦਾ ਵਿਰੋਧ ਧਰਮ ਆਧਾਰਿਤ ਲਹਿਰਾਂ ਅਤੇ ਵਿਚਾਰਧਾਰਾਵਾਂ ਰਾਹੀਂ ਕੀਤਾ। ਕਈ ਮੁਸਲਮਾਨ ਚਿੰਤਕਾਂ ਨੇ ਇਹ ਮਹਿਸੂਸ ਕੀਤਾ ਕਿ ਪੱਛਮ ਦੇ ਇਸਾਈਆਂ ਨੇ ਏਸ਼ੀਆ ਤੇ ਅਫਰੀਕਾ ਦੇ ਮੁਸਲਮਾਨਾਂ ਨੂੰ ਉਨ੍ਹਾਂ ਦੀਆਂ ਬਾਦਸ਼ਾਹਤਾਂ ਤੋਂ ਵਿਰਵਿਆਂ ਕਰਕੇ ਉਨ੍ਹਾਂ ਨਾਲ ਵੱਡੀ ਬੇਇਨਸਾਫੀ ਕੀਤੀ ਹੈ। ਮੁਹੰਮਦ ਬਿਨ ਅਬਦ ਅਲ-ਵਹਾਬ (ਸਾਊਦੀ ਅਰਬ: 1703-92), ਜਮਾਲੁਦੀਨ ਅਲ-ਅਫਗਾਨੀ (ਇਰਾਨ/ਅਫਗਾਨਿਸਤਾਨ: 1839-97), ਮੁਹੰਮਦ ਅਬਦੂ (ਮਿਸਰ: 1849-1905), ਮੌਲਾਨਾ ਮੌਦੂਦੀ (ਹਿੰਦੋਸਤਾਨ: 1903-79) ਅਤੇ ਹੋਰ ਮੁਸਲਮਾਨ ਚਿੰਤਕਾਂ ਨੇ ਮੂਲਵਾਦੀ ਇਸਲਾਮੀ ਚਿੰਤਨ ਉਭਾਰਿਆ ਅਤੇ ਜਹਾਦ ਬਾਰੇ ਨਵੀਆਂ ਧਾਰਨਾਵਾਂ ਪੇਸ਼ ਕੀਤੀਆਂ। ਇਸਲਾਮੀ ਵਿਦਵਾਨਾਂ ਵਿਚ ਜਹਾਦ ਦੀ ਪ੍ਰੰਪਰਾ ਬਾਰੇ ਬਹਿਸ ਸਦੀਆਂ ਤੋਂ ਚਲਦੀ ਆਈ ਹੈ। ਕੁਝ ਵਿਦਵਾਨਾਂ ਅਨੁਸਾਰ ਜਹਾਦ ਦਾ ਮਤਲਬ ਬੰਦੇ ਦੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿਚਲਾ ਸੰਘਰਸ਼ ਹੈ; ਕੁਝ ਹੋਰ ਇਸ ਦੇ ਅਰਥਾਂ ਨੂੰ ਬੇਇਨਸਾਫੀ ਅਤੇ ਗੈਰ-ਇਸਲਾਮੀ ਸਿਆਸੀ ਨਿਜ਼ਾਮਾਂ ਵਿਰੁਧ ਸੰਘਰਸ਼ ਨਾਲ ਜੋੜ ਕੇ ਵੇਖਦੇ ਹਨ। ਕੁਝ ਵਿਦਵਾਨ ਜਹਾਦ ਨੂੰ ਹਮਲਾਵਾਰਾਨਾ ਵਿਚਾਰਧਾਰਾ ਵਜੋਂ ਪੇਸ਼ ਕਰਦੇ ਹਨ। ਉਹ ਇਸਲਾਮ ਨੂੰ ਹਰ ਸੰਭਵ ਤਰੀਕੇ, ਜਿਨ੍ਹਾਂ ਵਿਚ ਹਿੰਸਕ ਕਾਰਵਾਈਆਂ ਵੀ ਸ਼ਾਮਲ ਹਨ, ਰਾਹੀਂ ਫੈਲਾਉਣ ਦੀ ਪ੍ਰੋੜ੍ਹਤਾ ਕਰਦੇ ਹਨ।

ਕੁਝ ਰਾਜਸੀ ਮਾਹਿਰ ਇਸ ਸਮੱਸਿਆ ਨੂੰ ਫਲਸਤੀਨ ਨਾਲ ਜੋੜ ਕੇ ਵੇਖਦੇ ਹਨ ਜਦੋਂ ਅਮਰੀਕਾ, ਇੰਗਲੈਂਡ ਤੇ ਹੋਰ ਪੱਛਮੀ ਤਾਕਤਾਂ ਨੇ ਫਲਸਤੀਨ ਦੀ ਧਰਤੀ ਉਤੇ ਯਹੂਦੀਆਂ ਦੇ ਹੱਕਾਂ ਨੂੰ ਮਾਨਤਾ ਦੇ ਕੇ ਇਜ਼ਰਾਈਲ ਦੀ ਹਸਤੀ ਨੂੰ ਸਵੀਕਾਰ ਕੀਤਾ। ਫਲਸਤੀਨੀਆਂ ਦੇ ਹੱਕਾਂ ਵਿਚ ਹੋਈਆਂ ਜੰਗਾਂ ਵਿਚ ਫਲਸਤੀਨੀਆਂ ਤੇ ਉਨ੍ਹਾਂ ਦੇ ਹਮਾਇਤੀ ਅਰਬ ਦੇਸ਼ਾਂ ਨੂੰ ਲਗਾਤਾਰ ਹਾਰ ਹੋਈ। ਬਾਅਦ ਵਿਚ ਫਲਸਤੀਨੀਆਂ ਨੇ ਦਹਿਸ਼ਤਪਸੰਦ ਕਾਰਵਾਈਆਂ ਕਰਨੀਆਂ ਸ਼ੁਰੂ ਕੀਤੀਆਂ। ਇਸ




ਸਮੱਸਿਆ ਕਾਰਨ ਦੁਨੀਆਂ ਭਰ ਦੇ ਮੁਸਲਮਾਨਾਂ ਵਿਚ ਰੋਸ ਫੈਲਿਆ ਅਤੇ ਧਾਰਨਾ ਬਣੀ ਕਿ ਇਸਾਈ ਤੇ ਯਹੂਦੀ ਮੁਸਲਮਾਨਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਇਰਾਨ, ਇਰਾਕ ਅਤੇ ਮੱਧ-ਏਸ਼ੀਆ ਦੇ ਦੇਸ਼ਾਂ ਵਿਚ ਦਿੱਤੇ ਗਏ ਅਮਰੀਕੀ ਦਖਲ ਨਾਲ ਇਹ ਰੋਸ ਵਧਦਾ ਗਿਆ ਪਰ ਇਨ੍ਹਾਂ ਦਹਾਕਿਆਂ ਵਿਚ ਇਕ ਖਾਸ ਘਟਨਾ ਸੋਵੀਅਤ ਯੂਨੀਅਨ ਦੁਆਰਾ ਅਫਗਾਨਿਸਤਾਨ ਵਿਚ ਦਿੱਤਾ ਗਿਆ ਦਖਲ ਸੀ। ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਦੀਆਂ ਫੌਜਾਂ ਵਿਰੁਧ ਲੜਨ ਲਈ ਅਮਰੀਕਾ ਨੇ ਪਾਕਿਸਤਾਨ ਵਿਚ ਮੂਲਵਾਦੀ ਤੇ ਦਹਿਸ਼ਤਪਸੰਦ ਮਦਰੱਸਿਆਂ ਤੇ ਜਥੇਬੰਦੀਆਂ ਨੂੰ ਸ਼ਹਿ ਦੇ ਕੇ ਜਹਾਦੀ ਪੈਦਾ ਕੀਤੇ। ਸੋਵੀਅਤ ਯੂਨੀਅਨ ਨੇ ਅਫਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਵਾਪਸ ਕਰ ਲਈਆਂ ਤੇ ਸਿੱਟੇ ਵਜੋਂ ਇਹ ਜਹਾਦੀ ਉਥੇ ਤਾਕਤ ਵਿਚ ਆ ਗਏ। ਅਲ-ਕਾਇਦਾ ਨਾਂ ਦੀ ਜਥੇਬੰਦੀ ਨੇ ਅਮਰੀਕਾ 'ਤੇ ਨਿਸ਼ਾਨਾ ਸਾਧਿਆ ਅਤੇ 11 ਸਤੰਬਰ ਨੂੰ ਅਮਰੀਕਾ ਦੇ 'ਜੌੜੇ ਟਾਵਰਾਂ' 'ਤੇ ਹਮਲਾ ਕੀਤਾ ਅਤੇ ਯੂਰਪ ਵਿਚ ਕਈ ਥਾਵਾਂ 'ਤੇ ਦਹਿਸ਼ਤਗਰਦ ਕਾਰਵਾਈਆਂ ਕੀਤੀਆਂ। ਇਨ੍ਹਾਂ ਕਾਰਵਾਈਆਂ ਕਾਰਨ ਅਮਰੀਕਾ ਤੇ ਯੂਰਪ ਵਿਚ ਇਸਲਾਮ ਅਤੇ ਮੁਸਲਮਾਨ-ਵਿਰੋਧੀ ਭਾਵਨਾਵਾਂ ਦਾ ਹੜ੍ਹ ਆ ਗਿਆ; ਇਥੋਂ ਤਕ ਕਿ ਇਸ ਨੂੰ 'ਸਭਿਆਤਾਵਾਂ ਦੇ ਟਕਰਾਓ' ਵਜੋਂ ਪੇਸ਼ ਕੀਤਾ ਗਿਆ।

ਇਸ ਸਾਰੇ ਘਟਨਾਕ੍ਰਮ ਦੇ ਵੱਡੇ ਪ੍ਰਸੰਗ ਹਨ। ਕਈ ਚਿੰਤਕ ਇਸ ਨੂੰ ਮੱਧਕਾਲੀਨ ਸਮਿਆਂ ਵਿਚ ਯੂਰਪ ਵਿਚ ਪਸਰੇ ਯਹੂਦੀਵਾਦ-ਵਿਰੋਧੀ ਚਿੰਤਨ ਨਾਲ ਮੇਲ ਕੇ ਵੇਖਦੇ ਹਨ। ਉਨ੍ਹਾਂ ਸਮਿਆਂ ਵਿਚ ਯਹੂਦੀਵਾਦ-ਵਿਰੋਧੀ ਵਿਚਾਰਧਾਰਾ ਲੋਕਾਂ ਦੇ ਮਨ ਵਿਚ ਏਨੀ ਡੂੰਘੀ ਤਰ੍ਹਾਂ ਨਾਲ ਘਰ ਕਰ ਗਈ ਸੀ ਕਿ ਮਹਾਨ ਲੇਖਕ ਤੇ ਚਿੰਤਕ ਵੀ ਉਸ ਦੇ ਸ਼ਿਕਾਰ ਹੋ ਗਏ। ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ ਵੀਨਸ' ਵਿਚ ਯਹੂਦੀ ਕਿਰਦਾਰ ਸ਼ਾਈਲਾਕ ਦੇ ਚਿਤਰਨ ਨੂੰ ਇਸ ਦੀ ਉਘੜਵੀਂ ਮਿਸਾਲ ਵਜੋਂ ਵੇਖਿਆ ਜਾਂਦਾ ਹੈ। ਮੱਧਕਾਲੀਨ ਸਮਿਆਂ ਦੇ ਇਸਾਈ ਧਰਮ ਸੁਧਾਰਕ ਮਾਰਟਿਨ ਲੂਥਰ ਦੀਆਂ ਲਿਖਤਾਂ ਵਿਚ ਯਹੂਦੀਵਾਦ-ਵਿਰੋਧ ਬੜੇ ਤਿੱਖੇ ਰੂਪ ਵਿਚ ਪ੍ਰਗਟ ਹੋਇਆ। ਵੀਹਵੀਂ ਸਦੀ ਵਿਚ ਯਹੂਦੀਵਾਦ-ਵਿਰੋਧ ਨੇ ਸਿਖਰਾਂ ਛੋਹੀਆਂ ਅਤੇ ਨਾਜ਼ੀਆਂ ਨੇ ਕਰੋੜਾਂ ਯਹੂਦੀਆਂ ਦਾ ਕਤਲੇਆਮ ਕੀਤਾ। ਦਲੀਲ ਦਿੱਤੀ ਜਾਂਦੀ ਹੈ ਕਿ ਪੱਛਮ ਦੇ ਗੋਰੇ ਇਸਾਈ ਸੰਸਾਰ ਨੂੰ ਆਪਣੀ ਪਛਾਣ ਬਣਾਉਣ ਲਈ ਵਿਰੋਧੀ/ਦੂਸਰੇ/ਪਰਾਏ/ਓਪਰੇ (ਦਿ ਅਦਰ) ਦੀ ਜ਼ਰੂਰਤ ਹੈ; ਪਹਿਲਾਂ ਯਹੂਦੀ ਵਿਰੋਧੀਆਂ ਵਜੋਂ ਚਿਤਰੇ ਜਾਂਦੇ ਸਨ ਤੇ ਹੁਣ ਮੁਸਲਮਾਨ। ਇਸਲਾਮ ਦਾ ਵਿਰੋਧ ਏਨਾ ਤਿੱਖਾ ਹੈ ਕਿ ਕਈ ਵਾਰ ਪ੍ਰਮੁੱਖ ਸਿਆਸਤਦਾਨ ਵੀ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦਿੰਦੇ ਹਨ। ਉਦਾਹਰਨ ਦੇ ਤੌਰ 'ਤੇ 2001 ਵਿਚ ਇਟਾਲਵੀ ਪ੍ਰਧਾਨ ਮੰਤਰੀ ਸਿਲਵਿਓ ਬਾਲੂਸਕੋਨੀ ਨੇ ਕਿਹਾ, "ਪੱਛਮੀ ਸਭਿਅਤਾ ਇਸਲਾਮੀ ਸਭਿਅਤਾ ਤੋਂ ਕਿਤੇ ਜ਼ਿਆਦਾ ਮਹਾਨ ਹੈ; ਸਾਨੂੰ ਯੂਰਪੀਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਪਛੜੇ ਹੋਏ ਅਰਬਾਂ ਨੂੰ ਜਿੱਤ ਕੇ ਉਨ੍ਹਾਂ ਦਾ ਪੱਛਮੀਕਰਨ ਕਰੀਏ।"

ਇਸਲਾਮ ਦਾ ਵਿਰੋਧ ਕਰਨ ਵਿਚ ਇਸਾਈ ਤੇ ਯਹੂਦੀ ਕੱਟੜਪੰਥੀ ਹੁਣ ਇਕੱਠੇ ਹਨ। ਉਹ ਅਮਰੀਕਾ ਤੇ ਪੱਛਮ ਦੇ ਲੋਕਾਂ ਨੂੰ ਇਸਲਾਮ ਦੇ ਹਊਏ ਤੋਂ ਲਗਾਤਾਰ ਡਰਾਉਂਦੇ ਹਨ। ਇਹੋ ਜਿਹੀ ਵਿਚਾਰਧਾਰਾ ਭਾਰਤ ਵਿਚ ਵੀ ਹੈ ਜਿਸ ਵਿਚ ਕਈ ਕੱਟੜਵਾਦੀ ਸੰਗਠਨ ਮੁਸਲਮਾਨਾਂ ਨੂੰ ਹਮਲਾਵਰ, ਸਭਿਅਤਾ ਨੂੰ ਤਬਾਹ ਕਰਨ ਵਾਲੇ, ਜ਼ਾਲਮ ਅਤੇ ਔਰਤਾਂ ਨਾਲ ਮਾੜਾ ਵਿਹਾਰ ਕਰਨ ਵਾਲੇ ਮਨੁੱਖਾਂ ਵਜੋਂ ਚਿਤਰਿਆ ਜਾਂਦਾ ਹੈ। ਕੁਝ ਚਿੰਤਕਾਂ ਨੇ ਲੋਕਾਂ ਦਾ ਧਿਆਨ ਇਸ ਗੱਲ ਵੱਲ ਖਿੱਚਿਆ ਹੈ ਕਿ ਨਾਜ਼ੀਵਾਦ ਦੇ ਉਦੈ ਹੋਣ ਤੋਂ ਪਹਿਲਾਂ ਜਿਸ ਤਰ੍ਹਾਂ ਯਹੂਦੀਵਾਦ-ਵਿਰੋਧ ਲੋਕਾਂ ਦੀ ਸੋਚ-ਸਮਝ ਵਿਚ ਰਚ-ਮਿਚ ਗਿਆ ਸੀ, ਉਸੇ ਤਰ੍ਹਾਂ ਹੀ ਇਸਲਾਮ-ਵਿਰੋਧ ਲੋਕਾਂ ਦੇ ਮਨ ਵਿਚ ਜ਼ਹਿਰ ਭਰ ਰਿਹਾ ਹੈ। ਲੋਕਾਂ ਦੇ ਮਨ ਵਿਚ ਲਗਾਤਾਰ ਜ਼ਹਿਰੀਲੇ ਪ੍ਰਚਾਰ ਰਾਹੀਂ ਫੈਲਾਈ ਜਾਂਦੀ ਕੁਤੱਤਣ ਤੇ ਨਫਰਤ ਦੇ ਗੰਭੀਰ ਨਤੀਜੇ ਨਿਕਲਦੇ ਹਨ। ਅਮਰੀਕਾ, ਯੂਰਪ ਅਤੇ ਹਿੰਦੋਸਤਾਨ ਵਿਚ ਹੋ ਰਹੇ ਇਸਲਾਮ ਵਿਰੋਧੀ ਤੁਅੱਸਬੀ ਪ੍ਰਚਾਰ ਵਿਚੋਂ ਇਸਲਾਮ ਦੀਆਂ ਮਨੁੱਖਤਾਵਾਦੀ ਰਵਾਇਤਾਂ ਤੇ ਪ੍ਰਾਪਤੀਆਂ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ ਅਤੇ ਇਕਪਾਸੜ ਤਸਵੀਰ ਪੇਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੇ ਪ੍ਰਚਾਰਾਂ ਕਰਕੇ ਹਜੂਮੀ ਹਿੰਸਾ ਅਤੇ ਨਿਊਜ਼ੀਲੈਂਡ ਵਿਚ ਹੁਣੇ ਹੁਣੇ ਹੋਈ ਦਹਿਸ਼ਤਪਸੰਦ ਘਟਨਾ ਜਿਹੇ ਹਾਦਸੇ ਹੁੰਦੇ ਹਨ। ਮੁਸਲਮਾਨ ਭਾਈਚਾਰੇ ਵਿਚ ਡਰ ਤੇ ਨਫਰਤ ਹੋਰ ਫੈਲਦੇ ਹਨ ਅਤੇ ਦਹਿਸ਼ਤਗਰਦ ਜਥੇਬੰਦੀਆਂ ਨੂੰ ਮੂਲਵਾਦੀ ਤੇ ਦਹਿਸ਼ਤਪਸੰਦ ਪ੍ਰਚਾਰ ਕਰਨ ਲਈ ਬਾਰੂਦ ਮਿਲਦਾ ਹੈ। ਮਾਨਵਵਾਦੀ ਅਤੇ ਲੋਕਹਿਤ ਦਾ ਖਿਆਲ ਕਰਨ ਵਾਲੀਆਂ ਜਥੇਬੰਦੀਆਂ ਅਤੇ ਆਵਾਮ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਹੋ ਜਿਹੇ ਕੂੜ-ਪ੍ਰਚਾਰਾਂ ਦਾ ਵਿਰੋਧ ਕਰਨ, ਮੁਸਲਮਾਨ ਭਾਈਚਾਰੇ ਦਾ ਭਰੋਸਾ ਜਿੱਤਣ, ਉਨ੍ਹਾਂ ਨਾਲ ਸੰਵਾਦ ਰਚਾਇਆ ਤੇ ਭਾਈਚਾਰਕ ਸਾਂਝ ਵਧਾਈ ਜਾਵੇ ਅਤੇ ਇਹ ਯਕੀਨ ਦਿਵਾਇਆ ਜਾਵੇ ਕਿ ਨਫਰਤ ਵਿਰੁਧ ਲੜਾਈ ਵਿਚ ਅਸੀਂ ਸਾਰੇ ਇਕੱਠੇ ਹਾਂ; ਉਹ ਇਕੱਲੇ ਨਹੀਂ ਹਨ।

# ਕਾਲੇ ਧਨ ਬਾਰੇ ਖਾਮੋਸ਼ੀ ਕਿਉਂ?

ਨਰਿੰਦਰ ਮੋਦੀ ਨੇ 2014 ਦੀਆਂ ਸੰਸਦੀ ਚੋਣਾਂ ਵੇਲੇ ਲੋਕਾਂ ਨਾਲ ਵਾਰ-ਵਾਰ ਪ੍ਰਣ ਕੀਤਾ ਸੀ ਕਿ ਜੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ ਤਾਂ ਸਰਕਾਰ ਦਾ ਪਹਿਲਾ ਕੰਮ ਵਿਦੇਸ਼ੀ ਬੈਂਕਾਂ ਖਾਸ ਕਰਕੇ ਸਵਿਸ ਬੈਂਕਾਂ ਵਿਚ ਪਿਆ ਭਾਰਤੀ ਸਰਮਾਏਦਾਰਾਂ ਦਾ ਅਰਬਾਂ ਦਾ ਕਾਲਾ ਧਨ ਭਾਰਤ ਵਿਚ ਲਿਆਉਣਾ ਹੋਵੇਗਾ, ਹਰ ਭਾਰਤੀ ਨਾਗਰਿਕ ਦੇ ਖਾਤੇ ਵਿਚ ਪੰਦਰਾਂ ਪੰਦਰਾਂ ਲੱਖ ਰੁਪਏ ਜਮ੍ਹਾਂ ਕਰਵਾਏ ਜਾਣਗੇ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਲਾਲ ਕ੍ਰਿਸ਼ਨ ਅਡਵਾਨੀ ਨੇ ਵਾਰ-ਵਾਰ ਇਹ ਵਾਅਦਾ ਕੀਤਾ ਸੀ ਕਿ ਇਹ ਪੈਸਾ ਵਾਪਸ ਲਿਆ ਕੇ ਦੇਸ਼ ਦੇ ਵਿਕਾਸ ਵਿਚ ਲਾਇਆ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਜਾਵੇਗਾ ਪਰ ਅਜਿਹਾ ਹੁਣ ਤਕ ਨਹੀਂ ਹੋਇਆ।

ਪੰਜ ਸਾਲਾਂ ਬਾਅਦ ਲੋਕ ਸਭਾ ਚੋਣਾਂ ਮੁੜ ਆ ਗਈਆਂ ਪਰ ਪ੍ਰਧਾਨ ਮੰਤਰੀ ਜਾਂ ਵਿਤ ਮੰਤਰੀ ਕਾਲੇ ਧਨ ਦੀ ਵਾਪਸੀ ਬਾਰੇ ਕਦੇ ਕੋਈ ਗੱਲ ਨਹੀਂ ਕਰਦੇ। ਨਰਿੰਦਰ ਮੋਦੀ ਨਿੱਜੀ ਹਮਲਿਆਂ 'ਤੇ ਆਪਣਾ ਸਾਰਾ ਜ਼ੋਰ ਲਾਉਂਦੇ ਹਨ ਪਰ ਕਾਲੇ ਧਨ ਦੀ ਵਾਪਸੀ ਬਾਰੇ ਸਰਕਾਰ ਚੁੱਪ ਹੈ। ਕਰੀਬ ਢਾਈ ਸਾਲ ਪਹਿਲਾਂ 8 ਨਵੰਬਰ ਨੂੰ ਪ੍ਰਧਾਨ ਮੰਤਰੀ ਨੇ ਬਿਨਾਂ ਗੰਭੀਰ ਵਿਚਾਰ ਚਰਚਾ ਤੋਂ ਦੇਸ਼ ਵਿਚ ਨੋਟਬੰਦੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ 500 ਅਤੇ 1000 ਰੁਪਏ ਦੇ ਨੋਟ ਤੁਰੰਤ ਬੰਦ ਕਰ ਦਿੱਤੇ। ਇਹ ਕਰਦੇ ਸਮੇਂ ਕਿਹਾ ਗਿਆ ਸੀ ਕਿ ਇਸ ਸਖਤ ਕਦਮ ਨਾਲ ਕਾਲਾ ਧਨ ਬਾਹਰ ਆ ਜਾਵੇਗਾ। ਨੋਟਬੰਦੀ ਨੂੰ ਤਿੰਨ ਸਾਲ ਬੀਤਣ ਵਾਲੇ ਹਨ ਪਰ ਕਾਲਾ ਧਨ ਬਾਹਰ ਨਹੀਂ ਆਇਆ। ਅਤਿਵਾਦੀ ਨਵੀਂ ਕਰੰਸੀ ਨਹੀਂ ਵਰਤ ਸਕਦੇ। ਜਾਅਲੀ ਕਰੰਸੀ ਦਾ ਖਾਤਮਾ ਹੋ ਜਾਵੇਗਾ ਪਰ ਅਜਿਹਾ ਕੁਝ ਨਹੀਂ ਹੋਇਆ। ਆਰ.ਬੀ.ਆਈ. ਦੀ ਸਾਲਾਨਾ ਰਿਪੋਰਟ ਅਨੁਸਾਰ ਨਵੰਬਰ 2016 ਵਿਚ ਕੀਤੀ ਗਈ ਨੋਟਬੰਦੀ ਰਾਹੀਂ ਸਿਰਫ 0.7 ਕਰੰਸੀ ਹੀ ਕੌਮੀ ਆਰਥਿਕ ਪ੍ਰਣਾਲੀ ਤੋਂ ਬਾਹਰ ਹੋਈ। ਉਸ ਸਮੇਂ ਬੰਦ ਕੀਤੇ ਗਏ 500 ਅਤੇ 1000 ਦੇ 99.3 ਪ੍ਰਤੀਸ਼ਤ ਨੋਟ ਤਬਾਦਲੇ ਰਾਹੀਂ ਬੈਂਕਿੰਗ ਪ੍ਰਣਾਲੀ ਵਿਚ ਪਰਤ ਆਏ। ਇਸ ਸਮੇਂ ਚਿੱਟੇ ਧਨ ਦੇ ਕਰੋੜਾਂ ਰੁਪਏ ਨਵੇਂ ਨੋਟ ਛਾਪਣ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪਹੁੰਚਾਉਣ ਵਿਚ ਹੀ ਖਰਚ ਹੋ ਗਏ।

ਕਾਲਾ ਧਨ ਟੈਕਸ ਚੋਰੀ ਦਾ ਪੈਸਾ ਹੁੰਦਾ ਹੈ ਜਿਸ ਦਾ ਵਹੀ ਖਾਤਿਆਂ ਵਿਚ ਕੋਈ ਜ਼ਿਕਰ ਨਹੀਂ ਹੁੰਦਾ। ਲੋਕਾਂ ਦਾ ਪੈਸਾ ਭ੍ਰਿਸ਼ਟ ਢੰਗ ਨਾਲ ਇਕੱਠਾ ਕਰਕੇ ਗੁਪਤ ਤੇ ਬੇਨਾਮੀ ਖਾਤਿਆਂ ਵਿਚ ਜਮ੍ਹਾਂ ਕੀਤਾ ਜਾਂਦਾ ਹੈ। ਗ਼ੈਰ-ਕਾਨੂੰਨੀ ਅਤੇ ਅਨੈਤਿਕ ਢੰਗਾਂ ਨਾਲ ਚੋਰ ਮੋਰੀਆਂ ਰਾਹੀਂ ਇਕੱਠਾ ਕੀਤਾ ਪੈਸਾ ਵਿਦੇਸ਼ੀ ਬੈਂਕਾਂ ਵਿਚ ਲੁਕਾ ਕੇ ਰੱਖਿਆ ਜਾਂਦਾ ਹੈ ਜੋ ਕਾਲਾ ਧਨ ਅਖਵਾਉਂਦਾ ਹੈ। ਹਰ ਸਾਲ 80 ਤੋਂ 90 ਹਜ਼ਾਰ ਅਮੀਰ ਲੋਕ ਸਵਿਟਜ਼ਰਲੈਂਡ ਜਾਂਦੇ ਹਨ। ਕਈ ਲੋਕ ਸਾਲ ਵਿਚ ਕਈ-ਕਈ ਵਾਰ ਜਾਂਦੇ ਹਨ। ਇਹ ਹਜ਼ਾਰਾਂ ਧਨ ਕੁਬੇਰ ਹਰ ਸਾਲ ਉਥੇ ਸੈਰ ਕਰਨ ਜਾਂਦੇ ਹਨ ਜਾਂ ਕਾਲਾ ਧਨ ਜਮ੍ਹਾਂ ਕਰਵਾਉਣ? ਇਸ ਸਬੰਧੀ ਜਾਂਚ ਹੋਣੀ ਚਾਹੀਦੀ ਹੈ। ਇਸ ਕਰਕੇ ਭ੍ਰਿਸ਼ਟ ਸਿਆਸਤਦਾਨ, ਭ੍ਰਿਸ਼ਟ ਨੌਕਰਸ਼ਾਹ, ਅਪਰਾਧੀ, ਕਾਰਪੋਰੇਟ ਜਗਤ, ਵਪਾਰੀ, ਦਲਾਲ, ਅਰਬਪਤੀ ਕ੍ਰਿਕਟਰ, ਮਾਲਦਾਰ ਫਿਲਮਸਾਜ਼/ਅਦਾਕਾਰ, ਹਵਾਲਾ ਕਾਰੋਬਾਰੀ, ਡਰੱਗ ਮਾਫੀਆ, ਭੌਂ ਮਾਫੀਆ, ਤੇਲ ਮਾਫੀਆ, ਧਨ ਕੁਬੇਰ, ਸੱਟੇਬਾਜ਼, ਜ਼ਖੀਰੇਬਾਜ਼,




ਡੇਰੇਦਾਰਾਂ ਆਦਿ 'ਤੇ ਨਜ਼ਰ ਰੱਖੀ ਜਾਵੇ, ਕਿਉਂਕਿ ਕਾਲੇ ਧਨ ਬਾਰੇ ਸ਼ੱਕ ਦੀ ਸੂਈ ਇਨ੍ਹਾਂ ਦੁਆਲੇ ਹੀ ਘੁੰਮਦੀ ਹੈ। 12 ਕਰੋੜ ਲੋਕਾਂ ਵਿਚੋਂ ਲੱਖ ਕਰੋੜ ਰੁਪਇਆ ਭ੍ਰਿਸ਼ਟਾਚਾਰ/ਰਿਸ਼ਵਤ ਦੇ ਰੂਪ ਵਿਚ ਬਾਹਰ ਜਾਂਦਾ ਹੈ। 2005 ਦੀ ਇਕ ਰਿਪੋਰਟ ਅਨੁਸਾਰ ਸਾਲਾਨਾ 21,068 ਕਰੋੜ ਰੁਪਏ ਰਿਸ਼ਵਤਖੋਰੀ ਦੇ ਰੂਪ ਵਿਚ ਵੱਡੇ ਬੇਈਮਾਨਾਂ ਦੀਆਂ ਜੇਬਾਂ ਵਿਚ ਜਾਂਦੇ ਹਨ।

2009 ਵਿਚ ਭਾਰਤ ਭ੍ਰਿਸ਼ਟਾਚਾਰ ਸੂਚਕ ਅੰਕ ਵਿਚ 84ਵੇਂ ਸਥਾਨ 'ਤੇ ਸੀ ਜਦੋਂਕਿ 2010 ਵਿਚ ਤਿੰਨ ਸਥਾਨ ਹੋਰ ਹੇਠਾਂ, ਭਾਵ 87ਵੇਂ 'ਤੇ ਆ ਗਿਆ। ਰਿਪੋਰਟਾਂ ਮੁਤਾਬਿਕ ਘਪਲਿਆਂ ਜਿਵੇਂ ਸਤਿਅਮ ਕੰਪਿਊਟਰਜ਼, 2 ਜੀ ਸਪੈਕਟ੍ਰਮ, ਰਾਸ਼ਟਰ ਮੰਡਲ ਖੇਡਾਂ, ਮੁੰਬਈ ਆਦਰਸ਼ ਹਾਊਸਿੰਗ ਸੁਸਾਇਟੀ, ਮਈ 2010 ਦਾ ਆਈ.ਪੀ.ਐਲ. ਘੁਟਾਲਾ, 35000 ਕਰੋੜ ਰੁਪਏ ਦਾ ਤੇਲਗੀ ਸਟੈਂਪ ਪੇਪਰ ਘੁਟਾਲਾ, ਸ਼ੇਅਰ ਬਾਜ਼ਾਰ ਘੁਟਾਲਾ, ਚੌਲ ਬਰਾਮਦੀ ਘੁਟਾਲਾ ਆਦਿ ਦਾ ਕਾਲਾ ਪੈਸਾ ਸਵਿਸ ਬੈਂਕਾਂ ਵਿਚ ਜਮ੍ਹਾਂ ਹੈ।

8 ਮਾਰਚ 2009 ਨੂੰ ਜਰਮਨ ਅਧਿਕਾਰੀਆਂ ਨੇ ਜਰਮਨ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦੇ 50 ਭਾਰਤੀ ਖਾਤਾ ਧਾਰਕਾਂ ਦੇ ਨਾਵਾਂ ਦੀ ਸੂਚੀ ਭਾਰਤ ਸਰਕਾਰ ਨੂੰ ਸੌਂਪੀ ਸੀ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕਾਲੇ ਨਾਮ ਨਸ਼ਰ ਕਰ ਦੇਵੇ ਤਾਂ ਕਿ ਭਾਰਤੀ ਜਨਤਾ ਨੂੰ ਕਾਲੀਆਂ ਭੇਡਾਂ ਦਾ ਪਤਾ ਲੱਗ ਸਕੇ। ਭਾਰਤ ਦੀ 126 ਕਰੋੜ ਦੀ ਆਬਾਦੀ ਵਿਚ ਸਿਰਫ 2.5 ਫ਼ੀਸਦੀ ਲੋਕ ਟੈਕਸ ਅਦਾ ਕਰਦੇ ਹਨ। ਅਮਰੀਕਾ ਨੇ ਕਾਲਾ ਧਨ ਜਮ੍ਹਾਂ ਕਰਵਾਉਣ ਵਾਲੇ ਅਮਰੀਕਨਾਂ ਦਾ ਨਾਮ ਸਵਿਸ ਬੈਂਕਾਂ ਪਾਸੋਂ ਪਤਾ ਕਰਵਾ ਕੇ ਸਾਰਾ ਕਾਲਾ ਧਨ ਵਾਪਸ ਮੰਗਵਾ ਲਿਆ ਸੀ। ਭਾਰਤ ਸਰਕਾਰ ਸਵਿਸ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਭਲਾ ਪਤਾ ਕਿਉਂ ਨਹੀਂ ਕਰ ਸਕਦੀ?

ਜਨ ਲੋਕਪਾਲ ਬਿਲ ਦੇ ਘੇਰੇ ਵਿਚ ਪ੍ਰਧਾਨ ਮੰਤਰੀ, ਜੱਜ, ਕੇਂਦਰੀ ਅਤੇ ਪ੍ਰਾਂਤਕ ਮੰਤਰੀ, ਸਾਰੇ ਗਜ਼ਟਿਡ ਅਫ਼ਸਰ, ਸਾਰੇ ਕੇਂਦਰੀ ਅਤੇ ਪ੍ਰਾਂਤਕ ਅਫ਼ਸਰ, ਸਾਰੇ ਵਿਧਾਇਕ, ਬੋਰਡਾਂ ਅਤੇ ਨਿਗਮਾਂ ਦੇ ਸਾਰੇ ਚੇਅਰਮੈਨ ਆਦਿ ਆਉਣੇ ਚਾਹੀਦੇ ਹਨ। ਸੰਵਿਧਾਨ ਦੀ ਧਾਰਾ 131 ਜਿਸ ਵਿਚ ਭ੍ਰਿਸ਼ਟਾਚਾਰੀ ਬੰਦੇ ਵਿਰੁਧ ਕੇਸ ਦਰਜ ਕਰਨ ਲਈ ਉਪਰੋਂ ਆਗਿਆ ਲੈਣੀ ਪੈਂਦੀ ਹੈ, ਮਨਸੂਖ ਕੀਤੀ ਜਾਵੇ।

ਭੁੱਖਮਰੀ ਲੋਕਤੰਤਰੀ ਪ੍ਰਣਾਲੀ ਲਈ ਲਾਹਨਤ ਹੈ। ਭਾਰਤ ਵਿਚ 75 ਕਰੋੜ ਤੋਂ ਵੱਧ ਲੋਕ ਸਿਰਫ ਪ੍ਰਤੀ ਦਿਨ 20 ਰੁਪਏ ਨਾਲ ਗੁਜ਼ਾਰਾ ਕਰਦੇ ਹਨ। ਸਰਕਾਰਾਂ ਦਾ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਹੈ। ਅਜਿਹੇ ਪੈਸੇ ਨੂੰ ਵਾਪਸ ਲਿਆ ਕੇ ਇਸ ਤਰਫ ਧਿਆਨ ਦਿੱਤਾ ਜਾ ਸਕਦਾ ਹੈ। ਸਵਿਸ ਬੈਂਕਾਂ ਵਿਚ ਅਰਬਾਂ ਰੁਪਇਆਂ ਦਾ ਕਾਲਾ ਧਨ ਦੇਸ਼ ਵਿਚ ਵਾਪਸ ਲਿਆਉਣ ਲਈ ਯਤਨਾਂ ਦੇ ਨਾਲ-ਨਾਲ ਚਿੰਤਾ ਇਨ੍ਹਾਂ ਗੱਲਾਂ ਦੀ ਵੀ ਹੈ ਕਿ ਕਾਲਾ ਧਨ ਪੈਦਾ ਕਰਨ ਵਾਲੇ ਸਾਰੇ ਸੋਮਿਆਂ ਨੂੰ ਬੰਦ ਕਿਉਂ ਨਹੀਂ ਕੀਤਾ ਜਾਂਦਾ? ਸੰਪਤੀ ਪੈਦਾ ਕਰਨ ਦੇ ਮੁੱਖ ਸਾਧਨ ਸਰਕਾਰ ਅਤੇ ਜਨ ਸ਼ਕਤੀ ਦੇ ਕੰਟਰੋਲ ਹੇਠਾਂ ਹੋਣ। ਵੱਧ ਤੋਂ ਵੱਧ ਕਿਸੇ ਕੋਲ ਸੰਪਤੀ ਕਿੰਨੀ ਹੋਵੇ? ਸੰਪਤੀ ਦੀ ਉਪਰਲੀ ਹੱਦ ਨਿਸ਼ਚਿਤ ਕੀਤੀ ਜਾਵੇ। ਕੁਝ ਅਰਬਪਤੀ ਖਰਬਪਤੀ ਨਾ ਬਣ ਸਕਣ। ਪ੍ਰਾਪਰਟੀ ਟੈਕਸ ਲਾਜ਼ਮੀ ਹੋਵੇ। ਮਿਹਨਤ ਕਰਨ ਵਾਲੇ ਵਰਗ ਦੀਆਂ ਉਜਰਤਾਂ ਵਿਚ ਵਾਧਾ ਹੋਵੇ ਅਤੇ ਕਾਣੀ ਵੰਡ ਖਤਮ ਕੀਤੀ ਜਾਵੇ।

# ਜਿਸੁ ਆਸਣਿ ਹਮ ਬੈਠੇ

ਇਕ ਫਿਲਮ ਦਾ ਗੀਤ ਹੈ,
ਜਾਨੇ ਚਲੇ ਜਾਤੇ ਹੈ ਕਹਾਂ,
ਦੁਨੀਆਂ ਸੇ ਜਾਨੇ ਵਾਲੇ।
ਕਿਸੇ ਢੂੰਢੇ ਕੋਈ ਉਨ ਕੋ,
ਨਹੀਂ ਕਦਮੋਂ ਕੇ ਭੀ ਨਿਸ਼ਾਂ।

ਮਨੁੱਖ ਸੰਸਾਰ ਵਿਚ ਆਉਂਦਾ ਹੈ, ਵੱਖ ਵੱਖ ਖੇਤਰਾਂ ਵਿਚ ਜ਼ਿੰਦਗੀ ਗੁਜ਼ਾਰਦਾ ਹੈ ਅਤੇ ਇਸ ਦੁਨੀਆਂ ਵਿਚੋਂ ਚਲਾ ਜਾਂਦਾ ਹੈ, ਜਿਥੋਂ ਕਦੇ ਕੋਈ ਵਾਪਿਸ ਨਹੀਂ ਆਇਆ ਅਤੇ ਨਾ ਹੀ ਉਸ ਦੀ ਪੈੜ ਲੱਭ ਕੇ ਉਸ ਦਾ ਪਿੱਛਾ ਕੀਤਾ ਜਾ ਸਕਦਾ ਹੈ। ਇਕ ਗੁੰਝਲਦਾਰ ਪ੍ਰਸ਼ਨ ਮਨ ਵਿਚ ਪੈਦਾ ਹੁੰਦਾ ਹੈ ਕਿ ਮਨੁੱਖ ਇਸ ਧਰਤੀ 'ਤੇ ਕੀ ਕਰਨ ਆਉਂਦਾ ਹੈ? ਕੀ ਉਹ ਆਪਣੇ ਮਿਸ਼ਨ ਵਿਚ ਸਫਲ ਹੁੰਦਾ ਹੈ ਜਾਂ ਅਸਫਲ ਹੀ ਚਲਾ ਜਾਂਦਾ ਹੈ? ਕੀ ਮਕਸਦ ਹੈ, ਧਰਤੀ 'ਤੇ ਆ ਕੇ ਜੀਵਨ ਜਿਉਣ ਦਾ? ਇਸ ਬਾਰੇ ਵੱਖੋ ਵੱਖਰੇ ਵਿਚਾਰ ਹਨ ਅਤੇ ਜਿਵੇਂ ਜਿਵੇਂ ਹੋਰ ਗਿਆਨ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ,



**ਡਾ. ਅਜੀਤ ਸਿੰਘ ਕੋਟਕਪੂਰਾ**
ਫੋਨ: 585-305-0443

ਮਨੁੱਖ ਉਲਝਦਾ ਹੀ ਚਲਾ ਜਾਂਦਾ ਹੈ।

ਇਕ ਗਾਇਕ ਨੇ ਗਾਇਆ ਹੈ,
ਸਾਰੀ ਉਮਰ ਗੁਆ ਲਈ ਤੂੰ ਜਿੰਦੜੀਏ
ਕੁਝ ਨਾ ਜਹਾਨ ਵਿਚੋਂ ਖਟਿਆ।
ਕਿਉਂ ਕਰੇ ਤੂੰ ਮਾਇਆ ਮਾਇਆ,
ਮਾਇਆ ਹੈ ਦੋ ਪਲ ਦੀ ਛਾਇਆ।
ਫਸ ਕੇ ਇਸ ਦੇ ਮੋਹ 'ਚ ਕਿਉਂ
ਤੂੰ ਹੋਸ਼ ਭੁਲਾ ਲਈ ਤੂੰ ਜਿੰਦੜੀਏ
ਕੁਝ ਨਾ ਜਹਾਨ ਵਿਚੋਂ ਖੱਟਿਆ...।

ਨਾ ਬਚਪਨ, ਨਾ ਰਹੀ ਜਵਾਨੀ,
ਨਾ ਰਹੀ ਉਹ ਅੱਖ ਮਸਤਾਨੀ।
ਆਇਆ ਬੁਢਾਪਾ ਜੋ ਜਾਂਦਾ ਨਹੀਂ
ਹਰ ਚਾਲ ਚਲਾ ਲਈ ਤੂੰ ਜਿੰਦੜੀਏ
ਕੁਝ ਨਾ ਜਹਾਨ ਵਿਚੋਂ ਖਟਿਆ...।

ਦੁਨੀਆਂ ਤੈਨੂੰ ਪਿਆਰ ਸੀ ਕਰਦੀ
ਪਿਆਰ ਵੀ ਬੇਸ਼ੁਮਾਰ ਸੀ ਕਰਦੀ।
ਬੋਲ ਬੋਲ ਕੇ ਕੌੜੇ ਸ਼ਬਦ
ਦੁਸ਼ਮਣ ਬਣਾ ਲਈ ਤੂੰ ਜਿੰਦੜੀਏ
ਕੁਝ ਨਾ ਜਹਾਨ ਵਿਚੋਂ ਖਟਿਆ...।

ਇਨ੍ਹਾਂ ਸਤਰਾਂ ਵਿਚ ਜਿਸ ਖੱਟੀ ਦੀ ਗੱਲ ਕਹੀ ਜਾ ਰਹੀ ਹੈ, ਉਹ ਤਾਂ ਵਿਦਿਅਕ ਅਦਾਰਿਆਂ ਵਿਚ ਸਿਖਾਈ ਹੀ ਨਹੀਂ ਜਾਂਦੀ। ਉਥੇ ਤਾਂ ਖੱਟੀ ਦਾ ਅਰਥ ਲਾਭ ਜਾਂ ਕਮਾਈ ਹੁੰਦਾ ਹੈ, ਜੋ ਆਮ ਤੌਰ 'ਤੇ ਕਿਸੇ ਵਸਤੂ ਨੂੰ ਘਟ ਕੀਮਤ 'ਤੇ ਖਰੀਦ ਕੇ ਵੱਧ ਕੀਮਤ 'ਤੇ ਵੇਚ ਕੇ ਜੋ ਬਾਕੀ ਬਚਦਾ ਹੈ, ਉਹ ਲਾਭ ਜਾਂ ਕਮਾਈ ਹੋਇਆ ਕਰਦੀ ਹੈ। ਉਸ ਮਾਇਆ ਨੂੰ ਇਸ ਗੀਤਕਾਰ ਨੇ ਤੁੱਛ ਹੀ ਆਖਿਆ ਹੈ ਤੇ ਸਲਾਹ ਦਿੱਤੀ ਹੈ ਕਿ ਮਾਇਆ ਦੇ ਚੱਕਰ ਵਿਚ ਪੈ ਕੇ ਆਪਣੀ ਹੋਸ਼ ਗੁੰਮ ਨਾ ਕਰ। ਇਸ ਚੱਕਰ ਵਿਚ ਬਚਪਨ ਅਤੇ ਜਵਾਨੀ ਨੂੰ ਖਤਮ ਕਰ ਹੁਣ ਬੁਢਾਪੇ ਵਿਚ ਪੈਰ ਪਾ ਲਿਆ ਹੈ ਅਤੇ ਬੁਢਾਪਾ ਜਾਣ ਦਾ ਨਾਂ ਹੀ ਨਹੀਂ ਲੈਂਦਾ। ਦੁਨੀਆਂ, ਜੋ ਤੈਨੂੰ ਪਿਆਰ ਕਰ ਰਹੀ ਸੀ, ਉਸ ਨੂੰ ਤੂੰ ਇਸ ਮਾਇਆ ਦੀ ਹੈਂਕੜ ਵਿਚ ਕੌੜੇ ਬੋਲ ਬੋਲ ਕੇ ਦੁਸ਼ਮਣ ਬਣਾ ਲਿਆ ਹੈ ਅਤੇ ਜ਼ਿੰਦਗੀ ਗੁਆ ਕੇ ਵੀ ਤੂੰ ਕੁਝ ਨਹੀਂ ਸਿਖਿਆ। ਇਸ ਲਈ ਹੇ ਮਨੁੱਖ, ਕੁਝ ਹੋਸ਼ ਕਰ ਇਸ ਮਾਇਆ ਦਾ ਪਿੱਛਾ ਛੱਡ ਕੇ ਆਪਣੀ ਜ਼ਿੰਦਗੀ ਨੂੰ ਸੰਵਾਰ ਲੈ।

ਇਹ ਸਮਝ ਨਹੀਂ ਆ ਰਿਹਾ ਕਿ ਗਾਇਕ ਜ਼ਿੰਦਗੀ ਸੰਵਾਰਨ ਦਾ ਕੀ ਅਰਥ ਲੈਂਦਾ ਹੈ? ਕੀ ਉਹ ਜ਼ਿੰਦਗੀ ਨੂੰ ਦੇਸ਼ ਸੇਵਾ ਦੇ ਲੇਖੇ ਲਾਉਣ ਲਈ ਸਮਝ ਰਿਹਾ ਹੈ ਅਰਥਾਤ ਫੌਜ ਵਿਚ ਭਰਤੀ ਹੋ ਆਪਣੀ ਜਾਨ ਲੜਾਈ ਦੇ ਮੈਦਾਨ ਵਿਚ ਦੇਸ਼ ਦੀ ਖਾਤਿਰ ਕੁਰਬਾਨ ਕਰ ਦਿੱਤੀ ਜਾਵੇ। ਜਾਂ ਉਸ ਦਾ ਭਾਵ ਪਰਮਾਤਮਾ ਦਾ ਨਾਂ ਜਪਣ ਤੋਂ ਹੈ ਅਤੇ ਆਪਣੇ ਆਪ ਨੂੰ ਧਾਰਮਕ ਕੰਮਾਂ ਵਿਚ ਲਾਉਣ ਦੀ ਸਿਖਿਆ ਦੇਣੀ ਚਾਹ ਰਿਹਾ ਹੈ। ਇਨ੍ਹਾਂ ਵਿਚਾਰਾਂ ਵਿਚ ਮਗਨ ਸਾਂ ਤਾਂ ਇਹ ਗੀਤ ਕੰਨੀਂ ਪੈ ਗਿਆ, "ਦੱਸ ਮੈਂ ਕੀ ਪਿਆਰ ਵਿਚੋਂ ਖਟਿਆ...।"

ਅਸੀਂ ਪਿਆਰ ਜਿਹੇ ਪਵਿੱਤਰ ਰਿਸ਼ਤੇ ਵਿਚੋਂ ਵੀ ਖੱਟੀ ਲੱਭਦੇ ਹਾਂ। ਇਥੇ ਖੱਟੀ ਦਾ ਅਰਥ ਲਾਭ ਜਾਂ ਕਮਾਈ ਹੀ ਜਾਪਦਾ ਹੈ ਕਿ ਮੈਨੂੰ ਪਿਆਰ ਕਰਕੇ ਕੀ ਪ੍ਰਾਪਤ ਹੋਇਆ ਹੈ? ਪਿਆਰ ਰੱਬ ਨਾਲ ਵੀ ਹੋ ਸਕਦਾ ਹੈ ਅਤੇ ਪਿਆਰ ਦੁਨਿਆਵੀ ਵਸਤਾਂ ਨਾਲ ਵੀ ਹੋ ਸਕਦਾ ਹੈ ਅਤੇ ਪਿਆਰ ਵਿਰੋਧੀ ਲਿੰਗ ਨਾਲ ਵੀ ਹੋ ਸਕਦਾ ਹੈ। ਮੇਰੇ ਵਿਚਾਰ ਅਨੁਸਾਰ ਪਿਆਰ ਕਦੇ ਵੀ ਖੱਟੀ ਜਾਂ ਕਮਾਈ ਲਈ ਨਹੀਂ ਕੀਤਾ ਜਾਂਦਾ। ਇਹ ਤਾਂ ਜੀਵਨ ਨੂੰ ਭਲੀ ਭਾਂਤੀ ਗੁਜ਼ਾਰਨ ਦਾ ਢੰਗ ਹੈ, ਇਸ ਵਿਚ ਕੁਰਬਾਨੀ ਵੀ ਸ਼ਾਮਿਲ ਹੁੰਦੀ ਹੈ। ਤੁਸੀਂ ਆਪਣੇ ਪਿਆਰ ਦੀ ਪ੍ਰਾਪਤੀ ਲਈ ਕਿਸ ਹੱਦ ਤਕ ਜਾ ਸਕਦੇ ਹੋ! ਆਪਣੇ ਦੇਸ਼ ਨੂੰ ਪਿਆਰ ਕਰਦਿਆਂ ਜਾਨ ਵੀ ਕੁਰਬਾਨ ਕਰਨੀ ਪੈ ਸਕਦੀ ਹੈ। ਪਰਮਾਤਮਾ ਨੂੰ ਪਿਆਰ ਕਰਨ ਵਾਲੇ ਦੁਨਿਆਵੀ ਸੁਖ ਕੁਰਬਾਨ ਕਰਦੇ ਹਨ ਅਤੇ ਪਰਮਾਤਮਾ ਦੀ ਕਾਇਨਾਤ ਨੂੰ ਪਿਆਰ ਕਰਦਿਆਂ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਪਿਆਰ ਕਰਦਿਆਂ ਲਾਭ ਦੀ ਉਮੀਦ ਰੱਖਣੀ ਹੀ ਗਲਤ ਹੈ। ਪਿਆਰ ਦੋਸਤਾਂ ਨਾਲ ਵੀ ਹੁੰਦਾ ਹੈ। ਇਕ ਦੋਸਤ ਦੂਜੇ ਦੋਸਤ ਲਈ ਕੀ ਕੁਝ ਕਰ ਸਕਦਾ ਹੈ। ਇਹ ਇਕਪਾਸੜ ਨਹੀਂ ਹੁੰਦਾ। ਦੋਹੀਂ ਪਾਸੀਂ ਕੁਰਬਾਨੀ ਦੀ ਭਾਵਨਾ ਹੋਵੇ ਤਾਂ ਹੀ ਦੋਸਤੀ ਨਿਭਦੀ ਹੈ। ਇਕਪਾਸੜ ਦੋਸਤੀ ਕਦੇ ਵੀ ਨਹੀਂ ਨਿਭਿਆ ਕਰਦੀ।

ਜਦੋਂ ਅਸੀਂ ਇਹ ਆਸਾਂ ਲਾ ਬੈਠੇ ਹਾਂ ਕਿ ਅਸੀਂ ਪਿਆਰ ਵਿਚੋਂ ਕੁਝ ਖੱਟਣਾ ਹੀ ਹੈ ਅਤੇ ਆਸ ਕਰਦੇ ਹਾਂ ਕਿ ਚੋਣਾਂ ਲੜਨ ਵਾਲੇ ਇਮਾਨਦਾਰ ਅਤੇ ਦੇਸ਼ ਸੇਵਾ ਦੀ ਭਾਵਨਾ ਰੱਖਦੇ ਹੋਣ। ਪ੍ਰੰਤੂ ਸਾਰੇ ਇੱਕੋ ਜਿਹੀ ਸੋਚ ਵਾਲੇ ਨਹੀਂ ਹੋ ਸਕਦੇ। ਇਸ ਦੇਸ਼ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜਿਹੇ ਪੈਦਾ ਹੋਏ ਅਤੇ ਅੱਜ ਵੀ ਅਜਿਹੀਆਂ ਭਾਵਨਾਵਾਂ ਦਿਲ ਵਿਚ ਲੈ ਕੇ ਨੌਜਵਾਨ ਅੱਗੇ ਵਲ ਵੱਧ ਰਹੇ ਹਨ, ਜੋ ਕੇਵਲ ਦੇਸ਼ ਨੂੰ ਅੱਗੇ ਵਲ ਲੈ ਕੇ ਜਾਣ ਖਾਤਿਰ ਆਪਣੀਆਂ ਜਾਨਾ ਤਕ ਕੁਰਬਾਨ ਕਰ ਸਕਦੇ ਹਨ। ਭਾਵੇਂ ਇਹ ਦੁਨੀਆਂ ਕਿਸੇ ਕਵੀ ਦੀਆਂ ਸਤਰਾਂ ਅਨੁਸਾਰ "ਇਹ ਦੁਨੀਆਂ ਮੰਡੀ ਪੈਸੇ ਦੀ, ਹਰ ਚੀਜ ਵਿਕੇਂਦੀ ਭਾਅ ਸੱਜਣਾ।"

ਇਸ ਤਰ੍ਹਾਂ ਦੀ ਦੁਨੀਆਂ 'ਚ ਇਹ ਆਸ ਰੱਖਣੀ ਕਿ ਇਸ ਪੈਸੇ ਦੇ ਪੁਜਾਰੀਆਂ ਵਿਚ ਕੋਈ ਵੀ ਕੰਮ ਕੇਵਲ ਤੇ ਕੇਵਲ ਦੇਸ਼ ਸੇਵਾ ਦੀ ਖਾਤਿਰ ਕੀਤਾ ਜਾਵੇਗਾ, ਸਿਆਣਪ ਨਹੀਂ ਮੰਨਿਆ ਜਾ ਸਕਦਾ, ਪਰ ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਅਸੀਂ ਦੇਖ ਸਕਦੇ ਹਾਂ ਕਿ ਕੁਝ ਲੋਕ ਹਾਲੇ ਵੀ ਦੇਸ਼ ਸੇਵਾ ਨੂੰ ਸਮਰਪਿਤ ਹਨ। ਉਹ ਆਪਣਾ ਨੁਕਸਾਨ ਕਰ ਕੇ ਵੀ ਦੇਸ਼ ਦੀ ਭਲਾਈ ਕਰਨ ਵਿਚ ਯਕੀਨ ਰੱਖਦੇ ਹਨ। ਮੇਰੀ ਉਨ੍ਹਾਂ ਲੋਕਾਂ ਨੂੰ ਸਨਿਮਰ ਅਪੀਲ ਹੈ ਕਿ ਜੋ ਲੋਕ ਦੇਸ਼ ਸੇਵਾ ਦੀ ਥਾਂ ਚੋਣ ਲੜਨ ਨੂੰ ਇਕ ਨਿਵੇਸ਼ ਜਾਣ ਕੇ ਇਸ ਖੇਤਰ ਵਿਚ ਪੈਰ ਪਾ ਰਹੇ ਹਨ, ਉਹ ਇਸ ਕੰਮ ਤੋਂ ਕਿਨਾਰਾ ਕਰਨ ਅਤੇ ਨਿਵੇਸ਼ ਲਈ ਹੋਰ ਕੰਮਾਂ ਵਿਚ ਪੈਸੇ ਲਾਉਣ ਤਾਂ ਜੋ ਉਹ ਪੈਸਾ ਵੀ ਵਧੇ ਫੁੱਲੇ।

ਜੇ ਚੋਣ ਸਹੀ ਸੇਵਾ ਭਾਵਨਾ ਨਾਲ ਲੜੀ ਜਾਵੇ ਤੇ ਜਿੱਤਣ ਵਾਲੇ ਜਨਤਾ 'ਚ ਰਹਿ ਕੇ ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਯਤਨ ਕਰਨ ਤਾਂ ਇਹ ਠੀਕ ਦਿਸ਼ਾ ਵਲ ਪੁੱਟੇ ਗਏ ਕਦਮ ਕਹੇ ਜਾ ਸਕਦੇ ਹਨ, ਜਿਨ੍ਹਾਂ ਦੀ ਬਹੁਤ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਪਰ ਲੋਕਾਂ ਦੀ ਮਾਨਸਿਕ ਹਾਲਤ ਨੂੰ ਸਮਝਦਿਆਂ ਨਿਰਸਵਾਰਥ ਚੋਣਾਂ ਲੜਨ ਵਾਲੇ ਲੱਭਣੇ ਔਖੇ ਹਨ। ਹੁਣ ਤਾਂ ਚੋਣਾਂ 'ਚ ਝੂਠੇ ਲਾਰੇ ਵਰਤਾਏ ਜਾਂਦੇ ਹਨ। ਚੋਣਾਂ ਤੋਂ ਬਾਅਦ ਉਹ ਵਾਅਦੇ ਧੂੰਆਂ ਬਣ ਕੇ ਉਡ ਜਾਂਦੇ ਹਨ।

ਭਾਵੇਂ ਭਾਰਤ ਦੇਸ਼ 1947 ਵਿਚ ਆਜ਼ਾਦ ਹੋਇਆ ਸੀ, ਪਰ ਪਹਿਲੀ ਚੋਣ 1952 ਵਿਚ ਲੜੀ ਗਈ ਸੀ। ਉਸ ਚੋਣ 'ਚ ਨੇਤਾ ਕੁਝ ਕੁਰਬਾਨੀਆਂ ਦੇਣ ਵਾਲੇ ਨੇਤਾਵਾਂ ਦੇ ਸਾਥੀ ਸਨ ਅਤੇ ਉਨ੍ਹਾਂ ਨੂੰ ਦੇਸ਼ ਦੀ ਗੁਲਾਮੀ ਦੀ ਹਾਲਤ ਦਾ ਗਿਆਨ ਸੀ। ਉਨ੍ਹਾਂ ਨੇ ਇਮਾਨਦਾਰੀ ਨਾਲ ਕੁਝ ਵਾਅਦੇ ਕੀਤੇ ਅਤੇ ਉਨ੍ਹਾਂ ਨੂੰ ਪੂਰਨ ਕਰਨ ਲਈ ਯਤਨ ਵੀ ਕੀਤੇ, ਪਰ ਸਮਾਂ ਬੀਤਣ ਨਾਲ ਅਸਲੀਅਤ ਬਦਲ ਚੁਕੀ ਹੈ, ਹੁਣ ਤਾਂ ਹਰ ਨੇਤਾ ਸਵਾਰਥੀ ਹੀ ਨਜ਼ਰ ਆ ਰਿਹਾ ਹੈ। ਆਮ ਜਨਤਾ ਨੂੰ ਭਰਮਾ ਕੇ ਵੋਟਾਂ ਬਟੋਰ ਲਈਆਂ ਜਾਂਦੀਆਂ ਹਨ ਅਤੇ ਫੇਰ ਜਨਤਾ ਨੂੰ ਖੁਦਾ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਜਾਂਦਾ ਹੈ ਅਤੇ ਜਿਤੇ ਹੋਏ ਨੇਤਾਵਾਂ ਨੂੰ ਮਿਲਣਾ ਹੀ ਮੁਸ਼ਕਿਲ ਹੋ ਜਾਂਦਾ ਹੈ। ਉਨ੍ਹਾਂ ਨੇਤਾਵਾਂ



ਨੂੰ ਆਮ ਜਨਤਾ ਆਪਣੇ ਕੰਮਾਂ ਕਾਰਾਂ ਲਈ ਲੱਭਦੀ ਰਹਿ ਜਾਂਦੀ ਹੈ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਨੇਤਾ ਘਰ ਹੀ ਹੁੰਦਾ ਹੈ ਅਤੇ ਮਿਲਣ ਵਾਲੇ ਨੂੰ ਆਖ ਦਿਤਾ ਜਾਂਦਾ ਹੈ ਕਿ ਨੇਤਾ ਤਾਂ ਘਰੋਂ ਬਾਹਰ ਹਨ, ਪਤਾ ਨਹੀਂ ਕਦੋਂ ਆਉਣਗੇ। ਕਈ ਵਾਰ ਪ੍ਰਾਪਤ ਕੀਤੀਆਂ ਅਰਜ਼ੀਆਂ ਨੂੰ ਕੂੜੇ ਦੇ ਢੇਰ ਵਿਚ ਸੁੱਟ ਦਿਤਾ ਜਾਂਦਾ ਹੈ ਅਤੇ ਅਰਜ਼ੀ ਦੇਣ ਵਾਲੇ ਨੂੰ ਦਿਲਾਸਾ ਦਿਤਾ ਜਾਂਦਾ ਹੈ ਕਿ ਤੁਹਾਡੇ ਕੰਮ ਲਈ ਯਤਨਸ਼ੀਲ ਹਾਂ। ਕੰਮ ਕਰਵਾਉਣ ਵਾਲਾ ਉਡੀਕਦਾ ਹੀ ਰਹਿੰਦਾ ਹੈ।

ਹੁਣ ਫਿਰ ਚੋਣਾਂ ਦਾ ਸਮਾਂ ਆ ਗਿਆ ਹੈ। ਨਵੇਂ ਨਵੇਂ ਲਾਰਿਆਂ ਦੇ ਭਰੇ ਚੋਣ ਮਨੋਰਥ ਪੱਤਰ ਜਾਰੀ ਹੋ ਰਹੇ ਹਨ। ਲੋਕ ਪਿਛਲੇ ਕੰਮਾਂ ਬਾਰੇ ਪੁੱਛਦੇ ਹਨ ਤਾਂ ਫਿਰ ਲਾਰਾ ਲਾਇਆ ਜਾਂਦਾ ਹੈ ਕਿ ਇਸ ਵਾਰ ਮੌਕਾ ਦਿਉ, ਸਾਰੇ ਉਲਾਹਮੇ ਲਾਹ ਦੇਵਾਂਗਾ। ਭੋਲੀ ਜਨਤਾ ਫਿਰ ਫਸ ਜਾਂਦੀ ਹੈ ਤੇ ਅਜਿਹਾ ਪਿਛਲੇ ਸਮੇਂ ਤੋਂ ਚਲ ਰਿਹਾ ਹੈ।

ਬੇਰੁਜ਼ਗਾਰੀ, ਮਹਿੰਗਾਈ, ਗਰੀਬੀ ਅਤੇ ਭ੍ਰਿਸ਼ਟਾਚਾਰ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ, ਸਗੋਂ ਅੱਜ ਕਲ ਮੁਖ ਪਾਰਟੀਆਂ ਵਲੋਂ ਆਮ ਜਨਤਾ ਦਾ ਧਿਆਨ ਮੁਖ ਮੁੱਦਿਆਂ ਤੋਂ ਪਾਸੇ ਕਰਨ ਦੇ ਯਤਨ ਵਜੋਂ ਚੌਕੀਦਾਰ, ਚੌਕੀਦਾਰ ਜਾਂ ਚੌਕੀਦਾਰ ਚੋਰ ਹੈ, ਚੌਕੀਦਾਰ ਚੋਰ ਹੈ ਆਦਿ ਸ਼ਬਦ ਖਬਰਾਂ ਦਾ ਸ਼ਿੰਗਾਰ ਬਣੇ ਹੋਏ ਹਨ। ਜੇ ਇਹ ਅਸਲੀਅਤ ਸਮਝ ਲਈ ਜਾਵੇ ਕਿ ਦੇਸ਼ 'ਚ ਚੌਕੀਦਾਰ ਹਾਜ਼ਰ ਹੈ, ਪਰ ਇਹ ਵੀ ਦੇਖਣ ਅਤੇ ਸੋਚਣ ਦੀ ਗੱਲ ਹੈ ਕਿ ਜਦੋਂ ਦੇਸ਼ ਵਿਚੋਂ ਲੱਖਾਂ ਕਰੋੜਾਂ ਲੈ ਕੇ ਕੋਈ ਭੱਜ ਗਿਆ ਅਤੇ ਵਿਦੇਸ਼ ਪਹੁੰਚ ਗਿਆ, ਉਸ ਵੇਲੇ ਚੌਕੀਦਾਰ ਕਿਥੇ ਸੀ? ਜੇ ਉਸ ਨੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਕੀਤਾ ਤਾਂ ਕਿ ਉਸ ਨੂੰ ਦੁਬਾਰਾ ਚੌਕੀਦਾਰ ਬਣਾ ਦਿਤਾ ਜਾਵੇ ਕਿ ਨਵੇਂ ਚੌਕੀਦਾਰ ਲੱਭਣ ਲਈ ਯਤਨ ਕੀਤੇ ਜਾਣ।

ਇਹ ਤਾਂ ਸਪਸ਼ਟ ਹੈ ਕਿ ਇਸ ਤਰ੍ਹਾਂ ਨਾਲ ਗਰੀਬ ਦਾ ਢਿੱਡ ਨਹੀਂ ਭਰਿਆ ਜਾ ਸਕਦਾ। ਜਨਤਾ ਨੂੰ ਮੁਫਤ ਸਹੂਲਤਾਂ ਦੀ ਲੋੜ ਨਹੀਂ ਹੈ, ਵਿਦਿਆਰਥੀਆਂ ਨੂੰ ਮੋਬਾਈਲ ਫੋਨ ਮੁਫਤ ਨਹੀਂ ਚਾਹੀਦੇ, ਉਹ ਤਾਂ ਆਪਣੀ ਵਿਦਿਆ ਅਨੁਸਾਰ ਢੁਕਵਾਂ ਰੋਜ਼ਗਾਰ ਚਾਹੁੰਦੇ ਹਨ। ਮੋਬਾਈਲ ਤੇ ਹੋਰ ਸਹੂਲਤਾਂ ਤਾਂ ਆਪਣੀ ਤਨਖਾਹ ਵਿਚੋਂ ਹੀ ਲੈ ਸਕਣਗੇ। ਹਰ ਸਾਲ ਬੇਰੁਜ਼ਗਾਰੀ ਵਧ ਰਹੀ ਹੈ, ਇਸ ਪਾਸੇ ਵਲ ਨਿੱਗਰ ਕਦਮ ਚੁੱਕਣ ਦੀ ਲੋੜ ਹੈ। ਨਿਗੂਣੀ ਬੁਢਾਪਾ ਪੈਨਸ਼ਨ ਦਿਤੀ ਜਾਂਦੀ ਹੈ, ਉਸ ਲਈ ਵੀ ਵਾਰ ਵਾਰ ਗੇੜੇ ਮਰਵਾਏ ਜਾਂਦੇ ਹਨ। ਬੁਢਾਪਾ ਰੋਲਿਆ ਜਾ ਰਿਹਾ ਹੈ। ਉਹ ਸਰਮਾਇਆ ਹੈ, ਉਸ ਦੀ ਯੋਗ ਸਲਾਹ ਨਾਲ ਤਰੱਕੀ ਵਲ ਵਧੀਆ ਜਾ ਸਕਦਾ ਹੈ। ਜੇ ਨੇਤਾ ਅੱਸੀ ਤੋਂ ਵੱਧ ਸਾਲ ਦੇ ਚੋਣਾਂ ਲੜ ਕੇ ਵਜ਼ੀਰ ਦੀ ਕੁਰਸੀ ਸਾਂਭ ਸਕਦੇ ਹਨ ਤਾਂ ਬਾਕੀ ਬਜ਼ੁਰਗਾਂ ਨੂੰ ਨਿਗੂਣੀ ਪੈਨਸ਼ਨ ਕਿਉਂ ਦਿਤੀ ਜਾ ਰਹੀ ਹੈ? ਉਨ੍ਹਾਂ ਨੂੰ ਸਨਮਾਨਯੋਗ ਜੀਵਨ ਜੀਣ ਲਈ ਪੈਨਸ਼ਨ ਦਿਤੀ ਜਾਵੇ। ਵੋਟਾਂ ਸਮੇਂ ਪੈਨਸ਼ਨ ਵਧਾਉਣ ਦੇ ਲਾਏ ਲਾਰੇ ਵਫਾ ਹੋਣੇ ਚਾਹੀਦੇ ਹਨ। ਚੋਣ ਮਨੋਰਥ ਪੱਤਰ ਲਾਰਿਆਂ ਦਾ ਟੋਕਰਾ ਨਾ ਹੋ ਕੇ ਅਸਲੀਅਤ ਦੇ ਨੇੜੇ ਹੀ ਹੋਵੇ। ਜੋ ਵਾਅਦੇ ਪੂਰੇ ਨਹੀਂ ਕੀਤੇ ਜਾ ਸਕਦੇ, ਉਹ ਨਾ ਹੀ ਸ਼ਾਮਿਲ ਕੀਤੇ ਜਾਣ। ਚੋਣ ਕਮਿਸ਼ਨ ਇਸ ਸਬੰਧ ਵਿਚ ਸਖਤ ਰਵਈਆ ਅਪਨਾਏ। ਮਨੋਰਥ ਪੱਤਰ ਵਿਚ ਦਿਤੇ ਵਾਅਦੇ ਨਾ ਪੂਰਾ ਕਰਨ ਵਾਲਿਆਂ ਦੀ ਮਾਨਤਾ ਰੱਦ ਕੀਤੀ ਜਾਵੇ ਅਤੇ ਅਗੇ ਤੋਂ ਚੋਣ ਨਾ ਲੜਨ ਦਿਤੀ ਜਾਵੇ।

ਬਾਬਾ ਫਰੀਦ ਜੀ ਦਾ ਬਚਨ ਇਹ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ,

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥
(ਗੁਰੂ ਗ੍ਰੰਥ ਸਾਹਿਬ, ਪੰਨਾ 488)

ਦੁਨੀਆਂ 'ਤੇ ਕਿਸੇ ਨੇ ਵੀ ਬੈਠ ਨਹੀਂ ਰਹਿਣਾ। ਇਸ ਲਈ ਨੇਕ ਕੰਮ ਕਰੋ, ਹਮੇਸ਼ਾ ਖੱਟੀ ਕਮਾਈ ਦੀ ਦੌੜ ਵਿਚ ਨਾ ਰਹੋ। ਕੁਝ ਲੋਕ ਭਲਾਈ ਦੇ ਕੰਮ ਕਰੋ। ਇਹ ਨਾ ਹੋਵੇ ਕਿ ਸਾਰੀ ਉਮਰ ਮੇਰੀ ਮੇਰੀ ਕਰਦਿਆਂ ਦੀ ਹੀ ਲੰਘ ਜਾਵੇ ਤੇ ਉਸ ਥਾਂ ਜਾਣ ਵੇਲੇ ਜਿਥੋਂ ਕੋਈ ਕਦੇ ਵਾਪਸ ਨਹੀਂ ਆਇਆ, ਸਾਨੂੰ ਪਛਤਾਵਾ ਹੋਵੇ ਕਿ ਅਸੀਂ ਦੁਨੀਆਂ 'ਤੇ ਆ ਕੇ ਚੰਗੇ ਕੰਮ ਕਰਨ ਤੋਂ ਵਾਂਝੇ ਹੀ ਰਹੇ। ਭਾਵੇਂ ਮਾਇਆ ਤੋਂ ਬਿਨਾ ਜੀਵਨ ਵਿਚ ਨਹੀਂ ਸਰਦਾ ਪਰ ਲੋੜ ਜੋਗੀ ਮਾਇਆ ਹੋਵੇ ਅਰਥਾਤ ਕਿਸੇ ਲੋੜ ਦੀ ਥੋੜ ਨਾ ਹੋਵੇ, ਅਜਿਹਾ ਹੀ ਜੀਵਨ ਗੁਜ਼ਾਰ ਦੁਨੀਆਂ ਨੂੰ ਅਲਵਿਦਾ ਕਹਿ ਦਿਤਾ ਜਾਵੇ। ਲੋੜ ਹਰ ਇਕ ਦੀ ਵੱਖ ਵੱਖ ਹੈ ਅਤੇ ਲੋੜਾਂ ਤਾਂ ਅਥਾਹ ਹਨ ਸੀਮਤ ਦਾਇਰੇ ਅੰਦਰ ਰਹਿ ਕੇ ਸੁਖਮਈ ਜੀਵਨ ਬਤੀਤ ਕੀਤਾ ਜਾਵੇ।

---

# ਜਾਹਲ ਔਰਤ

ਰੇਣੂ ਸਵੇਰ ਦੀ ਪਹਿਲੀ ਕਿਰਨ ਨਾਲ ਉਠੀ ਭੱਜ ਭੱਜ ਸਾਰੇ ਕੰਮ ਕਰ ਰਹੀ ਸੀ। ਸੱਸ-ਸਹੁਰੇ ਨੂੰ ਚਾਹ ਦੇ ਕੇ ਪਤੀ ਦੀ ਚਾਹ ਵੀ ਕਮਰੇ ਵਿਚ ਪਹੁੰਚਾ ਦਿੱਤੀ। ਬੱਚਿਆਂ ਨੂੰ ਉਠਾ ਕੇ ਵਾਸ਼ਰੂਮ ਵਲ ਤੋਰ ਉਹ ਰਸੋਈ ਵਿਚ ਆ ਗਈ। ਕਾਹਲੀ ਕਾਹਲੀ ਨਾਸ਼ਤਾ ਤਿਆਰ ਕਰਦਿਆਂ ਬੱਚਿਆਂ ਤੇ ਪਤੀ ਦੇ ਟਿਫਨ ਵਗੈਰਾ ਤਿਆਰ ਕਰ ਦਿੱਤੇ। ਇਕ ਇਕ ਕਰ ਕੇ ਸਾਰੇ ਜਣੇ ਨਾਸ਼ਤੇ ਦੀ ਟੇਬਲ ਤੋਂ ਆਪੋ ਆਪਣੀ ਪਸੰਦ ਦਾ ਨਾਸ਼ਤਾ ਚੁੱਕ ਭੱਜੇ ਜਾ ਰਹੇ ਹਨ। ਇਹ ਸਵੇਰ ਦਾ ਵੀ ਕੀ ਵੇਲਾ ਹੁੰਦਾ ਹੈ, ਸਭ ਨੂੰ ਆਪੋ ਧਾਪੀ ਪਈ ਹੋਈ ਹੈ, ਕਿਸੇ ਨੂੰ ਦੂਜੇ ਦੀ ਫਿਕਰ ਨਹੀਂ। ਅਜਿਹੇ ਵਿਚ ਕੇਵਲ ਰੇਣੂ ਹੀ ਹੈ, ਜੋ ਸਾਰੇ ਪਰਿਵਾਰ ਵਿਚ ਇਕ ਘੁੰਮਦੀ ਕੜੀ ਵਾਂਗ ਹੈ ਤੇ ਸਭ ਦੀਆਂ ਫਰਮਾਇਸ਼ਾਂ ਤੇ ਲੋੜਾਂ ਪੂਰੀ ਕਰਦੀ ਭੱਜੀ ਫਿਰਦੀ ਹੈ।

**ਜਤਿੰਦਰ ਕੌਰ ਰੰਧਾਵਾ**
ਫੋਨ: 647-982-2390

ਪਤੀ ਦੀ ਟਾਈ ਨਹੀਂ ਲੱਭ ਰਹੀ ਤੇ ਸੋਨੂੰ ਦੀਆਂ ਜੁਰਾਬਾਂ, ਰੀਟਾ ਦੀ ਸਕਰਟ ਦੇ ਵਲ ਸਹੀ ਪ੍ਰੈਸ ਨਹੀਂ ਹੋਏ, ਬਸ ਰੌਲਾ-ਗੌਲਾ ਹੈ। ਸੱਸ ਜੀ ਇਕ ਖੂੰਝੇ ਵਿਚ ਆਰਾਮ ਕੁਰਸੀ 'ਤੇ ਬਿਰਾਜਮਾਨ ਮਾਲਾ ਫੇਰ ਰਹੇ ਹਨ ਤੇ ਨਾਲੇ ਚਾਰੇ ਪਾਸੇ ਦੇ ਨਜ਼ਾਰਿਆਂ 'ਤੇ ਗਹਿਰੀ ਨਜ਼ਰ ਹੈ।

"ਓ ਹੋ! ਸੋਨੂੰ ਟਿਫਨ ਭੁੱਲ ਗਿਆ।" ਰੇਣੂ ਭੱਜ ਕੇ ਟਿਫਨ ਫੜਾਉਣ ਪਿੱਛੇ ਭੱਜੀ। ਕਾਹਲੀ ਨਾਲ ਜੈਕਟ ਤੇ ਬਾਹਰਲੇ ਸ਼ੂਅ ਪਾਉਣੇ ਵੀ ਭੁੱਲ ਗਈ। ਨਾਈਟ ਸੂਟ ਤੇ ਸਲੀਪਰਾਂ ਵਿਚ ਹੀ ਭੱਜ ਕੇ ਟਿਫਿਨ ਫੜਾ ਆਈ। ਘਰ ਵੜਦਿਆਂ ਹੀ ਸੱਸ ਨੇ ਘੂਰ ਕੇ ਵੇਖਿਆ ਤੇ ਹਿਕਾਰਤ ਜਿਹੀ ਨਾਲ ਕਿਹਾ, "ਜਾਹਲ ਔਰਤ।"

ਰੇਣੂ ਨੇ ਸੁਣ ਕੇ ਵੀ ਅਨਸੁਣਿਆ ਜਿਹਾ ਕਰ ਦਿੱਤਾ। ਸਭ ਨੂੰ ਤੋਰ ਫਿਰ ਰਸੋਈ ਵਿਚ ਆ ਵੜੀ। ਸੱਸ-ਸਹੁਰੇ ਦਾ ਨਾਸ਼ਤਾ, ਸਫਾਈ, ਡਸਟਿੰਗ, ਲਾਂਡਰੀ ਆਦਿ ਤੋਂ ਵਿਹਲੇ ਹੁੰਦਿਆਂ ਹੀ ਦੁਪਹਿਰ ਦਾ ਖਾਣਾ ਬਣਾਉਣ ਲੱਗ ਪਈ। ਕੁੱਕਰ ਦੀਆਂ ਸੀਟੀਆਂ ਤੇ ਤੜਕੇ ਦੀ ਖੁਸ਼ਬੂ ਨੇ ਘਰ ਫਿਰ ਮਹਿਕਾ ਦਿੱਤਾ।

ਬਾਹਰ ਸਕੂਲ ਬਸ ਦੇ ਸਟਾਪ 'ਤੇ ਆ ਕੇ ਰੁਕਣ ਦੀ ਆਵਾਜ਼ ਆਈ। ਸੋਨੂੰ ਤੇ ਰੀਟਾ ਹੱਸਦੇ ਖੇਡਦੇ ਅੰਦਰ ਆ ਵੜੇ। ਸੋਨੂੰ ਬੈਗ ਘਰ ਸੁੱਟਦਿਆਂ ਹੀ ਬਾਹਰ ਖੇਡਣ ਭੱਜ ਗਿਆ। ਰੇਣੂ ਲੰਚ ਲਈ ਆਵਾਜ਼ਾਂ ਮਾਰਦੀ ਰਹਿ ਗਈ। ਰੀਟਾ ਨੇ ਘਰ ਵੜਦਿਆਂ ਹੀ ਮਸਾਲੇ ਤੇ ਤੇਲ ਦੀ ਉਡਦੀ ਖੁਸ਼ਬੂ 'ਤੇ ਨੱਕ ਮੂੰਹ ਚାੜ੍ਹਿਆ ਤੇ ਹਾਏ-ਹੈਲੋ ਕੀਤੇ ਬਿਨਾ ਆਪਣੇ ਕਮਰੇ ਵਿਚ ਚਲੀ ਗਈ।

ਥੋੜ੍ਹੀ ਦੇਰ ਬਾਅਦ ਕੱਪੜੇ ਬਦਲ ਖਾਣੇ ਦੀ ਟੇਬਲ 'ਤੇ ਆ ਗਈ। ਦਾਲ, ਆਲੂ-ਮਟਰ ਦੀ ਸਬਜੀ, ਦਹੀਂ ਸਲਾਦ-ਸਭ ਕੁਝ ਰੇਣੂ ਨੇ ਰੀਝ ਨਾਲ ਸਜਾਇਆ, ਪਰ ਪਤਾ ਨਹੀਂ ਰੀਟਾ ਨੂੰ ਕੀ ਚਾਹੀਦਾ ਹੈ? ਡਾਈਨਿੰਗ ਟੇਬਲ 'ਤੇ ਬੈਠਦਿਆਂ ਹੀ ਭੁੜਕ ਉਠੀ, "ਓ ਮਾਮ, ਵ੍ਹੱਟ ਇਜ਼ ਦਿਸ, ਐਵਰੀ ਡੇ ਸੇਮ ਥਿੰਗ ਦਾਲ-ਸਬਜ਼ੀ ਤੇ ਰੋਟੀਆਂ।...ਹੂ ਗੋਨਾ ਈਟ ਦਿਸ? ਨਾਟ ਮੀ? ਕੁਛ ਹੋਰ ਕਿਉਂ ਨਹੀਂ ਬਣਾਉਂਦੇ, ਐਕਚੁਅਲੀ ਯੂ ਕਾਂਟ ਮੇਕ ਏਨੀ ਥਿੰਗ ਗੁੱਡ।" ਗੁੱਸੇ ਵਿਚ ਪਲੇਟ ਪਰੇ ਧੱਕ ਉਹ ਪੌੜੀਆਂ ਚੜ੍ਹ ਗਈ। ਮਨ ਵਿਚ ਹੀ ਕੁਛ ਬੋਲੀ। ਰੇਣੂੰ ਨੂੰ ਲੱਗਾ, ਜਿਵੇਂ ਉਹ ਵੀ ਕਹਿ ਰਹੀ ਹੋਵੇ, "ਜਾਹਲ ਔਰਤ।"

ਭਰੇ ਮਨ ਨਾਲ ਰੇਣੂ ਨੇ ਭਾਂਡੇ ਸਾਂਭੇ। ਚੁੱਕ ਕੇ ਖਾਣਾ ਸਾਂਭ ਦਿੱਤਾ। ਕਿਚਨ ਸਾਫ ਕਰਦਿਆਂ ਟੀ. ਵੀ. 'ਤੇ ਕੁਕਰੀ ਸ਼ੋਅ ਲਾ ਲਿਆ। ਟੀ. ਵੀ. ਹੋਸਟ ਲਸਾਂਗਾ ਤੇ ਪਾਸਤਾ ਬਣਾਉਣ ਦੀਆਂ ਵਿੱਧੀਆਂ ਦੱਸ ਰਿਹਾ ਸੀ, ਜੋ ਰੇਣੂ ਨੇ ਬੜੇ ਧਿਆਨ ਨਾਲ ਸੁਣੀਆਂ। ਸ਼ਾਮ ਨੂੰ ਬੱਚਿਆਂ ਦੇ ਪਸੰਦ ਦਾ ਖਾਣਾ ਬਣਾਉਣ ਬਾਰੇ ਸੋਚਣ ਲੱਗੀ, 'ਚਲੋ ਮਾਂ-ਬਾਪੂ ਜੀ ਲਈ ਮਸਰਾਂ ਦੀ ਦਾਲ ਬਣਾ ਕੇ ਰੱਖ ਦਊਂ।' ਐਨੇ ਨੂੰ ਪਤੀ ਦੇਵ ਵੀ ਆ ਗਏ। ਆਉਂਦਿਆਂ ਹੀ ਬੈਡਰੂਮ ਵਿਚ ਫਰੈਸ਼ ਹੋਣ ਲਈ ਚਲੇ ਗਏ। ਸੋਹਣੇ ਸਾਫ ਹਾਊਸ ਕੋਟ ਵਿਚ ਸਜੇ ਡਰਾਈਂਗ ਰੂਮ ਵਿਚ ਆ ਬੈਠੇ। ਟੀ. ਵੀ. ਚੱਲ ਰਿਹਾ ਸੀ। ਵਾਈਨ ਦੇ ਘੁੱਟ ਗਲੇ ਹੇਠ ਉਤਰ ਰਹੇ ਸਨ, ਪਰ ਰੇਣੂ ਕਿਚਨ ਵਿਚ ਸਭ ਦੀ ਪਸੰਦ ਦਾ ਖਾਣਾ ਬਣਾ ਰਹੀ ਸੀ।

ਖਾਣਾ ਖਾਣ ਪਿਛੋਂ ਹੱਸਦੇ ਖੇਡਦੇ ਪਤੀ ਤੇ ਬੱਚੇ ਬਹੁਤ ਸੋਹਣੇ ਲੱਗ ਰਹੇ ਹਨ। ਖਾ-ਪੀ ਕੇ ਸਭ ਵਕਤ ਸਿਰ ਆਪੋ ਆਪਣੇ ਕਮਰਿਆਂ ਵਿਚ ਚਲੇ ਗਏ। ਕੰਮ ਕਾਰ ਸਾਂਭ ਰੇਣੂ ਵੀ ਥੱਕ ਟੁੱਟ ਕਮਰੇ ਵੱਲ ਤੁਰ ਪਈ। ਸੋਚ ਰਹੀ ਸੀ, "ਹੁਣ ਲੰਬਾ ਗਰਮ ਸ਼ਾਵਰ ਲਵਾਂਗੀ। ਫਰੈਸ਼ ਹੋ ਕੇ ਸੌਂਵਾਂਗੀ ਤੇ ਸਵੇਰ ਲਈ ਐਨਰਜ਼ੀ ਵੀ ਤੇ ਸਾਂਭਣੀ ਹੈ।"

ਹੌਲੀ ਜਿਹੀ ਬੈਡ ਰੂਮ ਵਿਚ ਵੜਦੀ ਹੈ। ਪਤੀ ਦੇਵ ਖਿੜਕੀ ਵਲ ਮੂੰਹ ਕਰੀ ਪਏ ਨੇ। 'ਸੌਂ ਗਏ ਨੇ ਸ਼ਾਇਦ।' ਮਨ ਹੀ ਮਨ ਸੋਚਦੀ ਹੈ।

ਰੇਣੂ ਥੋੜੀ ਦੇਰ ਦਮ ਲੈਣ ਲਈ ਬੈਡ 'ਤੇ ਬੈਠ ਗਈ। ਫਿਰ ਪਾਣੀ ਲਿਆ ਸਿਰਹਾਣੇ ਰੱਖਿਆ ਤਾਂ ਖੜਕਾ ਸੁਣ ਪਤੀ ਕੱਚੀ ਨੀਂਦ ਤੋਂ ਜਾਗ ਪਿਆ। ਮੋਹ ਜਾਂ ਕਿਸੇ ਹੋਰ ਉਲਾਰ ਵਿਚ ਰੇਣੂ ਵਲ ਉਲਰਿਆ। ਬਾਹਾਂ ਦਾ ਘੇਰਾ ਅਜੇ ਸਖਤ ਹੋਣ ਹੀ ਲੱਗਾ ਸੀ ਕਿ ਰੇਣੂ ਦੇ ਕੱਪੜਿਆਂ 'ਚੋਂ ਉਠਦੇ ਮੁੜਕੇ ਤੇ ਮਸਾਲਿਆਂ ਦੀ ਰਚੀ ਮਿਚੀ ਮੁਸ਼ਕ ਤੋਂ ਚਿੜ ਕੇ ਉਸ ਨੂੰ ਧੱਕਾ ਮਾਰ ਪਰਾਂ ਸੁੱਟ ਦਿੱਤਾ। ਗੁੱਸੇ ਨਾਲ ਬੋਲਿਆ, "ਜਾਹਲ ਔਰਤ।" ਤੇ ਮੂੰਹ ਪਰਲੇ ਪਾਸੇ ਕਰਕੇ ਪੈ ਗਿਆ।

ਰੇਣੂ ਦਾ ਗੱਚ ਭਰ ਆਇਆ। ਅੰਦਰੋਂ ਆਵਾਜ਼ ਆਈ, "ਸੱਚ ਮੁੱਚ ਜਾਹਲ ਹੀ ਤਾਂ ਹਾਂ ਮੈਂ। ਸਮੇਂ ਨਾਲ ਸਵਾਰਥੀ ਨਾ ਹੋਣਾ, ਆਪਣੇ ਬਾਰੇ ਨਾ ਸੋਚਣਾ-ਜਾਹਲ ਹੋਣਾ ਹੀ ਤਾਂ ਹੈ।"

---

## ਲਤੀਫਾ

### ਸ਼ੇਰ

ਕਿਸੇ ਕਵੀ ਨੇ ਆਪਣਾ ਤਖੱਲਸ 'ਸ਼ੇਰ' ਰੱਖਿਆ ਹੋਇਆ ਸੀ। ਉਹ ਕਵਿਤਾ ਸੁਣਾਉਣ ਸਮੇਂ ਸ਼ੇਰ ਵਾਂਗ ਦਹਾੜ ਕੇ ਬੋਲਦਾ। ਕਵੀ ਸਭਾ ਦਾ ਕੋਈ ਨਵਾਂ-ਨਵਾਂ ਮੈਂਬਰ ਕਿਸੇ ਪੁਰਾਣੇ ਮੈਂਬਰ ਤੋਂ ਪੁੱਛਣ ਲੱਗਾ, "ਯਾਰ ਇਹ ਆਪਣੇ ਘਰ ਜਾ ਕੇ ਵੀ ਇਸੇ ਤਰ੍ਹਾਂ ਦਹਾੜਦਾ ਹੋਣਾ ਏ ਤਾਂ ਇਸ ਦੀ ਪਤਨੀ ਕਿਵੇਂ ਬਰਦਾਸ਼ਤ ਕਰਦੀ ਹੋਵੇਗੀ?"

ਪੁਰਾਣਾ ਮੈਂਬਰ ਬੋਲਿਆ, "ਘਰ ਜਾ ਕੇ ਤਾਂ ਇਸ 'ਤੇ ਇਸ ਦੀ ਪਤਨੀ ਦੁਰਗਾ ਮਾਤਾ ਵਾਂਗ ਇਸ 'ਤੇ ਸਵਾਰ ਹੁੰਦੀ ਹੈ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਧਰਮ ਦੇ ਰੂਪ

ਹਾਕਮ ਸਿੰਘ

ਧਰਮ ਅਧਿਆਤਮਕ ਵਿਚਾਰਧਾਰਾ ਦੇ ਵਿਸ਼ਵਾਸ ਤੋਂ ਪ੍ਰਭਾਵਿਤ ਸੋਚ ਅਤੇ ਜੀਵਨ ਹੈ। ਅਧਿਆਤਮਕ ਵਿਚਾਰਧਾਰਾ ਅਦ੍ਰਿਸ਼ਟ ਪ੍ਰਭੂ, ਉਸ ਦੀ ਸਿਰਜੀ ਸੰਸਾਰਕ ਮਾਇਆ ਅਤੇ ਉਸ ਦੇ ਅੰਸ਼, ਮਨੁੱਖੀ ਮਨ ਦੇ ਸਬੰਧਾਂ ਦਾ ਗਿਆਨ ਹੈ। ਆਮ ਤੌਰ 'ਤੇ ਧਰਮ ਦੇ ਪ੍ਰੇਮੀ ਪ੍ਰਭੂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਉਤਸੁਕ ਹੁੰਦੇ ਹਨ, ਪਰ ਮਨੁੱਖ ਦ੍ਰਿਸ਼ਮਾਨ ਬਦਲ ਰਹੇ ਸੰਸਾਰ ਦਾ ਭਾਗ ਹੈ, ਇਸ ਲਈ ਉਸ ਦੀਆਂ ਗਿਆਨ ਇੰਦਰੀਆਂ ਵਿਚ ਅਦ੍ਰਿਸ਼ਟ ਤੇ ਨਿਹਚਲ ਪ੍ਰਭੂ ਨੂੰ ਅਨੁਭਵ ਕਰਨ ਅਤੇ ਉਸ ਦਾ ਗਿਆਨ ਪ੍ਰਾਪਤ ਕਰਨ ਦੀ ਯੋਗਤਾ ਨਹੀਂ ਹੁੰਦੀ। ਉਹ ਤੇ ਸੰਸਾਰਕ ਜੀਵਨ ਅਤੇ ਸੋਚ ਦੇ ਅਨੁਕੂਲ ਧਾਰਮਕ ਵਿਚਾਰਧਾਰਾ ਨੂੰ ਹੀ ਸਮਝਣ ਯੋਗ ਹੁੰਦਾ ਹੈ। ਅਧਿਆਤਮਕ ਵਿਚਾਰਧਾਰਾ ਤੇ ਆਧਾਰਤ ਧਰਮ ਉਸ ਦੀ ਸਮਝ ਤੋਂ ਪਰੇ ਹੁੰਦਾ ਹੈ। ਧਰਮ ਦੇ ਪ੍ਰੇਮੀਆਂ ਦੀ ਯੋਗਤਾ ਅਨੁਸਾਰ ਲੋੜ ਪੂਰੀ ਕਰਨ ਲਈ ਧਰਮ ਸ਼ਾਸਤਰੀ ਅਤੇ ਪੁਜਾਰੀ ਮਿਥਿਹਾਸ 'ਤੇ ਆਧਾਰਤ ਅਧਿਆਤਮਕ ਗਿਆਨ ਦੇ ਸਮਾਨੰਤਰ ਧਾਰਮਕ ਵਿਚਾਰਧਾਰਾ ਅਤੇ ਵਿਹਾਰ ਸਿਰਜ ਦਿੰਦੇ ਹਨ। ਸਿੱਖ ਧਰਮ ਵਿਚ ਉਦਾਸੀ ਅਤੇ ਨਿਰਮਲੇ ਧਰਮ ਸ਼ਾਸਤਰੀਆਂ ਤੇ ਸਨਾਤਨੀ ਪੁਜਾਰੀਆਂ ਨੇ ਗੁਰਬਾਣੀ ਦੇ ਚੋਣਵੇਂ ਵਿਚਾਰਾਂ ਦੀ ਸਮਾਜਕ ਰੁਚੀ ਅਨੁਸਾਰ ਵਿਆਖਿਆ ਨੂੰ ਗੁਰ ਇਤਿਹਾਸ ਅਤੇ ਮਿਥਿਹਾਸ ਵਿਚ ਰਲਾ ਕੇ ਪ੍ਰਭਾਵਸ਼ਾਲੀ ਧਾਰਮਕ ਵਿਚਾਰਧਾਰਾ ਸਿਰਜ ਦਿੱਤੀ ਸੀ ਤੇ ਉਸ ਨੂੰ ਮੂਰਤਾਂ, ਭਵਨਾਂ, ਗ੍ਰੰਥਾਂ ਅਤੇ ਕਰਮ ਕਾਂਡ ਰਾਹੀਂ ਸਮਾਜਕ ਵਿਹਾਰ ਵਿਚ ਅਭਿਵਿਅਕਤ ਕਰ ਦਿੱਤਾ ਸੀ।

ਮੂਰਤੀਆਂ, ਭਵਨਾਂ ਅਤੇ ਗ੍ਰੰਥਾਂ ਵਿਚ ਸਥਾਪਤ ਪ੍ਰਭੂ ਦਾ ਰੂਪ ਅੱਜ ਵੀ ਬਹੁਤੇ ਸਿੱਖਾਂ ਦੀ ਅਨੰਤ ਸ਼ਰਧਾ ਦਾ ਸਰੋਤ ਬਣਿਆ ਹੋਇਆ ਹੈ। ਧਰਮ ਬਾਰੇ ਸ਼ੰਕੇ ਨੂੰ ਪ੍ਰਭੂ ਦਾ ਅਨਾਦਰ ਗਰਦਾਨ ਕੇ ਪੁਜਾਰੀਆਂ ਨੇ ਸੰਦੇਹ ਪੂਰਨ ਵਿਚਾਰਾਂ ਅਤੇ ਉਸ ਨਾਲ ਜੁੜੇ ਕਰਮਕਾਂਡ ਨੂੰ ਵੀ ਉਪਾਸਨਾ ਦੀ ਸਥਾਈ ਵਸਤੂ ਬਣਾ ਦਿਤਾ ਹੈ। ਸਿੱਖ ਧਰਮ ਇੱਕ ਹੁੰਦਿਆਂ ਵੀ ਦੋ ਵੱਖਰੇ ਰੂਪਾਂ ਵਿਚ ਵਿਦਮਾਨ ਹੈ: ਇਕ ਅਧਿਆਤਮਕ ਵਿਚਾਰਧਾਰਾ ਦੇ ਰੂਪ ਵਿਚ ਅਤੇ ਦੂਜਾ ਮਿਥਿਹਾਸਕ ਇਤਿਹਾਸ ਦੇ ਰੂਪ ਵਿਚ। ਮਿਥਿਹਾਸ 'ਤੇ ਆਧਾਰਤ ਸਿੱਖ ਧਰਮ ਨੂੰ ਸ਼ਰਧਾਲੂ ਇੱਛਾ ਪੂਰਕ ਅਤੇ ਭਾਵਨਾਵਾਂ ਦੀ ਤ੍ਰਿਪਤੀ ਕਰਨ ਵਾਲਾ ਅਸਲੀ ਅਧਿਆਤਮਕ ਧਰਮ ਸਮਝਦੇ ਹਨ। ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਹੋਣ ਨਾਲ ਹੁਣ ਇਹ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਬਣ ਗਿਆ ਹੈ। ਸਿੱਖ ਧਰਮ ਦਾ ਆਧਾਰ ਗੁਰਬਾਣੀ ਦੀ ਅਧਿਆਤਮਕ ਵਿਚਾਰਧਾਰਾ ਨਹੀਂ, ਸਿੱਖ ਇਤਿਹਾਸ ਅਤੇ ਮਿਥਿਹਾਸ ਹੈ। ਇਹੋ ਕਾਰਨ ਹੈ ਕਿ ਗੁਰਬਾਣੀ ਦੇ ਅਧਿਆਤਮਕ ਤੇ ਮਾਨਵਵਾਦੀ ਉਪਦੇਸ਼ ਦੀ ਵਿਆਖਿਆ ਕਰਨ ਸਮੇਂ ਸੂਝਵਾਨ ਵਿਦਵਾਨਾਂ ਨੂੰ ਸਿੱਖ ਧਰਮ ਦੀ ਕਥਨੀ ਅਤੇ ਕਰਨੀ ਦਾ ਅੰਤਰ ਭੰਬਲਭੂਸੇ ਵਿਚ ਪਾ ਦਿੰਦਾ ਹੈ।

ਅਧਿਆਤਮਕ ਵਿਚਾਰਧਾਰਾ ਧਰਮ ਦਾ ਆਧਾਰ ਹੈ। ਇਸ ਲਈ ਧਰਮ ਨੂੰ ਉਸ ਦੇ ਅਧਿਆਤਮਕ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧਰਮ ਦੇ ਵਿਭਿੰਨ ਪੱਖਾਂ ਦਾ ਵਰਣਨ ਕਰਦੀ ਹੈ। ਗੁਰਬਾਣੀ ਮੁਤਾਬਕ ਧਰਮ ਪ੍ਰਭੂ ਪ੍ਰਾਪਤੀ ਦਾ ਪਹਿਲਾ ਪੜਾਅ ਹੈ ਅਤੇ ਦਇਆ, ਸੰਤੋਖ, ਜਤ (ਮਨ ਨੂੰ ਵਸ ਵਿਚ ਰਖਣ) ਤੇ ਸਤ ਦੇ ਅਨੁਕੂਲ ਕਰਮਾਂ ਵਾਲਾ ਜੀਵਨ ਹੈ। "ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥" (ਪੰਨਾ 471) ਅਤੇ "ਸਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥" (ਪੰਨਾ 351)

> ***ਗੁਰਬਾਣੀ ਅਨੁਸਾਰ (1) ਮਨੁੱਖ ਦੇ ਕਰਮ ਉਸ ਦਾ ਧਰਮ ਨਿਰਧਾਰਤ ਕਰਦੇ ਹਨ; (2) ਧਾਰਮਕ ਵਿਅਕਤੀ ਦਇਆ, ਸੰਤੋਖ, ਜਤ ਅਤੇ ਸਤ ਦੇ ਗੁਣਾਂ ਦਾ ਧਾਰਨੀ ਹੁੰਦਾ ਹੈ; (3) ਧਰਮ ਪ੍ਰਭੂ ਗਿਆਨ ਦੀ ਪ੍ਰਾਪਤੀ ਅਤੇ ਉਸ ਨਾਲ ਮਿਲਾਪ ਦਾ ਮਾਰਗ ਹੈ, ਇਹ ਰਾਹ ਹੈ, ਮੰਜ਼ਿਲ ਨਹੀਂ; ਅਤੇ (4) ਧਰਮ ਮਨੁੱਖਤਾ ਨੂੰ ਸੰਸਾਰ ਵਿਚ ਲੋਭ ਅਤੇ ਹੰਕਾਰ ਵਸ ਛੇੜੇ ਯੁਧਾਂ ਦੇ ਵਿਨਾਸ਼ ਤੋਂ ਬਚਾਉਂਦਾ ਹੈ।***

ਗੁਰਬਾਣੀ ਵਿਚ ਧਰਤੀ ਨੂੰ ਧਰਮਸਾਲਾ, ਧਰਮ ਦਾ ਕਰਮ ਅਸਥਾਨ ਆਖਿਆ ਗਿਆ ਹੈ: "ਧਰਤਿ ਉਪਾਇ ਧਰੀ ਧਰਮ ਸਾਲਾ॥" (ਪੰਨਾ 1033) ਅਤੇ "ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵਿਚਾਰੁ॥" (ਪੰਨਾ 7)। ਬਦਲਦੀਆਂ ਰੁਤਾਂ ਅਤੇ ਕੁਦਰਤੀ ਤੱਤਾਂ ਵਿਚ ਪ੍ਰਭੂ ਨੇ ਧਰਮ-ਕਰਮ ਲਈ ਧਰਤੀ ਦੀ ਸਥਾਪਨਾ ਕੀਤੀ ਹੈ, ਜਿੱਥੇ ਕਈ ਤਰ੍ਹਾਂ ਦੇ ਜੀਵ ਜੰਤ ਹਨ। ਉਨ੍ਹਾਂ ਦੇ ਅਣਗਿਣਤ ਨਾਂ ਹੁੰਦਿਆਂ ਵੀ ਉਹ ਸਭ ਸੁਤੰਤਰ ਅਤੇ ਬਰਾਬਰ ਹਨ। ਉਨ੍ਹਾਂ ਦਾ ਨਿਬੇੜਾ ਕਰਮਾਂ ਅਨੁਸਾਰ ਹੁੰਦਾ ਹੈ। ਕਰਮਾਂ ਦਾ ਲੇਖਾ-ਜੋਖਾ ਤੇ ਚੰਗੇ-ਬੁਰੇ ਕਰਮਾਂ ਦੀ ਪਰਖ ਧਰਮ ਅਨੁਸਾਰ ਹੁੰਦੀ ਹੈ, "ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥" (ਪੰਨਾ 463) ਅਤੇ "ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥" (ਪੰਨਾ 146)। ਇਹੋ ਨਹੀਂ ਸੰਸਾਰਕ ਲਗਾਓ ਜਾਂ ਉਪਰਾਮਤਾ ਦੇ ਦੋ ਵੱਖਰੇ ਰਾਹਾਂ ਵਿਚੋਂ ਇੱਕ ਦੀ ਚੋਣ ਕਰਨ ਵਿਚ ਧਰਮ ਹੀ ਮਨੁੱਖ ਦਾ ਰਾਹਬਰ ਹੁੰਦਾ ਹੈ: "ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥" (ਪੰਨਾ 1280)

ਗੁਰਬਾਣੀ ਅਧਿਆਤਮਕ ਕਰਮਾਂ ਨੂੰ ਐਸੀਆਂ ਹਰੀਆਂ ਟਾਹਣੀਆਂ ਵਾਲਾ ਪੇੜ ਆਖਦੀ ਹੈ, ਜਿਸ 'ਤੇ ਧਰਮ ਦੇ ਫੂਲ ਅਤੇ ਗਿਆਨ ਦੇ ਫਲ ਲਗਦੇ ਹਨ, "ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥" (ਪੰਨਾ 1186)। ਦਰਅਸਲ ਗੁਰਬਾਣੀ ਕਰਮ ਪੇੜ ਨੂੰ ਸੰਤੋਖ ਨਾਮੀ ਗੁਰੂ ਦੇ ਰੁੱਖ ਸਮਾਨ ਦੱਸਦੀ ਹੈ, ਜੋ ਪ੍ਰਭੂ ਦੇ ਪ੍ਰੇਮ ਰਸ 'ਚ ਹਰਾ ਰਹਿੰਦਾ ਹੈ ਤੇ ਜਿਸ ਦੇ ਗਿਆਨ ਫਲ ਪ੍ਰਭੂ 'ਚ ਧਿਆਨ ਲਾ ਕੇ ਕੀਤੇ ਕਰਮਾਂ ਨਾਲ ਪੱਕਦੇ ਹਨ। ਉਹ ਗਿਆਨ ਫਲ ਖਾਣ ਨਾਲ ਪਤੀ ਪਰਮੇਸ਼ਰ ਦੇ ਮਿਲਾਪ ਦਾ ਵੱਡਾ ਦਾਨ ਪ੍ਰਾਪਤ ਹੁੰਦਾ ਹੈ, "ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥ ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥" (ਪੰਨਾ 147)

ਧਰਮ ਦੇ ਅਧਿਆਤਮਕ ਕਰਮ ਕਰਨ ਵਾਲੇ ਮਨੁੱਖ ਬੁਰੇ ਕੰਮਾਂ ਤੋਂ ਦੂਰ ਰਹਿੰਦੇ ਹਨ ਤੇ ਸੱਚੇ ਪ੍ਰਭੂ ਵਿਚ ਧਿਆਨ ਲਾ ਕੇ ਸੰਤੋਖੀ ਮਨੁੱਖਾਂ ਵਾਂਗ ਉਸ ਦੀ ਸੇਵਾ ਕਰਦੇ ਹਨ। ਉਹ ਸੰਸਾਰਕ ਬੰਧਨਾਂ ਤੋਂ ਨਿਜਾਤ ਪਾ ਕੇ ਸੰਜਮ ਵਾਲਾ ਜੀਵਨ ਬਤੀਤ ਕਰਦੇ ਹਨ, "ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥ ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥" (ਪੰਨਾ 467)। ਐਸੇ ਧਰਮ ਦੇ ਅਧਿਆਤਮਕ ਕਰਮ ਕਰਨ ਵਾਲੇ ਮਨੁੱਖ ਨੂੰ ਹੀ ਗੁਰਬਾਣੀ ਬ੍ਰਹਿਮ ਦਾ ਗਿਆਨ ਰਖਣ ਵਾਲਾ ਬ੍ਰਾਹਮਣ ਮੰਨਦੀ ਹੈ। ਉਹ ਜਪ, ਤਪ ਤੇ ਸੰਜਮ ਵਾਲੇ ਕੰਮ ਕਰਦਾ ਹੈ, ਮਿਠੇ ਸੁਭਾਅ ਤੇ ਸੰਤੋਖ ਵਾਲੇ ਧਰਮ ਦਾ ਧਾਰਨੀ ਹੁੰਦਾ ਹੈ ਅਤੇ ਸੰਸਾਰਕ ਬੰਧਨ ਤੋੜ ਕੇ ਉਨ੍ਹਾਂ ਤੋਂ ਮੁਕਤ ਹੋਇਆ ਹੁੰਦਾ ਹੈ। ਐਸਾ ਬ੍ਰਾਹਮਣ ਹੀ ਸਤਿਕਾਰ ਦਾ ਪਾਤਰ ਹੁੰਦਾ ਹੈ, "ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪ ਤਪੁ ਸੰਜਮੁ ਕਮਾਵੈ ਕਰਮੁ॥ ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥" (ਪੰਨਾ 1411)

ਗੁਰਬਾਣੀ ਦਾ ਇਹ ਵੀ ਨਿਰਣਾ ਹੈ ਕਿ ਧਰਮ ਸੰਸਾਰ ਨੂੰ ਸਵੈ-ਵਿਨਾਸ਼ ਤੋਂ ਬਚਾਉਂਦਾ ਹੈ, "ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" (ਪੰਨਾ 3)। ਧਰਮ ਦਇਆ ਦਾ ਪੁਤਰ ਧੌਲ ਨਾਮੀ ਬਲਦ ਹੈ, ਜਿਸ ਨੇ ਧਰਤੀ ਨੂੰ ਆਪਣੇ ਸੰਤੋਖ ਦੇ ਸਿੰਗ ਨਾਲ ਡਿਗਣ ਤੋਂ ਬਚਾਇਆ ਹੋਇਆ ਹੈ। ਮਨੁੱਖੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਸੰਸਾਰ ਵਿਚ ਜੰਗਾਂ ਛੇੜ ਕੇ ਮਨੁੱਖਤਾ ਵਿਚ ਸਵੈ-ਵਿਨਾਸ਼ ਦੀ ਨੌਬਤ ਲਿਆ ਦਿੰਦੇ ਹਨ, ਜਿਸ ਨੂੰ ਮਨੁੱਖੀ ਅੰਤਿਹਕਰਨ ਵਿਚੋਂ ਦਇਆ, ਸੰਤੋਖ ਤੇ ਸਤ ਦੀ ਧਾਰਮਕ ਭਾਵਨਾ ਜਾਗਰੂਕ ਹੋ ਕੇ ਠੱਲ੍ਹ ਪਾਉਂਦੀ ਹੈ ਅਤੇ ਸੰਸਾਰ ਨੂੰ ਸੂਝ, ਸਾਂਝੀਵਾਲਤਾ, ਪ੍ਰੇਮ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦੀ ਹੈ। ਧਰਮ ਬਿਨਾ ਸੰਸਾਰ ਜੁਲਮ ਤੇ ਅਨਿਆਂ ਦਾ ਅਖਾੜਾ ਬਣ ਜਾਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ, "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥" (ਪੰਨਾ 722)। ਧਰਮ ਦੇ ਰਾਹ ਤੇ ਚਲਣ ਵਾਲੇ ਸਮਾਜ ਸਤਜੁਗੀ ਸੰਤੋਖ ਦਾ ਸੁਖ ਮਾਣਦੇ ਹਨ, "ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥" (ਪੰਨਾ 470)

ਗੁਰਬਾਣੀ ਅਨੁਸਾਰ (1) ਮਨੁੱਖ ਦੇ ਕਰਮ ਉਸ ਦਾ ਧਰਮ ਨਿਰਧਾਰਤ ਕਰਦੇ ਹਨ; (2) ਧਾਰਮਕ ਵਿਅਕਤੀ ਦਇਆ, ਸੰਤੋਖ, ਜਤ ਅਤੇ ਸਤ ਦੇ ਗੁਣਾਂ ਦਾ ਧਾਰਨੀ ਹੁੰਦਾ ਹੈ; (3) ਧਰਮ ਪ੍ਰਭੂ ਗਿਆਨ ਦੀ ਪ੍ਰਾਪਤੀ ਅਤੇ ਉਸ ਨਾਲ ਮਿਲਾਪ ਦਾ ਮਾਰਗ ਹੈ, ਜੋ ਰਾਹ ਹੈ, ਮੰਜ਼ਿਲ ਨਹੀਂ; ਅਤੇ (4) ਧਰਮ ਮਨੁੱਖਤਾ ਨੂੰ ਸੰਸਾਰ 'ਚ ਲੋਭ ਤੇ ਹੰਕਾਰ ਵਸ ਛੇੜੇ ਯੁਧਾਂ ਦੇ ਵਿਨਾਸ਼ ਤੋਂ ਬਚਾਉਂਦਾ ਹੈ।

ਅਧਿਆਤਮਕ ਗਿਆਨ ਅਦ੍ਰਿਸ਼ਟ ਦਾ ਗਿਆਨ ਹੈ। ਧਰਮ ਦੇ ਅਧਿਆਤਮਕ ਮਾਰਗ 'ਤੇ ਚਲਣ ਨਾਲ ਹੀ ਅਦ੍ਰਿਸ਼ਟ, ਅਪਦਾਰਥ ਤੇ ਨਿਹਚਲ ਪ੍ਰਭੂ ਅਤੇ ਉਸ ਦੀਆਂ ਸਿਰਜੀਆਂ ਸ਼ਕਤੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸਾਧਾਰਣ ਮਨੁੱਖ ਅਦ੍ਰਿਸ਼ਟ ਅਤੇ ਅਪਦਾਰਥ ਅਸਤਿੱਤਵਾਂ ਬਾਰੇ ਜਾਣਨ ਯੋਗ ਨਹੀਂ ਹੁੰਦਾ, ਕਿਉਂਕਿ ਉਸ ਦਾ ਅਨੁਭਵ ਦ੍ਰਿਸ਼ਮਾਨ, ਪਦਾਰਥਕ ਅਤੇ ਨਿਰੰਤਰ ਬਦਲ ਰਹੇ ਜਗਤ ਨੇ ਸੀਮਤ ਕੀਤਾ ਹੁੰਦਾ ਹੈ। ਉਸ ਦੀ ਸੋਚ ਅਤੇ ਗਿਆਨ ਦੀ ਸੀਮਾ ਵਿਗਿਆਨ, ਜੋ ਪਦਾਰਥਕ ਜਗਤ ਦੀ ਜਾਣਕਾਰੀ ਹੈ, ਨਿਰਧਾਰਤ ਕਰਦਾ ਹੈ। ਉਸ ਦੀ ਕਾਲਪਨਿਕ ਯੋਗਤਾ ਸਾਹਿਤ ਅਤੇ ਕਾਵਿ ਰਚਨਾਵਾਂ ਦੇ ਮਨੋਰੰਜਕ ਝੁਕਾ ਅਤੇ ਸਮਾਜ ਵਿਚ ਵਿਚਰ ਰਹੀ ਮਾਇਆ ਤੋਂ ਪ੍ਰਭਾਵਿਤ ਹੋਈ ਹੁੰਦੀ ਹੈ। ਉਹ ਅਦ੍ਰਿਸ਼ਟ ਪ੍ਰਭੂ ਦੀ ਕਲਪਨਾ ਇੱਕ ਵੱਡੇ ਮਨੁੱਖ ਜਾਂ ਜੀਵ ਵਜੋਂ ਹੀ ਕਰ ਸਕਦਾ ਹੈ, ਜਿਸ ਦਾ ਉਸ ਨੂੰ ਅਨੁਭਵ ਹੁੰਦਾ ਹੈ। ਪਰ ਗੁਰਬਾਣੀ ਪ੍ਰਭੂ ਨੂੰ "ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥" (ਪੰਨਾ 283) ਆਖਦੀ ਹੈ। ਪ੍ਰਭੂ ਦਾ ਗਿਆਨ ਪ੍ਰਾਪਤ ਕਰਨ ਲਈ ਮਨੁੱਖ ਨੂੰ ਗੁਰਬਾਣੀ ਵਲੋਂ ਦਰਸਾਏ ਧਰਮ ਦੇ ਰਾਹ 'ਤੇ ਚਲਣਾ ਪੈਂਦਾ ਹੈ।

ਆਮ ਲੋਕਾਂ ਦੇ ਜੀਵਨ ਦੀ ਰਾਖੀ, ਬਿਹਤਰੀ ਅਤੇ ਭਵਿਖ ਦੇ ਪ੍ਰਬੰਧ ਦੀ ਜਿੰਮੇਵਾਰੀ ਰਾਜਿਆਂ ਜਾਂ ਰਾਜਸੀ ਆਗੂਆਂ ਦੀ ਹੁੰਦੀ ਹੈ। ਰਾਜਿਆਂ ਅਤੇ ਰਾਜਸੀ ਆਗੂਆਂ ਦੀ ਸਫਲਤਾ ਉਨ੍ਹਾਂ ਦੇ ਪ੍ਰਬੰਧਾਂ ਤੇ ਕਾਨੂੰਨ ਪ੍ਰਤੀ ਲੋਕਾਂ ਦੇ ਭਰੋਸੇ, ਪ੍ਰਵਾਨਗੀ ਅਤੇ ਸਹਿਯੋਗ 'ਤੇ ਨਿਰਭਰ ਕਰਦੀ ਹੈ। ਆਮ ਲੋਕਾਂ ਨੂੰ ਅਕਸਰ ਰਾਜਿਆਂ ਅਤੇ ਰਾਜਸੀ ਆਗੂਆਂ ਦੀ ਈਮਾਨਦਾਰੀ, ਯੋਗਤਾ ਅਤੇ ਕਥਨਾਂ 'ਤੇ ਵਿਸ਼ਵਾਸ ਨਹੀਂ ਹੁੰਦਾ ਤੇ ਉਹ ਉਨ੍ਹਾਂ ਵਿਰੁਧ ਸੰਘਰਸ਼ ਅਤੇ ਬਗਾਵਤ ਕਰਦੇ ਰਹਿੰਦੇ ਹਨ। ਸੰਘਰਸ਼ ਤੇ ਬਗਾਵਤਾਂ ਰੋਕਣ ਅਤੇ ਵਿਰੋਧੀਆਂ ਨੂੰ ਕਾਬੂ ਤੇ ਅਧੀਨ ਕਰਨ ਲਈ ਰਾਜੇ ਅਤੇ ਰਾਜਸੀ ਆਗੂ ਸਮਾਜ ਵਿਚੋਂ ਐਸੇ ਵਿਅਕਤੀਆਂ ਦੀ ਭਾਲ ਵਿਚ ਰਹਿੰਦੇ ਹਨ, ਜੋ ਲੋਕਾਂ ਨੂੰ ਉਨ੍ਹਾਂ 'ਤੇ ਭਰੋਸਾ ਕਰਨ ਲਈ ਪ੍ਰੇਰਿਤ ਕਰਨ ਦੇ ਸਮਰੱਥ ਹੋਣ।

ਪੁਜਾਰੀ ਵਰਗ 'ਤੇ ਲੋਕਾਂ ਦਾ ਅੰਨਾ ਵਿਸ਼ਵਾਸ ਹੁੰਦਾ ਹੈ। ਇਸ ਲਈ ਰਾਜੇ ਅਤੇ ਰਾਜਸੀ ਆਗੂ ਰਾਜ ਵਿਚ ਅਮਨ ਚੈਨ ਰੱਖਣ ਅਤੇ ਲੋਕਾਂ ਨੂੰ ਅਧੀਨ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਲਈ ਪੁਜਾਰੀਆਂ ਦੀ ਮਦਦ ਲਈ ਪਹੁੰਚ ਕਰਦੇ ਹਨ। ਪੁਜਾਰੀ ਵੀ ਆਪਣੀ ਸ਼ਕਤੀ ਤੇ ਸ਼ਰਧਾਲੂਆਂ ਵਿਚ ਵਾਧਾ ਕਰਨ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਚਾਹਵਾਨ ਹੁੰਦੇ ਹਨ ਤੇ ਰਾਜਿਆਂ ਜਾਂ ਰਾਜਸੀ ਆਗੂਆਂ ਦੇ ਪ੍ਰਸਤਾਵ ਦਾ ਸੁਆਗਤ ਕਰਦੇ ਹਨ। ਆਪਣੀਆਂ ਮਜਬੂਰੀਆਂ ਤੇ ਲੋੜਾਂ ਨੂੰ ਮੁੱਖ ਰਖਦਿਆਂ ਪੁਜਾਰੀ ਅਤੇ ਸਿਆਸਤਦਾਨ ਇੱਕ ਦੂਜੇ ਦੇ ਸਹਿਯੋਗੀ ਤੇ ਸਹਾਇਕ ਬਣ ਜਾਂਦੇ ਹਨ, ਪਰ ਧਾਰਮਕ ਅਤੇ ਰਾਜਸੀ ਆਗੂਆਂ ਦਾ ਲੋਭ, ਸ਼ਕਤੀ ਦੀ ਲਾਲਸਾ ਤੇ ਲੋਕਾਂ ਦਾ ਸ਼ੋਸ਼ਣ ਕਰਨ ਦੀ ਇੱਛਾ ਦਾ ਲੋਕਾਂ ਵਲੋਂ ਵਿਰੋਧ ਹੋਣਾ ਸੁਭਾਵਿਕ ਹੈ। ਲੋਕਾਂ ਦੇ ਵਿਰੋਧ ਦਾ ਮਨੋਰਥ ਧਰਮ ਅਤੇ ਸਿਆਸਤ ਦੀ ਅਸੰਗਤੀ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਦੀ ਅਧਰਮੀ ਭਾਈਵਾਲੀ ਸਮਾਪਤ ਕਰਨਾ ਹੁੰਦਾ ਹੈ।

ਸਿਆਸਤਦਾਨਾਂ ਦੀ ਸਰਪ੍ਰਸਤੀ ਤੋਂ ਬਿਨਾ ਮਿਥਿਹਾਸ 'ਤੇ ਆਧਾਰਤ ਧਰਮ ਦੀਆਂ ਸੰਪਰਦਾਵਾਂ ਆਪਸੀ ਟਕਰਾਓ ਦਾ ਰਾਹ ਅਪਨਾ ਲੈਂਦੀਆਂ ਹਨ।

---

# ਚੁੱਪ ਦਾ ਸ਼ੋਰ

> ***ਚੁੱਪ ਦਾ ਸ਼ੋਰ-ਇਹ ਭਲਾ ਕਿਵੇਂ ਹੋ ਸਕਦਾ? ਜੇ ਚੁੱਪ ਹੈ ਤਾਂ ਸ਼ੋਰ ਕੇਹਾ? ਇਹੀ ਤਾਂ ਤੱਥ ਹੈ ਜੋ ਦਵਿੰਦਰ ਗੀਤ ਕੌਰ ਨੇ ਆਪਣੇ ਇਸ ਲੇਖ ਵਿਚ ਜ਼ਿੰਦਗੀਆਂ ਦੀਆਂ ਪਰਤਾਂ ਫਰੋਲ ਕੇ ਸਾਡੇ ਸਾਹਮਣੇ ਉਜਾਗਰ ਕੀਤਾ ਹੈ। -ਸੰਪਾਦਕ***

ਜ਼ਿੰਦਗੀ ਦੀ ਭੱਜ ਦੌੜ ਵੀ ਬਹੁਤ ਅਜੀਬ ਹੈ। ਦੁਨੀਆਂ ਸਾਹਮਣੇ ਹਰ ਘੜੀ ਹੱਸਦਾ ਹੁਸੀਨ ਚਿਹਰਾ ਅੰਦਰੋਂ ਗਮਗੀਨ ਹੈ। ਟੁੱਟੇ ਖੁਆਬ, ਟੁੱਟੇ ਰਿਸ਼ਤੇ, ਟੁੱਟੇ ਵਿਸ਼ਵਾਸ ਤੇ ਅਰਮਾਨਾਂ ਦੇ ਸਿਵੇ ਦੀ ਰਾਖ, ਜਦੋਂ ਘੱਟਾ ਬਣ ਹਨੇਰੀਆਂ ਸੁੰਨੀਆਂ ਰਾਤਾਂ ਨੂੰ ਨੈਣੀਂ ਰੜਕਦੀ ਹੈ, ਤਾਂ ਚਹੁੰ ਪਾਸੇ ਗੂੰਜਦਾ, 'ਚੁੱਪ ਦਾ ਸ਼ੋਰ।' ਇਨਸਾਨ ਦੀ ਇਹ ਹਾਲਤ ਉਹਨੂੰ ਇਸ ਕਦਰ ਅੰਦਰੋ ਅੰਦਰੀ ਨਿਰਾਸ਼ ਤੇ ਦਿਸ਼ਾਹੀਣ ਕਰ ਦਿੰਦੀ ਹੈ ਕਿ ਉਹ ਆਪਣੀ ਇੱਛਾ ਅਨੁਸਾਰ ਕੁਝ ਵੀ ਨਹੀਂ ਕਰ ਪਾਉਂਦਾ। ਅਤੀਤ 'ਚੋਂ ਮਿਲੇ ਧੋਖੇ, ਉਹਨੂੰ ਸੁਨਹਿਰੀ ਭਵਿੱਖ ਵੱਲ ਧਿਆਨ ਦੇਣ ਤੋਂ ਡਰਾਉਂਦੇ ਨੇ, ਜਿਉਂਦੇ ਜੀਅ ਲਾਸ਼ ਬਣੇ ਇਨਸਾਨ ਦੀਆਂ ਅੱਖਾਂ ਪਥਰਾ ਤੇ ਕੰਨ ਇਸ ਕਦਰ ਬੋਲੇ ਹੋ ਜਾਂਦੇ ਨੇ ਕਿ ਉਹ ਆਪਣੇ ਅੰਦਰ ਹਨੇਰੇ ਵਾਂਗ ਪਸਰ ਰਹੇ



ਦਵਿੰਦਰ ਗੀਤ ਕੌਰ ਕੈਨੇਡਾ
davindergkaur@gmail.com

ਇਕਲਾਪੇ ਦੇ ਦਰਦ ਨੂੰ ਮਹਿਸੂਸ ਨਹੀਂ ਕਰ ਪਾਉਂਦਾ।

ਉਹਦੀ ਆਪਣੇ ਮਨ ਅੰਦਰ ਉਸਾਰੀ ਬੇਲੋੜੀ ਕੰਧ, ਉਹਦਾ ਵਿਕਾਸ ਨਹੀਂ ਹੋਣ ਦਿੰਦੀ। ਮਨੁੱਖ ਅੰਦਰ ਕਿੰਨਾ ਕੁਝ ਅਣਕਿਹਾ ਤੇ ਅਣਸੁਣਿਆ ਹੈ, ਜੋ ਤਮਾਮ ਉਮਰ ਸਾਡੇ ਅਣਭੋਲ ਮਨ ਅੰਦਰ ਹੀ ਕਿਸੇ ਕੋਨੇ 'ਚ ਅਣਛੋਹਿਆ ਰਹਿ ਜਾਂਦਾ। ਜ਼ਿੰਦਗੀ ਦੇ ਇਸ ਸਫਰ ਦੌਰਾਨ ਪਰਮਾਤਮਾ ਅਣਮਿੱਥੇ ਵੇਲੇ ਕਿਸੇ ਅਣਜਾਣ ਵਿਅਕਤੀ ਨੂੰ ਇਕ ਦੋਸਤ ਦੇ ਰੂਪ ਵਿਚ ਸਾਹਮਣੇ ਲਿਆ ਖੜ੍ਹਾ ਕਰਦਾ, ਜੋ ਨੈਣਾਂ ਦੇ ਦਰਪਣ ਰਾਹੀਂ ਤੁਹਾਡੇ ਦਿਲ ਦੇ ਅੰਦਰ ਵੱਲ ਨੂੰ ਖੁੱਲ੍ਹਣ ਵਾਲੀ ਬਾਰੀ ਥਾਂਈਂ ਝਾਤੀ ਮਾਰਦਾ, ਭਾਵ ਤੁਹਾਡੇ ਬਿਨਾ ਕੁਝ ਕਹੇ ਜਾਂ ਦੱਸੇ ਡਾਕਟਰ ਵਾਂਗ ਦੁਖਦੀ ਨਬਜ਼ ਫੜ ਲੈਂਦਾ, ਤੇ ਮੁੜ ਆਪ ਮੁਹਾਰੇ ਵਿਸ਼ਵਾਸ, ਮੋਹ ਤੇ ਅਪਣੱਤ ਨਾਲ ਭਿੱਜੇ ਨਿੱਘੇ ਰਿਸ਼ਤੇ ਨਾਲ ਤੁਹਾਨੂੰ ਗਲ ਨਾਲ ਲਾਉਂਦਾ। ਦੁੱਖ ਦਰਦ ਨਾਲ ਭਰੇ ਇਨਸਾਨ ਨੂੰ ਇਹ ਸਭ ਹੈਰਾਨੀਜਨਕ ਲੱਗਣਾ ਸੁਭਾਵਿਕ ਤੌਰ 'ਤੇ ਸਹੀ ਹੈ, ਪਰ ਇਸ ਸਭ ਨੂੰ ਨਕਾਰਨਾ ਉਹਦੇ ਲਈ ਖਤਰਨਾਕ ਸਾਬਿਤ ਹੋ ਸਕਦਾ ਹੈ ਤੇ ਇੰਜ ਕਰਕੇ ਉਹ ਕੁਦਰਤ ਨੂੰ ਲਲਕਾਰਦਾ ਹੈ।

ਕਿਉਂਕਿ ਅਸਹਿ ਦੁੱਖ-ਤਕਲੀਫਾਂ ਤੋਂ ਗੁਜ਼ਰ ਚੁਕੇ ਇਨਸਾਨ ਦਾ ਦਿਲ ਆਪਣੀ ਕੋਮਲਤਾ ਗੁਆ ਬੈਠਦਾ ਤੇ ਅਚਾਨਕ ਮੋਹ ਦੀਆਂ ਤੰਦਾਂ ਨਾਲ ਨਵਾਂ ਬੁਣਦਾ ਰਿਸ਼ਤਾ, ਉਹਦੇ ਲਈ ਮੁੜ ਜ਼ਿੰਦਗੀ ਨੂੰ ਜਿਉਣ ਦੀ ਇਕੋ ਵਜ੍ਹਾ ਹੈ, ਉਹ ਉਸ ਕੋਲੋਂ ਵੀ ਪੱਲਾ ਛਡਾ ਕੇ ਭੱਜਣਾ ਚਾਹੁੰਦਾ।

ਦਰਅਸਲ ਕਈ ਵਾਰ ਪੜ੍ਹਨ, ਸੁਣਨ ਤੇ ਵੇਖਣ 'ਚ ਆਉਂਦਾ ਕਿ ਇਨਸਾਨ ਦਾ ਮਨ ਬਦਲਾਓ ਲਈ ਤਿਆਰ ਨਹੀਂ ਹੁੰਦਾ, ਜਦਕਿ ਬਦਲਾਓ ਮਨੁੱਖੀ ਜੀਵਨ ਸ਼ੈਲੀ ਦੀ ਅਹਿਮ ਲੋੜ ਹੈ। ਸਾਨੂੰ ਕੋਈ ਵੀ ਧਾਰਨਾ ਬਣਾਉਣ ਤੋਂ ਪਹਿਲਾ ਜ਼ਰੂਰ ਸੋਚਣਾ ਚਾਹੀਦਾ।

> ***ਚੜ੍ਹਦਾ ਸੂਰਜ ਸਬਰ ਦਾ ਫਲ। ਢਲਦੀ ਸ਼ਾਮ ਰਾਤ ਦੇ ਹਨੇਰੇ ਵਿਚ ਪੂਰਾ ਦਿਨ ਊਰਜਾ ਵਿਚ ਬਿਤਾਉਣ ਮਗਰੋਂ ਸਾਡੇ ਵਿਸ਼ਵਾਸ ਦਾ ਇਮਤਿਹਾਨ ਲੈਂਦੀ ਹੈ, ਤੇ ਨਵੀਂ ਸਵੇਰ ਦੀ ਬੁੱਕਲ 'ਚ ਲੁਕੇ ਸੋਹਣੇ ਪੰਛੀਆਂ ਦੇ ਸੁਰ, ਸੰਗੀਤ, ਮਹਿਕਾਂ ਤੇ ਹੁਲਾਰ ਨਾਲ ਭਰੇ ਨਵੇਂ ਜੀਵਨ ਨਾਲ ਰੂਬਰੂ ਕਰਵਾਉਂਦੀ ਹੈ। ਇਨ੍ਹਾਂ ਮਿਸਾਲਾਂ ਤੋਂ ਜੇ ਇਨਸਾਨ ਸਿੱਖਣਾ ਚਾਹੇ ਤਾਂ ਕੀ ਕੁਝ ਨਹੀਂ ਸਿੱਖ ਸਕਦਾ। ਕੁਦਰਤ ਅਭੇਦ ਹੈ, ਸਿਰਫ ਲੋੜ ਹੈ ਤਾਂ ਦੇਖਣ ਵਾਲੀ ਅੱਖ ਦੀ, ਚੰਗੀ ਉਸਾਰੂ ਸੋਚ ਦੀ।***

ਕੁਦਰਤ ਦਾ ਨਿਰਮਾਣ ਵੀ ਤਾਂ ਬਦਲਾਓ ਦਾ ਹੀ ਇਕ ਹਿੱਸਾ ਹੈ। ਬਦਲਾਓ ਦੀ ਇਹ ਗਤੀਸ਼ੀਲ ਕ੍ਰਿਆ ਸਾਨੂੰ ਨਿਰਲੇਪ ਅਣਥੱਕ ਜੀਵਨ ਜਿਉਣ ਦੀ ਜਾਚ ਸਿਖਾਉਂਦੀ ਹੈ। ਰੁੱਖਾਂ ਤੇ ਪਹਾੜਾਂ ਦੀ ਅਡੋਲਤਾ ਸਾਡੀ ਹੌਸਲਾ ਅਫਜ਼ਾਈ ਕਰਦੀ ਹੈ ਤੇ ਸਬਕ ਸਿਖਾਉਂਦੀ ਹੈ। ਇਨਸਾਨ ਨੂੰ ਜ਼ਿੰਦਗੀ ਦੀਆਂ ਰੁੱਤਾਂ ਨੂੰ ਖੁਸ਼ੀਆਂ ਖੇੜਿਆਂ ਨਾਲ ਬਿਤਾਉਣ ਲਈ ਉਤਸ਼ਾਹਿਤ ਕਰਦੀਆਂ ਹਨ। ਪਰਵਾਸੀ ਪੰਛੀ ਤਾਂ ਇਕ ਲਾਜਵਾਬ ਮਿਸਾਲ ਹਨ, ਪਰਵਾਸੀਆਂ ਲਈ। ਜੇ ਇਹ ਪੰਛੀ ਬਦਲਾਓ ਦਾ ਹਿੱਸਾ ਬਣ ਸਕਦੇ ਹਨ ਤੇ ਫਿਰ ਮਨੁੱਖ ਕਿਉਂ ਨਹੀਂ? ਇਹ ਨਦੀਆਂ, ਝਰਨੇ ਸਾਨੂੰ ਹਰ ਰੁੱਤੇ ਨਿਰੰਤਰ ਤੁਰਦੇ ਰਹਿਣ ਦਾ ਸੁਨੇਹਾ ਦਿੰਦੇ ਹਨ। ਮਹਿਕਾਂ ਭਰੀ ਜ਼ਿੰਦਗੀ ਜਿਉਣ ਲਈ ਸਾਨੂੰ ਖੁਸ਼ੀਆਂ ਦੇ ਫੁੱਲਾਂ ਦੀ ਫੁਲਕਾਰੀ ਵਾਲੀ ਚਾਦਰ ਦੀ ਬੁੱਕਲ ਨਾਲ ਤਨ, ਮਨ ਕੱਜਣ ਦੀ ਲੋੜ ਹੈ, ਕਿਉਂਕਿ ਇਨ੍ਹਾਂ ਫੁੱਲਾਂ ਦੇ ਕਿਰ ਜਾਣ ਪਿਛੋਂ ਵੀ ਇਨ੍ਹਾਂ ਦੀ ਮਹਿਕ ਨਹੀਂ ਗੁਆਚਦੀ। ਅਸਮਾਨੀਂ ਚਮਕਦਾ ਤਾਰਾ ਟੁੱਟ ਕੇ ਵੀ ਆਪਣੀ ਰੋਸ਼ਨੀ ਨਹੀਂ ਗਵਾਉਂਦਾ। ਹਨੇਰੀ ਰਾਤ ਨੂੰ ਰੁਸ਼ਨਾਉਂਦਾ ਇੱਕ ਜੁਗਨੂੰ ਹੌਸਲੇ ਦਾ ਪ੍ਰਤੀਕ ਹੈ। ਮੱਸਿਆ ਤੋਂ ਪੁੰਨਿਆ ਦੀ ਰਾਤ ਤੀਕ ਦਾ ਸਫਰ ਠੀਕ ਉਸੇ ਆਸ ਦਾ ਬਿੰਬ ਹੈ, ਜੋ ਬਸੰਤ ਤੋਂ ਬਹਾਰ, ਸਾਵਣ ਤੋਂ ਪੱਤਝੜ ਤੱਕ ਦਾ ਸਫਰ ਤੈਅ ਕਰਾਉਂਦੀ ਹੈ।

ਚੜ੍ਹਦਾ ਸੂਰਜ ਸਬਰ ਦਾ ਫਲ। ਢਲਦੀ ਸ਼ਾਮ ਰਾਤ ਦੇ ਹਨੇਰੇ ਵਿਚ ਪੂਰਾ ਦਿਨ ਊਰਜਾ ਵਿਚ ਬਿਤਾਉਣ ਮਗਰੋਂ ਸਾਡੇ ਵਿਸ਼ਵਾਸ ਦਾ ਇਮਤਿਹਾਨ ਲੈਂਦੀ ਹੈ, ਤੇ ਨਵੀਂ ਸਵੇਰ ਦੀ ਬੁੱਕਲ 'ਚ ਲੁਕੇ ਸੋਹਣੇ ਪੰਛੀਆਂ ਦੇ ਸੁਰ, ਸੰਗੀਤ, ਮਹਿਕਾਂ ਤੇ ਹੁਲਾਰ ਨਾਲ ਭਰੇ ਨਵੇਂ ਜੀਵਨ ਨਾਲ ਰੂਬਰੂ ਕਰਵਾਉਂਦੀ ਹੈ। ਇਨ੍ਹਾਂ ਮਿਸਾਲਾਂ ਤੋਂ ਜੇ ਇਨਸਾਨ ਸਿੱਖਣਾ ਚਾਹੇ ਤਾਂ ਕੀ ਕੁਝ ਨਹੀਂ ਸਿੱਖ ਸਕਦਾ। ਕੁਦਰਤ ਅਭੇਦ ਹੈ, ਸਿਰਫ ਲੋੜ ਹੈ ਤਾਂ ਦੇਖਣ ਵਾਲੀ ਅੱਖ ਦੀ, ਚੰਗੀ ਉਸਾਰੂ ਸੋਚ ਦੀ।

ਆਸ਼ਾਵਾਦੀ ਇਨਸਾਨ ਨਵੀਨੀਕਰਣ ਦਾ ਹਿੱਸਾ ਬਣਦਾ ਤੇ ਆਪਣੀ ਉਸਾਰੂ ਸੋਚ ਨਾਲ ਸਮਾਜ ਦਾ ਵਿਕਾਸ ਕਰਦਾ ਹੈ। ਇਹ ਨਵੀਨੀਕਰਣ ਦੀ ਪ੍ਰਤੀਕ੍ਰਿਆ ਹੀ ਮਨੁੱਖ ਨੂੰ ਜ਼ਿੰਦਗੀ ਦੇ ਸਫਰ ਦੌਰਾਨ ਮਿਲੀਆਂ ਤੇਜ਼ ਧੁੱਪਾਂ ਤੇ ਠੰਡੀਆਂ ਛਾਂਵਾਂ। ਰਾਹ ਵਿਚ ਮਿਲੇ ਢਾਬ, ਦਰਿਆ, ਖੂਬਸੂਰਤ ਝੀਲਾਂ ਤੇ ਗੰਦਲੇ ਟੋਭੇ ਵਿਚਲਾ ਅੰਤਰ ਸਮਝਾਉਂਦੀਆਂ ਨੇ। ਖੂਬਸੂਰਤੀ ਵਿਚ ਮਨੁੱਖ ਖੁੱਲ੍ਹ ਕੇ ਜਿਉਂਦਾ ਤੇ ਗੰਦਗੀ ਵਿਚ ਉਸ ਦਾ ਦਮ ਘੁੱਟਦਾ।


ਸੋਹਣਾ ਸਿਹਤਮੰਦ ਭਵਿੱਖ ਸਿਰਜਣ ਲਈ ਸਾਨੂੰ ਆਪਣੇ ਅਤੀਤ ਨੂੰ ਮੁਆਫ ਕਰ ਉਹਦੀ ਕੁੜੱਤਣ ਦਿਲ ਵਿਚੋਂ ਕੱਢ ਆਪਣਾ ਦਿਲ ਮੁੜ ਮਿਠਾਸ ਨਾਲ ਭਰ, ਆਪਣੀਆਂ ਗਲਤੀਆਂ ਤੋਂ ਸਬਕ ਸਿੱਖ, ਪਹਿਲਾਂ ਨਾਲੋ ਵੀ ਹੋਰ ਉਤੇਜਿਤ ਭਾਵਨਾਵਾਂ ਨਾਲ ਮੁੜ ਉਜਵੱਲ ਸਫਰ ਵੱਲ ਪੈੜਾਂ ਪੁੱਟ, ਬੇਖੌਫ ਹੋ ਕੇ, ਆਪਣੇ ਅਧੂਰੇ ਸੰਦਰਭ ਨੂੰ ਪੂਰਨ ਲਈ ਰੂਹ ਦੇ ਹਾਣੀ ਦਾ ਅਟੁੱਟ ਨਿੱਘਾ ਸਾਥ ਮਾਣਨਾ ਚਾਹੀਦਾ ਹੈ। ਉਹ ਸਾਥ, ਜੋ ਤੁਹਾਡੇ ਹੌਸਲੇ ਬੁਲੰਦ ਕਰੇ, ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰੇ, ਦਿਲ ਦੇ ਭੇਦ ਜਾਣੇ, ਰਿਸ਼ਤੇ ਦਾ ਮੂਲ ਤੱਤ ਪਛਾਣੇ। ਬਸ ਇਹੋ ਹਨ, ਜ਼ਿੰਦਗੀ ਜਿਉਣ ਦੇ ਸਰਲ ਉਪਾਅ, ਜੋ ਸਾਡੇ ਅੰਦਰ ਕੁਝ ਵੀ ਅਣਕਿਹਾ ਤੇ ਅਣਸੁਣਿਆ ਨਹੀਂ ਰਹਿਣ ਦਿੰਦੇ।

# ਵਿਛੋੜੇ ਦਾ ਦਰਦ

**ਵਕਤ ਬੇਸ਼ਕ ਬਹੁਤ ਵਡਮੁੱਲੀ ਦਵਾ ਹੈ, ਇਸ ਦੇ ਗੁਜ਼ਰਨ ਨਾਲ ਜ਼ਖਮ ਭਰ ਜਾਂਦੇ ਹਨ ਤੇ ਦਰਦ ਮੱਠਾ ਪੈ ਜਾਂਦਾ ਹੈ, ਪਰ ਕਦੇ ਕਦਾਈਂ ਇਕੱਲੇ ਬੈਠਿਆਂ ਇਸ ਦਰਦ ਦੀ ਚੀਸ ਵਕਤ ਦਾ ਸੀਨਾ ਪਾੜ ਕੇ ਦਿਲ ਦੀ ਦਹਿਲੀਜ਼ 'ਤੇ ਆ ਖਲੋਂਦੀ ਹੈ। ਭੁੱਬਾਂ ਨਿਕਲ ਜਾਂਦੀਆਂ ਹਨ। ਉਸ ਵੇਲੇ ਕਈ ਰੱਬ ਦੇ ਪਿਆਰਿਆਂ ਨੂੰ ਕੇਵਲ ਨਾਮ ਦੀ ਠੰਢੀ ਹਵਾ ਦਾ ਬੁੱਲਾ ਹੀ ਸ਼ਾਂਤ ਕਰਦਾ ਹੈ।**

ਦਰਦ ਸਾਰੇ ਹੀ ਦੁਖਦਾਈ ਹੁੰਦੇ ਹਨ। ਕਿਸੇ ਜ਼ਖਮ ਦਾ ਦਰਦ, ਸਿਰ ਦਰਦ, ਜੋੜਾਂ ਦਾ ਦਰਦ ਜਾਂ ਹੋਰ ਜਿਸਮਾਨੀ ਦਰਦ ਦਵਾਈ ਅਤੇ ਸਮੇਂ ਨਾਲ ਖਤਮ ਹੋ ਜਾਂਦੇ ਹਨ, ਪਰ ਵਿਛੋੜੇ ਦੇ ਦਰਦ ਦੀ ਕੋਈ ਐਲੋਪੈਥੀ ਜਾਂ ਦੇਸੀ ਦਵਾਈ ਨਹੀਂ। ਹਾਂ! ਵਕਤ ਜ਼ਰੂਰ ਸਹਾਈ ਹੁੰਦਾ ਹੈ। ਅੰਗਰੇਜ਼ੀ ਵਿਦਵਾਨ ਜਾਰਜ ਇਲੀਅਟ ਨੇ ਲਿਖਿਆ ਹੈ ਕਿ ਵਿਛੋੜੇ ਦੇ ਦਰਦ ਦੀ ਗਹਿਰਾਈ ਜਾਂ ਡੂੰਘਾਈ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵਿਛੜੀ ਰੂਹ ਨਾਲ ਤੁਹਾਡਾ ਕੀ ਸਬੰਧ ਸੀ, ਕਿੰਨਾ ਕੁ ਪਿਆਰ ਸੀ, ਕਿੰਨੀ ਕੁ ਹਮ-ਖਿਆਲ ਸੀ ਅਤੇ ਕਿੰਨਾ ਕੁ ਲੰਮਾ ਵਾਹ-ਵਾਸਤਾ ਸੀ।

ਕਿਸੇ ਵੀ ਮਰਦ ਜਾਂ ਔਰਤ ਦੇ ਵਿਛੜ ਜਾਣ ਪਿਛੋਂ ਸਾਕ ਸਬੰਧੀਆਂ ਨੂੰ ਇਸ ਦਰਦ ਦਾ ਦੁੱਖ ਝਲਦਿਆਂ ਦੇਖ ਕੇ ਪਾਠ ਰੱਖੇ ਜਾਂਦੇ ਹਨ, ਕੀਰਤਨ ਕਰਵਾਏ ਜਾਂਦੇ ਹਨ, ਅਰਦਾਸਾਂ ਕਰਵਾਈਆਂ ਜਾਂਦੀਆਂ ਹਨ। ਖਿਆਲ ਕੀਤਾ ਜਾਂਦਾ ਹੈ ਕਿ ਦੁਖ ਸਾਂਝਾ ਕਰਨ ਨਾਲ ਦਰਦ ਘਟ ਜਾਂਦਾ ਹੈ, ਜਿਵੇਂ ਖੁਸ਼ੀ ਸਾਂਝੀ ਕਰਨ ਨਾਲ ਖੁਸ਼ੀ ਵਧ ਜਾਂਦੀ ਹੈ। ਇਸ ਅਵੱਲੇ ਦਰਦ ਦੀ ਕਹਾਣੀ ਅਜੀਬ ਹੈ। ਕਦੀ ਬਹੁਤ



**ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਹੀ ਦੁਖ ਭਰੀ, ਕਦੀ ਕਦੀ ਥੋੜ੍ਹੀ ਜਿਹੀ ਰੌਚਕ!

ਮੇਰੇ ਅਤਿ ਨਜ਼ਦੀਕੀ ਦੋਸਤ ਦੀ ਕਹੀ ਗੱਲ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਹੋਇਆ ਕੀ, ਉਸ ਦਾ ਇਕ ਮੇਲੀ ਜੋ ਅਮਰੀਕਾ ਵਿਚ ਰਹਿੰਦਾ ਹੈ, ਪੰਜ ਕੁ ਸਾਲ ਪਹਿਲਾਂ ਆਪਣੇ ਪਿੰਡ ਗਿਆ। ਇਕ ਦਿਨ ਉਹ ਲੁਧਿਆਣੇ ਜਾਣ ਲੱਗਾ ਤਾਂ ਉਸ ਨੂੰ ਜਾਣ-ਪਛਾਣ ਵਾਲੇ ਬੰਦੇ ਦੇ ਸਕੂਟਰ ਪਿੱਛੇ ਬੈਠਣ ਦਾ ਇਤਫਾਕ ਹੋਇਆ। ਪੜ੍ਹਿਆ-ਲਿਖਿਆ ਅਮਰੀਕੀ ਬਜੁਰਗ, ਅਗਾਂਹਵਧੂ ਵਿਚਾਰਾਂ ਦਾ ਮਾਲਕ ਅਤੇ ਵਧੀਆ ਵਿਸਕੀ ਦਾ ਸ਼ੁਕੀਨ, ਸਕੂਟਰ ਵਾਲੇ ਨੂੰ ਕਹਿਣ ਲੱਗਾ, "ਤੂੰ ਕਿਸ ਕੰਮ ਲੁਧਿਆਣੇ ਜਾ ਰਿਹੈਂ?"

ਜਵਾਬ ਮਿਲਿਆ, "ਕਿਸੇ ਰਿਸ਼ਤੇਦਾਰ ਦੇ ਭੋਗ 'ਤੇ ਜਾ ਰਿਹਾਂ।"

ਫਿਰ ਉਸ ਨੂੰ ਦੂਜਾ ਸਵਾਲ ਕੀਤਾ, "ਉਹ (ਮਰਨ ਵਾਲਾ) ਬਹੁਤ ਬਿਮਾਰ ਰਹਿੰਦਾ ਸੀ ਜਾਂ ਸ਼ਰਾਬ ਜ਼ਿਆਦਾ ਪੀਂਦਾ ਸੀ?"

ਜਵਾਬ ਮਿਲਿਆ, "ਨਾ ਜੀ, ਉਹਨੇ ਤਾਂ ਵਿਚਾਰੇ ਨੇ ਸ਼ਰਾਬ ਕਦੇ ਸੁੰਘੀ ਵੀ ਨਹੀਂ ਸੀ।"

ਪੜ੍ਹੇ-ਲਿਖੇ ਅਮਰੀਕੀ ਨੇ ਕਿਹਾ, "ਫਿਰ ਤਾਂ ਉਹ ਪਹਿਲਾਂ ਹੀ ਮਰਿਆ ਹੋਇਆ ਸੀ। ਇਹੋ ਜਿਹੇ ਬੰਦੇ ਦੇ ਵਿਛੋੜੇ ਦਾ ਕੀ ਦਰਦ?"

ਕੁਦਰਤ ਦੀ ਅਸਚਰਜ ਕਹਾਣੀ ਦੇਖੋ। ਉਸ ਅਮਰੀਕੀ ਬਜੁਰਗ ਦਾ ਸ਼ਰਾਬੀ ਪੁੱਤਰ ਪੂਰਾ ਹੋ ਗਿਆ। ਅੱਜ ਇਹ ਬਹੁਤ ਦਿਲਚਸਪ ਸ਼ਖਸ ਪੁੱਤਰ ਦੇ ਵਿਛੋੜੇ ਦੇ ਦਰਦ ਵਿਚ ਆਪਣੀ ਸੁਧ-ਬੁਧ ਖੋਈ ਬੈਠਾ ਹੈ। ਇਹ ਦਰਦ ਜਿਸ ਤਨ ਲਾਗੇ ਉਹੀ ਜਾਣੇ, ਕੌਣ ਜਾਣੇ ਪੀੜ ਪਰਾਈ!

ਕਈ ਵਾਰ ਦੇਖਿਆ ਹੈ ਕਿ ਪਤੀ-ਪਤਨੀ, ਜੋ ਸਾਰੀ ਉਮਰ ਇਕ ਦੂਜੇ ਨਾਲ ਲੜਦੇ ਝਗੜਦੇ ਹੀ ਰਹੇ ਹੋਣ, ਵਿਛੋੜੇ ਦਾ ਦਰਦ ਉਨ੍ਹਾਂ ਨੂੰ ਵੀ ਸਤਾਉਂਦਾ ਹੈ। ਉਹ ਸੋਚਦੇ ਹਨ ਕਿ ਦੋ ਭਾਂਡੇ ਖੜਕਦੇ ਹੀ ਹੁੰਦੇ ਹਨ, ਕੀ ਹੋਇਆ ਜੇ ਅਸੀਂ ਝਗੜ ਪੈਂਦੇ ਸੀ। ਹੁਣ ਤਾਂ ਕਿਸੇ ਨਾਲ ਗੱਲ ਵੀ ਸਾਂਝੀ ਨਹੀਂ ਕਰ ਸਕਦੇ। ਕਈ ਜਿਹੜੇ ਜੀਵਨ ਭਰ ਜੀਵਨ ਸਾਥੀ ਨਾਲ ਬਦਸਲੂਕੀ ਕਰਦੇ ਰਹੇ ਹੋਣ, ਉਨ੍ਹਾਂ ਵਿਚ ਵਿਛੋੜੇ ਦੇ ਦਰਦ ਵਿਚੋਂ ਪਛਤਾਵਾ ਜਨਮ ਲੈ ਲੈਂਦਾ ਹੈ ਅਤੇ ਸਾਰੀ ਉਮਰ ਪਿੱਛਾ ਨਹੀਂ ਛੱਡਦਾ। ਗੱਲ ਕੀ, ਇਸ ਦਰਦ ਦੀ ਕਹਾਣੀ ਨੂੰ ਥੋੜ੍ਹੇ ਲਫਜ਼ਾਂ ਵਿਚ ਬਿਆਨ ਕਰਨਾ ਬਹੁਤ ਔਖਾ ਹੈ।

ਵਕਤ ਬੇਸ਼ਕ ਬਹੁਤ ਵਡਮੁੱਲੀ ਦਵਾ ਹੈ, ਇਸ ਦੇ ਗੁਜ਼ਰਨ ਨਾਲ ਜ਼ਖਮ ਭਰ ਜਾਂਦੇ ਹਨ ਤੇ ਦਰਦ ਮੱਠਾ ਪੈ ਜਾਂਦਾ ਹੈ, ਪਰ ਕਦੇ ਕਦਾਈਂ ਇਕੱਲੇ ਬੈਠਿਆਂ ਇਸ ਦਰਦ ਦੀ ਚੀਸ ਵਕਤ ਦਾ ਸੀਨਾ ਪਾੜ ਕੇ ਦਿਲ ਦੀ ਦਹਿਲੀਜ਼ 'ਤੇ ਆ ਖਲੋਂਦੀ ਹੈ। ਭੁੱਬਾਂ ਨਿਕਲ ਜਾਂਦੀਆਂ ਹਨ। ਉਸ ਵੇਲੇ ਕਈ ਰੱਬ ਦੇ ਪਿਆਰਿਆਂ ਨੂੰ ਕੇਵਲ ਨਾਮ ਦੀ ਠੰਢੀ ਹਵਾ ਦਾ ਬੁੱਲਾ ਹੀ ਸ਼ਾਂਤ ਕਰਦਾ ਹੈ।

ਜ਼ਿੰਦਗੀ ਦੇ ਸਫਰ ਵਿਚ ਇਹ ਦਰਦ ਹਰ ਸ਼ਖਸ ਦੇ ਹਿੱਸੇ ਆਉਂਦਾ ਹੈ। ਹੋਰ ਤਾਂ ਹੋਰ, ਮੈਂ ਤਾਂ ਇਹ ਵੀ ਦੇਖਿਆ ਕਿ ਪਸ਼ੂ ਵੀ ਇਸ ਦਰਦ ਤੋਂ ਮੁਕਤ ਨਹੀਂ। ਮੈਂ ਆਪਣੇ ਘਰ ਵਿਚ ਇਕ ਬਲਦ ਨੂੰ ਦੂਜੇ ਬਲਦ ਦੇ ਵਿਛੋੜੇ ਪਿੱਛੋਂ ਅੱਖਾਂ ਵਿਚੋਂ ਨੀਰ ਵਹਾਉਂਦੇ ਦੇਖਿਆ ਹੈ। ਬਾਂਦਰੀ ਆਪਣੇ ਮਰੇ ਬੱਚੇ ਨੂੰ ਉਨੀ ਦੇਰ ਆਪਣੀ ਛਾਤੀ ਨਾਲ ਲਾਈ ਰੱਖਦੀ ਹੈ, ਜਿੰਨੀ ਦੇਰ ਨਵਾਂ ਬੱਚਾ ਜਨਮ ਨਾ ਲੈ ਲਵੇ।

ਇਹ ਸਤਰਾਂ ਲਿਖਣ ਵੇਲੇ ਤਾਂ ਕਮਾਲ ਹੀ ਹੋ ਗਈ। ਆਈ ਪੈਡ 'ਤੇ ਖਬਰ ਨਾਲ ਇਕ ਉਦਾਸ ਕੁੱਤੇ ਦੀ ਤਸਵੀਰ ਦੇਖੀ। ਉਸ ਦਾ ਨਾਂ ਹੈ, ਹਾਚੀਕੋ। ਅਰਜਨਟਾਈਨਾ ਦਾ (ਛੇ ਸਾਲ ਦਾ ਲੈਬਰਾਡੋਰ) ਆਪਣੇ ਮਾਲਕ ਦੇ ਵਿਛੋੜੇ ਦੇ ਦਰਦ ਨਾਲ ਬਹੁਤ ਉਦਾਸ ਅੱਖਾਂ ਨਾਲ ਹਸਪਤਾਲ ਦੇ ਬਾਹਰ ਬੈਠਾ ਹੈ। ਇਹ ਨਾਂ ਇਸ ਲਈ ਦਿੱਤਾ ਕਿਉਂਕਿ ਜਾਪਾਨ ਦੇ ਇਕ ਕੁੱਤੇ ਦਾ ਇਹ ਨਾਂ ਸੀ, ਉਹ ਕੁੱਤਾ ਆਪਣੇ ਮਾਲਕ ਦੀ ਯਾਦ ਵਿਚ ਵਿਛੋੜੇ ਦਾ ਦਰਦ ਸਹਿੰਦਾ 9 ਸਾਲ ਰੇਲਵੇ ਸਟੇਸ਼ਨ ਦੇ ਬਾਹਰ ਬੈਠਾ ਰਿਹਾ। ਮੈਂ ਮਹਿਸੂਸ ਕਰ ਰਿਹਾ ਹਾਂ ਕਿ ਪਸ਼ੂ ਜਾਤੀ ਦੇ ਇਹ ਖੂਬਸੂਰਤ ਪ੍ਰਤੀਨਿਧ ਮਨੁੱਖ ਜਾਤੀ ਦੇ ਵਫਾਦਾਰੀ ਦੇ ਸੰਕਲਪ ਨੂੰ ਮਾਤ ਪਾ ਰਹੇ ਹਨ ਅਤੇ ਉਮੀਦ ਕਰਦਾ ਹਾਂ ਕਿ ਅੱਗੇ ਤੋਂ ਅੱਜ ਦਾ ਬਲਾਤਕਾਰੀ ਤੇ ਸ਼ਰਾਰਤੀ ਮਰਦ ਆਪਣੇ ਹਰ ਘਿਨਾਉਣੇ ਕੰਮ ਨੂੰ ਪਸ਼ੂ ਬਿਰਤੀ ਕਹਿ ਕੇ ਇਨ੍ਹਾਂ ਅਤਿ ਮਾਸੂਮ ਅਤੇ ਬੇਜ਼ੁਬਾਨਾਂ ਨੂੰ ਬਦਨਾਮ ਨਾ ਕਰੇ।

ਸ਼ਾਇਦ ਇਹੋ ਜਿਹਾ ਸਭ ਕੁਝ ਵੇਖਣ ਪਿੱਛੋਂ ਹੀ ਮਹਾਤਮਾ ਬੁੱਧ ਨੇ ਕਿਹਾ ਸੀ ਕਿ ਦਰਦ ਦਾ ਮਿਲਣਾ ਅਵੱਸ਼ ਹੈ; ਇਸ ਵਿਚੋਂ ਉਪਜੀ ਚੀਸ ਨੂੰ ਮਹਿਸੂਸ ਕਰਨਾ ਜਾਂ ਨਾ ਕਰਨਾ ਤੁਹਾਡੀ ਮਰਜ਼ੀ ਹੈ। ਬੁੱਧ ਪਰਮਾਤਮਾ ਦੀ ਹੋਂਦ ਜਾਂ ਅਣਹੋਂਦ ਬਾਬਤ ਚੁੱਪ ਹਨ। ਉਹ ਕਹਿੰਦੇ ਹਨ ਕਿ ਦੂਸਰਿਆਂ ਦਾ ਤੁਹਾਡੇ ਤੋਂ ਵੱਡਾ ਦੁੱਖ ਦੇਖ ਕੇ ਤੁਸੀਂ ਆਪਣਾ ਦੁੱਖ ਭੁੱਲ ਸਕਦੇ ਹੋ। ਦੁਖੀ ਲੋਕਾਂ ਦੀ ਮਦਦ ਕਰਨ ਨਾਲ ਵੀ ਤੁਸੀਂ ਆਪਣਾ ਦੁੱਖ ਭੁੱਲ ਜਾਂਦੇ ਹੋ। ਮਹਾਤਮਾ ਬੁੱਧ ਦੇ ਪੈਰੋਕਾਰ ਦਲਾਈ ਲਾਮਾ ਤਿੰਨ ਸਾਲ ਪਹਿਲਾਂ ਬੋਧ ਗਯਾ (ਬਿਹਾਰ) ਵਿਚ ਬਹੁਤ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਸੰਬੋਧਨ ਕਰ ਰਹੇ ਸਨ। ਯਕਲਖਤ ਉਨ੍ਹਾਂ ਦੇ ਪੇਟ ਵਿਚ ਦਰਦ ਹੋਇਆ। ਫਟਾਫਟ ਉਨ੍ਹਾਂ ਨੂੰ ਕਾਰ ਵਿਚ ਪਟਨਾ ਹਸਪਤਾਲ ਲਿਜਾਇਆ ਗਿਆ। ਟੁੱਟੀ-ਫੁੱਟੀ ਸੜਕ ਕਾਰਨ 130 ਕਿਲੋਮੀਟਰ ਦਾ ਸਫਰ ਚਾਰ ਘੰਟੇ ਵਿਚ ਪੂਰਾ ਹੋਇਆ (ਮੈਂ ਵੀ ਦੋ ਮਹੀਨੇ ਪਹਿਲਾਂ ਬੋਧ ਗਯਾ ਜਾ ਕੇ ਆਇਆ ਹਾਂ)। ਰਸਤੇ ਵਿਚ ਪੈਰਾਂ ਤੋਂ ਨੰਗੇ, ਬਿਨਾ ਕੱਪੜੇ ਅਤੇ ਭੁੱਖੇ-ਤਿਹਾਏ ਗਰੀਬ ਬੱਚਿਆਂ ਨੂੰ ਦੇਖ ਕੇ ਦਲਾਈ ਲਾਮਾ ਆਪਣਾ ਦਰਦ ਭੁੱਲ ਗਏ। ਬੁੱਧ ਸਿਧਾਂਤ ਵਾਲੇ ਜਦੋਂ ਤਿਬਤੀਆਂ ਉਤੇ ਜ਼ਾਲਮਾਨਾ ਕੁੱਟ ਵੀ ਪੈਂਦੀ ਹੈ ਤਾਂ ਵੀ ਉਹ ਖੁਸ਼ ਹੀ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਮਾਰਨ ਵਾਲਾ ਆਪਣੀ ਬੇੜੀ ਵਿਚ ਵੱਟੇ ਪਾ ਰਿਹਾ ਹੈ ਅਤੇ ਸਾਨੂੰ ਗੁਨਾਹਾਂ ਤੋਂ ਮੁਕਤ ਕਰ ਰਿਹਾ ਹੈ। ਕਮਾਲ ਦਾ ਨਜ਼ਰੀਆ ਹੈ। ਫਿਰ ਵੀ ਮੁਸ਼ਕਿਲ ਪਿੱਛਾ ਨਹੀਂ ਛੱਡਦੀ।

ਜੋ ਨੇਤਰਹੀਣ ਹਨ, ਜਾਂ ਜੋ ਮੰਜੇ ਜੋਗੇ ਹੋ ਗਏ ਹਨ, ਜੋ ਗਰੀਬ ਹੋਣ ਤੇ ਮਿਹਨਤ ਮਜ਼ਦੂਰੀ ਕਰਕੇ ਪੇਟ ਭਰਦੇ ਹੋਣ, ਜੋ ਲੋੜਵੰਦਾਂ ਨੂੰ ਕੁਝ ਨਾ ਦੇ ਸਕਣ ਅਤੇ ਚਲ-ਫਿਰ ਕੇ ਕਿਸੇ ਦਾ ਦੁੱਖ ਵੀ ਨਾ ਵੰਡਾ ਸਕਣ; ਵਿਛੋੜੇ ਦਾ ਦੁੱਖ ਦਰਦ ਉਨ੍ਹਾਂ ਦੇ ਹਿੱਸੇ ਵੀ ਆਉਂਦਾ ਹੈ, ਉਹ ਵਿਚਾਰੇ ਕੀ ਕਰਨ?

ਇਨ੍ਹਾਂ ਸਾਰੇ ਲੋਕਾਂ ਦੀ ਸਾਰ ਲਈ ਮਹਾਤਮਾ ਬੁੱਧ ਤੋਂ ਬਹੁਤ ਦੇਰ ਬਾਅਦ ਗੁਰੂ ਨਾਨਕ ਆਏ। ਉਨ੍ਹਾਂ ਕਿਹਾ,

ਨਾਨਕ ਦੁਖੀਆ ਸਭੁ ਸੰਸਾਰੁ॥
ਸੋ ਸੁਖੀਆ ਜਿਸ ਨਾਮ ਆਧਾਰ॥

ਵਿਛੋੜੇ ਦਾ ਦੁੱਖ ਭੁਲਾਉਣ ਲਈ ਨਾਮ ਦਾ ਸਹਾਰਾ ਲੈਣਾ ਹੀ ਸਿੱਖ ਸਿਧਾਂਤ ਦੱਸਦਾ ਹੈ। ਇਸ ਨੂੰ ਪੱਕਾ ਕਰਦਿਆਂ ਗੁਰੂ ਅਰਜਨ ਦੇਵ ਫੁਰਮਾਉਂਦੇ ਹਨ:

ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥

ਕੁਦਰਤ ਦੀ ਅਨੋਖੀ ਖੇਡ ਵਿਚ ਇਥੇ ਵੀ ਰੁਕਾਵਟ ਆ ਜਾਂਦੀ ਹੈ। ਸਾਡੇ ਸਮਾਜ ਵਿਚ ਅਨੇਕਾਂ ਬੰਦੇ ਐਸੇ ਹਨ, ਜਿਨ੍ਹਾਂ ਨੂੰ ਨਾਮ ਜਪਣ ਵਿਚ ਯਕੀਨ ਨਹੀਂ। ਮਾਇਆਧਾਰੀ ਜੀਵਨ ਦੀ ਇਹ ਸੱਜਰੀ ਉਪਜ ਹੈ। ਗੁਰੂ ਅਮਰਦਾਸ ਨੇ ਅਨੰਦ ਸਾਹਿਬ ਵਿਚ ਫੁਰਮਾਇਆ ਹੈ:

ਏਹੁ ਤਿਨ ਕੈ ਮੰਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ॥

ਕੁਝ ਵੀਰ ਇਹ ਕਹਿ ਕੇ ਪੱਲਾ ਝਾੜ ਦਿੰਦੇ ਹਨ ਕਿ ਜੇ ਸਾਡੇ ਕਰਮਾਂ ਵਿਚ ਨਾਮ ਲਿਖਿਆ ਹੀ ਨਹੀਂ, ਫਿਰ ਇਸ ਦਾ ਆਸਰਾ ਕਿਉਂ ਤੱਕੀਏ? ਵਿਛੋੜੇ ਦਾ ਦਰਦ ਵਕਤ ਨਾਲ ਖਤਮ ਹੋ ਜਾਵੇਗਾ। ਇਹ ਲੋਕ ਸਮਝਦਾਰ ਹਨ, ਇਨ੍ਹਾਂ ਦੀ ਚਰਚਾ ਵਿਚ ਦਮ ਹੈ। ਉਂਜ, ਇਹ ਵੀਰ ਸ਼ਾਇਦ ਭੁੱਲ ਜਾਂਦੇ ਹਨ ਕਿ ਵਕਤ ਬਲਵਾਨ ਤਾਂ ਹੈ, ਪਰ ਗਰਦਿਸ਼ ਵਿਚ ਹੈ। ਇਸ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਸੁਰਾਖ ਹੋ ਹੀ ਜਾਂਦਾ ਹੈ। ਵਕਤ ਦੇ ਢਿੱਡ ਵਿਚ ਦੱਬੀ ਹੋਈ ਵਿਛੋੜੇ ਦੇ ਦਰਦ ਦੀ ਚੀਸ ਬਾਹਰ ਆ ਹੀ ਜਾਂਦੀ ਹੈ ਤੇ ਇਹ ਵੀਰ ਵੀ ਹਾਲੋਂ-ਬੇਹਾਲ ਹੋ ਜਾਂਦੇ ਹਨ। ਸੋ, ਵਕਤ ਹੀ ਪੱਕਾ ਇਲਾਜ ਨਹੀਂ।

ਇਸ ਮੌਕੇ ਸਰ ਮੁਹੰਮਦ ਇਕਬਾਲ ਚੰਗਾ ਪੈਗਾਮ ਲੈ ਕੇ ਆਇਆ ਹੈ। ਪਹਿਲਾਂ ਤਾਂ ਉਸ ਨੇ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਿਧਾਂਤ ਨੂੰ ਇਸ ਤਰ੍ਹਾਂ ਜੀ ਆਇਆ ਕਿਹਾ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖੁਆਬ ਸੇ।

ਇਸ ਸ਼ਿਅਰ ਵਿਚ ਆਏ 'ਮਰਦੇ ਕਾਮਲ' ਗੁਰੂ ਨਾਨਕ ਹਨ। ਇਕਬਾਲ ਨੂੰ ਬਹੁਤੇ ਲੋਕ ਅਗਾਂਹਵਧੂ ਤਹਿਰੀਕ ਦਾ ਬਾਨੀ ਸਮਝਦੇ ਹਨ। ਜਦੋਂ ਉਹ ਕਹਿੰਦਾ ਹੈ, ਜਿਸ ਖੇਤ ਸੇ ਦਹਕਾਂ ਕੋ ਮਯੱਸਰ ਨਾ ਹੋ ਰੋਜ਼ੀ, ਉਸ ਖੇਤ ਕੇ ਹਰ ਖੋਸ਼ਾ-ਏ-ਗੰਦੁਮ ਕੋ ਜਲਾ ਦੋ; ਭਾਵ ਜਿਸ ਖੇਤ ਵਿਚੋਂ ਕੰਮ ਕਰਨ ਵਾਲਿਆਂ ਨੂੰ ਰੋਟੀ ਨਸੀਬ ਨਾ ਹੋਵੇ, ਉਸ ਖੇਤ ਦਾ ਰਿਜ਼ਕ ਜਲਾ ਦਿਓ; ਤਾਂ ਸੋਚੋ ਗੱਲ ਕੀ ਬਣਦੀ ਹੈ। ਉਂਜ, ਉਹ ਰੂਹਾਨੀਅਤ ਦੇ ਜਜ਼ਬੇ ਵਿਚ ਬਹੁਤ ਉਚੀ ਉਡਾਰੀ ਮਾਰਦਾ ਹੈ, ਜਦੋਂ ਕਹਿੰਦਾ ਹੈ,

ਖੁਦੀ ਕੋ ਕਰ ਬੁਲੰਦ ਇਤਨਾ
ਕਿ ਹਰ ਤਕਦੀਰ ਸੇ ਪਹਿਲੇ,
ਖੁਦਾ ਬੰਦੇ ਸੇ ਖੁਦ ਪੂਛੇ
ਬਤਾ ਤੇਰੀ ਰਜ਼ਾ ਕਿਆ ਹੈ।

ਇਸ ਥਾਂ ਉਹ ਇਨ੍ਹਾਂ ਵੀਰਾਂ ਦੀ ਬਾਂਹ ਫੜਦਾ ਹੈ, ਜੋ ਕਹਿੰਦੇ ਹਨ ਕਿ ਸਾਡੀ ਤਕਦੀਰ ਵਿਚ ਨਾਮ ਲਿਖਿਆ ਹੀ ਨਹੀਂ। ਖੁਦੀ ਕੀ ਹੈ? ਆਪਾ। ਆਪੇ ਨੂੰ ਉਚਾ (ਬੁਲੰਦ) ਕਿਵੇਂ ਕਰੀਏ, ਪੰਜਵੇਂ ਗੁਰੂ ਸਾਹਿਬ ਫੁਰਮਾਉਂਦੇ ਹਨ:

ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਉਚਾ॥

ਮੈਂ ਇਨ੍ਹਾਂ ਵੀਰਾਂ ਵਿਚ ਧਿਆਨ ਨਾਲ ਜੋ ਕੁਝ ਦੇਖਿਆ ਹੈ ਕਿ ਉਹ ਇਹ ਹੈ ਕਿ ਇਹ ਬਹੁਤ ਨਹੀਂ ਤਾਂ ਥੋੜ੍ਹੇ ਅਭਿਮਾਨੀ ਜ਼ਰੂਰ ਹੁੰਦੇ ਹਨ। ਜੇ ਇਹ ਇਨਸਾਨ ਨਿਮਰਤਾ, ਹਲੀਮੀ ਅਤੇ ਨਿਰਮਾਣਤਾ ਦੇ ਪੁੰਜ ਬਣ ਜਾਣ ਤਾਂ ਇਨ੍ਹਾਂ ਦਾ ਆਪਾ ਬਹੁਤ ਬੁਲੰਦ ਹੋ ਜਾਵੇਗਾ। ਉਸ ਅਵਸਥਾ ਵਿਚ ਪਹੁੰਚ ਕੇ ਇਨਸਾਨ ਯਾਰੜੇ ਦਾ ਮਿੱਤਰ, ਭਾਈ ਅਤੇ ਬੰਧਪ ਬਣ ਜਾਂਦਾ ਹੈ; ਭਾਵ ਉਹ ਖੁਦ ਦਾ ਸਭ ਕੁਝ ਹੋ ਜਾਂਦਾ ਹੈ। ਫਿਰ ਉਸ ਨੂੰ ਖੁਦਾ ਪੁੱਛੇਗਾ, ਦੱਸ, ਤੇਰੀ ਤਕਦੀਰ ਵਿਚ ਕੀ ਲਿਖਾਂ? ਉਸ ਦਾ ਜਵਾਬ ਹੋਵੇਗਾ, ਆਪਣਾ ਨਾਮ ਲਿਖ ਦੇ, ਮੈਂ ਤੈਨੂੰ ਕਦੇ ਨਾ ਭੁੱਲਾਂ। ਐਸੇ ਇਨਸਾਨ ਨੂੰ ਵਿਛੋੜੇ ਦਾ ਦਰਦ ਕਦੇ ਨਹੀਂ ਸਤਾਏਗਾ।

ਇਕ ਭਲੇ ਆਦਮੀ, ਜਿਸ ਵਿਚ ਨਿਮਰਤਾ ਦੇ ਅੰਸ਼ ਮੈਨੂੰ ਕਦੇ ਨਹੀਂ ਭੁਲਦੇ, ਬਾਰੇ ਲਿਖੇ ਬਿਨਾ ਮੈਨੂੰ ਇਹ ਲੇਖ ਅਧੂਰਾ ਲਗਦਾ ਹੈ। ਮੈਂ 22 ਕੁ ਸਾਲ ਦੀ ਉਮਰ ਵਿਚ ਬਰਨਾਲਾ ਦੇ ਐਸ. ਡੀ. ਕਾਲਜ ਵਿਖੇ ਬਤੌਰ ਲੈਕਚਰਾਰ ਨੌਕਰੀ ਸ਼ੁਰੂ ਕੀਤੀ। ਕਾਲਜ ਨਵਾਂ-ਨਵਾਂ ਖੁੱਲ੍ਹਿਆ ਹੋਣ ਕਰਕੇ ਖੇਡਾਂ ਦਾ ਕੋਈ ਖਾਸ ਵਸੀਲਾ ਨਹੀਂ ਸੀ। ਮੈਂ ਹਰ ਰੋਜ਼ ਸ਼ਾਮ ਨੂੰ ਬਾਜਾਖਾਨਾ ਸੜਕ ਉਤੇ ਸੈਰ ਕਰਨ ਜਾਂਦਾ। ਬਰਨਾਲਾ ਦੇ ਜਿਲਾ ਸੈਸ਼ਨ ਜੱਜ ਵੀ ਉਸੇ ਸੜਕ 'ਤੇ ਸੈਰ ਕਰਨ ਜਾਂਦੇ। ਉਹ ਮੈਨੂੰ ਜਦੋਂ ਵੀ ਸਾਹਮਣਿਉਂ ਆਉਂਦੇ ਮਿਲਦੇ ਤਾਂ ਦੂਰੋਂ ਹੀ ਹੱਥ ਜੋੜ ਕੇ ਫਤਿਹ ਬੁਲਾਉਂਦੇ। ਮੈਂ ਉਨ੍ਹਾਂ ਨੂੰ ਇਕ ਦਿਨ ਪੁਛਿਆ, "ਜੱਜ ਸਾਹਿਬ ਤੁਸੀਂ ਮੇਰੇ ਪਿਤਾ ਸਮਾਨ ਹੋ, ਰੁਤਬੇ ਵਿਚ ਵੀ ਮੇਰੇ ਨਾਲੋਂ ਬਹੁਤ ਉਚੇ ਹੋ, ਮੈਨੂੰ ਪਹਿਲਾਂ ਹੱਥ ਜੋੜ ਕੇ ਤੁਹਾਨੂੰ ਫਤਿਹ ਬੁਲਾਉਣ ਦਾ ਮਾਣ ਕਿਉਂ ਨਹੀਂ ਬਖਸ਼ਦੇ?"

ਕਹਿਣ ਲੱਗੇ, "ਗੁਰਬਾਣੀ ਸਿਧਾਂਤ ਅਨੁਸਾਰ ਤੇ ਨਿਰਮਾਣਤਾ ਮੁਤਾਬਕ ਜੋ ਪਹਿਲ ਕਰ ਗਿਆ, ਉਹੀ ਬਾਜ਼ੀ ਜਿੱਤ ਗਿਆ।"

ਬਾਅਦ ਵਿਚ ਮੈਂ ਸਰਕਾਰੀ ਕਾਲਜ ਫਰੀਦਕੋਟ ਚਲਿਆ ਗਿਆ ਅਤੇ ਸੇਵਾ ਮੁਕਤ ਹੋ ਕੇ ਉਹ ਵੀ ਫਰੀਦਕੋਟ ਹੀ ਪਹੁੰਚ ਗਏ। ਉਨ੍ਹਾਂ ਵਿਚ ਨਿਰਮਾਣਤਾ ਅਤੇ ਹਲੀਮੀ ਦੇ ਲੱਛਣ ਹੋਰ ਵੀ ਗੂੜ੍ਹੇ ਹੋ ਗਏ। ਕੁਦਰਤ ਦੀ ਮਿਹਰਬਾਨੀ, ਉਨ੍ਹਾਂ ਦਾ ਬੇਟਾ ਮੇਰਾ ਸਹਿਕਰਮੀ (ਕੁਲੀਗ) ਬਣ ਗਿਆ। ਮੈਂ ਉਸ ਨੂੰ ਕਹਿਣਾ, "ਤੂੰ ਆਪਣੇ ਪਿਤਾ ਦੇ ਨਕਸ਼ੇ-ਕਦਮ ਉਤੇ ਕਿਉਂ ਨਹੀਂ ਚਲਦਾ?" ਉਹਨੇ ਕਹਿਣਾ, "ਮੈਂ ਕੋਸ਼ਿਸ਼ ਕਰੂੰਗਾ।" ਇਕ ਦਿਨ ਉਹ ਮੈਨੂੰ ਕਹਿਣ ਲੱਗਾ, "ਵੱਡੇ ਭਾਈ! ਡੈਡੀ ਦੀ ਇਕ ਗੱਲ ਸੁਣ ਕੇ ਤੂੰ ਖੁਸ਼ ਹੋਵੇਂਗਾ।" ਮੈਂ ਕਿਹਾ, "ਕੀ?" ਕਹਿੰਦਾ, "ਉਹ ਕਚਹਿਰੀ ਵਿਚ ਆਪਣੇ ਮੇਜ ਦੇ ਦਰਾਜ਼ ਵਿਚ ਗੁਟਕਾ ਰਖਦੇ ਸਨ। ਫੈਸਲਾ ਲਿਖਣ ਵੇਲੇ, ਖੱਬਾ ਹੱਥ ਗੁਟਕੇ ਉਤੇ ਅਤੇ ਸੱਜਾ ਹੱਥ ਕਲਮ (ਪੈਨ) ਉਤੇ ਰਖਦੇ ਸਨ। ਉਹ ਹਰ ਫੈਸਲਾ ਪਰਮਾਤਮਾ ਨੂੰ ਅੰਗ ਸੰਗ ਸਮਝ ਕੇ ਕਰਦੇ ਸਨ। ਉਨ੍ਹਾਂ ਦੇ ਫੈਸਲਿਆਂ 'ਤੇ ਬਹੁਤ ਘੱਟ ਪਟੀਸ਼ਨਾਂ ਹਾਈ ਕੋਰਟ ਵਿਚ ਗਈਆਂ।"

ਮੈਂ ਸਮਝਦਾ ਹਾਂ ਕਿ ਰੱਬ ਦਾ ਨਾਂ ਲੈਣ ਲਈ ਮਾਲਾ ਫੇਰਨੀ ਹੀ ਕਾਫੀ ਨਹੀਂ। ਹਰ ਕੰਮ ਕਰਨ ਵੇਲੇ ਉਸ ਦੀ ਮਿਹਰ ਦਾ ਪਾਤਰ ਬਣਨ ਵਾਲੇ ਇਨਸਾਨ ਕਦੇ ਗਲਤ ਕੰਮ ਨਹੀਂ ਕਰਦੇ। ਜੇ ਇਹ ਜਜ਼ਬਾ ਸਾਰੀ ਹਿਆਤੀ ਵਿਚ ਆ ਜਾਵੇ, ਬੇਇਨਸਾਫੀ ਕੱਲ੍ਹ ਹੀ ਕਹਾਣੀ ਬਣ ਜਾਵੇਗੀ। ਦੁਨੀਆਂ ਵਿਚ ਜਿਉਣ ਦਾ ਮਜ਼ਾ ਆ ਜਾਵੇਗਾ। ਵਿਛੋੜੇ ਦਾ ਦਰਦ ਮਹਿਸੂਸ ਨਹੀਂ ਹੋਵੇਗਾ।

## ਹਾਰ-ਧਾਰੀ ਲੋਕ

ਜਿਹਨੂੰ ਅਸੀਂ ਕੌਮ ਸਮਝਦੇ ਰਹੇ
ਉਹ ਆਪਸ ਵਿਚ ਖਹਿਬੜਦੇ
ਇਕ ਸੌ ਤੀਹ ਕਰੋੜ
ਹਾਰੇ ਹੋਏ ਲੋਕਾਂ ਦੀ ਭੀੜ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ।

ਸੱਚੇ ਪਾਤਸ਼ਾਹ ਜੀ,
ਹਾਰ ਨੂੰ ਜਿੱਤ ਕਹਿਣ ਦੀ ਜ਼ਿਦ ਨੇ
ਬੜਾ ਕੁਝ ਉਲਟਾ ਦਿੱਤਾ,
ਹਾਰ ਨੂੰ ਕੌਮ ਦੇ ਗਲੇ ਦਾ ਹਾਰ ਬਣਾ ਦਿੱਤਾ,
ਜਿੱਤ ਦਾ ਇਹ ਸਦੀਆਂ ਲੰਬਾ ਜਸ਼ਨ
ਜੋ ਹਾਰ ਦੇ ਇਕ ਸੌ ਤੀਹ ਕਰੋੜ
ਕਿੱਸਿਆਂ ਦਾ ਖੌਰੂ ਪਾਉਂਦਾ ਇਤਿਹਾਸ ਹੈ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ।

ਸੱਚੇ ਪਾਤਸ਼ਾਹ ਜੀ,
ਅਸੀਂ ਹਰ ਹਾਰ ਤੋਂ ਬਾਅਦ
ਸੂਰਮੇ ਜੇਤੂ ਬਣ ਬਣ ਬਹਿੰਦੇ ਰਹੇ,
ਅੱਕ ਤੋਂ ਕੌੜੇ ਭਾਣੇ ਨੂੰ
ਮਾਖਿਉਂ ਮਿੱਠਾ ਕਹਿੰਦੇ ਰਹੇ,
ਅਸੀਂ ਹਾਰ ਨੂੰ ਹਾਰ ਕਹਿ
ਦੁਬਾਰਾ ਲੜਨ ਦੀ ਥਾਂ
ਹਾਰ ਨੂੰ ਜਿੱਤ ਕਹਿ ਅਪਨਾ ਲਿਆ,
ਤੇ ਉਸ ਜਿੱਤ ਦੀ ਹੋਣੀ ਉਪਰ
ਆਪਣਾ ਸਭ ਕੁਝ ਦਾਅ 'ਤੇ ਲਾ ਲਿਆ,
ਆਉਣ ਵਾਲੀਆਂ ਪੀੜ੍ਹੀਆਂ ਨੂੰ
ਦੇਣ ਲਈ ਸਾਡੇ ਕੋਲ ਕੱਢ-ਪਾ ਕੇ
ਬਚੀ ਸਦੀਆਂ ਤੋਂ ਸਾਡੇ ਸਿਰ ਚੜ੍ਹੀ
ਇਕ ਅਣਲੜੀ ਲੜਾਈ ਦੀ ਭੜਾਸ ਹੈ,
ਬਾਕੀ ਜੋ ਕੁਝ ਵੀ ਸਾਡੇ ਪਾਸ ਹੈ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ।

ਸੱਚੇ ਪਾਤਸ਼ਾਹ ਜੀ,
ਕਾਸ਼! ਅਸੀਂ ਜਾਣੀ ਜਾਣ ਹੁੰਦੇ
ਕਿ ਹਾਰ ਨੂੰ ਜਿਤ ਕਹਿਣ ਦੀ ਜ਼ਿਦ ਨੇ
ਇਸ ਕਦਰ ਵੀ ਪੇਸ਼ ਆਉਣਾ ਸੀ
ਕਿ ਆਉਂਦੀਆਂ ਜਾਂਦੀਆਂ ਸਦੀਆਂ ਸਾਹਵੇਂ
ਬੈਠੇ ਸਾਡੇ ਰਿਸ਼ੀਆਂ ਮੁਨੀਆਂ ਨੇ
ਬੂਬਨੇ ਸਾਧ ਹੋ ਜਾਣਾ ਸੀ,
ਕਿ ਵੇਦਾਂ ਗ੍ਰੰਥਾਂ ਦੇ ਗਿਆਨ ਦੀ ਛਾਂਵੇਂ
ਚਾਮਲ੍ਹਦਿਆਂ ਸਾਨੂੰ ਅਗਿਆਨ ਦਾ
ਐਸਾ ਹਲਕ ਚੜ੍ਹਨਾ ਸੀ,
ਕਿ ਅਸੀਂ ਪੋਰਸਾਂ ਦੁੱਲਿਆਂ ਦੀ ਔਲਾਦ ਨੇ
ਆਪਸ ਵਿਚ ਉਲਝ ਕੇ
ਕੁੱਤਿਆਂ ਦੀ ਮੌਤ ਮਰਨਾ ਸੀ,
ਸਾਡੇ ਕੋਲ ਮਾਣ ਕਰਨ ਲਈ ਬਚਿਆ
ਇਸ ਮੌਤ ਵਿਚ ਵਹਿੰਦਾ ਜੋ
ਅਕਲ ਦਾ ਨਿਕਾਸ ਹੈ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ।

ਸੱਚੇ ਪਾਤਸ਼ਾਹ ਜੀ,
ਅਸੀਂ ਸੱਭਿਅਤਾਵਾਂ ਤੋਂ ਪੁਰਾਣੇ
ਹਜ਼ਾਰਾਂ ਸਾਲਾਂ ਲੰਬੇ ਦੋਜ਼ਖ ਵਿਚੀਂ
ਸਾਬਤ ਸਬੂਤ ਲੰਘ ਆਏ,
ਮੰਜ਼ਿਲ ਦੀ ਸਾਡੇ ਸਫਰ ਵਿਚ
ਕੋਈ ਗੁੰਜਾਇਸ਼ ਨਹੀਂ ਸੀ,
ਪਰ ਅਸੀਂ ਹੁਣ ਆਪਣੇ
ਸਫਰ ਦੀ ਹੱਦ 'ਤੇ ਹਾਂ,
ਅਸੀਂ ਅੱਜ ਜੋ ਵੀ ਹਾਂ
ਆਪਣੀਆਂ ਹਾਰਾਂ ਦੇ ਸਦਕੇ ਹਾਂ,
ਜਿੱਤੇ ਹੋਏ ਆਦਮੀ ਦੀ ਸਮਝ ਨਾ ਆਵੇ
ਹਾਰ ਕਿੰਜ, ਹਾਰੇ ਹੋਏ ਆਦਮੀ ਦੀ
ਰਸਮ ਹੋ ਜਾਵੇ, ਅਸੀਂ ਹਾਰੇ ਹੋਏ ਲੋਕ
ਜਿਨ੍ਹਾਂ ਚੀਜ਼ਾਂ ਦੇ ਆਰ ਪਾਰ ਲੰਘ ਆਏ
ਉਨ੍ਹਾਂ ਚੀਜ਼ਾਂ ਦੇ ਕੋਲ ਦੀ ਲੰਘਦਿਆਂ
ਜਿੱਤਿਆ ਹੋਇਆ ਆਦਮੀ ਭਸਮ ਹੋ ਜਾਵੇ,
ਸਾਡਾ ਬੇ-ਮੰਜ਼ਿਲਾ ਇਹ ਜੋ ਸਾਹਸ ਹੈ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ ।

ਸੱਚੇ ਪਾਤਸ਼ਾਹ ਜੀ,
ਇਸ ਲਈ ਕਿ ਸਾਡੇ ਬੱਚਿਆਂ ਦੇ
ਭਵਿੱਖ ਨੂੰ ਸਾਡੇ ਭੂਤ ਦੇ
ਪ੍ਰਛਾਵੇਂ ਨਾ ਨੋਚ ਸਕਣ,
ਇਸ ਲਈ ਕਿ ਆਉਣ ਵਾਲੀਆਂ ਪੀੜ੍ਹੀਆਂ
ਸਭ ਕੁਝ ਨਵੇਂ ਸਿਰਿਓਂ ਸੋਚ ਸਕਣ,
ਇਸ ਲਈ ਕਿ ਭਵਿੱਖ ਵੱਲ ਨੂੰ ਪੁੱਟਿਆ ਕਦਮ
ਵੀਹ ਹਜ਼ਾਰ ਸਾਲ ਦਾ ਭਾਰ ਨਾ ਢੋਵੇ,
ਇਸ ਲਈ ਕਿ ਵੀਹ ਹਜ਼ਾਰ ਸਾਲ
ਪੁਰਾਣੀ ਸੱਭਿਅਤਾ ਕੋਲ
ਵੀਹ ਹਜ਼ਾਰ ਸਾਲ ਦੀ ਸਿਆਣਪ ਵੀ ਹੋਵੇ,
ਇਸ ਲਈ ਜਿਹਨੂੰ ਅਸੀਂ ਕੌਮ ਸਮਝਦੇ ਰਹੇ
ਉਹ ਆਪਸ ਵਿਚ ਖਹਿਬੜਦੇ
ਸੌ ਕਰੋੜ ਹਾਰੇ ਹੋਏ ਲੋਕਾਂ ਦੀ ਭੀੜ।
ਤੁਹਾਡੇ ਚਰਨਾਂ ਵਿਚ ਅਰਦਾਸ ਹੈ
ਸੱਚੇ ਪਾਤਸ਼ਾਹ ਜੀ।

***-ਸੁਖਪਾਲ ਸੰਘੇੜਾ***

## ਹੱਥ ਦੀਆਂ ਲਕੀਰਾਂ

ਜਿਸ ਕਾਮੇ ਦੀਆਂ ਹੱਥ ਦੀਆਂ
ਲਕੀਰਾਂ ਹੀ ਮਿਟ ਗਈਆਂ
ਕੀ ਦੇਖੋਗੇ ਉਸ ਦੇ ਸਿਤਾਰੇ।
ਭਰਮ-ਵਹਿਮ ਨਹੀਂ ਤਾਂ ਹੋਰ ਕੀ
ਉਹ ਵੀ ਜਿਉਂਦੇ ਹਨ ਆਪਣੀ ਜ਼ਿੰਦਗੀ
ਦਸਾਂ ਨਹੁੰਆਂ ਦੀ ਕਿਰਤ ਕਰ ਕੇ।
ਨਾ ਕਿਸੇ ਨੂੰ ਮਾੜਾ ਚੰਗਾ
ਨਾ ਹਿੜਕ, ਨਾ ਝਿੜਕ
ਧੀਮੀ ਚਾਲੇ ਤੁਰੇ ਰਹਿੰਦੇ।
ਮੀਂਹ ਹੋਵੇ ਜਾਂ ਝੱਖੜ
ਕਰ ਕਿਰਤ ਪਾਲਦੇ ਕੁਨਬਾ।
ਨਾ ਝੋਰਾ ਕਿਸੇ ਚੀਜ਼ ਦਾ
ਨਾ ਲਾਲਸਾ ਅਮੀਰ ਬਣਨ ਦੀ
ਨਾ ਵੀ ਹੋਵੇ ਘਰ ਘਾਟ
ਖੁੱਲ੍ਹੇ ਅਸਮਾਨ ਥੱਲੇ ਸੌਂ ਜਾਂਦੇ।
ਜਾਣਦੇ ਹਨ ਕਿ ਢਿੱਡ
ਉਨ੍ਹਾਂ ਦਾ ਕੱਟਿਆ ਜਾ ਰਿਹਾ।
ਇਹੀ ਹਨ ਜੋ ਖੜ੍ਹਦੇ ਹੱਕ ਲਈ
ਗੁਆਉਣ ਲਈ ਕੁਝ ਨਹੀਂ ਪੱਲੇ
ਪਾਉਣ ਲਈ ਬਹੁਤ ਕੁਝ।

***-ਦਰਸ਼ਨਪਾਲ ਦੋਸਾਂਝ***

ਜੰਗ-ਏ-ਆਜ਼ਾਦੀ

# ਦਾਸਤਾਂ ਕਾਲੇਪਾਣੀ ਦੇ ਕੈਦੀਆਂ ਦੀ

ਕਾਲੇਪਾਣੀ ਜੇਲ੍ਹ ਦਾ ਨਾਂ ਜ਼ਿਹਨ ਵਿਚ ਆਉਂਦੇ ਹੀ ਕਿੰਨੇ ਹੌਲਨਾਕ ਤਸੀਹੇ ਖਿਆਲਾਂ ਵਿਚ ਗੁਜ਼ਰ ਜਾਂਦੇ ਨੇ। ਕਿਹਾ ਜਾਂਦਾ ਹੈ ਕਿ ਇਸ ਜੇਲ੍ਹ ਵਿਚ ਬਹੁਤੇ ਕੈਦੀ ਦੇਸ਼ ਭਗਤ ਯੋਧੇ ਹੀ ਹੋਇਆ ਕਰਦੇ ਸਨ, ਜੋ ਭਾਰਤ ਦੇ ਦੋ ਸੂਬਿਆਂ-ਪੰਜਾਬ ਅਤੇ ਬੰਗਾਲ ਤੋਂ ਸਨ। ਕੈਦੀਆਂ ਵਿਚੋਂ ਡਾ. ਦੀਵਾਨ ਸਿੰਘ, ਸ. ਸੋਹਣ ਸਿੰਘ, ਮੌਲਾਨਾ ਫਜ਼ਲ-ਏ-ਹੱਕ, ਜੋਗਿੰਦਰ ਸ਼ੁਕਲਾ, ਬਟੁਕੇਸ਼ਵਰ ਦੱਤ, ਮੌਲਾਨਾ ਅਹਿਮਦ ਉਲਾ, ਮੌਲਵੀ ਅਬਦੁਲ ਰਹੀਮ ਸਿੱਦਕੀ, ਚੰਦਰ ਚੈਟਰਜੀ, ਵਰਮਨ ਰਾਓ ਜੋਸ਼ੀ, ਨੰਦ ਗੋਪਾਲ ਦੇ ਨਾਂ ਇਤਿਹਾਸ ਦੇ ਸੁਨਹਿਰੇ ਪੰਨਿਆਂ 'ਤੇ ਦਰਜ ਹਨ।

ਕਿਉਂਕਿ ਇਸ ਜੇਲ੍ਹ ਵਿਚ ਬਹੁ-ਗਿਣਤੀ ਪੰਜਾਬ ਅਤੇ ਪੱਛਮੀ ਬੰਗਾਲ ਦੇ ਯੋਧਿਆਂ ਦੀ ਸੀ, ਇਸ ਲਈ ਪੰਜਾਬੀਆਂ ਤੇ ਬੰਗਾਲੀਆਂ ਨੇ ਕਾਲੇਪਾਣੀ ਦੀ ਜੇਲ੍ਹ ਦਾ ਨਾਂ ਸੁਣਿਆ ਹੋਵੇਗਾ।



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਵੈਸੇ ਅਸੀਂ ਪੰਜਾਬ ਦੇ ਵਸਨੀਕ ਆਪਣੇ ਬਚਪਨ ਤੋਂ ਹੀ ਇਸ ਜੇਲ੍ਹ ਦਾ ਨਾਂ ਸੁਣਦੇ ਆਏ ਹਾਂ, ਪਰ ਇਸ ਜੇਲ੍ਹ ਦੇ ਸੰਦਰਭ ਵਿਚ ਜਦੋਂ ਕੁਝ ਦਿਨ ਪਹਿਲਾਂ ਪੜ੍ਹਿਆ ਤਾਂ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਖੁਲਾਸੇ ਸਾਹਮਣੇ ਆਏ, ਜਿਨ੍ਹਾਂ ਤੋਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਆਜ਼ਾਦੀ ਦੀ ਜੰਗ 'ਚ ਦੇਸ਼ ਦੇ ਪਰਵਾਨਿਆਂ ਨੇ ਜਿਸ ਕਾਲੇਪਾਣੀ ਦੀ ਜੇਲ੍ਹ, ਜੋ ਸੈਲੂਲਰ ਜੇਲ੍ਹ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ, ਵਿਚ ਤਸੀਹੇ ਸਹੇ। ਇਹ ਜੇਲ੍ਹ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਨੇੜੇ ਸਥਿਤ ਹੈ, ਜਿਸ ਦਾ ਨਿਰਮਾਣ 1896 ਤੇ 1906 ਦੌਰਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜਦੋਂ ਤੱਕ ਕਾਲੇਪਾਣੀ ਦੀ ਜੇਲ੍ਹ ਨਹੀਂ ਸੀ ਬਣੀ, ਉਦੋਂ ਕੈਦੀਆਂ ਨੂੰ ਖੁੱਲ੍ਹੇ ਆਸਮਾਨ ਹੇਠ ਵਾਈਪਰ ਆਈਲੈਂਡ (ਜੋ ਜ਼ਹਿਰੀਲੇ ਸੱਪਾਂ ਵਾਲੇ ਟਾਪੂ ਵਜੋਂ ਵੀ ਜਾਣਿਆ ਜਾਂਦਾ ਸੀ) 'ਤੇ ਲਿਜਾ ਕੇ ਛੱਡ ਦਿੱਤਾ ਜਾਂਦਾ ਸੀ। ਇਸ ਥਾਂ ਤੋਂ ਕਿਸੇ ਵੀ ਕੈਦੀ ਦੇ ਭੱਜ ਜਾਣ ਦਾ ਡਰ ਨਹੀਂ ਸੀ ਹੁੰਦਾ, ਕਿਉਂਕਿ ਇਸ ਦੇ 10 ਹਜ਼ਾਰ ਕਿਲੋਮੀਟਰ ਤੱਕ ਸਿਰਫ ਸਮੁੰਦਰ ਹੀ ਸਮੁੰਦਰ ਸੀ।

ਇਸ ਟਾਪੂ 'ਤੇ ਦਿਨੇ ਤਾਂ ਕੈਦੀਆਂ ਤੋਂ ਜੇਲ੍ਹ ਬਣਾਉਣ ਲਈ ਲੋੜੀਂਦੀ ਲੱਕੜ ਕਟਵਾਈ ਜਾਂਦੀ ਤੇ ਰਾਤ ਪੈਂਦੇ ਹੀ ਉਨ੍ਹਾਂ ਨੂੰ ਭੁੱਖੇ-ਪਿਆਸਿਆਂ ਦਰੱਖਤਾਂ ਨਾਲ ਬੰਨ੍ਹ ਦਿੱਤਾ ਜਾਂਦਾ, ਇਸ ਦੌਰਾਨ ਵੱਡਾ ਦੁਖਾਂਤ ਇਹ ਵਾਪਰਦਾ ਕਿ ਸਵੇਰ ਹੋਣ ਤੱਕ ਵਧੇਰੇ ਕੈਦੀ ਸੱਪਾਂ ਦੇ ਡੰਗਣ ਨਾਲ ਮੌਤ ਦਾ ਲੁਕਮਾ ਬਣ ਜਾਂਦੇ। ਮ੍ਰਿਤਕ ਕੈਦੀਆਂ ਨੂੰ ਬਿਨਾ ਕਿਸੇ ਕਾਇਦੇ-ਕਾਨੂੰਨ ਦੇ ਹੀ ਸਮੁੰਦਰ ਵਿਚ ਰੋੜ੍ਹ ਦਿੱਤਾ ਜਾਂਦਾ। ਜਦੋਂ ਕਿ ਮੋਟੀਆਂ ਲੱਕੜਾਂ ਪਹਾੜੀ 'ਤੇ ਚੜ੍ਹਾਉਣ ਲਈ ਕੈਦੀਆਂ ਦੇ ਮਗਰ ਰੱਸੇ ਪਾ ਕੇ ਲੱਕੜੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਸੀ ਤੇ ਪਿੱਛੋਂ ਪਸ਼ੂਆਂ ਵਾਂਗ ਉਨ੍ਹਾਂ ਦੇ ਗਿੱਟਿਆਂ 'ਤੇ ਉਦੋਂ ਤੱਕ



ਕਾਲੇਪਾਣੀ (ਸੈਲੂਲਰ ਜੇਲ੍ਹ) ਦਾ ਦ੍ਰਿਸ਼।

ਸੋਟੀਆਂ ਮਾਰੀਆਂ ਜਾਂਦੀਆਂ, ਜਦੋਂ ਤੱਕ ਉਹ ਲੱਕੜ ਨੂੰ ਖਿੱਚ ਕੇ ਪਹਾੜੀ 'ਤੇ ਨਹੀਂ ਸਨ ਚੜ੍ਹਾ ਦਿੰਦੇ। ਇਸ ਦੌਰਾਨ ਜੇ ਕੋਈ ਕੈਦੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਅਸਮਰੱਥ ਰਹਿੰਦਾ ਤਾਂ ਉਸ ਨੂੰ ਬੇਹੋਸ਼ ਹੋ ਜਾਣ ਤੱਕ ਕੁੱਟਿਆ ਜਾਂਦਾ।

ਕਾਲੇਪਾਣੀ ਦੀ ਇਸ ਸੈਲੂਲਰ ਜੇਲ੍ਹ ਨੂੰ ਪੁਖਤਾ ਤੇ ਮਜਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਬਣਤਰ ਪੱਖੋਂ ਇਸ ਕਦਰ ਗੁਪਤ ਬਣਾਇਆ ਗਿਆ ਹੈ ਕਿ ਇੱਕ ਕੈਦੀ ਦੂਜੇ ਕੈਦੀ ਦੀ ਸ਼ਕਲ ਤੱਕ ਨਹੀਂ ਸੀ ਵੇਖ ਸਕਦਾ।

ਕੈਦੀਆਂ ਲਈ ਜੋ ਕਾਲ ਕੋਠੜੀਆਂ ਜਾਂ ਸੈਲ ਬਣਾਏ ਗਏ, ਉਨ੍ਹਾਂ ਦੀ ਲੰਬਾਈ 13.5 ਫੁੱਟ ਅਤੇ ਚੌੜਾਈ 7 ਫੁੱਟ ਹੈ ਤੇ ਹਰ ਸੈਲ ਵਿਚ ਦਸ ਫੁੱਟ ਲੰਬਾ ਅਤੇ ਇੱਕ ਫੁੱਟ ਚੌੜਾ ਰੋਸ਼ਨਦਾਨ ਬਣਾਇਆ ਹੋਇਆ ਹੈ। ਇਥੇ ਇੱਕ ਸੈਲ ਵਿਚ ਇੱਕ ਕੈਦੀ ਨੂੰ ਹੀ ਰੱਖਿਆ ਜਾਂਦਾ ਸੀ ਅਤੇ ਇਸ ਦੇ ਨਾਲ ਹੀ ਸੈਲ ਵਿਚ ਲੋਹੇ ਦਾ ਇੱਕ ਭਾਰਾ ਕੋਹਲੂ ਅਤੇ ਇੱਕ ਚੱਕੀ ਲਾਈ ਗਈ ਸੀ। ਕੈਦ ਬਾਮੁਸ਼ੱਕਤ ਦੌਰਾਨ ਹਰ ਕੈਦੀ ਲਈ ਰੋਜ਼ਾਨਾ 25 ਕਿਲੋ ਨਾਰੀਅਲ ਦਾ ਤੇਲ ਕੱਢਣਾ ਜ਼ਰੂਰੀ ਸੀ। ਜਿਹੜਾ ਕੈਦੀ ਕਿਸੇ ਦਿਨ 25 ਕਿਲੋ ਤੇਲ ਨਾ ਕੱਢ ਸਕਦਾ, ਉਸ ਨੂੰ ਬੇਤਹਾਸ਼ਾ ਮਾਰਿਆ ਕੁੱਟਿਆ ਜਾਂਦਾ।


ਸੈਲ ਭਾਵ ਕਾਲ-ਕੋਠੜੀਆਂ ਵਿਚ ਬਿਜਲੀ ਦੀ ਰੌਸ਼ਨੀ ਦਾ ਕੋਈ ਇੰਤਜ਼ਾਮ ਨਹੀਂ ਸੀ। ਕਾਲ-ਕੋਠੜੀਆਂ ਵਿਚੋਂ ਕੈਦੀਆਂ ਨੂੰ ਉਦੋਂ ਹੀ ਕੱਢਿਆ ਜਾਂਦਾ, ਜਦੋਂ ਉਨ੍ਹਾਂ ਤੋਂ ਕੋਈ ਕੰਮ ਕਰਵਾਉਣਾ ਹੁੰਦਾ ਜਾਂ ਫਿਰ ਤਸੀਹੇ ਦੇਣੇ ਹੁੰਦੇ। ਜਦ ਵੀ ਕੋਈ ਕੈਦੀ ਮਾੜੇ ਖਾਣੇ ਜਾਂ ਮਾੜੇ ਜੇਲ੍ਹ ਪ੍ਰਬੰਧ ਬਾਰੇ ਇਤਰਾਜ਼ ਉਠਾਉਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਇੱਕ ਖਾਸ ਤਰ੍ਹਾਂ ਦੇ ਸ਼ਿਕੰਜੇ ਵਿਚ ਕੱਸ ਕੇ ਉਦੋਂ ਤੱਕ ਕੋੜੇ ਮਾਰੇ ਜਾਂਦੇ, ਜਦੋਂ ਤੱਕ ਉਸ ਦੀ ਪਿੱਠ ਦਾ ਮਾਸ ਨਹੀਂ ਸੀ ਉਧੜ ਜਾਂਦਾ।

ਜੇਲ੍ਹ ਵਿਚ ਹਰ ਕੈਦੀ ਨੂੰ ਸਿਰਫ ਦੋ ਭਾਂਡੇ ਹੀ ਦਿੱਤੇ ਜਾਂਦੇ-ਇੱਕ ਲੋਹੇ ਦਾ ਤੇ ਇੱਕ ਮਿੱਟੀ ਦਾ। ਲੋਹੇ ਦੇ ਭਾਂਡੇ ਵਿਚ ਖਾਣਾ ਦਿੱਤਾ ਜਾਂਦਾ ਜਿਸ ਕਾਰਨ ਖਾਣਾ ਬਹੁਤ ਜਲਦੀ ਕਾਲਾ ਹੋ ਜਾਣ ਕਰ ਕੇ ਕੋਈ ਵੀ ਕੈਦੀ ਲੋੜ ਅਨੁਸਾਰ ਆਪਣੇ ਲਈ ਖਾਣੇ ਨੂੰ ਬਚਾ ਕੇ ਨਹੀਂ ਸੀ ਰੱਖ ਸਕਦਾ। ਦੂਜਾ ਮਿੱਟੀ ਦਾ ਭਾਂਡਾ ਮਲ-ਮੂਤਰ ਲਈ ਦਿੱਤਾ ਜਾਂਦਾ ਸੀ। ਸਭ ਤੋਂ ਘਿਨਾਉਣੀ ਗੱਲ ਇਹ ਸੀ ਕਿ ਇਹ ਭਾਂਡਾ ਵੀ ਕੈਦੀ ਨੂੰ ਆਪਣੇ ਨਾਲ ਕਾਲ-ਕੋਠੜੀ ਵਿਚ ਹੀ ਰੱਖਣਾ ਪੈਂਦਾ ਸੀ। ਇਸ ਭਾਂਡੇ ਨੂੰ ਕੈਦੀ ਉਦੋਂ ਹੀ ਸਾਫ ਕਰ ਸਕਦਾ ਸੀ ਜਦੋਂ ਸਰਕਾਰੀ ਹੁਕਮਾਂ ਅਨੁਸਾਰ ਉਸ ਦੀ ਕੋਠੜੀ ਦਾ ਦਰਵਾਜ਼ਾ ਖੁੱਲ੍ਹਦਾ।

ਸੈਲੂਲਰ ਜੇਲ੍ਹ ਵਿਚ ਕੈਦੀਆਂ ਨੂੰ ਪਹਿਨਣ ਲਈ ਸਣ ਦੀਆਂ ਬੋਰੀਆਂ ਦੇ ਬਣੇ ਕੱਪੜੇ ਹੀ ਦਿੱਤੇ ਜਾਂਦੇ ਤੇ ਨੰਗੇ ਪੈਰੀਂ ਹੀ ਰਹਿਣਾ ਪੈਂਦਾ। ਜੇਲ੍ਹ ਵਿਚ ਆਮ ਕੱਪੜੇ ਪਹਿਨਣ ਦੀ ਕੈਦੀਆਂ ਨੂੰ ਇਜਾਜ਼ਤ ਨਹੀਂ ਸੀ।

ਦੁੱਖ ਦੀ ਗੱਲ ਇਹ ਵੀ ਸੀ ਕਿ ਬਿਮਾਰੀ ਦੀ ਹਾਲਤ ਵਿਚ ਕਿਸੇ ਕੈਦੀ ਦਾ ਕੋਈ ਇਲਾਜ ਨਹੀਂ ਸੀ ਕਰਵਾਇਆ ਜਾਂਦਾ। ਇਥੋਂ ਤਕ ਕਿ ਜੇ ਕੋਈ ਕੈਦੀ ਬਿਮਾਰ ਹੋ ਕੇ ਮਰ ਜਾਂਦਾ ਤਾਂ ਉਸ ਦੀ ਲਾਸ਼ ਸਮੁੰਦਰ ਦੇ ਪਾਣੀ ਵਿਚ ਹੀ ਰੋੜ੍ਹ ਦਿੱਤੀ ਜਾਂਦੀ।

ਕਾਲੇਪਾਣੀ ਦੀ ਇਸ ਜੇਲ੍ਹ ਵਿਚ ਫਾਂਸੀ ਘਰ ਬਿਲਕੁਲ ਸਮੁੰਦਰ ਦੇ ਕੰਢੇ ਬਣਾਇਆ ਗਿਆ ਸੀ। ਤਿੰਨ-ਤਿੰਨ ਜਣਿਆਂ ਨੂੰ ਇਕੱਠਿਆਂ ਹੀ ਫਾਂਸੀ ਦਿੱਤੀ ਜਾਂਦੀ। ਲੱਕੜ ਦੀ ਮੋਟੀ ਸ਼ਤੀਰੀ ਨਾਲ ਲਟਕਦੇ ਤਿੰਨ ਮੋਟੇ ਮੋਟੇ ਰੱਸੇ ਅੱਜ ਵੀ ਹੌਲਨਾਕ ਇਤਿਹਾਸ ਦੀਆਂ ਗਵਾਹੀਆਂ ਭਰਦੇ ਪ੍ਰਤੀਤ ਹੁੰਦੇ ਹਨ, ਜਿਨ੍ਹਾਂ ਨਾਲ ਦੇਸ਼ ਦੇ ਹਜ਼ਾਰਾਂ ਮਹਾਨ ਦੇਸ਼ ਭਗਤ ਯੋਧਿਆਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ ਗਿਆ। ਇਸ ਦੇ ਨਾਲ ਹੀ ਜੇਲ੍ਹ ਦੇ ਵਿਹੜੇ ਵਿਚ ਉਹ ਸਥਾਨ ਵੀ ਕਾਇਮ ਹੈ, ਜਿਥੇ ਫਾਂਸੀ ਦੇਣ ਤੋਂ ਪਹਿਲਾਂ ਕੈਦੀਆਂ ਨੂੰ ਆਖਰੀ ਇਸ਼ਨਾਨ ਕਰਾਇਆ ਜਾਂਦਾ ਸੀ।



ਕਾਲੇਪਾਣੀ (ਸੈਲੂਲਰ ਜੇਲ੍ਹ) ਦਾ ਇਕ ਸੈਲ

ਪੋਰਟ ਬਲੇਅਰ ਨੇੜੇ ਹੀ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਦੀਵਾਨ ਸਿੰਘ ਕਾਲੇਪਾਣੀ ਆਪਣੇ ਸਮੇਂ ਦੇ ਜਿਥੇ ਇਕ ਮਹਾਨ ਸਾਹਿਤਕਾਰ ਸਨ, ਉਥੇ ਇਕ ਪ੍ਰਸਿੱਧ ਡਾਕਟਰ ਵੀ ਸਨ। ਸਜ਼ਾ ਦੌਰਾਨ ਉਨ੍ਹਾਂ ਦੇ ਨਹੁੰ ਜਮੂਰ ਨਾਲ ਖਿੱਚੇ ਗਏ ਤੇ ਤਰ੍ਹਾਂ ਤਰ੍ਹਾਂ ਦੇ ਹੋਰ ਤਸੀਹੇ ਦਿੱਤੇ ਗਏ, ਜਿਸ ਦੌਰਾਨ ਡਾ. ਦੀਵਾਨ ਸਿੰਘ ਦੀ ਮੌਤ ਹੋ ਗਈ ਸੀ।

ਕਾਲੇਪਾਣੀ ਦੀ ਇਸ ਸੈਲੂਲਰ ਜੇਲ੍ਹ ਵਿਚ ਜੇਲ੍ਹਰ ਡੇਵਿਡ ਬੈਰੀਦ ਦੀ ਪੂਰੀ ਤਾਨਾਸ਼ਾਹੀ ਚੱਲਦੀ ਸੀ। ਉਹ ਕੈਦੀਆਂ 'ਤੇ ਜ਼ੁਲਮ-ਓ-ਤਸ਼ੱਦਦ ਕਰਦੇ ਸਮੇਂ ਸਾਰੇ ਹੱਦਾਂ ਬੰਨੇ ਟੱਪ ਜਾਂਦਾ। ਕੈਦੀਆਂ ਨੂੰ ਕੋੜੇ ਮਾਰਨੇ ਉਸ ਦਾ ਮਾਮੂਲ ਸੀ ਅਤੇ ਗਾਲ੍ਹਾਂ ਦੇਣੀਆਂ ਉਸ ਦਾ ਜਿਵੇਂ ਤਕੀਆ ਕਲਾਮ। ਜੇਲ੍ਹ ਵਿਚ ਕੈਦੀਆਂ ਨਾਲ ਅਣਮਨੁੱਖੀ ਵਰਤਾਰਾ ਕੀਤਾ ਜਾਂਦਾ ਸੀ ਤੇ ਮਨੁੱਖੀ ਹੱਕਾਂ ਦਾ ਪੂਰਾ ਘਾਣ ਹੁੰਦਾ ਸੀ। ਇਥੇ ਇਹ ਵੀ ਵਰਣਨਯੋਗ ਹੈ ਕਿ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਜੇਲ੍ਹਰ ਡੇਵਿਡ ਬੇਰੀ ਅਧਰੰਗ ਦਾ ਸ਼ਿਕਾਰ ਹੋ ਗਿਆ ਅਤੇ ਅੰਤ ਸਮੇਂ ਜਦੋਂ ਉਸ ਦੀ ਇੱਛਾ ਆਪਣੇ ਪਰਿਵਾਰ ਨੂੰ ਮਿਲਣ ਦੀ ਹੋਈ ਤਾਂ ਰਾਹ-ਜਾਂਦਿਆਂ ਜਹਾਜ਼ ਵਿਚ ਪਰਿਵਾਰ ਨੂੰ ਮਿਲੇ ਬਿਨਾ ਹੀ ਮੌਤ ਦਾ ਸ਼ਿਕਾਰ ਹੋ ਗਿਆ। ਯਕੀਨਨ ਇਹ ਵੀ ਕੁਦਰਤ ਦਾ ਇਨਸਾਫ ਹੀ ਸੀ ਕਿ ਕੈਦੀਆਂ 'ਤੇ ਜ਼ੁਲਮ ਕਰਨ ਵਾਲਾ ਡੇਵਿਡ ਬੇਰੀ ਵੀ ਆਪਣੇ ਪਰਿਵਾਰ ਨਾਲੋਂ ਉਸੇ ਤਰ੍ਹਾਂ ਵਿਛੜ ਕੇ ਮਰਿਆ, ਜਿਵੇਂ ਉਸ ਨੇ ਦੇਸ਼ ਦੇ ਯੋਧਿਆਂ ਨੂੰ ਪਰਿਵਾਰਾਂ ਨਾਲੋਂ ਵਿਛੋੜਿਆ ਸੀ।

# ਕਾਲੇਪਾਣੀਆਂ ਦੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ

ਮੁਲਕ ਦੇ ਆਜ਼ਾਦੀ ਸੰਗਰਾਮ ਵਿਚ ਆਪਾ ਕੁਰਬਾਨ ਕਰਨ ਵਾਲੇ ਸ਼ਹੀਦਾਂ ਵਿਚ ਪੰਜਾਬੀਆਂ ਦੀ ਵਿਸ਼ੇਸ਼ ਥਾਂ ਹੈ। ਸਾਡੇ ਉਨ੍ਹਾਂ ਅਮਰ ਸ਼ਹੀਦਾਂ ਨੇ ਤਸ਼ੱਦਦ ਸਹਿ ਕੇ ਵੀ ਇਨਸਾਨੀਅਤ ਲਈ ਪਿਆਰ ਅਤੇ ਆਜ਼ਾਦੀ ਲਈ ਸੰਘਰਸ਼ ਦਾ ਰਾਹ ਨਾ ਛੱਡਿਆ। ਅਜਿਹੇ ਹੀ ਅਮਰ ਸ਼ਹੀਦ ਡਾ. ਦੀਵਾਨ

ਹਰਪ੍ਰੀਤ ਸਿੰਘ ਸਵੈਚ
ਫੋਨ: 91-98782-24000

ਸਿੰਘ ਕਾਲੇਪਾਣੀ ਹਨ, ਜਿਨ੍ਹਾਂ ਆਪਣਾ ਜੀਵਨ ਮਨੁੱਖਤਾ, ਅਣਖ, ਧਰਮ ਅਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਕਰ ਦਿੱਤਾ। ਕਾਲੇਪਾਣੀ ਦੇ ਟਾਪੂਆਂ ਉਤੇ ਡਾਕਟਰੀ ਦੀ ਸੇਵਾ ਕਰਨ ਗਏ ਡਾ. ਦੀਵਾਨ ਸਿੰਘ ਨੇ ਉਥੋਂ ਦੇ ਵਸਨੀਕਾਂ ਵਿਚ ਵਿੱਦਿਆ ਦਾ ਪਸਾਰ ਕਰਨ ਅਤੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਦੂਰ ਕਰਨ ਨੂੰ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ। ਆਪਣੇ ਜੀਵਨ ਦੇ ਅਖੀਰਲੇ 15 ਸਾਲ ਉਨ੍ਹਾਂ ਨੇ ਇਸੇ ਟਾਪੂ ਉਤੇ ਗੁਜ਼ਾਰੇ ਅਤੇ ਇਥੇ ਹੀ ਜਪਾਨੀਆਂ ਨੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਸਾਲ 1897 ਨੂੰ ਲਹਿੰਦੇ ਪੰਜਾਬ 'ਚ ਸਿਆਲਕੋਟ ਨੇੜੇ ਪਿੰਡ ਛੋਟੀਆਂ ਗਲੋਟੀਆਂ ਵਿਚ ਸੁੰਦਰ ਸਿੰਘ ਦੇ ਘਰ ਜਨਮੇ ਦੀਵਾਨ ਸਿੰਘ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਛੋਟੀ ਉਮਰੇ ਹੀ ਖੁੱਸ ਗਿਆ। ਉਨ੍ਹਾਂ ਦੇ ਪਾਲਣ-ਪੋਸ਼ਣ ਦਾ ਜ਼ਿੰਮਾ ਉਨ੍ਹਾਂ ਦੇ ਚਾਚੇ ਸੋਹਣ ਸਿੰਘ ਨੇ ਨਿਭਾਇਆ। ਉਸ ਵੇਲੇ 'ਪੜ੍ਹੇ ਫਾਰਸੀ, ਵੇਚੇ ਤੇਲ' ਦਾ ਮੁਹਾਵਰਾ ਬਹੁਤ ਪ੍ਰਚਲਿਤ ਸੀ, ਪਰ ਅਜਿਹੇ ਹਾਲਾਤ ਦੇ ਬਾਵਜੂਦ ਚਾਚਾ ਜੀ ਨੇ ਦੀਵਾਨ ਸਿੰਘ ਨੂੰ ਸਕੂਲੀ ਸਿੱਖਿਆ ਦਿਵਾਈ। ਬਚਪਨ ਵਿਚ ਜਿਥੇ ਆਮ ਬੱਚੇ ਕਲੰਦਰ ਤੇ ਬਾਂਦਰ ਦੇ ਤਮਾਸ਼ੇ ਦੇਖ ਕੇ ਮਨੋਰੰਜਨ ਕਰਦੇ ਸਨ, ਦੀਵਾਨ ਸਿੰਘ ਨੂੰ ਬਾਂਦਰ ਦੀਆਂ ਜ਼ੰਜੀਰਾਂ ਪਿੱਛੇ ਲੁਕੀ ਗੁਲਾਮ ਮਾਨਸਿਕਤਾ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ।

ਮਿਸ਼ਨ ਸਕੂਲ ਤੋਂ ਮਿਡਲ ਪਾਸ ਕਰਨ ਮਗਰੋਂ ਉਨ੍ਹਾਂ ਦਸਵੀਂ ਖਾਲਸਾ ਸਕੂਲ ਤੋਂ ਕੀਤੀ। ਇਸੇ ਦੌਰ ਵਿਚ ਉਹ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਆਏ। ਮਿਸ਼ਨ ਸਕੂਲ ਵਿਚ ਪੜ੍ਹਦਿਆਂ ਉਹ ਹਜ਼ਰਤ ਈਸਾ ਦੇ ਖਿਆਲਾਂ ਤੋਂ ਬਹੁਤ ਮੁਤਾਸਿਰ ਹੋਏ ਅਤੇ ਹਜ਼ਰਤ ਈਸਾ ਦੇ ਗੁਣਾਂ ਨੂੰ ਬਿਆਨ ਕਰਦੀ ਕਵਿਤਾ (ਈਸਾ ਨੂੰ) ਵੀ ਲਿਖੀ।

1919 ਵਿਚ ਡਾਕਟਰੀ ਪਾਸ ਕਰਨ ਪਿਛੋਂ ਰਾਵਲਪਿੰਡੀ ਦੇ ਫੌਜੀ ਹਸਪਤਾਲ ਵਿਚ ਬਤੌਰ ਡਾਕਟਰ ਭਰਤੀ ਹੋਏ ਦੀਵਾਨ ਸਿੰਘ ਨੇ ਜਵਾਨੀ ਵਿਚ ਹੀ ਰੋਗੀਆਂ ਦੀ ਨਿਸ਼ਕਾਮ ਸੇਵਾ ਆਰੰਭ ਦਿੱਤੀ। ਜਿਥੇ ਅੰਗਰੇਜ਼ ਡਾਕਟਰ ਮਰੀਜ਼ਾਂ ਨੂੰ ਵੱਢ ਖਾਣ ਨੂੰ ਪੈਂਦੇ, ਉਥੇ ਡਾ. ਦੀਵਾਨ ਸਿੰਘ ਹਮਦਰਦੀ ਨਾਲ ਪੇਸ਼ ਆਉਂਦੇ। ਲਾਹੌਰ ਵਿਚ ਹੋਈ ਬਦਲੀ ਨਾਲ ਉਨ੍ਹਾਂ ਨੇ ਸਾਹਿਤਕਾਰਾਂ ਦੀ ਸੰਗਤ ਵਿਚ ਸਾਹਿਤਕ ਪ੍ਰਭਾਵ ਕਬੂਲਿਆ। ਉਨ੍ਹਾਂ ਦਾ ਪਲੇਠਾ ਕਾਵਿ-ਸੰਗ੍ਰਹਿ 'ਵਗਦੇ ਪਾਣੀ' 1938 ਵਿਚ ਛਪਿਆ, ਜਿਸ ਵਿਚ ਉਨ੍ਹਾਂ ਖੁੱਲ੍ਹੀ ਕਵਿਤਾ ਰਾਹੀਂ ਪ੍ਰਗਤੀਵਾਦੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਕਾਵਿ-ਸੰਗ੍ਰਿਹ 'ਅੰਤਿਮ ਲਹਿਰਾਂ' ਤੇ 'ਮਲ੍ਹਿਆਂ ਦੇ ਬੇਰ' ਅਤੇ ਵਾਰਤਕ ਪੁਸਤਕ 'ਸਹਿਜ ਸੰਚਾਰ' ਪੰਜਾਬੀ ਸਾਹਿਤ ਨੂੰ ਦਿੱਤੀਆਂ।

ਡਗਸ਼ਈ (ਹਿਮਾਚਲ ਪ੍ਰਦੇਸ਼) ਵਿਚ ਇਕ ਜਲਸੇ ਦੌਰਾਨ ਡਾ. ਦੀਵਾਨ ਸਿੰਘ ਨੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਸਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ, ਜਿਸ ਕਾਰਨ ਉਨ੍ਹਾਂ ਖਿਲਾਫ



ਡਾ. ਦੀਵਾਨ ਸਿੰਘ ਕਾਲੇਪਾਣੀ

ਅੰਗਰੇਜ਼ ਹਕੂਮਤ ਨੇ ਮੁਕੱਦਮਾ ਦਰਜ ਕਰ ਲਿਆ ਪਰ ਗਵਾਹ ਨਾ ਮਿਲਣ ਕਾਰਨ ਉਹ ਬਰੀ ਹੋ ਗਏ। ਉਂਜ, ਇਸ ਘਟਨਾ ਪਿਛੋਂ ਉਨ੍ਹਾਂ ਦੀ ਬਦਲੀ ਅੰਬਾਲਾ ਛਾਉਣੀ ਕਰ ਦਿੱਤੀ ਗਈ, ਜਿਥੋਂ 1925 ਵਿਚ ਉਨ੍ਹਾਂ ਨੂੰ ਫੌਜੀ ਪਲਟਣ ਨਾਲ ਰੰਗੂਨ ਭੇਜ ਦਿੱਤਾ ਗਿਆ। ਇਥੋਂ 27 ਅਪਰੈਲ 1927 ਨੂੰ ਉਨ੍ਹਾਂ ਦੀ ਪਲਟਣ ਨੂੰ ਕਾਲੇਪਾਣੀ ਦੇ ਟਾਪੂਆਂ ਦੇ ਸ਼ਹਿਰ ਐਬਰਡੀਨ ਭੇਜਿਆ ਗਿਆ। ਉਸ ਸਮੇਂ ਕਾਲੇਪਾਣੀ ਦਾ ਨਾਂ ਸੁਣ ਕੇ ਆਮ ਆਦਮੀ ਦੀ ਰੂਹ ਕੰਬਦੀ ਸੀ। ਉਥੇ ਵੀ ਉਨ੍ਹਾਂ ਆਪਣਾ ਕੰਮ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕਰਦਿਆਂ ਫੌਜੀ ਮਰੀਜ਼ਾਂ ਦੀ ਦੇਖ-ਭਾਲ ਕੀਤੀ।

ਇਥੇ ਕੈਦੀਆਂ ਨਾਲ ਹੁੰਦੇ ਅਣਮਨੁੱਖੀ ਵਤੀਰੇ ਨੇ ਉਨ੍ਹਾਂ ਦੇ ਦਿਲ 'ਤੇ ਡੂੰਘੀ ਸੱਟ ਮਾਰੀ। ਕੈਦੀਆਂ ਨੂੰ ਕਈ ਕਈ ਦਿਨ ਭੁੱਖੇ ਰੱਖਿਆ ਜਾਂਦਾ ਸੀ ਪਰ ਉਹ ਆਪਣੇ ਪੱਧਰ 'ਤੇ ਉਨ੍ਹਾਂ ਲਈ ਚਾਹ-ਪਾਣੀ ਦਾ ਇੰਤਜ਼ਾਮ ਕਰਦੇ। ਮਨੁੱਖਤਾ ਦੀ ਇਸ ਸੇਵਾ ਵਿਚ ਉਨ੍ਹਾਂ ਦੀ ਪਤਨੀ ਇੰਦਰ ਕੌਰ ਨੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ।

ਡਾ. ਦੀਵਾਨ ਸਿੰਘ ਦੀ ਮਕਬੂਲੀਅਤ ਦੇ ਮੱਦੇਨਜ਼ਰ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਨੂੰ ਕਾਲੇਪਾਣੀਆਂ ਦੇ ਹਸਪਤਾਲ ਦਾ ਸਹਾਇਕ ਮੈਡੀਕਲ ਅਫਸਰ ਮੁਕੱਰਰ ਕੀਤਾ। ਉਨ੍ਹਾਂ ਦੀ ਰੀਝ ਸੀ ਕਿ ਇਨ੍ਹਾਂ ਟਾਪੂਆਂ 'ਤੇ ਕੋਈ ਵੀ ਅਨਪੜ੍ਹ ਨਾ ਰਹੇ। ਇਸੇ ਲਈ ਉਨ੍ਹਾਂ ਉਥੇ ਸਕੂਲ ਖੋਲ੍ਹਿਆ ਅਤੇ ਗੁਰਦੁਆਰੇ ਵਿਚ ਲਾਇਬ੍ਰੇਰੀ ਵੀ ਬਣਾਈ ਜਿਥੇ ਸਾਹਿਤਕ ਮਹਿਫਿਲਾਂ ਵੀ ਲੱਗਦੀਆਂ। ਉਨ੍ਹਾਂ ਵਿਅੰਗਾਤਮਕ ਤਰੀਕੇ ਨਾਲ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਸੰਘਰਸ਼ ਵਿਚ ਹਿੱਸਾ ਲੈਣ ਲਈ ਪ੍ਰੇਰਿਆ। ਉਨ੍ਹਾਂ ਅੰਡੇਮਾਨ ਵਿਚ ਸਾਹਿਤਕ ਸਰਗਰਮੀਆਂ ਲਈ ਪੰਜਾਬੀ ਸਟੱਡੀ ਸਰਕਲ ਵੀ ਕਾਇਮ ਕੀਤਾ।

ਦੂਜੇ ਵਿਸ਼ਵ ਯੁੱਧ ਦੌਰਾਨ ਜਪਾਨੀਆਂ ਦੇ ਅੰਡੇਮਾਨ ਟਾਪੂਆਂ 'ਤੇ ਸੰਭਾਵੀ ਹਮਲੇ ਕਾਰਨ ਅੰਗਰੇਜ਼ੀ ਹਕੂਮਤ ਨੇ ਉਥੋਂ ਆਪਣੇ ਲੋਕਾਂ ਨੂੰ ਕੱਢਣ ਦੀ ਮੁਹਿੰਮ ਅਰੰਭੀ। ਇਸ ਮੁਹਿੰਮ ਵਿਚ ਵੀ ਡਾ. ਦੀਵਾਨ ਸਿੰਘ ਨੇ ਦਿਨ ਰਾਤ ਇਕ ਕਰ ਦਿੱਤਾ। 13 ਮਾਰਚ 1942 ਨੂੰ ਜੋ ਆਖਰੀ ਜਹਾਜ਼ ਉਥੋਂ ਰਵਾਨਾ ਹੋਇਆ, ਉਸ ਵਿਚ ਉਨ੍ਹਾਂ ਆਪਣੇ ਪਰਿਵਾਰ ਨੂੰ ਵਾਪਸ ਭੇਜ ਦਿੱਤਾ ਪਰ ਆਪ ਨਾ ਗਏ। ਫਿਰ ਜਪਾਨੀ ਫੌਜਾਂ ਨੇ ਟਾਪੂਆਂ ਉਤੇ ਧਾਵਾ ਬੋਲਿਆ। ਉਥੋਂ ਦੇ ਲੋਕਾਂ ਵਿਚ ਡਾ. ਦੀਵਾਨ ਸਿੰਘ ਦੀ ਲੋਕਪ੍ਰਿਅਤਾ ਕਾਰਨ ਹੀ ਜਪਾਨੀਆਂ ਨੇ ਅੰਡੇਮਾਨ ਵਿਚ ਬਣਾਈ ਅਮਨ ਕਮੇਟੀ ਦਾ ਚੇਅਰਮੈਨ ਉਨ੍ਹਾਂ ਨੂੰ ਹੀ ਬਣਾਇਆ। ਜਪਾਨੀ ਐਡਮਿਰਲ ਵੀ ਉਨ੍ਹਾਂ ਦੀ ਆਮ ਲੋਕਾਂ ਪ੍ਰਤੀ ਸੇਵਾ ਭਾਵਨਾ ਦਾ ਕਾਇਲ ਹੋ ਗਿਆ ਪਰ ਕੁਝ ਮੌਕਾਪ੍ਰਸਤਾਂ ਦੀਆਂ ਚਾਲਾਂ ਨੇ ਜਪਾਨੀ ਹਾਕਮਾਂ ਨੂੰ ਉਨ੍ਹਾਂ ਦੇ ਵਿਰੁਧ ਕਰ ਦਿੱਤਾ। ਉਨ੍ਹਾਂ ਦੇ ਕੁਝ ਸਾਥੀਆਂ ਸਮੇਤ ਉਨ੍ਹਾਂ ਨੂੰ ਜਾਸੂਸੀ ਦੇ ਝੂਠੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ। ਕੁਝ ਨੂੰ ਤਾਂ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਉਨ੍ਹਾਂ ਉਤੇ ਤਸ਼ੱਦਦ ਢਾਹਿਆ ਗਿਆ। ਸਰੀਰ ਉਤੇ ਥਾਂ ਥਾਂ ਕੋਰੜਿਆਂ ਦੀ ਮਾਰ ਨਾਲ ਨੀਲ ਪੈ ਗਏ। ਜ਼ਖਮ ਮੋਮਬੱਤੀ ਨਾਲ ਸਾੜੇ ਗਏ, ਸੜੇ ਜ਼ਖਮਾਂ ਵਿਚ ਕਿੱਲਾਂ ਗੱਡੀਆਂ ਗਈਆਂ। ਇਨ੍ਹਾਂ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਉਹ 14 ਜਨਵਰੀ 1944 ਨੂੰ ਸ਼ਹਾਦਤ ਦਾ ਜਾਮ ਪੀ ਗਏ।

ਅੰਡੇਮਾਨ ਦੇ ਜਿਹੜੇ ਟਾਪੂ ਅੱਜ ਆਪਣੀ ਖੂਬਸੂਰਤੀ ਨਾਲ ਸੈਲਾਨੀਆਂ ਨੂੰ ਆਕਰਸ਼ਿਤ ਕਰਦੇ ਹਨ, ਉਹ ਆਪਣੇ ਅੰਦਰ ਸੈਂਕੜੇ ਖੌਫਨਾਕ ਜ਼ੁਲਮਾਂ ਦੀਆਂ ਦਿਲ ਕੰਬਾਊ ਕਹਾਣੀਆਂ ਲੁਕੋਈ ਬੈਠੇ ਹਨ। ਨੇਕੀ ਦੀ ਮੂਰਤ ਅਤੇ ਦਲੇਰ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸ਼ਹੀਦੀ ਦੀ ਦਾਸਤਾਨ ਨਵੀਆਂ ਪੀੜ੍ਹੀਆਂ ਨੂੰ ਨਿਸ਼ਚੇ ਹੀ ਪ੍ਰੇਰਨਾ ਦਿੰਦੀ ਰਹੇਗੀ।

# ਇਤਬਾਰ, ਇੱਜਤ ਤੇ ਇਖਲਾਕ ਦੀ ਇਬਾਦਤ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਹਰਫਾਂ ਦੀ ਬਾਤ ਪਾਉਂਦਿਆਂ ਕਿਹਾ ਸੀ, "ਹਰਫਾਂ ਨਾਲ ਗੱਲਾਂ ਕਰੋ, ਉਹ ਹੁੰਗਾਰਾ ਭਰਨਗੇ। ਆਪਣੀ ਵੇਦਨਾ ਦੱਸੋ, ਉਹ ਵੇਦਨਾ ਨੂੰ ਵਰ ਬਣਾ ਦੇਣਗੇ।" ਹਥਲੇ ਲੇਖ ਵਿਚ ਉਨ੍ਹਾਂ ਮਨੁੱਖੀ ਸ਼ਖਸੀਅਤ ਤਿੰਨ ਗਹਿਣਿਆਂ-ਇਤਬਾਰ, ਇੱਜਤ ਤੇ ਇਖਲਾਕ ਦੀ ਇਬਾਦਤ ਕੀਤੀ ਹੈ। ਉਹ ਕਹਿੰਦੇ ਹਨ, "ਇਤਬਾਰ ਵਿਚੋਂ ਹੀ ਇੱਜਤ ਪਨਪਦੀ...ਇੱਜਤਦਾਰ ਲੋਕ ਹੀ ਇੱਜਤ ਦਾ ਮੁੱਲ ਜਾਣਦੇ। ਬੇਗੈਰਤਾਂ ਲਈ ਇੱਜਤ ਦੇ ਕੋਈ ਅਰਥ ਨਹੀਂ।...ਮਨੁੱਖ, ਸੁੱਖ-ਸਹੂਲਤਾਂ, ਰੁਤਬਾ, ਕੁਰਸੀ ਜਾਂ ਅਹੁਦਾ ਤਾਂ ਧਨ ਨਾਲ ਖਰੀਦ ਸਕਦਾ, ਪਰ ਇੱਜਤ, ਇਤਬਾਰ ਅਤੇ ਇਖਲਾਕ ਕਦੇ ਨਹੀਂ ਖਰੀਦਿਆ ਜਾ ਸਕਦਾ।" ਇਸ ਕਥਨ 'ਚ ਕਿੰਨਾ ਸੱਚ ਹੈ, "ਇੱਜਤ, ਇਤਬਾਰ ਤੇ ਇਖਲਾਕ, ਮਨ ਦੀ ਮੌਜ। ਰੂਹ ਦੀ ਖੁਰਾਕ।...ਇੱਜਤ, ਇਤਬਾਰ ਅਤੇ ਇਖਲਾਕ ਕਦੇ ਨਹੀਂ ਵਿਕਾਊ।...ਇਖਲਾਕ ਹੈ ਤਾਂ ਸਭ ਕੁਝ ਹੈ। ਬੇਇੱਜਤੇ ਲੋਕਾਂ ਦਾ ਕੋਈ ਨਹੀਂ ਦੀਨ-ਇਮਾਨ।" -ਸੰਪਾਦਕ**

ਮਨੁੱਖੀ ਸ਼ਖਸੀਅਤ ਤਿੰਨ ਗੁਣਾਂ 'ਤੇ ਆਧਾਰਤ-ਇਤਬਾਰ, ਇੱਜਤ ਅਤੇ ਇਖਲਾਕ। ਇਨ੍ਹਾਂ ਵਿਚੋਂ ਇਕ ਦੀ ਘਾਟ, ਅਸਾਵਾਂਪਣ ਪੈਦਾ ਕਰ ਸ਼ਖਸੀ-ਤਰੇੜ ਬਣਨ ਦੀ ਸੰਭਾਵਨਾ ਪੈਦਾ ਕਰਦੀ। ਇਤਬਾਰ, ਇੱਜਤ ਅਤੇ ਇਖਲਾਕ ਇਕ ਦੂਜੇ ਦਾ ਆਧਾਰ ਤੇ ਆਸਰਾ। ਇਕ ਵਿਚੋਂ ਦੂਜੇ ਅਤੇ ਫਿਰ ਤੀਜੇ ਗੁਣ ਦੀ ਸਿਰਜਣਾ। ਤਿੰਨੇ ਇਕ ਦੂਜੇ ਦਾ ਸਮਰੂਪ, ਇਕ ਦੂਜੇ ਦੀ ਆਭਾ। ਇਕ ਵੰਝਲੀ, ਦੂਜਾ ਮਾਰੀ ਹੋਈ ਫੂਕ ਅਤੇ ਤੀਜਾ ਇਸ 'ਚੋਂ ਪੈਦਾ ਹੋਈ ਸੁਰ-ਸ਼ਹਿਨਾਈ।

ਇਤਬਾਰ ਵਾਲੇ ਲੋਕਾਂ ਦੀ ਇੱਜਤ ਹੁੰਦੀ ਅਤੇ ਲੋਕ ਉਨ੍ਹਾਂ ਦੀ ਇੱਜਤ ਕਰਦੇ। ਉਹ ਆਪਣੀ ਜੁਬਾਨ ਦੇ ਪੱਕੇ। ਦੁਨਿਆਵੀ ਲਾਭ ਲਈ ਨਹੀਂ ਥਿੜਕਦੇ। ਲਾਲਸਾਵਾਂ 'ਤੇ ਪੂਰਨ ਕਾਬੂ। ਇਤਬਾਰਯੋਗ ਸ਼ਖਸੀਅਤ, ਸਾਬਤ ਕਦਮੀਂ ਖੜ੍ਹੇ ਰਹਿਣ ਅਤੇ ਅਸੂਲਾਂ 'ਤੇ ਪਹਿਰੇਦਾਰੀ ਕਰਨ ਲਈ ਪ੍ਰਣ। ਇਤਬਾਰ ਕਾਰਨ ਹੀ ਉਨ੍ਹਾਂ ਦਾ ਸਮਾਜਕ ਸਥਾਨ ਇੱਜਤਦਾਰ ਹੁੰਦਾ। ਇੱਜਤ ਵਾਲੇ ਲੋਕ ਹੀ ਇਖਲਾਕੀ ਹੁੰਦੇ। ਸਾਫ-ਸੁਥਰੀ ਦਿੱਖ ਅਤੇ ਜਲੌਅ ਦਾ ਪ੍ਰਤੀਕ। ਚੜ੍ਹਦੇ ਸੂਰਜ ਜਿਹੀ ਲੋਅ ਤੇ ਦੁਪਹਿਰ ਵਰਗਾ ਨਿੱਘ। ਬਦ-ਇਖਲਾਕੀ ਦੇ ਰਾਤਰੀ ਹਨੇਰੀਆਂ ਨੂੰ ਹੂੰਝ ਨਵੀਆਂ ਤਰਜ਼ੀਹਾਂ ਤੇ ਤਕਦੀਰਾਂ ਸਿਰਜਣ ਦੇ ਅਲੰਬਰਦਾਰ।

**ਇੱਜਤ ਅਤੇ ਇਤਬਾਰ ਵਿਚੋਂ ਹੀ ਇਖਲਾਕ ਨੂੰ ਨਵਾਂ ਮੁਹਾਂਦਰਾ ਅਤੇ ਨਰੋਈ ਦਿੱਖ ਮਿਲਦੀ। ਇਹ ਦਿੱਖ ਹੀ ਕਈ ਪੀੜ੍ਹੀਆਂ ਤੀਕ ਕਿਸੇ ਸਮਾਜ, ਕੌਮ ਜਾਂ ਨਸਲ ਨੂੰ ਬਾਕੀਆਂ ਨਾਲੋਂ ਵਿਲੱਖਣ ਅਤੇ ਵਿਭਿੰਨ ਦਰਜਾ ਦਿੰਦੀ। ਇਖਲਾਕ ਦਾ ਕੇਹਾ ਪੈਮਾਨਾ ਪੁਰਾਣੇ ਸਿੰਘਾਂ ਨੇ ਸਿਰਜਿਆ ਸੀ ਕਿ ਬਿਗਾਨੀਆਂ ਧੀਆਂ-ਭੈਣਾਂ ਆਪਣੇ ਆਪ ਨੂੰ ਮਹਿਫੂਜ਼ ਸਮਝਦੀਆਂ ਸਨ, ਜਦ ਉਹ ਕਿਸੇ ਸਿੰਘ ਨੂੰ ਦੇਖ ਲੈਂਦੀਆਂ ਸਨ। ਸਿੰਘ ਵੀ ਮਾਸੂਮ ਅਤੇ ਮਜ਼ਲੂਮ ਕੰਜਕਾਂ ਨੂੰ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਵਾਉਣ ਲਈ ਜਾਨ ਦੀ ਬਾਜੀ ਲਾਉਣ ਨੂੰ ਤੱਤਪਰ ਰਹਿੰਦੇ ਸਨ। ਅਜਿਹਾ ਇਖਲਾਕ ਹੁਣ ਪਸਤ ਹੋ ਚੁਕਾ। ਇਖਲਾਕਹੀਣ ਵਿਅਕਤੀ ਨਿੱਜੀ ਲੋਚਾ, ਲਾਲਸਾ ਅਤੇ ਕਮੀਨਗੀ ਵਿਚ ਗਰਕਦਾ ਜਾ ਰਿਹਾ। ਲੋੜ ਹੈ, ਪੁਰਾਣੇ ਬਹਾਦਰਾਂ ਅਤੇ ਵੀਰਾਂਗਣਾਂ ਦੀਆਂ ਗਾਥਾਵਾਂ ਨੂੰ ਚੇਤਿਆਂ ਦੀ ਜੂਹ 'ਚ ਧਰ ਨਤਮਸਤਕ ਹੋਈਏ। ਇਖਲਾਕੀ ਅਤੇ ਗੈਰ-ਇਖਲਾਕੀ ਲੋਕਾਂ ਵਿਚਲਾ ਅੰਤਰ ਜਾਣੀਏ।**

ਇਤਬਾਰ ਹੋਵੇ ਤਾਂ ਰਿਸ਼ਤਿਆਂ 'ਚ ਪਾਕੀਜ਼ਗੀ ਅਤੇ ਸ਼ਫਾਫਤ ਬਰਕਰਾਰ। ਰਿਸ਼ਤਿਆਂ ਵਿਚ ਤਰੇੜਾਂ ਪੈਣ ਦੀ ਕੋਈ ਨਹੀਂ ਸੰਭਾਵਨਾ। ਨਿਭਦੀਆਂ ਨੇ ਉਮਰ ਦੀਆਂ ਸਾਂਝਾਂ। ਲੋਕ ਅਜਿਹੇ ਸੱਜਣਾਂ ਨੂੰ ਸਿੱਜਦਾ ਕਰਦੇ ਅਤੇ ਉਨ੍ਹਾਂ ਦੀ ਸਾਂਝ ਦਾ ਦਮ ਭਰਦੇ।

ਇਤਬਾਰ 'ਤੇ ਖੜ੍ਹੀ ਹੈ, ਸਾਰੀ ਦੁਨੀਆਂ ਤੇ ਦੁਨੀਆਂਦਾਰੀ। ਬੇਇਤਬਾਰੇ ਯੁੱਗ ਵਿਚ ਇਤਬਾਰ ਬਣਾਉਣ ਲਈ ਲੱਗ ਜਾਂਦੀ ਏ ਉਮਰ। ਪਿਛਲੇ ਸਮੇਂ ਵਿਚ ਹਰ ਰਿਸ਼ਤਾ ਅਤੇ ਲੈਣ-ਦੇਣ ਇਤਬਾਰ 'ਤੇ ਨਿਰਭਰ ਸੀ। ਕੋਈ ਨਹੀਂ ਸੀ ਲਿਖਾ-ਪੜ੍ਹੀ। ਇਸੇ 'ਚੋਂ ਮਨੁੱਖੀ ਸੋਚ ਨੂੰ ਮਿਲੀ ਨਵੀਂ ਬੁਲੰਦੀ।

ਇਤਬਾਰ ਵਿਚੋਂ ਹੀ ਇੱਜਤ ਪਨਪਦੀ ਕਿਉਂਕਿ ਬਹੁਤ ਹੀ ਸੂਖਮ ਅਤੇ ਸਹਿਜ ਵਰਤਾਰੇ ਵਿਚੋਂ ਮਨੁੱਖੀ ਬਿੰਬ ਦੀ ਸਿਰਜਣਾ ਹੁੰਦੀ। ਇਸ ਦੀ ਉਸਾਰੀ ਵਿਚ ਲੱਗ ਜਾਂਦਾ ਸਮੁੱਚਾ ਜੀਵਨ। ਇੱਜਤ ਹੋਵੇ ਤਾਂ ਤੁਹਾਡੇ ਲਿਬਾਸ, ਕੋਠੀਆਂ, ਕਾਰਾਂ ਜਾਂ ਜਾਇਦਾਦ ਅਰਥਹੀਣ। ਸੱਥ ਵਿਚ ਕਿਸੇ ਬਜੁਰਗ ਦਾ ਕਹਿਣਾ ਕਿੰਨੇ ਵੱਡੇ ਅਰਥ ਰੱਖਦਾ ਹੈ ਕਿ ਜਿਥੇ ਅਧਿਆਪਕ ਨੇ ਖੜ੍ਹੇ ਹੋ ਜਾਣਾ, ਉਥੇ ਬਲੈਕੀਏ ਦੀ ਕੀ ਇੱਜਤ? ਭਾਵੇਂ ਬਲੈਕੀਏ ਕੋਲ ਮਣਾਂ ਮੂੰਹੀ ਦੌਲਤ ਹੋਵੇ। ਇੱਜਤ ਨੂੰ ਧਨ, ਰੋਅਬ ਜਾਂ ਰੁਤਬੇ ਨਾਲ ਨਹੀਂ ਸਗੋਂ ਹਲੀਮੀ ਅਪਣੱਤ, ਸੁਆਰਥਹੀਣਤਾ ਅਤੇ ਬੰਦਿਆਈ ਨਾਲ ਕਮਾਇਆ ਜਾ ਸਕਦਾ।

ਇੱਜਤ ਮੁੱਲ ਨਹੀਂ ਵਿਕਦੀ। ਹਾਂ ਕੁਝ ਲੋਕ ਇਸ ਨੂੰ ਸ਼ੁਰੇ-ਬਾਜ਼ਾਰ ਰੋਲਣ ਲਈ ਆਪਹੁਦਰਾਪਣ ਤੇ ਜਾਹਲਪੁਣਾ ਜ਼ਰੂਰ ਦਿਖਾਉਂਦੇ। ਇੱਜਤਦਾਰ ਲੋਕ ਹੀ ਇਜਤ ਦਾ ਮੁੱਲ ਜਾਣਦੇ। ਬੇਗੈਰਤਾਂ ਲਈ ਇੱਜਤ ਦੇ ਕੋਈ ਅਰਥ ਨਹੀਂ। ਜਿਨ੍ਹਾਂ ਦੀ ਆਪਣੀ ਕੋਈ ਇੱਜਤ ਨਹੀਂ, ਉਹ ਬੇਇੱਜਤ ਕਰਨ ਲੱਗਿਆਂ ਪਲ ਨਹੀਂ ਲਾਉਂਦੇ। ਉਨ੍ਹਾਂ ਦੀ ਸੋਚ ਵਿਚ ਆਇਆ ਵਿਗਾੜ, ਹਾਲਾਤ, ਸਾਥ ਜਾਂ ਚੌਗਿਰਦੇ ਦੀ ਦੇਣ। ਤੁਸੀਂ ਕਿਹੋ ਜਿਹੇ ਹੋ, ਇਹ ਤੁਹਾਡੀ ਉਠਣੀ-ਬੈਠਣੀ ਤੇ ਸੰਗੀ-ਸਾਥੀ ਨਿਰਧਾਰਤ ਕਰਦੇ।

ਇੱਜਤ ਰੂਹ ਦੀ, ਰੱਜ ਦੀ, ਚਾਅ ਦੀ, ਸੂਹੀ ਭਾਅ ਦੀ ਅਤੇ ਮਨ ਵਿਚ ਉਠੇ ਸੰਦਲੀ ਸੁਭਾਅ ਦੀ ਜਦ ਮਨ-ਬਾਰੀ ਵਿਚੋਂ ਝਾਕਦੀ ਤਾਂ ਇਸ ਦੀਆਂ ਕਿਰਨਾਂ 'ਚ ਰੁਸ਼ਨਾਉਂਦੀ ਚੌਗਿਰਦੇ ਦੀ ਆਭਾ। ਮਨੁੱਖ ਇਕ ਰੋਲ ਮਾਡਲ, ਜੋ ਹੋਰਨਾਂ ਵਿਚ ਜਾਗ ਲਾਉਂਦਾ, ਵਕਤ ਦੀ ਸੁੱਚੀ ਤਸ਼ਬੀਹ ਸਿਰਜਣ ਲਈ ਉਕਸਾਉਂਦਾ।

ਇੱਜਤ ਅਤੇ ਇਤਬਾਰ ਵਿਚੋਂ ਹੀ ਇਖਲਾਕ ਨੂੰ ਨਵਾਂ ਮੁਹਾਂਦਰਾ ਅਤੇ ਨਰੋਈ ਦਿੱਖ ਮਿਲਦੀ। ਇਹ ਦਿੱਖ ਹੀ ਕਈ ਪੀੜੀਆਂ ਤੀਕ ਕਿਸੇ ਸਮਾਜ, ਕੌਮ ਜਾਂ ਨਸਲ ਨੂੰ ਬਾਕੀਆਂ ਨਾਲੋਂ ਵਿਲੱਖਣ ਅਤੇ ਵਿਭਿੰਨ ਦਰਜਾ ਦਿੰਦੀ। ਇਖਲਾਕ ਦਾ ਕੇਹਾ ਪੈਮਾਨਾ ਪੁਰਾਣੇ ਸਿੰਘਾਂ ਨੇ ਸਿਰਜਿਆ ਸੀ ਕਿ ਬਿਗਾਨੀਆਂ ਧੀਆਂ-ਭੈਣਾਂ ਆਪਣੇ ਆਪ ਨੂੰ ਮਹਿਫੂਜ਼ ਸਮਝਦੀਆਂ ਸਨ, ਜਦ ਉਹ ਕਿਸੇ ਸਿੰਘ ਨੂੰ ਦੇਖ ਲੈਂਦੀਆਂ ਸਨ। ਸਿੰਘ ਵੀ ਮਾਸੂਮ ਅਤੇ ਮਜ਼ਲੂਮ ਕੰਜਕਾਂ ਨੂੰ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਵਾਉਣ ਲਈ ਜਾਨ ਦੀ ਬਾਜੀ ਲਾਉਣ ਨੂੰ ਤੱਤਪਰ ਰਹਿੰਦੇ ਸਨ। ਅਜਿਹਾ ਇਖਲਾਕ ਹੁਣ ਪਸਤ ਹੋ ਚੁਕਾ। ਇਖਲਾਕਹੀਣ ਵਿਅਕਤੀ ਨਿੱਜੀ ਲੋਚਾ, ਲਾਲਸਾ ਅਤੇ ਕਮੀਨਗੀ ਵਿਚ ਗਰਕਦਾ ਜਾ ਰਿਹਾ। ਲੋੜ ਹੈ, ਪੁਰਾਣੇ ਬਹਾਦਰਾਂ ਅਤੇ ਵੀਰਾਂਗਣਾਂ ਦੀਆਂ ਗਾਥਾਵਾਂ ਨੂੰ ਚੇਤਿਆਂ ਦੀ ਜੂਹ ਵਿਚ ਧਰ ਨਤਮਸਤਕ ਹੋਈਏ। ਇਖਲਾਕੀ ਅਤੇ ਗੈਰ-ਇਖਲਾਕੀ ਲੋਕਾਂ ਵਿਚਲਾ ਅੰਤਰ ਜਾਣੀਏ। ਮਨੁੱਖੀ ਬਿਰਤੀਆਂ ਵਿਚ ਪੈਦਾ ਹੋਏ ਵਿਗਾੜ ਨੂੰ ਸਮਝਿਆ ਜਾਵੇ। ਕਿਹੜੇ ਨੇ ਕਾਰਨ? ਇਨ੍ਹਾਂ ਨੂੰ ਸਮਝ ਅਤੇ ਸਿਆਣ ਕੇ ਸੋਝੀ ਨੂੰ ਨਵੀਂ ਦਿਸ਼ਾ ਅਤੇ ਦੁਆ ਦਿਤੀ ਜਾ ਸਕਦੀ।

ਇੱਜਤ, ਇਤਬਾਰ ਅਤੇ ਇਖਲਾਕ ਅੰਤਰੀਵ-ਖਜਾਨਾ, ਮਨ ਦੀ ਅਮੀਰੀ, ਜੀਵਨ-ਜਾਚ ਦਾ ਸੁੱਚਾ ਹਰਫ ਅਤੇ ਸਮਾਜਕ ਕਦਰਾਂ-ਕੀਮਤਾਂ ਦੀ ਪ੍ਰਤੀਤੀ ਤੇ ਪਹਿਰੇਦਾਰੀ। ਸੋਹਣੇ ਸਬੰਧਾਂ ਦੀ ਆਧਾਰਸ਼ਿਲਾ ਤੇ ਸੁਪਨਿਆਂ ਦੀ ਸੰਧੂਰੀ ਰੰਗਤ। ਸਰਘੀ ਦੇ ਰੰਗ ਵਰਗੇ ਇਹ ਗੁਣ, ਕਾਇਆ-ਧਰਤ ਨੂੰ ਨਰੋਇਆ ਤੇ ਸਿਹਤਮੰਦ ਰੂਪ ਪ੍ਰਦਾਨ ਕਰਦੇ। ਪਰ ਅਜੋਕੇ ਸਮਿਆਂ ਵਿਚ ਉਦਾਸ ਹੈ ਸਰਘੀ ਦਾ ਰੰਗ। ਲੀਰਾਂ, ਲਹੂ, ਲੋਭ ਅਤੇ ਲਾਲਸਾ ਵਿਚ ਡੁੱਬ ਚੁਕੀ ਹੈ, ਮਾਨਸਿਕਤਾ। ਚਾਰੇ ਪਾਸੇ ਹੈ ਗੰਦਗੀ ਦਾ ਦ੍ਰਿਸ਼। ਇਹ ਇਖਲਾਕ ਵਿਚ ਆਇਆ ਵਿਗਾੜ ਹੀ ਹੈ ਕਿ ਅਸੀਂ ਕਬਜ਼ੇ ਦੀ ਭਾਵਨਾ ਹੇਠ, ਕੁਦਰਤੀ ਅਮਾਨਤਾਂ ਵਿਚ ਖਿਆਨਤ ਕਰਨ ਲੱਗਿਆਂ ਨਿੱਜ ਨੂੰ ਸਾਹਮਣੇ ਰੱਖਦੇ ਹਾਂ।

ਇਖਲਾਕੀ ਲੋਕ ਸਾਦੇ, ਸਪੱਸ਼ਟ, ਸੁੰਦਰ ਅਤੇ ਸੁਹੱਪਣ ਦਾ ਸੱਚਾ ਰੂਪ। ਅੰਤਰੀਵੀ ਸੀਰਤ ਦਾ ਕਮਾਲ। ਬਾਹਰੀ ਸੁੰਦਰਤਾ ਤੋਂ ਨਿਰਲੇਪ। ਅੰਦਰਲੇ ਨੂੰ ਹਰ ਪਲ ਹੋਰ ਚੰਗੇਰਾ ਬਣਾਉਣ ਲਈ ਤੱਤਪਰ। ਇਖਲਾਕ ਸਾਡੀ ਇੱਜਤ ਵਧਾਉਂਦਾ ਅਤੇ ਹਰੇਕ ਸਾਡੇ 'ਤੇ ਇਤਬਾਰ ਕਰਦਾ। ਇਹ ਮਨੁੱਖੀ ਗੁਣ ਆਪਸ ਵਿਚ ਰੱਲਗੱਡ। ਇਕ ਦੂਜੇ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ। ਇਕ ਦੂਜੇ ਦੇ ਵਾਧੇ ਦਾ ਸਬੱਬ। ਇਕ 'ਚੋਂ ਹੀ ਦੂਜੇ ਦੀ ਉਤਪਤੀ। ਇਸ ਉਤਪਤੀ ਵਿਚੋਂ ਹੀ ਉਸਤਤੀ ਅਤੇ ਉਚਤਾ ਦਾ ਨਵਾਂ ਬੁਰਜ ਸਿਰਜਿਆ ਜਾਂਦਾ।

ਮਨੁੱਖ, ਸੁੱਖ-ਸਹੂਲਤਾਂ, ਰੁਤਬਾ, ਕੁਰਸੀ ਜਾਂ ਅਹੁਦਾ ਤਾਂ ਧਨ ਨਾਲ ਖਰੀਦ ਸਕਦਾ, ਪਰ ਇੱਜਤ, ਇਤਬਾਰ ਅਤੇ ਇਖਲਾਕ ਕਦੇ ਨਹੀਂ ਖਰੀਦਿਆ ਜਾ ਸਕਦਾ। ਇਸ ਨੂੰ ਕਮਾਉਣਾ ਪੈਂਦਾ। ਹਰ ਪਲ, ਕਦਮ, ਮੋੜ ਅਤੇ ਰਾਹ 'ਤੇ ਨਵੀਆਂ ਪੈੜਾਂ ਦੀ ਸਿਰਜਣਾ।

ਇੱਜਤ, ਇਤਬਾਰ ਤੇ ਇਖਲਾਕ, ਮਨ ਦੀ ਮੌਜ। ਰੂਹ ਦੀ ਖੁਰਾਕ। ਆਪਣੇ ਵਿਚੋਂ ਹੀ ਪੈਦਾ ਹੁੰਦੀ ਪੂਰਨਤਾ। ਇਕ ਅਜਿਹਾ ਅਹਿਸਾਸ, ਜੋ ਜਿਉਂਦੇ ਮਨੁੱਖ ਮਹਿਸੂਸ ਕਰ ਸਕਦੇ। ਮਹਿਸੂਸ ਕਰਨ ਵਿਚੋਂ ਹੀ ਸੁੱਖ, ਸਕੂਨ, ਸੰਤੁਸ਼ਟੀ ਅਤੇ ਸੰਤੋਖ ਨਾਲ ਤ੍ਰਿਪਤ ਮਨ ਦੀ ਭਰਪੂਰਤਾ। ਆਤਮਿਕ ਹੁਲਾਰ ਮਨੁੱਖ ਦੀ ਝੋਲੀ ਪੈਂਦਾ।

ਇੱਜਤਦਾਰ ਅਤੇ ਇਖਲਾਕੀ ਲੋਕਾਂ ਨੂੰ ਇਸ ਦਾ ਕੋਈ ਰੰਜ ਨਹੀਂ ਕਿ ਲੋਕ ਕੀ ਕਹਿਣਗੇ? ਉਹ ਆਪਣੀ ਮਸਤੀ 'ਚ ਲੀਨ। ਸੱਚੀ ਇਬਾਦਤ ਨਾਲ ਜ਼ਿੰਦਗੀ ਦੀ ਅਰਾਧਨਾ ਕਰਦੇ। ਜ਼ਿੰਦਗੀ 'ਚ ਜਿਉਣ ਜੁਗਤਾਂ ਦੀ ਜੁਗਲਬੰਦੀ। ਇਕ ਰੂਹਾਨੀਅਤ ਦਾ ਮੁਜੱਸਮਾ, ਜਿਸ ਦੇ ਵਜੂਦ ਵਿਚ ਧੜਕਦਾ ਸਮੁੱਚਾ ਜੀਵਨ। ਆਪਣੀ ਧੁੰਨ ਦੇ ਪੱਕੇ। ਰਾਹਾਂ ਦੀ ਦਿਆਨਤਦਾਰੀ ਵਿਚ ਪ੍ਰਵੀਨ। ਸ਼ਖਸੀਅਤੀ ਵਿਗਾੜਾਂ ਤੋਂ ਨਿਰਲੇਪ। ਚਿੱਕੜ ਵਿਚ ਰਹਿੰਦਿਆਂ ਵੀ ਕਮਲ ਵਾਂਗ ਨਿਰਲੇਪ। ਆਪ ਖਿੜਦੇ ਅਤੇ ਹੋਰ ਰੂਹਾਂ ਲਈ ਖਿੜਨ ਦੀ ਰੁੱਤ ਬਣਦੇ। ਆਬ-ਗਗਨ ਵਿਚ ਸੁੱਖ-ਸਾਧਨਾ ਦੀ ਪ੍ਰਤਾਪੀ ਲੋਰ।

**ਇੱਜਤ ਉਹ ਨਹੀਂ ਹੁੰਦੀ, ਜਿਸ ਕਾਰਨ ਧੀਆਂ ਦਾ ਕਤਲ ਹੁੰਦਾ। ਨਿਰਦੋਸ਼ ਦੇ ਸੀਰਮੇ ਪੀਤੇ ਜਾਂਦੇ ਜਾਂ ਕਿਸੇ ਅਬਲਾ ਦੀ ਆਬਰੂ ਨੂੰ ਲੀਰਾਂ ਕੀਤਾ ਜਾਂਦਾ। ਸਗੋਂ ਇੱਜਤ ਹੁੰਦੀ ਹੈ, ਕਿਸੇ ਧੀ ਦੇ ਨੰਗੇ ਸਿਰ 'ਤੇ ਬਾਪ ਦੇ ਸ਼ਮਲੇ ਦੀ ਛਾਂ ਬਣਨਾ। ਲੰਗਾਰ ਹੋਏ ਤਨ-ਲਿਬਾਸ ਨੂੰ ਮਨ ਦੀ ਪਾਕੀਜ਼ਗੀ ਨਾਲ ਢਕਣਾ। ਮੁੱਖ 'ਤੇ ਜੰਮ ਚੁੱਕੀਆਂ ਘਰਾਲਾਂ ਨੂੰ ਹਾਸਿਆਂ ਦੇ ਹੰਝੂਆਂ 'ਚ ਤਬਦੀਲ ਕਰਨਾ। ਇਸ ਵਿਚੋਂ ਹੀ ਉਪਜਦੀਆਂ ਨੇ ਇਖਲਾਕ ਦੀਆਂ ਨਵੀਂਆਂ ਤੇ ਨਰੋਈਆਂ ਬੁਲੰਦੀਆਂ।**

ਇੱਜਤ ਉਹ ਨਹੀਂ ਹੁੰਦੀ, ਜਿਸ ਕਾਰਨ ਧੀਆਂ ਦਾ ਕਤਲ ਹੁੰਦਾ। ਨਿਰਦੋਸ਼ ਦੇ ਸੀਰਮੇ ਪੀਤੇ ਜਾਂਦੇ ਜਾਂ ਕਿਸੇ ਅਬਲਾ ਦੀ ਆਬਰੂ ਨੂੰ ਲੀਰਾਂ ਕੀਤਾ ਜਾਂਦਾ। ਸਗੋਂ ਇੱਜਤ ਹੁੰਦੀ ਹੈ, ਕਿਸੇ ਧੀ ਦੇ ਨੰਗੇ ਸਿਰ 'ਤੇ ਬਾਪ ਦੇ ਸ਼ਮਲੇ ਦੀ ਛਾਂ ਬਣਨਾ। ਲੰਗਾਰ ਹੋਏ ਤਨ-ਲਿਬਾਸ ਨੂੰ ਮਨ ਦੀ ਪਾਕੀਜ਼ਗੀ ਨਾਲ ਢਕਣਾ। ਮੁੱਖ 'ਤੇ ਜੰਮ ਚੁੱਕੀਆਂ ਘਰਾਲਾਂ ਨੂੰ ਹਾਸਿਆਂ ਦੇ ਹੰਝੂਆਂ 'ਚ ਤਬਦੀਲ ਕਰਨਾ। ਇਸ ਵਿਚੋਂ ਹੀ ਉਪਜਦੀਆਂ ਨੇ ਇਖਲਾਕ ਦੀਆਂ ਨਵੀਂਆਂ ਤੇ ਨਰੋਈਆਂ ਬੁਲੰਦੀਆਂ।

ਇੱਜਤ, ਇਤਬਾਰ ਅਤੇ ਇਖਲਾਕ ਕਦੇ ਨਹੀਂ ਵਿਕਾਊ। ਉਚਮਤਾ ਨੂੰ ਸਾਹ ਦੀ ਤੰਦੀ 'ਤੇ ਬਰਕਰਾਰ ਰੱਖਦੇ। ਤਨ ਅਤੇ ਧਨ ਦੀ ਸਵੱਛਤਾ ਵਿਚੋਂ ਹੀ ਮਨ ਦੀ ਫਕੀਰੀ ਤੇ ਇਲਾਹੀ ਰਮਜ਼ਾਂ ਨੂੰ ਸਮਝਣ ਦੀ ਸੋਝੀ ਮਿਲਦੀ ਅਤੇ ਉਹ ਕਦੇ ਵੀ ਨਾ ਵਿਕਦੇ। ਆਮ ਲੋਕ ਤਾਂ ਨਿੱਕੇ ਜਿਹੇ ਮੁਫਾਦ ਲਈ ਹੀ ਆਪਣੀ ਨਿਲਾਮੀ ਲਾ ਦਿੰਦੇ ਅਤੇ ਵੱਧ ਤੋਂ ਵੱਧ ਬੋਲੀ ਵਿਚੋਂ ਹੀ ਇਖਲਾਕੀ ਮੁੱਲ ਪਵਾਉਣ ਦਾ ਢੌਂਗ ਰਚਦੇ।

ਇੱਜਤਾਂ ਵਾਲੇ ਹੀ ਇੱਜਤ ਦਾ ਮੁੱਲ ਜਾਣਦੇ। ਇੱਜਤਦਾਰ ਦੀ ਕਦਰ ਕਰਦੇ ਤੇ ਇੱਜਤਾਂ ਦਾ ਦਮ ਭਰਦੇ ਅਤੇ ਉਨ੍ਹਾਂ ਦੀ ਇੱਜਤ-ਰਾਖੀ ਲਈ ਆਪਾ ਨਿਛਾਵਰ ਕਰਦੇ। ਇਖਲਾਕ ਹੈ ਤਾਂ ਸਭ ਕੁਝ ਹੈ। ਬੇਇੱਜਤੇ ਲੋਕਾਂ ਦਾ ਕੋਈ ਨਹੀਂ ਦੀਨ-ਇਮਾਨ। ਇਖਲਾਕ ਤੋਂ ਡਿੱਗੇ ਲੋਕ, ਕੂੜ-ਕਬਾੜ ਅਤੇ ਸਮਾਜ ਲਈ ਤੌਹੀਨ। ਉਹ ਕਾਲਖ ਦੇ ਵਣਜਾਰੇ।

ਇਖਲਾਕ ਦੀ ਬੀਹੀ ਵਿਚ ਇੱਜਤ ਭਰੀ ਇਬਾਰਤ ਦਾ ਹੋਕਾ ਲਾਉਣ ਵਾਲੇ ਇਨਸਾਨ, ਮਨੁੱਖ ਹੋਣ ਦਾ ਸੁੱਚਾ ਧਰਮ ਅਤੇ ਕਿਰਤੀ ਹੋਣ ਦਾ ਕਰਮ। ਸੱਤੇ ਖੈਰਾਂ ਦੀ ਖੈਰਾਤ ਮੰਗਣ ਵਾਲੇ ਦੀ ਝੋਲੀ ਪਾਉਂਦੇ।

ਇਖਲਾਕਹੀਣ ਲੋਕਾਂ ਦੀ ਬਹੁਤਾਤ ਹੈ, ਅਜੋਕੇ ਯੁੱਗ ਵਿਚ। ਕਮੀਨਗੀ ਦੀ ਇੰਤਹਾ ਨੇ ਅਜਿਹੇ ਲੋਕ। ਇਨ੍ਹਾਂ ਦੇ ਰਹਿਮੋ-ਕਰਮ 'ਤੇ ਜਦ ਕੋਈ ਸਮਾਜ ਤੇ ਸਭਿਅਤਾ ਆ ਜਾਵੇ ਤਾਂ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ, ਖੁਦਕੁਸ਼ੀ ਕਰਨ ਵੱਲ ਤੁਰਦੀ। ਇਹ ਅਜੋਕੇ ਸਮੇਂ 'ਚ ਹੋ ਰਿਹਾ ਹੈ।

ਇਖਲਾਕਹੀਣ ਲੋਕ ਜਦ ਲੋਕਾਂ ਨੂੰ ਇਖਲਾਕ ਦਾ ਸਬਕ ਦੇਣ ਲੱਗ ਪੈਣ, ਇੱਜਤਾਂ ਨਿਲਾਮ ਕਰਨ ਵਾਲੇ, ਇੱਜਤਾਂ ਦੇ ਰਾਖੇ ਹੋਣ ਦਾ ਢੌਂਗ ਰਚਾਉਂਦੇ ਜਾਂ ਬੇਇਤਬਾਰੇ ਲੋਕ ਇਤਬਾਰਯੋਗ ਬਣਨ ਦਾ ਮੁਲੰਮਾ ਲਾਉਂਦੇ ਤਾਂ ਉਹ ਵਕਤ ਦੀ ਤਹਿਜ਼ੀਬ ਨੂੰ ਸ਼ਰਮਸਾਰ ਕਰਦੇ। ਕਦਰਾਂ-ਕੀਮਤਾਂ ਨੂੰ ਮਾਰਦਿਆਂ, ਖੁਦ ਵੀ ਮਰਦੇ।

ਮਨੁੱਖੀ ਕਿਰਦਾਰ ਹੀ ਤੈਅ ਕਰਦਾ, ਮਨੁੱਖੀ ਸ਼ਖਸੀਅਤ ਕਿਹੋ ਜਿਹੀ? ਇਸੇ ਨਾਲ ਇੱਜਤਦਾਰ ਤੇ ਬੇਇੱਜਤੇ, ਇਤਬਾਰੀ ਤੇ ਬੇਇਤਬਾਰੀ ਅਤੇ ਇਖਲਾਕੀ ਤੇ ਗੈਰ-ਇਖਲਾਕੀ ਕਿਰਦਾਰਾਂ ਦੀ ਪਛਾਣ ਸਹਿਜੇ ਹੀ ਹੋ ਜਾਂਦੀ। ਪਾਕ ਕਿਰਦਾਰ ਸਿਰਜਣ ਲਈ ਉਮਰ ਲੱਗ ਜਾਂਦੀ, ਪਰ ਪਲ ਭਰ ਦੀ ਨਿੱਕੀ ਜਿਹੀ ਗਲਤੀ/ਕੁਤਾਹੀ ਜਾਂ ਕਮੀਨਗੀ ਨਾਲ ਸ਼ਖਸੀ ਬਿੰਬ ਧੁੰਦਲਕੇ 'ਚ ਲਪੇਟਿਆ ਜਾਂਦਾ।

ਤੁਸੀਂ ਕਿੰਨੇ ਵੀ ਅਮੀਰ, ਵੱਡੇ ਰੁਤਬੇ ਦੇ ਮਾਲਕ, ਚੁਸਤ, ਚਲਾਕ ਜਾਂ ਰੋਅਬਦਾਰ ਕਿਉਂ ਨਾ ਹੋਵੋ, ਪਰ ਤੁਹਾਡੇ ਬਾਰੇ ਸਭ ਤੋਂ ਵੱਡਾ ਨਿਰਣਾ ਲੋਕ ਕਰਦੇ ਕਿ ਤੁਸੀਂ ਕੌਣ ਹੋ? ਇਸ ਨਿਰਣੇ ਵਿਚ ਤੁਹਾਡਾ ਇਖਲਾਕ ਸਭ ਤੋਂ ਅਹਿਮ ਤੇ ਨਿਗਰ ਭੂਮਿਕਾ ਨਿਭਾਉਂਦਾ।

ਇੱਜਤ ਵਿਚੋਂ ਹੀ ਪਿਆਰ ਫੁੱਟਦਾ, ਪਿਆਰ ਵਿਚੋਂ ਹੀ ਇਤਬਾਰ ਨੂੰ ਕਿਆਸਿਆ ਜਾਂਦਾ। ਇਕ ਦੂਜੇ 'ਤੇ ਕੀਤਾ ਗਿਆ ਭਰੋਸਾ ਹੀ ਇਖਲਾਕ ਦੀਆਂ ਨੀਂਹਾਂ ਬਣਦਾ। ਇਹ ਸੱਭੇ ਗੁਣ ਮਿਲ ਕੇ ਮਨੁੱਖ ਨੂੰ ਮਨੁੱਖਤਾ ਦਾ ਰਹਿਨੁਮਾ ਬਣਾਉਂਦੇ।

ਆਪਣੀਆਂ ਕੋਸ਼ਿਸ਼ਾਂ, ਸਫਲਤਾਵਾਂ ਅਤੇ ਕੀਰਤੀਆਂ ਦੀ ਖੁਦ ਇੱਜਤ ਕਰੋ। ਲੋਕ ਆਪਣੇ ਆਪ ਇੱਜਤਦਾਰ ਹੋਣ ਦਾ ਮਾਣ ਦੇਣਗੇ। ਆਪਣੀਆਂ ਅੱਖਾਂ ਵਿਚਲਾ ਦ੍ਰਿਸ ਹੀ ਲੋਕਾਂ ਦੇ ਨੈਣਾਂ ਦਾ ਦ੍ਰਿਸ਼ ਹੁੰਦਾ। ਇਸ ਦ੍ਰਿਸ਼ ਦੀ ਕਲਪਨਾ ਤੇ ਸਿਰਜਣਾ, ਮਨੁੱਖ ਦੇ ਹੱਥ-ਵੱਸ।

ਇੱਜਤ, ਇਤਬਾਰ ਅਤੇ ਇਖਲਾਕ ਵਿਚੋਂ ਵਿਅਕਤਿਤਵ ਦੀ ਪਵਿੱਤਰਤਾ ਨੂੰ ਆਪਣਾ ਅਕੀਦਾ ਸਮਝਣ ਵਾਲੇ ਲੋਕ ਬੰਦਿਆਈ, ਭਲਿਆਈ ਅਤੇ ਚੰਗਿਆਈ ਦੀਆਂ ਨਿਰਮਲ ਵਗਦੀਆਂ ਕੂਲ੍ਹਾਂ। ਇਸ ਦੀਆਂ ਬੁੱਕਾਂ ਭਰ ਭਰ ਪੀਂਦੇ ਲੋਕਾਂ ਵਿਚ ਵੱਸਦੀ ਰੂਹਾਨੀਅਤ। ਅਜਿਹੀ ਰੂਹਾਨੀਅਤ ਦੀ ਸੁੱਚੀ ਤਸ਼ਬੀਹ ਬਣਨ ਲਈ ਖੁਦ ਨੂੰ ਇਸ ਮਾਰਗ ਦਾ ਧਾਰਨੀ ਤਾਂ ਬਣਾਉਣਾ ਹੀ ਪੈਣਾ। ਤੇ ਫਿਰ ਪਹਿਲ ਕਰਨ ਵਿਚ ਦੇਰ ਕਿਉਂ?

## ਬੀਜ ਤੇ ਮਾਪੇ

ਪੁੱਛਿਆ ਜਾ ਕੇ ਨੇੜੇ ਸੁੱਕੇ ਬੀਜਾਂ ਕੋਲੋਂ,
"ਸੁਣਾਓ ਹਾਲ, ਕਿੰਜ ਤੁਸੀਂ ਸੋਏ ਹੋਏ ਹੋ?"
ਅੱਗੋਂ ਆਖਦੇ, "ਹਾਂ ਬੇਹਾਲ ਅਸੀਂ,
ਵਿਛੜ ਕੇ ਮਾਪਿਆਂ ਤੋਂ ਰੋਏ ਹੋਏ ਹਾਂ।
ਲੱਗੀ ਭੁੱਖ ਤੇ ਪਿਆਸ ਸਾਨੂੰ ਡਾਢੀ,
ਸੁੱਕ ਕੇ ਤੀਲਾ ਅਸੀਂ ਹੋਏ ਹੋਏ ਹਾਂ।
ਤੁੜਿਆ ਹੈ ਨਾਜ਼ੀਆਂ ਦੀ ਜੇਲ੍ਹ ਵਾਂਗੂੰ,
ਵਿਚ ਥੈਲੀਆਂ ਦੇ ਕੈਦ ਹੋਏ ਹੋਏ ਹਾਂ।
ਪਰ ਜੀਂਦੇ ਹਾਂ ਹਾਲੇ ਚਾਹਤ ਬਾਕੀ,
ਫੁੱਲ ਬਣ ਕੇ ਹਾਰ 'ਚ ਪਰੋਏ ਹੋਏ ਹਾਂ।"

ਜਦੋਂ ਬੀਜਿਆ ਗਿਆ ਕਿਆਰੀ ਵਿਚ,
ਹਾਲ ਪੁੱਛਣ ਦਾ ਫਿਰ ਖਿਆਲ ਆਇਆ।
ਨਿਗਾਹ ਮਾਰੀ ਜਦੋਂ ਜਾ ਕੇ ਵੱਟ ਉਤੇ,
ਕਿਤੇ ਬੂਟਾ ਨਾ ਨਾਮੋ ਨਿਸ਼ਾਨ ਆਇਆ।
ਨੀਵਾਂ ਹੋ ਕੇ ਸੁਣਿਆ ਜਦੋਂ ਕੰਨ ਲਾ ਕੇ,
ਘੁਸਰ ਮੁਸਰ ਜਿਹੀ ਦਾ ਖੜਾਕ ਆਇਆ।
ਆਵਾਜ਼ ਆਈ ਰੋਣ ਦੀ ਜਨਮ ਪੀੜਾ ਵਾਲੀ,
ਜਾਪੇ ਜਿਉਂ ਨਵਾਂ ਹੈ ਜੁਆਕ ਆਇਆ।
ਆਖੇ, "ਮਿੱਟੀ ਮਾਂ ਤੇ ਪਿਉ ਪਾਣੀ ਮਿਲਿਆ
ਕੁੱਪੇ ਵਾਂਗ ਫੁੱਲ ਕੇ ਫਟਣ 'ਤੇ ਆਇਆ।

ਸਮਾਂ ਬੀਤਿਆ ਇੱਕ ਦਿਨ ਗਿਆ ਬਾਗੀਂ,
ਬੂਟਾ ਪੁੰਗਰ ਕੇ ਸੀ ਹਰਾ ਭਰਾ ਹੋਇਆ।
ਧਰਤੀ ਪੁੱਟਿਆਂ ਬੀਜ ਦਾ ਹਾਲ ਤੱਕ ਕੇ,
ਨਿੰਮੋਝੂਣਾ ਜਿਹਾ ਹੋ ਭੁੱਬਾਂ ਮਾਰ ਰੋਇਆ।
ਹਸਤੀ ਗੁਆਈ ਨਵੇਂ ਜੀਵਨ ਖਾਤਰ,
ਤਾਂ ਕਿਧਰੇ ਦੂਣ ਸਵਾਇਆ ਹੋਇਆ।
ਵਾਰਿਆ ਹੈ ਵਾਧੇ ਲਈ ਆਪਾ ਪਹਿਲਾਂ,
ਫਿਰ ਦੇਖ ਕਿੰਜ ਗੁਲੋਂ ਗੁਲਜ਼ਾਰ ਹੋਇਆ।
ਗਲ ਜਾਂਦੇ ਜੀਂਦੇ ਜੀਅ ਔਲਾਦ ਖਾਤਿਰ,
ਸ਼ਾਇਦ ਮਾਪਿਆਂ ਦਾ ਇੰਜ ਹਾਲ ਹੋਇਆ।

-ਸੇਵਾ ਸਿੰਘ ਨੂਰਪੁਰੀ

---

## ਇੱਕ-ਨਜ਼ਮ

ਇਕ ਨਗਮਾ ਦਰਦਾਂ ਦਾ
ਦਮ ਤੋੜ ਗਿਆ ਬੁੱਲ੍ਹੀਆਂ 'ਤੇ।
ਇਕ ਸੁਪਨਾ ਪਿਆਰਾਂ ਦਾ
ਹਵਾ ਹੋ ਗਿਆ ਅੱਖਾਂ ਖੁੱਲ੍ਹੀਆਂ 'ਤੇ!

ਤੇਰੀ ਨਜ਼ਰ 'ਚ ਚੜ੍ਹਿਆ ਨਾ
ਮੈਂ ਕਿੰਨਾ ਚਿਰ ਤੈਨੂੰ ਵੇਂਹਦਾ ਰਿਹਾ,
ਤੂੰ ਭੋਰਾ ਕਦਰਾਂ ਪਾਈਆਂ ਨਾ
ਸਾਡੀਆਂ ਸੱਧਰਾਂ ਭੁੱਲੀਆਂ 'ਤੇ...।

ਰੂਹ ਨੂੰ ਸੇਕ ਜਿਹਾ ਚੜ੍ਹਦਾ ਏ
ਹਾਸਾ ਤਾਂ ਬਸ ਇਕ ਪਰਦਾ ਏ,
ਦਿਲ ਜਖਮੀ ਨਿੱਤ ਹੁੰਦਾ ਰਹਿੰਦਾ
ਚੇਤੇ ਕਰ ਵਿਸਰੀਆਂ-ਭੁੱਲੀਆਂ 'ਤੇ...।

ਮੇਰੇ ਚਾਅ ਵਿਲਕਦੇ ਰਹਿੰਦੇ ਨੇ
ਨਿੱਤ ਹਿਜ਼ਰ ਦੀਆਂ ਚੋਭਾਂ ਸਹਿੰਦੇ ਨੇ,
ਯਾਦਾਂ ਸਉਣ ਬਣ ਨਿੱਤ ਵਰ੍ਹਦੀਆਂ
ਸਾਡੀਆਂ ਕੱਚੀਆਂ ਕੁੱਲੀਆਂ 'ਤੇ।
ਇਕ ਨਗਮਾ ਦਰਦਾਂ ਦਾ
ਦਮ ਤੋੜ ਗਿਆ ਬੁੱਲ੍ਹੀਆਂ 'ਤੇ।

-ਰਵਿੰਦਰ ਸਿੰਘ ਲਾਲਪੁਰੀ
ਨੂਰਪੁਰ ਬੇਦੀ (ਰੂਪਨਗਰ)
ਫੋਨ: 91-94634-52261

# ਮੇਰੀ ਮੰਗਣੀ ਤੇ ਮੇਰਾ ਵਿਆਹ

***ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਭਾਗ ਲਾਉਣ ਵਾਲੇ ਜਿਊੜੇ ਅਜਮੇਰ ਸਿੰਘ ਔਲਖ (19 ਅਗਸਤ 1942-15 ਜੂਨ 2015) ਨੇ ਆਪਣੀਆਂ ਰਚਨਾਵਾਂ ਵਿਚ ਕਿਸਾਨ ਦੀ ਵਿਥਿਆ ਮਾਰਮਿਕ ਰੂਪ ਵਿਚ ਪੇਸ਼ ਕੀਤੀ। ਇਸ ਲੇਖ ਵਿਚ ਉਨ੍ਹਾਂ ਆਪਣੀ ਮੰਗਣੀ ਅਤੇ ਵਿਆਹ ਦਾ ਕਿੱਸਾ ਛੋਹਿਆ ਹੈ। ਇਹ ਕਿੱਸਾ ਦਿਲਚਸਪ ਤਾਂ ਹੈ ਹੀ, ਇਸ ਵਿਚ ਲੇਖਕ ਦੇ ਜ਼ਿੰਦਗੀ ਪ੍ਰਤੀ ਸਰੋਕਾਰਾਂ ਦੀ ਝਾਤ ਵੀ ਮਿਲਦੀ ਹੈ। -ਸੰਪਾਦਕ***

**ਮੰਗਣੀ:** ਪਹਿਲਾਂ ਮੇਰੀ ਮੰਗਣੀ ਦਾ ਬਿਰਤਾਂਤ ਸੁਣੋ। ਇਹ ਗੱਲ ਦਸੰਬਰ 1964 ਦੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੰਜਾਬੀ ਦੀ ਐਮ. ਏ. (ਫਾਈਨਲ) ਦੀ ਪੜ੍ਹਾਈ ਕਰਨ ਵੇਲੇ ਮੈਨੂੰ ਪਿੰਡੋਂ ਮੇਰੀ ਮਾਂ ਦੀ ਚਿੱਠੀ ਆਈ। ਚਿੱਠੀ ਦਾ ਸਾਰ-ਤੱਤ ਸੀ, "ਤੈਨੂੰ ਇਕ ਕੁੜੀ ਦੇ ਬਾਪ ਨੇ ਵੇਖਣ ਆਉਣੈ। ਇਸ ਲਈ ਤੂੰ ਫਲਾਣੇ ਦਿਨ ਪਿੰਡ ਪਹੁੰਚ ਜਾ...।" ਓਦੋਂ (ਭਾਵ ਜਵਾਨੀ ਵੇਲੇ) ਮੇਰੇ 'ਤੇ ਆਦਰਸ਼ਵਾਦ ਦਾ ਭੂਤ ਸਵਾਰ ਸੀ। ਇਸ ਭੂਤ ਨੇ ਮੇਰੇ ਕੋਲੋਂ ਹੋਰ ਹੀ ਕਮਲ ਮਰਵਾ ਦਿੱਤਾ। ਪਿੰਡ ਜਾਣ ਲਈ 'ਹਾਂ' ਕਹਿਣ ਦੀ ਥਾਂ ਮੈਂ ਮਾਂ ਨੂੰ ਚਿੱਠੀ ਰਾਹੀਂ ਜਵਾਬ ਦਿੱਤਾ: ਮਾਨਯੋਗ ਬੇ ਜੀ, ਤੁਸੀਂ ਕੁੜੀ ਦੇ ਬਾਪ ਨੂੰ ਕਹੋ ਕਿ ਉਹ ਮੈਨੂੰ ਵੇਖਣ ਤੋਂ ਪਹਿਲਾਂ ਸਾਡਾ ਕੱਚਾ ਘਰ ਵੇਖ ਲਵੇ; ਜਮੀਨ ਆਦਿ ਦੀ ਪੂਰੀ ਪੜਤਾਲ ਕਰ ਲਵੇ। ਤੁਸੀਂ ਵੀ ਉਸ ਤੋਂ ਕੋਈ ਲੁਕਾ ਨਾ ਰੱਖਣਾ। ਉਸ ਨੂੰ ਦੱਸ ਦੇਣਾ ਕਿ ਜਿਹੜੀ ਸਾਡੇ ਘਰ ਦੀ ਮੁਹਰਲੀ ਕੱਚੀ ਕੰਧ ਪਿਛਲੇ ਸਾਲ ਮੀਂਹ ਨੇ ਢਾਹ ਦਿੱਤੀ ਸੀ, ਇਹ ਅਸੀਂ ਕਿਸੇ ਘੌਲ ਕਰਕੇ ਨਹੀਂ ਬਲਕਿ ਇਸ ਕਰ ਕੇ ਦੁਬਾਰਾ ਨਹੀਂ ਖੜ੍ਹੀ ਕਰ ਸਕੇ ਕਿ ਇਸ ਨੂੰ ਖੜ੍ਹੀ ਕਰਨ ਦੀ ਸਾਡੇ ਵਿਚ ਪਹੁੰਚ ਹੀ ਨਹੀਂ। ਜਮੀਨ ਬਾਰੇ ਵੀ ਅਸਲੀਅਤ

ਅਜਮੇਰ ਸਿੰਘ ਔਲਖ

ਦੱਸ ਦੇਣੀ ਕਿ ਚਾਰ ਭਾਈਆਂ ਕੋਲ ਕੁਲ ਅੱਠ ਕਿੱਲੇ ਭੋਇੰ ਹੈ। ਇਸ ਵਿਚੋਂ ਤਿੰਨ ਕਿੱਲੇ ਨੌਹਰੀਏ ਬਾਣੀਏ ਕੋਲ ਗਹਿਣੇ ਪਈ ਹੈ। ਅੱਠ ਹਜ਼ਾਰ ਜਿਹੜਾ ਕਰਜ਼ਾ ਆਪਣੇ ਸਿਰ ਹੈ, ਉਹ ਵੀ ਦੱਸਣਾ ਨਾ ਭੁੱਲਣਾ। ਨੇਕ (ਮੇਰਾ ਵੱਡਾ ਭਾਈ ਹਰਨੇਕ) ਬਾਰੇ ਵੀ ਜ਼ਰੂਰ ਦੱਸ ਦੇਣਾ ਕਿ ਉਹ ਵੈਲੀਆਂ-ਸ਼ੈਲੀਆਂ ਵਿਚ ਬੈਠਦਾ-ਉਠਦਾ ਐ ਤੇ ਸਿਗਰਟ, ਸ਼ਰਾਬ, ਭੰਗ ਆਦਿ ਸਾਰੇ ਨਸ਼ੇ ਛਕ-ਛਕਾ ਲੈਂਦੈ। ਅਖੀਰੀ ਗੱਲ ਇਹ ਹੈ ਕਿ ਮੈਂ ਰਿਸ਼ਤਾ ਉਦੋਂ ਹੀ ਲਵਾਂਗਾ ਜਦ-ਕਦ ਮੈਨੂੰ ਕਿਤੇ ਕੋਈ ਰੁਜ਼ਗਾਰ ਮਿਲ ਗਿਆ। ਜੇ ਇਹ ਸਭ ਕੁਝ ਜਾਣਨ ਪਿਛੋਂ ਵੀ ਕੁੜੀ ਦਾ ਬਾਪ ਵੇਖਣਾ ਚਾਹੇ ਤਾਂ ਮੈਂ ਕਿਸੇ ਮਿਥੇ ਦਿਨ ਪਿੰਡ ਆ ਜਾਵਾਂਗਾ...।

ਹੁਣ ਤੁਸੀਂ ਹੀ ਦੱਸੋ, ਕਿਹੜਾ ਬਾਪ ਹੋਏਗਾ ਜੋ ਇਹ ਸਭ ਕੁਝ ਜਾਣਦਿਆਂ ਵੀ ਆਪਣੀ ਧੀ ਨੂੰ ਜਮਾਂ ਸਾਹਮਣੇ ਦਿਸਦੇ ਨਰਕ-ਕੁੰਡ ਵਿਚ ਧੱਕਾ ਦੇਣਾ ਚਾਹੇਗਾ? ਤੁਹਾਨੂੰ ਤਾਂ ਕੀ, ਮੈਨੂੰ ਆਪ ਨੂੰ ਵੀ ਪੂਰਾ ਯਕੀਨ ਸੀ ਕਿ ਗੱਲ ਜਿਥੋਂ ਸ਼ੁਰੂ ਹੋਈ ਹੈ, ਉਥੇ ਹੀ ਜਾਮ ਹੋ ਜਾਏਗੀ। ਖੈਰ ਜੀ, ਮੈਂ ਆਪਣੇ ਆਦਰਸ਼ਵਾਦੀ ਰੰਗ ਵਿਚ ਰੰਗਿਆ ਤੇ ਆਪਣੇ-ਆਪ ਨੂੰ ਆਪਣੀ ਮਾਂ ਦਾ 'ਧਰਮ ਪੁੱਤਰ' ਸਮਝਦਾ ਚਿੱਠੀ ਪੋਸਟ ਕਰ ਆਇਆ। ਪਿੰਡ ਪਹੁੰਚੀ ਚਿੱਠੀ ਜਦ ਮਾਂ ਨੇ ਮੇਰੇ ਬਚਪਨ ਦੇ ਦੋਸਤ ਸੁਖਦੇਵ ਤੋਂ ਪੜ੍ਹਾਈ ਤਾਂ ਮਾਂ ਦਾ ਮੂੰਹ ਉਤਰਨਾ ਕੁਦਰਤੀ ਹੀ ਸੀ। ਬੁੱਸੇ ਜਿਹੇ ਮੂੰਹ ਨਾਲ ਮਾਂ ਨੇ ਉਹੀ ਚਿੱਠੀ ਮੇਰੇ ਬਣ ਰਹੇ ਵਿਚੋਲੇ ਨੂੰ ਫੜਾ ਦਿੱਤੀ। ਵਿਚੋਲਾ ਅਮਰ ਸਿੰਘ ਧਾਲੀਵਾਲ ਪਿੰਡ ਵਿਚੋਂ ਮੇਰਾ ਤਾਇਆ ਲਗਦਾ ਸੀ। ਉਹ ਬੜਾ ਹੀ ਸਾਫ-ਦਿਲ ਇਨਸਾਨ ਸੀ। ਨਾਲ ਹੀ ਉਹ ਹਾਸੇ-ਠੱਠੇ ਦੇ ਸੁਭਾਅ ਵਾਲਾ ਵੀ ਸੀ। ਉਹ 'ਮਹਾਰਾਜ ਦਾ ਪਾਠੀ' ਸੀ ਤੇ ਪਾਠ ਕਰਨ ਹਿਤ ਦੋਵੇਂ ਵਕਤ ਪਿੰਡ ਦੇ ਗੁਰਦੁਆਰਾ ਸਾਹਿਬ ਜਾਇਆ ਕਰਦਾ ਸੀ। ਉਸ ਦਾ ਸਾਡੇ ਘਰ ਰੋਜ਼ ਦਾ ਆਉਣ-ਜਾਣ ਸੀ ਕਿਉਂਕਿ ਗੁਰਦੁਆਰਾ ਸਾਹਿਬ ਜਾਣ ਵਾਸਤੇ ਸਾਡੇ ਘਰ ਰਾਹੀਂ ਜਾਣਾ ਉਸ ਨੂੰ 'ਸ਼ਾਟਕੱਟ' (ਨੇੜੇ) ਪੈਂਦਾ ਸੀ। ਉਂਜ ਵੀ ਸਮਾਜਕ ਤੇ ਪਰਿਵਾਰਕ ਤੌਰ 'ਤੇ ਅਸੀਂ ਦੋਵੇਂ ਘਰ ਇਕ ਦੂਜੇ ਦੇ ਵਾਹਵਾ ਨੇੜੇ ਸਾਂ। ਤਾਏ ਅਮਰ ਸਿੰਘ ਧਾਲੀਵਾਲ ਨੇ ਚਿੱਠੀ ਪੜ੍ਹ ਕੇ ਮੇਰੀ ਮਾਂ ਨੂੰ ਹੱਸਦਿਆਂ ਕਿਹਾ, "ਲੈ ਹਰਨਾਮ ਕੁਰੇ, ਸਮਝ ਲੈ ਹੋ ਗਿਆ ਤੇਰੇ ਮੁੰਡੇ ਦਾ ਰਿਸ਼ਤਾ ਪੱਕਾ! ਲੱਗ-ਜਾ ਗੀਤ ਗਾਉਣ ਅੱਜ ਤੋਂ ਈ ਸ਼ਗਨਾਂ ਦੇ!" ਮਾਂ ਤਾਏ ਦੇ ਮਖੌਲੀਏ ਸੁਭਾਅ ਤੋਂ ਜਾਣੂ ਸੀ। ਉਸ ਨੇ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ।


ਪਰ ਜਾਪਦੈ, ਤਾਏ ਨੇ ਨਾ ਹੀ ਮੇਰੀ ਚਿੱਠੀ ਮਖੌਲ ਵਜੋਂ ਲਈ ਸੀ ਤੇ ਨਾ ਹੀ ਆਪਣੀ ਗੱਲ ਮਖੌਲ ਵਜੋਂ ਕਹੀ ਸੀ। ਮੇਰੇ ਘਰ ਦੀ ਆਰਥਕ ਸਥਿਤੀ ਬਾਰੇ ਉਸ ਨੇ ਪਹਿਲਾਂ ਹੀ ਕਾਫੀ ਕੁਝ ਸਹੀ-ਸਹੀ ਕੁੜੀ ਦੇ ਬਾਪ ਨੂੰ ਦੱਸ ਦਿੱਤਾ ਸੀ। ਓਹਲਾ ਰੱਖਦਾ ਵੀ ਕਾਹਦਾ? ਕੱਚਾ ਘਰ ਤੇ ਢਹੀ ਕੰਧ ਅਗਲੇ ਨੂੰ ਆਪ ਦਿਸ ਪੈਣੀ ਸੀ ਤੇ ਜਮੀਨ ਦੀ ਅਸਲੀਅਤ ਦਾ ਪਟਵਾਰੀ-ਗਰਦੌਰ ਤੋਂ ਪਤਾ ਲੱਗ ਜਾਣਾ ਸੀ। ਹਾਂ, ਗਹਿਣੇ-ਪਈ ਜਮੀਨ ਤੇ ਕਰਜ਼ੇ ਦਾ ਸ਼ਾਇਦ ਉਸ ਨੂੰ ਆਪ ਨੂੰ ਵੀ ਪਤਾ ਨਹੀਂ ਸੀ। ਰਹੀ ਗੱਲ ਮੇਰੇ ਵੱਡੇ ਭਾਈ ਦੇ ਵੈਲਪੁਣੇ ਦੀ? ਅਜਿਹੀ ਗੱਲ ਨੂੰ ਉਹ ਬਹੁਤੀ ਗੰਭੀਰਤਾ ਨਾਲ ਲੈਣ ਵਾਲਾ ਬੰਦਾ ਨਹੀਂ ਸੀ। 'ਜੱਟ ਦੇ ਚਾਰ ਪੁੱਤਾਂ ਵਿਚੋਂ ਇਕ ਪੁੱਤ ਵਿਹਲੜ-ਸ਼ਿਹਲੜ ਨਿਕਲ ਈ ਜਾਂਦੈ।' ਮਹਾਰਾਜ ਦਾ ਪਾਠੀ ਹੋਣ ਦੇ ਬਾਵਜੂਦ ਅਜਿਹੀ ਜੱਟੂ ਸੋਚ ਦਾ ਧਾਰਨੀ ਸੀ ਤਾਇਆ ਅਮਰ ਸਿੰਘ। ਬਾਅਦ ਵਿਚ ਪਤਾ ਲੱਗਾ ਕਿ ਉਂਜ ਵੀ ਉਸ ਨੇ ਜ਼ੋਰ ਸਿਰਫ ਇਕੋ ਗੱਲ 'ਤੇ ਦਿੱਤਾ ਸੀ, 'ਨੰਦ ਸਿਆਂ ਮੁੰਡਾ ਕੀ ਐ, ਨਿਰਾ ਹੀਰਾ ਐ! ਬਸ ਤੂੰ ਯਾਦ ਰੱਖੇਂਗਾ, ਬਈ ਮਾਮੇ ਅਮਰ ਸਿੰਘ ਨੇ ਮੁੰਡਾ ਭਾਲ ਕੇ ਦਿੱਤਾ ਸੀ ਮੇਰੀ ਧੀ ਵਾਸਤੇ!' (ਤਾਇਆ ਅਮਰ ਸਿੰਘ ਦੂਰ-ਨੇੜੇ ਦੀ ਰਿਸ਼ਤੇਦਾਰੀ ਵਿਚੋਂ ਕੁੜੀ ਦੇ ਬਾਪ ਦਾ ਮਾਮਾ ਲਗਦਾ ਸੀ)। ਤਾਏ ਅਮਰ ਸਿੰਘ ਨੂੰ ਮੈਂ 'ਹੀਰਾ' ਸਿਰਫ ਇਸ ਕਰ ਕੇ ਲਗਦਾ ਸੀ, ਕਿਉਂਕਿ ਮੈਂ ਇਕ ਗਰੀਬ ਕਿਸਾਨ ਦਾ ਪੁੱਤ ਹੋ ਕੇ ਵੀ ਪੜ੍ਹਾਈ ਦੀ 'ਪੌੜੀ' ਦੇ ਇਕ ਡੰਡੇ ਤੋਂ ਬਾਅਦ ਦੂਜੇ ਡੰਡੇ ਉਤੇ ਪੈਰ ਧਰਦਾ 'ਉਤਾਂਹ' ਚੜ੍ਹਦਾ ਜਾ ਰਿਹਾ ਸੀ।

ਲਉ ਜੀ, ਤਾਏ ਅਮਰ ਸਿੰਘ ਧਾਲੀਵਾਲ ਨੇ ਆਪਣੀ ਦਿਬ-ਦ੍ਰਿਸ਼ਟੀ ਦੇ ਵਿਸ਼ਵਾਸ ਦੇ ਸਿਰ 'ਤੇ ਮੇਰੇ ਵਾਲੀ ਚਿੱਠੀ ਅੱਗੋਂ ਆਪਣੇ ਭਾਣਜੇ ਯਾਨਿ ਕੁੜੀ ਦੇ ਬਾਪ ਨੰਦ ਸਿੰਘ ਦੇ ਹੱਥ 'ਤੇ ਜਾ ਧਰੀ। ਨੰਦ ਸਿੰਘ ਨੇ ਚਿੱਠੀ ਪੜ੍ਹੀ ਤੇ ਪੜ੍ਹ ਕੇ ਕੁਝ ਸੋਚਾਂ ਵਿਚ ਪੈ ਗਿਆ। ਕੁਝ ਚਿਰ ਚੁੱਪ ਰਿਹਾ। ਤਾਇਆ ਅਮਰ ਸਿੰਘ ਉਸ ਦੇ ਚਿਹਰੇ ਦੇ ਹਾਵ-ਭਾਵ ਪੜ੍ਹਨ ਦੀ ਕੋਸ਼ਿਸ਼ ਕਰਦਾ ਰਿਹਾ। ਥੋੜ੍ਹੇ ਚਿਰ ਪਿੱਛੋਂ ਨੰਦ ਸਿੰਘ ਫਿਲਾਸਫਰਾਂ ਵਾਲੀ ਗਹਿਰ-ਗੰਭੀਰ ਆਵਾਜ਼ 'ਚ ਬੋਲਿਆ, "ਮਾਮਾ ਜੀ, ਲਗਦੈ ਅਕਾਲ ਪੁਰਖ ਨੇ ਮੇਰੀ ਧੀ ਦਾ ਸੰਜੋਗ ਇਸੇ ਲੜਕੇ ਸੰਗ ਲਿਖਿਐ। ਜਦ ਮੁੰਡਾ ਕਿਸੇ ਰੁਜ਼ਗਾਰ 'ਤੇ ਲੱਗ ਗਿਆ, ਮੈਨੂੰ ਖਬਰ ਕਰ ਦਿਉ।"

ਜਦੋਂ ਮੈਂ ਇਕ ਛੁੱਟੀ ਵਾਲੇ ਦਿਨ ਪਟਿਆਲੇ ਤੋਂ ਪਿੰਡ ਆਇਆ ਤਾਂ ਮੈਨੂੰ ਸਾਰੀ ਕਹਾਣੀ ਦਾ ਪਤਾ ਲੱਗਾ ਤਾਂ ਮੈਨੂੰ ਬੇਹੱਦ ਹੈਰਾਨੀ ਹੋਈ, ਕੁਝ ਕੁਝ ਖੁਸ਼ੀ ਵੀ। ਖੁਸ਼ੀ ਇਸ ਗੱਲ ਦੀ, ਬਈ ਚਲੋ ਮੇਰੇ ਵਿਚਾਰਾਂ ਨਾਲ ਮਿਲਦਾ-ਜੁਲਦਾ ਕੋਈ ਬੰਦਾ ਤਾਂ ਹੈ ਜਿਸ ਦੀ ਧੀ ਨਾਲ ਮੇਰੇ ਰਿਸ਼ਤਾ ਦੀ ਗੱਲ ਚੱਲ ਰਹੀ ਹੈ, ਪਰ ਨਾਲ ਦੀ ਨਾਲ ਮਨ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਵੀ ਆਪਣਾ ਸਿਰ ਚੁੱਕਣ ਲੱਗੇ? 'ਕਿਉਂ ਕਰ ਰਿਹੈ ਮੇਰੇ ਵਰਗੇ ਨੰਗ-ਮਲੰਗ ਨੂੰ ਆਪਣੀ ਕੁੜੀ ਦਾ ਰਿਸ਼ਤਾ? ਕਿਤੇ ਕੁੜੀ ਵਿਚ ਕੋਈ ਨੁਕਸ ਹੀ ਨਾ ਹੋਵੇ? ਕੁੜੀ ਲੰਗੜੀ-ਲੂਹਲੀ ਜਾਂ ਕਰੈਕਟਰ ਕਰੁਕਟਰ...? ਜੇ ਇਹ ਗੱਲ ਐ ਤਾਂ ਉਸ ਭਲੇਮਾਣਸ ਨੇ ਇਹ ਕਿਵੇਂ ਸਮਝ ਲਿਆ, ਬਈ ਮੈਂ ਬਿਨਾ ਦੇਖੇ, ਬਿਨਾ ਪੁੱਛ-ਪੜਤਾਲ ਉਸ ਦੀ ਧੀ ਦਾ ਰਿਸ਼ਤਾ ਕਬੂਲ ਕਰ ਲਵਾਂਗਾ?' ਫੇਰ ਇਹ ਖਿਆਲ ਵੀ ਆਇਆ ਕਿ ਜੇ ਕੋਈ ਐਸੀ-ਵੈਸੀ ਗੱਲ ਹੁੰਦੀ ਤਾਂ ਤਾਇਆ ਅਮਰ ਸਿੰਘ ਵਿਚ ਕਿਉਂ ਪੈਂਦਾ? ਸਾਡੇ ਨਾਲ ਉਸ ਦੀ ਐਨੀ ਨੇੜਤਾ ਹੈ ਕਿ, ਅਜਿਹੀ ਘਟੀਆ ਗੱਲ ਤਾਂ ਉਹ ਕਦੇ ਸੋਚ ਵੀ ਨਹੀਂ ਸਕਦਾ। ਇਹ ਸੋਚ ਕੇ ਮੈਂ ਤਾਏ ਅਮਰ ਸਿੰਘ ਕੋਲ ਗੱਲ ਕਰਨੀ ਵੀ ਮੁਨਾਸਿਬ ਨਾ ਸਮਝੀ। ਫੇਰ 'ਚਲੋ ਜਦੋਂ ਅੱਗੇ ਗੱਲ ਚੱਲੀ, ਉਦੋਂ ਵੇਖੀ ਜਾਊ, ਅਜੇ ਤਾਂ ਮੈਂ ਐਮ. ਏ. ਦਾ ਇਮਤਿਹਾਨ ਦੇਣੈਂ, ਨੌਕਰੀ ਲੱਭਣੀ ਐਂ।' ਸੋਚ ਕੇ ਸ਼ੰਕੇ-ਫੰਕੇ ਦਿਮਾਗ ਵਿਚੋਂ ਝਾੜ ਛੱਡੇ।

ਲਉ ਜੀ, ਮੈਂ ਐਮ. ਏ. ਦਾ ਇਮਤਿਹਾਨ ਦਿੱਤਾ, ਚੰਗੇ ਭਾਗਾਂ ਨੂੰ ਚੰਗੇ ਨੰਬਰ ਵੀ ਆ ਗਏ। ਉਦੋਂ ਵੀ ਚੰਗੇ ਭਾਗਾਂ ਨੂੰ ਨਤੀਜਾ ਨਿਕਲਣ ਪਿਛੋਂ ਵੀਹ ਦਿਨਾਂ ਦੇ ਅੰਦਰ-ਅੰਦਰ ਬਿਨਾ ਕਿਸੇ ਵਿਸ਼ੇਸ਼ ਭੱਜ-ਨੱਠ ਦੇ ਮੇਰੇ ਆਪਣੇ ਇਲਾਕੇ ਦੇ ਮਾਨਸਾ ਕਸਬੇ ਵਿਖੇ ਨਵੇਂ ਖੁੱਲ੍ਹੇ ਨਹਿਰੂ ਮੈਮੋਰੀਅਲ ਕਾਲਜ ਵਿਚ ਮੈਨੂੰ ਪੰਜਾਬੀ ਦੇ ਲੈਕਚਰਰ ਦੀ ਚੰਗੀ ਨੌਕਰੀ ਵੀ ਮਿਲ ਗਈ। ਨੌਕਰੀ 'ਤੇ ਲੱਗੇ ਨੂੰ ਅਜੇ ਪੰਜ-ਛੀ ਮਹੀਨੇ ਹੀ ਹੋਏ ਸੀ ਕਿ ਇਕ ਦਿਨ ਕਾਲਜ ਵਿਚ ਮੈਨੂੰ 'ਕੁੜੀ ਦਾ ਬਾਪ' ਮਿਲਣ ਆ ਪਹੁੰਚਿਆ। ਵੇਖਣੀ-ਪਰਖਣੀ ਤੋਂ ਚੰਗਾ ਪੜ੍ਹਿਆ-ਲਿਖਿਆ ਸੂਝਵਾਨ ਸੱਜਣ ਪੁਰਸ਼ ਜਾਪਦਾ ਸੀ। ਮੈਂ ਉਸ ਨੂੰ ਕਾਲਜ ਦੀ ਕੰਟੀਨ ਵਾਲੇ ਪਾਸੇ ਲੈ ਗਿਆ ਤੇ ਅਸੀਂ ਕੰਟੀਨ ਨਾਲ-ਲਗਵੇਂ ਗਰਾਊਂਡ ਵਿਚ ਬੈਠ ਗਏ। ਗੱਲਬਾਤ ਚੱਲੀ ਤਾਂ ਮੈਂ ਉਸ ਨੂੰ ਆਪਣੀ ਚਿੱਠੀ ਵਿਚਲੀਆਂ ਗੱਲਾਂ ਯਾਦ ਕਰਵਾਉਂਦਿਆਂ ਕਿਹਾ, "ਤੁਸੀਂ ਮੇਰੀ ਚਿੱਠੀ ਨੂੰ ਐਵੇਂ ਮੁੰਡਿਆਂ-ਖੁੰਡਿਆਂ ਵਾਲੀ ਗੱਲ ਈ ਨਾ ਸਮਝ ਲੈਣਾ। ਮੈਂ ਜੋ ਲਿਖਿਆ ਸੀ, ਸਹੀ ਤੇ ਸੰਜੀਦਗੀ ਨਾਲ ਲਿਖਿਆ ਸੀ।"

ਮੇਰੀ ਗੱਲ ਸੁਣ ਉਸ ਜਵਾਬ ਦਿੱਤਾ, "ਮੈਨੂੰ ਸਭ ਪਤੈ। ਅਸਲ ਵਿਚ, ਸਭ ਕੁਝ ਦਾ ਪਤਾ ਮੈਂ ਪਹਿਲਾਂ ਹੀ ਕਰ ਲਿਆ ਸੀ। ਸੱਚੀ ਗੱਲ ਤਾਂ ਇਹ ਐ ਕਿ ਸਭ ਕੁਝ ਪਤਾ ਲੱਗਣ 'ਤੇ ਮੈਂ ਆਪ ਹੀ ਮਨ ਵਿਚ ਫੈਸਲਾ ਕਰ ਲਿਆ ਸੀ ਕਿ ਮੈਂ ਇਸ ਘਰ ਆਪਣੀ ਧੀ ਕਦਾਚਿਤ ਨਹੀਂ ਵਿਆਹਾਂਗਾ ਪਰ ਤੇਰੀ ਚਿੱਠੀ ਨੇ ਮੇਰਾ ਇਰਾਦਾ ਬਦਲ ਦਿੱਤਾ। ਤੇਰੀ ਚਿੱਠੀ ਪੜ੍ਹ ਕੇ ਮੈਨੂੰ ਅਹਿਸਾਸ ਹੋਇਆ ਕਿ ਇਹ ਨੌਜਵਾਨ ਜੀਵਨ 'ਚ ਕੋਈ ਵੱਡਾ ਮਾਇਆਧਾਰੀ ਬਣੇ ਚਾਹੇ ਨਾ ਬਣੇ ਪਰ ਇਹ ਭੁੱਖਾ ਕਦੇ ਨਹੀਂ ਮਰੇਗਾ। ਮੇਰੀ ਧੀ ਸੁਖੀ ਰਹੂ ਇਹ ਸੰਜੋਗ ਪਾ



ਕੇ।...ਕਾਕਾ, ਮੈਨੂੰ ਤੂੰ ਪਸੰਦ ਐਂ। ਮੇਰੀ ਧੀ, ਮੇਰੇ ਘਰ-ਬਾਰ ਬਾਰੇ ਤੂੰ ਪਤਾ ਕਰ ਕੇ ਆਪਣੀ ਰਾਇ ਦੱਸ ਦੇਵੀਂ।" ਤੇ ਉਹ ਚਲਿਆ ਗਿਆ।

ਪਿਛੋਂ ਮੈਂ ਦੋ-ਤਿੰਨ ਮਹੀਨਿਆਂ ਅੰਦਰ 'ਸਭ ਕੁਝ' ਦੀ ਤਸੱਲੀ ਕਰ ਕੇ ਰਿਸ਼ਤੇ ਲਈ 'ਹਾਂ' ਕਰ ਦਿੱਤੀ। ਮੰਗਣੀ ਦਾ ਦਿਨ ਵੀ ਪੱਕਾ ਕਰ ਦਿੱਤਾ ਪਰ ਜਿਸ ਦਿਨ ਮੇਰੇ ਕੱਚੇ ਤੇ ਢਹੀ ਕੰਧ ਵਾਲੇ ਘਰ ਵਿਚ ਮੇਰੀ ਮੰਗਣੀ ਹੋਈ ਤਾਂ ਇਕ ਗੜਬੜ ਹੋ ਗਈ। ਮੰਗਣੀ ਦੀ ਰਸਮ ਪਿਛੋਂ ਜਦ ਮੈਂ ਸ਼ਗਨਾਂ ਵਾਲਾ ਪਰਨਾ ਆਪਣੀ ਮਾਂ ਦੇ ਚਰਨਾਂ ਵਿਚ ਧਰਿਆ ਤਾਂ ਸ਼ਗਨਾਂ ਵਾਲੇ ਪੈਸਿਆਂ ਵਿਚੋਂ ਮਾਂ ਨੂੰ ਸਿਉਨੇ ਦੀ ਇਕ ਮੋਹਰ ਮਿਲ ਗਈ। ਦੇਖ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਗੁੱਸਾ ਵੀ ਆਇਆ, ਬਈ ਐਨਾ ਕਹਿਣ ਦੇ ਬਾਵਜੂਦ...? ਮੈਂ ਤਾਂ ਸਾਰੇ ਪਿੰਡ, ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ 'ਚ ਫੜ੍ਹ ਮਾਰੀ ਸੀ ਕਿ ਮੈਂ ਆਦਰਸ਼ ਤੇ ਅਗਾਂਹਵਧੂ ਵਿਆਹ-ਮੰਗਣੀ ਕਰ ਰਿਹਾਂ, ਹੁਣ ਉਹ ਸਾਰੇ ਕੀ ਸੋਚਣਗੇ? ਇਹੋ ਕਿ 'ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ?' ਕਿਵੇਂ ਵਿਖਾਊਂ ਮੂੰਹ ਦੋਸਤ-ਮਿੱਤਰਾਂ ਨੂੰ? ਬੜੀ ਪੁਜ਼ੀਸ਼ਨ ਆਕਵਰਡ ਹੁੰਦੀ ਜਾਪੀ। ਕੀ ਕੀਤਾ ਜਾਵੇ। ਐਨੀ ਮੇਰੇ 'ਚ ਹਿੰਮਤ ਨਾ ਪਈ ਕਿ ਭਰੀ ਪੰਚਾਇਤ ਵਿਚ ਜਾ ਕੇ ਮੋਹਰ ਉਸ ਭਲੇਮਾਣਸ, ਭਾਵ ਆਪਣੇ ਬਣ ਚੁਕੇ ਸਹੁਰਾ ਸਾਹਿਬ ਦੇ ਪੈਰਾਂ ਵਿਚ ਵਗਾਹ ਮਾਰਾਂ। ਉਸ ਆਦਮੀ ਦਾ ਮੇਰੇ ਉਤੇ ਪ੍ਰਭਾਵ ਹੀ ਅਜਿਹਾ ਪੈ ਚੁਕਾ ਸੀ ਕਿ ਮੈਂ ਉਸ ਨੂੰ 'ਦੇਵਤਾ ਪੁਰਸ਼' ਸਮਝਣ ਲੱਗ ਪਿਆ ਸਾਂ। ਦੂਜੀ ਗੱਲ, ਜਿਹੜੀ ਅੱਜ ਮੇਰੇ ਦਿਮਾਗ ਵਿਚ ਆ ਰਹੀ ਹੈ, ਇਹ ਕਿ ਹੋ ਸਕਦੈ ਮੋਹਰ ਨੂੰ ਵੇਖ ਕੇ ਮੇਰੇ ਮਨ ਅੰਦਰ ਹੀ ਕੋਈ ਕਮਜ਼ੋਰੀ ਆ ਗਈ ਹੋਵੇ! ਭਾਵੇਂ ਮੋਹਰ ਕੋਈ ਵਡਮੁੱਲੀ ਵਸਤੂ ਨਹੀਂ ਸੀ ਪਰ ਆਰਥਕ ਪੱਖੋਂ ਟੁੱਟੇ ਘਰ ਦੇ ਮੇਰੇ ਵਰਗੇ ਨੌਜਵਾਨ ਦੇ ਪੈਰ ਉਖੇੜਣ ਲਈ ਤਾਂ ਇਸ ਨਿੱਕੀ ਜਿਹੀ ਸੋਨ-ਮੋਹਰ ਦਾ ਹੀ ਲਿਸ਼ਕਾਰਾ ਕਾਫੀ ਹੁੰਦੈ। ਮਾਂ ਮੇਰੇ ਧਰਮ-ਸੰਕਟ ਨੂੰ ਸਮਝ ਗਈ ਤੇ 'ਨਸੀਹਤ' ਦਿੱਤੀ, "ਚਲ ਚੁੱਪ ਕਰ। ਹੁਣ ਰੌਲਾ ਪਾਉਂਦਾ ਚੰਗਾ ਨਹੀਂ ਲਗਦਾ। ਜੋ ਕੁਝ ਕਰਨਾ ਹੋਇਆ, ਵਿਆਹ ਵੇਲੇ ਕਰ-ਲੀਂ।"

ਲਗਦੈ, ਮਾਂ ਦਾ ਦਿਲ ਵੀ ਅੰਦਰਖਾਤੇ ਲਲਚਾ ਗਿਆ ਸੀ। ਉਸ ਦਾ ਗਰੀਬ ਦਿਲ ਸ਼ਾਇਦ ਦੁਨੀਆਂ ਨੂੰ ਕਹਿਣਾ ਚਾਹੁੰਦਾ ਸੀ, "ਦੇਖੋ, ਮੇਰੇ ਪੁੱਤ ਨੂੰ ਮੋਹਰਾਂ ਪੈਂਦੀਆਂ! ਐਵੇਂ ਨਾ ਸਮਝ ਲਿਉ ਤੁਸੀਂ ਕਿਤੇ ਸਾਨੂੰ?" ਖੈਰ ਜੀ, ਮੇਰੀ ਕਮਜ਼ੋਰੀ ਆਖੋ ਜਾਂ ਕੁਝ ਹੋਰ ਪਰ ਇਕ ਗੱਲ ਜਮਾਂ ਸੱਚੀ ਹੈ ਕਿ ਮੈਂ ਮੋਹਰ ਵਾਪਿਸ ਨਾ ਕਰ ਸਕਿਆ। ਉਂਜ, ਨਾਲ ਦੀ ਨਾਲ ਵਿਆਹ ਤੋਂ ਪਹਿਲਾਂ-ਪਹਿਲਾਂ ਸਾਰੀ ਸਮੱਸਿਆ ਕਰੜਾਈ ਨਾਲ ਨਜਿੱਠਣ ਦੀਆਂ ਸਕੀਮਾਂ ਵੀ ਸੋਚਣ ਲੱਗਾ। ਵਿਆਹ ਵੇਲੇ ਮੈਂ ਇਸ ਨੂੰ ਕਿਵੇਂ ਨਜਿੱਠਿਆ, ਜਾਂ ਕਿਵੇਂ ਨਾ ਨਜਿੱਠਿਆ, ਇਹ ਗੱਲ ਆਪਣੀ ਵਿਆਹ-ਕਥਾ ਬਿਆਨ ਕਰਨ ਵੇਲੇ ਦੱਸਾਂਗਾ ਪਰ ਹਾਲ ਦੀ ਘੜੀ ਉਹ ਸੁਣ ਲਵੋ ਜੋ ਮੈਂ ਵਿਆਹ ਤੋਂ ਪਹਿਲਾਂ ਕੀਤਾ। ਜਿਉਂ-ਜਿਉਂ ਮੈਂ ਇਸ ਵਰਤਾਰੇ ਬਾਰੇ ਵਿਚਾਰ ਕਰਦਾ ਰਿਹਾ, ਤਿਉਂ-ਤਿਉਂ ਮੇਰੀ ਜ਼ਮੀਰ ਮੈਨੂੰ ਲਾਹਨਤਾਂ ਪਾਉਂਦੀ ਰਹੀ। ਦੋ ਕੁ ਮਹੀਨੇ ਮੈਂ ਅੰਦਰੇ-ਅੰਦਰ ਹੀ ਕ੍ਰਿਝਦਾ ਰਿਹਾ। ਅਖੀਰ ਲੰਮੀ ਚਿੱਠੀ ਸਹੁਰਾ ਸਾਹਿਬ ਨੂੰ ਲਿਖ ਮਾਰੀ ਜਿਸ ਦਾ ਸਾਰੰਸ਼ ਕੁਝ ਇਸ ਪ੍ਰਕਾਰ ਸੀ, "ਮਾਨਯੋਗ ਬਾਪੂ ਜੀ, ਮੈਂ ਬਹੁਤ ਅਫਸੋਸ ਅਤੇ ਦੁਖੀ ਮਨ ਨਾਲ ਆਪ ਜੀ ਨੂੰ ਲਿਖ ਰਿਹਾ ਹਾਂ। ਦੁੱਖ ਅਤੇ ਅਫਸੋਸ ਵਾਲੀ ਗੱਲ ਇਹੋ ਹੈ ਕਿ ਮੇਰੇ ਵਾਰ-ਵਾਰ ਕਹਿਣ ਦੇ ਬਾਵਜੂਦ ਤੁਸੀਂ ਮੇਰੇ ਨਾਲ ਕੀਤੇ ਵਾਇਦਿਆਂ 'ਤੇ ਪੂਰੇ ਨਹੀਂ ਉਤਰੇ। ਸ਼ਗਨ ਵਿਚ ਮੋਹਰ ਪਾ ਕੇ ਤੁਸੀਂ ਮੇਰਾ ਮਾਣ ਨਹੀਂ, ਸਗੋਂ ਅਪਮਾਨ ਕੀਤਾ ਹੈ। ਜੇ ਤੁਸੀਂ ਵਿਆਹ ਵੇਲੇ ਵੀ ਇਸ ਤਰ੍ਹਾਂ ਦਾ ਹੀ ਕੁਝ ਕਰਨਾ ਹੈ ਤਾਂ ਮੇਰੀ ਵਲੋਂ ਵਿਆਹ ਲਈ ਅੱਜ ਤੋਂ ਹੀ ਜਵਾਬ ਸਮਝੋ।" ਹੌਸਲਾ ਕਰਕੇ ਚਿੱਠੀ ਪੋਸਟ ਕਰ ਆਇਆ। ਘਰ ਦੇ ਕਿਸੇ ਹੋਰ ਜੀਅ ਕੋਲ ਇਸ ਦੀ ਗੱਲ ਨਾ ਕੀਤੀ।

ਕੁਝ ਦਿਨਾਂ ਬਾਅਦ ਹੀ ਮੈਨੂੰ ਚਿੱਠੀ ਦਾ ਜਵਾਬ ਆ ਗਿਆ। ਚਿੱਠੀ ਪੰਜਾਬੀ ਵਿਚ ਸੀ ਪਰ ਲਿਖੀ ਫਾਰਸੀ ਲਿਪੀ ਵਿਚ ਸੀ। ਮੈਂ ਆਪਣੇ ਇਕ ਪ੍ਰੋਫੈਸਰ ਸਾਥੀ ਕੋਲੋਂ ਪੜ੍ਹਾਈ। ਚਿੱਠੀ ਵਿਚ ਸਹੁਰਾ ਸਾਹਿਬ ਨੇ ਆਪਣੀ ਗਲਤੀ ਲਈ ਮਾਫੀ ਮੰਗੀ ਸੀ ਤੇ ਵਿਆਹ ਵੇਲੇ ਇਸ ਕਿਸਮ ਦੀ ਕੋਈ ਗਲਤੀ ਨਾ ਦੁਹਰਾਉਣ ਦਾ ਇਕਰਾਰ ਕੀਤਾ ਸੀ।

ਇਸ ਤੋਂ ਪਹਿਲਾਂ ਕਿ ਮੇਰੇ ਸਹੁਰਾ ਸਾਹਿਬ ਕੀਤਾ ਇਕਰਾਰ ਨਿਭਾਉਂਦੇ, ਚਿੱਠੀ ਲਿਖਣ ਤੋਂ ਅੱਠ-ਦਸ ਦਿਨਾਂ ਬਾਅਦ ਹੀ ਦਿਲ ਦਾ ਦੌਰਾ ਪੈਣ ਕਾਰਨ ਉਹ ਇਸ ਦੁਨੀਆਂ ਤੋਂ ਵਿਦਾ ਹੋ ਗਏ।...

**ਮੇਰਾ ਵਿਆਹ:** ਹੁਣ ਸੁਣੋ ਮੇਰੇ ਵਿਆਹ ਦੀ ਵਾਰਤਾ। ਮੰਗਣੀ ਦੀ ਰਸਮ ਪਿਛੋਂ ਤੇ ਵਿਆਹ ਤੋਂ ਪਹਿਲਾਂ ਮੇਰੇ ਸਹੁਰੇ ਦੀ ਮੌਤ ਹੋ ਜਾਣ ਕਾਰਨ ਮੇਰੇ ਸਹੁਰਾ ਘਰ ਦੇ ਆਪਸੀ ਤੇ ਮੇਰੇ ਉਸ ਘਰ ਨਾਲ ਬਣੇ ਰਿਸ਼ਤੇ ਦੇ ਕੁਝ ਸਮੀਕਰਨ ਜਿਹੇ ਵਿਗੜ ਗਏ। ਹੁਣ ਤਕ ਜੋ ਗੱਲਬਾਤ ਹੋਈ ਸੀ, ਉਹ ਮੁਖ ਤੌਰ 'ਤੇ ਮੇਰੇ ਸਹੁਰੇ ਨਾਲ ਹੀ ਹੋਈ ਸੀ ਪਰ ਹੁਣ ਉਸ ਘਰ ਦੇ ਹੋਰ ਮੈਂਬਰ ਮੂਹਰੇ ਆਉਣੇ ਸ਼ੁਰੂ ਹੋ ਗਏ ਸਨ ਤੇ ਗੱਲਬਾਤ ਇਕ ਤਰ੍ਹਾਂ ਨਾਲ ਬਿਲਕੁਲ ਨਵੇਂ ਸਿਰਿਉਂ ਸ਼ੁਰੂ ਕਰਨੀ ਪੈਣੀ ਸੀ। ਮੇਰੀ ਮੰਗੇਤਰ ਮਨਜੀਤ ਦੀਆਂ ਦੋ ਭੈਣਾਂ ਸਨ। ਇਕ ਵੱਡੀ ਸੀ ਤੇ ਇਕ ਛੋਟੀ। ਦੋਵੇਂ ਹੀ ਵਿਆਹੀਆਂ ਹੋਈਆਂ ਸਨ। ਭਾਈ ਕੋਈ ਨਹੀਂ ਸੀ ਤੇ ਮਾਂ ਸਾਧਾਰਨ ਔਰਤ ਸੀ। ਸੋ, ਵਿਆਹ ਦਾ ਜੋ ਢਮ-ਢਮਾ ਕਰਨਾ ਸੀ, ਉਹ ਮੇਰੇ ਸਾਢੂਆਂ (ਸਾਂਢੂਆਂ) ਤੇ ਮਨਜੀਤ ਦੀਆਂ ਭੈਣਾਂ ਨੂੰ ਹੀ ਮੂਹਰੇ ਲਗ ਕੇ ਕਰਨਾ ਪੈਣਾ ਸੀ। ਉਨ੍ਹਾਂ ਵਿਚੋਂ ਵੀ ਵਿਸ਼ੇਸ਼ ਤੌਰ 'ਤੇ ਵੱਡੇ ਸਾਢੂ ਸਾਹਿਬ ਨੂੰ। ਮੇਰੇ ਸਹੁਰੇ ਦੀ ਮੌਤ ਪਿਛੋਂ ਮੈਂ ਵੀ ਉਸ ਘਰ ਆਮ ਆਉਣ-ਜਾਣ ਲੱਗ ਪਿਆ ਸੀ ਤੇ ਮੇਰੀ ਸਾਰਿਆਂ ਨਾਲ ਚੰਗੀ ਜਾਣ-ਪਛਾਣ ਹੋ ਗਈ ਸੀ। ਮੈਂ ਬੇਝਿਜਕ ਹੋ ਕੇ ਕਹਿ ਦਿੱਤਾ ਕਿ ਵਿਆਹ ਉਨ੍ਹਾਂ ਸ਼ਰਤਾਂ 'ਤੇ ਹੀ ਹੋਏਗਾ ਜੋ ਬਾਪੂ ਜੀ ਨਾਲ ਤੈਅ ਹੋਈਆਂ ਸਨ। ਉਨ੍ਹਾਂ ਨੂੰ ਮੰਨਣਾ ਪਿਆ। ਭਾਵੇਂ ਉਨ੍ਹਾਂ ਲਈ ਇਹ ਜ਼ਰਾ ਮੁਸ਼ਕਿਲ ਸੀ ਕਿਉਂਕਿ ਇਕ ਤਾਂ ਉਨ੍ਹਾਂ ਨੇ ਆਪਣੇ ਵਿਆਹਾਂ ਵੇਲੇ ਲੈਣ-ਦੇਣ ਕੀਤਾ ਸੀ ਤੇ ਦੂਜੇ ਸ਼ਾਇਦ ਉਹ ਸਮਝਦੇ ਹੋਣ ਕਿ ਮਤੇ ਦੁਨੀਆਂ ਆਖੇ ਕਿ ਸਾਢੂਆਂ ਨੇ ਮੋਹਰੀ ਬਣ ਕੇ ਜਾਣ ਕੇ ਕੁਝ ਨਹੀਂ ਕਰਨ ਦਿੱਤਾ। ਖੈਰ, ਇਕ ਵਾਰ ਤਾਂ ਉਹ ਮੇਰਾ ਕਿਹਾ ਸਭ ਕੁਝ ਮੰਨ ਗਏ।

ਮੈਂ ਵਿਆਹ ਤਾਂ ਕੁਝ ਚਿਰ ਠਹਿਰ ਕੇ ਕਰਵਾਉਣਾ ਚਾਹੁੰਦਾ ਸੀ, ਇਕ ਤਾਂ ਸਹੁਰਾ ਸਾਹਿਬ ਦੀ ਹੁਣੇ ਹੋਈ ਮੌਤ ਕਰ ਕੇ, ਤੇ ਦੂਜੇ ਆਪਣੀ ਖਿੰਡਰੀ-ਪੁੰਡਰੀ ਆਰਥਕ ਹਾਲਤ ਕਰ ਕੇ, ਪਰ ਉਸ ਘਰ ਆਮ ਆਉਣ-ਜਾਣ ਤੇ ਵਿਚ-ਵਿਚ ਮਨਜੀਤ ਨੂੰ ਮਿਲਣ-ਜੁਲਣ ਕਾਰਨ ਸਹੁਰੇ ਪਰਿਵਾਰ ਅੰਦਰ ਕੋਈ ਡਰ ਜਿਹਾ ਪੈਦਾ ਹੋ ਗਿਆ (ਜੋ ਕੁਦਰਤੀ ਹੀ ਸੀ), ਇਸ ਲਈ ਮੈਂ ਵਿਆਹ ਲੇਟ ਪਾਉਣ 'ਤੇ ਜ਼ੋਰ ਨਾ ਪਾ ਸਕਿਆ। ਸੋ, ਵਿਆਹ 6 ਫਰਵਰੀ 1967 ਨੂੰ ਰੱਖ ਦਿੱਤਾ।

ਭਾਵੇਂ ਸਭ ਕੁਝ ਸਾਦ-ਮੁਰਾਦਾ ਹੀ ਕਰਨਾ ਸੀ ਪਰ ਇਹ 'ਸਾਦ-ਮੁਰਾਦਾ' ਕਰਨ ਲਈ ਵੀ ਮੇਰੇ ਵਿਚ ਸਮਰਥਾ ਨਹੀਂ ਸੀ। ਜਮੀਨ ਜਿਉਂ ਦੀ ਤਿਉਂ ਗਹਿਣੇ ਸੀ ਤੇ ਘਰ ਸਿਰ ਅੱਠ ਹਜ਼ਾਰ ਦਾ ਕਰਜ਼ਾ ਵੀ ਉਵੇਂ ਦਾ ਉਵੇਂ ਹੀ ਮੂੰਹ ਟੱਡੀ ਖੜ੍ਹਾ ਸੀ। ਤੇ ਉਨ੍ਹੀਂ ਦਿਨੀਂ ਸਾਡੇ ਵਰਗੇ ਕਿਸਾਨੀ ਪਰਿਵਾਰ ਲਈ ਅੱਠ ਹਜ਼ਾਰ ਦਾ ਕਰਜ਼ਾ ਲਾਹੁਣਾ 'ਖਾਲਾ ਜੀ ਦਾ ਵਾੜਾ' ਨਹੀਂ ਸੀ। ਹੁਣ ਹੋਰ ਕਰਜ਼ਾ ਚੁੱਕਣ ਦੀ ਮੂਰਖਤਾ ਮੈਂ ਨਹੀਂ ਸੀ ਕਰ ਸਕਦਾ। ਸੋ, ਹਰ ਪਾਸਿਉਂ ਮੈਂ ਵੱਧ ਤੋਂ ਵੱਧ ਮੁੱਠੀ ਘੁੱਟਣ ਦੀ ਕੋਸ਼ਿਸ਼ ਕੀਤੀ। ਵਿਆਹ ਸਿਆਲ ਦਾ ਸੀ। ਜੇ ਬਹੁਤਾ ਨਹੀਂ ਤਾਂ ਘੱਟੋ-ਘੱਟ ਵਿਆਹ ਵੇਲੇ ਗਰਮ ਕੋਟ-ਪੈਂਟ ਦੀ ਲੋੜ ਤਾਂ ਹੈ ਹੀ ਸੀ। ਇਸ ਸਬੰਧੀ ਮੈਂ ਆਪਣੇ ਪ੍ਰੋਫੈਸਰ-ਮਿੱਤਰ ਐਸ. ਪੀ. ਸਭਰਵਾਲ, ਜਿਸ ਨੇ ਨਵਾਂ-ਨਵਾਂ ਗਰਮ ਸੂਟ ਸੰਵਾਇਆ ਸੀ, ਨੂੰ ਬੇਨਤੀ ਕੀਤੀ ਕਿ ਉਹ ਮੇਰੀ ਖਾਤਰ ਮੇਰੇ ਵਿਆਹ ਤਕ ਆਪਣਾ ਨਵਾਂ ਸੂਟ ਨਾ ਪਹਿਨੇ ਅਤੇ ਵਿਆਹ ਦੇ ਦੋ-ਤਿੰਨ ਦਿਨਾਂ ਲਈ ਇਹ ਮੈਨੂੰ ਦੇ ਦੇਵੇ। ਭਲਾ ਹੋਵੇ ਪ੍ਰੋਫੈਸਰ ਸਭਰਵਾਲ ਦਾ, ਉਸ ਭੱਦਰ ਪੁਰਸ਼ ਨੇ ਮੇਰੇ ਵਾਸਤੇ ਇਹ ਕੁਰਬਾਨੀ ਕਰ ਦਿੱਤੀ। ਘਰੇ ਮਾਂ ਦਬਾਅ ਪਾਉਣ ਲਗੀ ਕਿ ਉਸ ਦੇ ਕਹੇ 'ਤੇ ਹੋਰ ਕੁਝ ਭਾਵੇਂ ਕਰਾਂ ਜਾਂ ਨਾ ਕਰਾਂ ਪਰ 'ਬਹੂ' ਲਈ ਘੱਟੋ-ਘੱਟ ਸ਼ਗਨਾਂ ਦਾ ਸੂਟ ਜ਼ਰੂਰ ਬਣਾ ਕੇ ਲੈ ਜਾਵਾਂ। ਇਥੇ ਮਾਂ ਦੇ ਜਜ਼ਬਾਤ ਮੇਰੇ ਆੜੇ ਆ ਖੜੋਤੇ। ਮਾਂ ਹੀ ਘਰ ਵਿਚ ਇਕੱਲਾ ਅਜਿਹਾ ਜੀਅ ਸੀ ਜੋ ਪੜ੍ਹਾਈ ਲਈ ਮੈਨੂੰ ਹੱਲਾਸ਼ੇਰੀ ਦਿੰਦੀ ਰਹੀ ਸੀ ਤੇ ਮੇਰੀ ਪੜ੍ਹਾਈ ਲਈ ਉਸ ਨੇ ਕਿਹੜੀ-ਕਿਹੜੀ ਮੁਸੀਬਤ ਨਹੀਂ ਸੀ ਝੱਲੀ? ਹੁਣ ਵਿਆਹ ਦੇ 'ਪੁੱਠੇ' ਰੰਗਾਂ-ਢੰਗਾਂ ਵਿਚ ਵੀ ਉਹ ਬੇਚਾਰੀ ਕੋਈ ਦਖਲ-ਅੰਦਾਜ਼ੀ ਨਹੀਂ ਸੀ ਕਰ ਰਹੀ। ਹੁਣ ਮੈਂ ਮਾਂ ਦੇ ਐਨੇ ਕੁ ਜਜ਼ਬਾਤ ਦਾ ਵੀ ਖਿਆਲ ਨਾ ਰੱਖਾਂ? ਲਾਹਨਤ ਐ ਮੇਰੇ ਅਜਿਹੇ ਪੁੱਤ ਹੋਣ 'ਤੇ! ਇਹ ਖਿਆਲ ਮੇਰੇ 'ਤੇ ਭਾਰੂ ਹੋ ਗਿਆ। ਤੇ ਮੈਂ ਮਾਂ ਦੇ ਜਜ਼ਬਾਤ ਦੀ 'ਖਿਆਲ' ਇਸ ਸ਼ਰਤ 'ਤੇ ਰੱਖਿਆ ਕਿ ਸੂਟ ਖਰੀਦਿਆ ਨਹੀਂ ਸਗੋਂ ਇਧਰੋਂ-ਉਧਰੋਂ ਉਧਾਰਾ ਫੜ ਕੇ ਸਾਰ ਲਿਆ ਜਾਵੇਗਾ। ਸੂਟ ਦਾ ਕੋਈ ਦਿਖਾਵਾ ਨਹੀਂ ਹੋਵੇਗਾ ਅਤੇ ਇਹ ਬਾਅਦ ਵਿਚ ਕੁੜੀ ਵਾਲਿਆਂ

(ਅਗਲੇ ਸਫੇ 'ਤੇ ਜਾਰੀ)

# ਸ਼ਹੀਦ ਭਗਤ ਸਿੰਘ: ਕੁਝ ਸਵਾਲ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਮੈਨੂੰ ਭਾਰਤ ਦੇਸ ਇਸ ਕਰਕੇ ਚੰਗਾ ਅਤੇ ਮਹਾਨ ਲਗਦਾ ਹੈ ਕਿ ਇੱਥੇ ਹਰ ਬੰਦੇ ਨੂੰ ਕਿਸੇ ਵੀ ਵਿਸ਼ੇ 'ਤੇ ਗੱਲ ਕਰਨ ਦਾ ਹੱਕ ਹਾਸਲ ਹੈ। ਇਸ ਹੱਕ ਦਾ ਫਾਇਦਾ ਉਠਾਉਂਦਿਆਂ ਬੁਲਾਰਾ ਉਸ ਵਿਸ਼ੇ ਉਪਰ ਵਧੀਕ ਗੱਲਾਂ ਕਰਦਾ ਹੈ, ਜਿਸ ਬਾਰੇ ਉਸ ਨੂੰ ਰੰਚਕ ਮਾਤਰ ਪਤਾ ਨਹੀਂ। ਅਜਿਹੇ ਬੰਦੇ ਨੂੰ ਦਰੁਸਤ ਕਰਨ ਦਾ ਯਤਨ ਕਰੋਗੇ ਤਾਂ ਉਹ ਤੁਹਾਨੂੰ ਸੋਧ ਦਏਗਾ। ਭਾਰਤੀ ਹੋਣ ਕਾਰਨ ਤੁਹਾਡੇ ਨਾਲ ਅੱਜ ਉਹੀ ਗੱਲਾਂ ਕਰਾਂਗਾ ਜਿਨ੍ਹਾਂ ਬਾਬਤ ਮੈਨੂੰ ਜਾਣਕਾਰੀ ਨਹੀਂ। ਸ਼ਾਇਦ ਤੁਸੀਂ ਕੁਝ ਦੱਸ ਸਕੋ।

ਅੱਠ ਦਸ ਸਾਲ ਦੀ ਉਮਰ ਦਾ ਹੋਵਾਂਗਾ ਉਦੋਂ। ਦੁਸਹਿਰੇ ਦੇ ਲਾਗੇ ਚਾਗੇ ਠੰਢ ਉਤਰਨ ਲੱਗਦੀ ਤਾਂ ਘਰ ਲਿਪੇ ਪੋਚੇ ਜਾਂਦੇ। ਕੱਚੀਆਂ ਕੰਧਾਂ ਪਾਂਡੂ ਸਦਕਾ ਚਮਕਣ ਲੱਗਦੀਆਂ। ਦੁਆਨੀ ਦਾ ਕੈਲੰਡਰ ਆਉਂਦਾ ਸੀ। ਬਾਪੂ ਜੀ ਰੁਪਈਆ ਫੜਾ ਕੇ ਆਖਦੇ, ਜਾਹ ਮੂਰਤਾਂ ਖਰੀਦ ਲਿਆ। ਸ਼ੁਰੂ-ਸ਼ੁਰੂ ਵਿਚ ਰਮਾਇਣ ਜਾਂ ਮਹਾਂਭਾਰਤ ਦੇ ਨਾਇਕਾਂ ਦੀਆਂ ਤਸਵੀਰਾਂ ਖਰੀਦਦੇ, ਪਰ ਇੱਕ ਵਾਰ ਮਾਂ ਨੇ ਕਿਹਾ, ਇਹ ਰਮਾਇਣ ਮਹਾਂਭਾਰਤ ਘਰਾਂ ਵਿਚ ਕਲੇਸ਼ ਛੇੜ ਦਿੰਦੇ ਨੇ। ਗਵਾਂਢੀਆਂ ਦੇ ਘਰ ਜੇ ਮਹਾਂਭਾਰਤ ਛਿੜਿਆ ਹੋਵੇ ਤਾਂ ਹੋਰ ਗੱਲ ਐ, ਆਪਣੇ ਘਰ ਨੀਂ ਛਿੜਨਾ ਚਾਹੀਦਾ। ਇਹ ਗੱਲ ਸੁਣਨ ਪਿਛੋਂ ਮੈਂ ਹਰ ਸਾਲ ਜਿਹੜੇ ਚਾਰ ਕੈਲੰਡਰ ਖਰੀਦਦਾ ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ, ਛੋਟੇ ਸਾਹਿਬਜ਼ਾਦੇ, ਸੁਭਾਸ਼ ਚੰਦਰ ਬੋਸ ਤੇ ਸ. ਭਗਤ ਸਿੰਘ ਹੁੰਦੇ। ਅੱਠਵੀਂ ਦੀ ਕਿਤਾਬ ਵਿਚ ਬੋਸ ਉਪਰ ਲੇਖ ਪੜ੍ਹਿਆ ਤਾਂ ਪਤਾ ਲੱਗਾ ਕਿ ਉਹ ਬੰਗਾਲ ਦਾ ਸੀ। ਮੈਂ ਬੜਾ ਦੁਖੀ ਹੋਇਆ। ਬਾਪੂ ਜੀ ਨੂੰ ਇਹ ਗੱਲ ਦੱਸੀ, ਉਨ੍ਹਾਂ ਨੂੰ ਵੀ ਪਤਾ ਨਹੀਂ ਸੀ। ਉਨ੍ਹਾਂ ਕਿਹਾ, ਚਲੋ ਉਹ ਬੰਗਾਲੀ ਹੋਏਗਾ, ਫੇਰ ਆਪਾਂ ਨੂੰ ਕੀ ਫਰਕ ਪੈਂਦੈ। ਫਰਕ ਇਹ ਪੈਂਦਾ ਸੀ ਕਿ ਮੇਰਾ ਦਿਲ ਕਰਦਾ ਸੀ, ਬੋਸ ਵੀ ਪੰਜਾਬੀ ਹੁੰਦਾ ਤਾਂ ਚੰਗੀ ਗੱਲ ਹੋਣੀ ਸੀ ਕਿਉਂਕਿ ਮੇਰਾ ਖਿਆਲ ਸੀ ਪੰਜਾਬ ਤੋਂ ਬਾਹਰ ਯੋਧੇ ਹੋ ਈ ਨਹੀਂ ਸਕਦੇ। ਤਾਂ ਵੀ, ਸੁਭਾਸ਼ ਚੰਦਰ ਬੋਸ ਦੀ ਤਸਵੀਰ ਟੰਗਣੋਂ ਰੁਕੇ ਨਹੀਂ।

ਇਸੇ ਤਰ੍ਹਾਂ ਦੀ ਗੱਲ ਸੰਤ ਸਿੰਘ ਸੇਖੋਂ ਨੇ ਸੁਣਾਈ। ਦੱਸਿਆ, "ਮੈਂ ਲਗਾਤਾਰ ਸੁਣਦਾ ਕਿ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਵਿਰੁਧ ਭਿਆਨਕ ਯੁੱਧ ਸ਼ੁਰੂ ਕੀਤਾ ਹੋਇਆ ਹੈ। ਅੰਗਰੇਜ਼ਾਂ ਨੂੰ ਵਖਤ ਪਾ ਰੱਖਿਆ ਹੈ, ਗੋਰੇ ਥਰ-ਥਰ ਕੰਬਦੇ ਦੇਸ਼ ਛੱਡਣ ਹੀ ਵਾਲੇ ਹਨ। ਗਾਂਧੀ ਜੀ ਦੇ ਲਾਹੌਰ ਆਉਣ ਦੀ ਖਬਰ ਸੁਣੀ ਤਾਂ ਮੈਂ ਵੀ ਸਾਥੀਆਂ ਸਣੇ ਉਨ੍ਹਾਂ ਨੂੰ ਦੇਖਣ ਗਿਆ। ਅਸੀਂ ਦੇਖਣ ਹੀ ਜਾਣਾ ਸੀ, ਗੱਲ ਬਾਤ ਦੀ ਕੀ ਸਮਝ ਸੀ? ਜਦੋਂ ਗਾਂਧੀ ਜੀ ਸਟੇਜ 'ਤੇ ਚੜ੍ਹੇ, ਮੈਨੂੰ ਦੱਸਿਆ ਗਿਆ ਕਿ ਸੋਟੀ ਤੇ ਲੰਗੋਟੀ ਵਾਲੇ ਉਹ ਗਾਂਧੀ ਜੀ ਹਨ। ਮੇਰੇ ਦਿਲ 'ਤੇ ਸੱਟ ਵੱਜੀ। ਮੈਂ ਤਾਂ ਸਮਝਦਾ ਸੀ ਕੋਈ ਉਚਾ ਲੰਮਾ ਯੋਧਾ ਘੋੜੇ ਤੇ ਸਵਾਰ ਹੋ ਕੇ ਆਏਗਾ, ਹੱਥ 'ਚ ਵੱਡੀ ਕਿਰਪਾਨ ਹੋਵੇਗੀ। ਬੱਸ ਕੋਈ ਬਾਬਾ ਬੰਦਾ ਸਿੰਘ ਵਰਗਾ ਜਰਨੈਲ ਹੋਵੇਗਾ। ਇਹ ਤਾਂ ਗੱਲ ਈ ਨਾ ਬਣੀ। ਮੈਂ ਦੁਖੀ ਹੋਇਆ।"

ਜਦੋਂ ਪੰਜ ਸੌ ਦਾ ਨੋਟ ਨਵਾਂ ਨਵਾਂ ਚੱਲਿਆ ਤਾਂ ਝਗੜਿਆਂ ਦਾ ਸਬੱਬ ਬਣ ਗਿਆ। ਸੌ ਅਤੇ ਪੰਜ ਸੌ ਦੇ ਨੋਟ ਵਿਚਕਾਰ ਵਧੀਕ ਫਰਕ ਨਹੀਂ ਸੀ। ਗਲਤੀ ਅਕਸਰ ਹੀ ਲੱਗ ਜਾਂਦੀ। ਪੰਜਾਬੀ ਟ੍ਰਿਬਿਊਨ ਦੇ ਇਕ ਪਾਠਕ ਨੇ ਸੰਪਾਦਕ ਦੇ ਨਾਮ ਖਤ ਲਿਖਿਆ, ਸਲਾਹ ਦਿੱਤੀ ਕਿ ਸੌ ਦੇ ਨੋਟ ਉਪਰ ਗਾਂਧੀ ਜੀ ਦੀ ਤਸਵੀਰ ਛਪਦੀ ਹੈ, ਜੇ ਪੰਜ ਸੌ ਦੇ ਨੋਟ ਉਪਰ ਬਾਬਾ ਬੰਦਾ ਸਿੰਘ ਦੀ ਤਸਵੀਰ ਛਾਪੀ ਜਾਵੇ ਫਿਰ ਕਿਸੇ ਨੂੰ ਕੋਈ ਭੁਲੇਖਾ ਨਹੀਂ ਲੱਗਣਾ ਕਿਉਂਕਿ ਦੋਹਾਂ ਦਾ ਆਪਸ ਵਿਚ ਕੁਝ ਨਹੀਂ ਮਿਲਦਾ।

ਪਿਛਲੇ ਦਿਨੀਂ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਕਾਲਜ ਵਿਚ ਸ਼ਹੀਦ ਭਗਤ ਸਿੰਘ ਉਪਰ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਗੁਰਤੇਜ ਸਿੰਘ ਕੰਗ ਦਾ ਫੋਨ ਆਇਆ ਕਿ ਪੇਪਰ ਪੜ੍ਹਨ ਆਓ। ਮੈਂ ਦੱਸ ਦਿੱਤਾ ਕਿ ਇਸ ਵਿਸ਼ੇ ਦਾ ਮੈਂ ਵਿਦਿਆਰਥੀ ਨਹੀਂ ਹਾਂ, ਸੋ ਨਹੀਂ ਲਿਖ ਸਕਦਾ। ਉਨ੍ਹਾਂ ਨੇ ਕਿਹਾ ਕਿ ਤੁਸੀਂ ਸ਼ਹਾਦਤ ਦੇ ਸਿਧਾਂਤ ਬਾਰੇ ਗੱਲਾਂ ਕਰ ਦੇਣੀਆਂ। ਹਾਂ ਤਾਂ ਕਰ ਦਿੱਤੀ ਪਰ ਮੇਰੇ ਕੋਲ ਜਿਹੜੀਆਂ ਕਿਤਾਬਾਂ ਪਈਆਂ ਸਨ, ਉਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਸ਼ਹੀਦ ਧਰਮੀ ਬੰਦਾ ਹੁੰਦਾ ਹੈ, ਜੋ ਰੱਬੀ ਹੁਕਮ ਦੀ ਪਾਲਣਾ ਕਰਦਿਆਂ ਆਪਣੀ ਜਾਨ ਨਿਛਾਵਰ ਕਰੇ, ਦੁਨੀਆਂਦਾਰੀ ਦੀ ਗਰਜ਼ ਨਾ ਹੋਵੇ। ਇਹ ਪਰਿਭਾਸ਼ਾਵਾਂ ਭਗਤ ਸਿੰਘ ਦੀ ਸ਼ਹਾਦਤ ਨਾਲ ਮੇਲ ਨਹੀਂ ਖਾਂਦੀਆਂ। ਮੈਂ ਦਿਲ ਵਿਚ ਸੋਚਿਆ ਕਿ ਦੇਸ਼ ਭਗਤੀ ਨੂੰ ਭਗਤ ਸਿੰਘ ਦਾ ਧਰਮ ਮੰਨ ਲਵਾਂ ਤਾਂ ਸ਼ਾਇਦ ਗੱਲ ਸਮਝ ਵਿਚ ਆ ਜਾਵੇ। ਇਹ ਵੀ ਸੋਚਿਆ ਕਿ ਚਲੋ ਗੱਲ ਨਾ ਬਣੀ ਤਾਂ ਸ਼ਹੀਦ ਬਾਬਤ ਕੁਝ ਸੁਣਨ ਦਾ ਲਾਭ ਮਿਲੇਗਾ ਕਿਉਂਕਿ ਜਗਮੋਹਨ ਸਿੰਘ, ਇਰਫਾਨ ਸਾਹਿਬ ਅਤੇ ਆਤਮਾ ਰਾਮ ਵਰਗੀਆਂ ਨਾਮਵਰ ਹਸਤੀਆਂ ਆ ਰਹੀਆਂ ਹਨ।

ਭਗਤ ਸਿੰਘ ਸ਼ਹੀਦ ਦੇ ਸਭ ਮੁਰੀਦ ਮਾਰਕਸੀ ਹਨ। ਇੱਕ ਪ੍ਰੋਫੈਸਰ ਨੇ ਕਹਿ ਦਿੱਤਾ ਕਿ ਸ਼ਹੀਦ ਦਾ ਰੱਬ ਵਿਚ ਵਿਸ਼ਵਾਸ਼ ਸੀ ਤਾਂ ਇਸ ਗੱਲ ਦਾ ਬੁਰਾ ਮਨਾਇਆ ਗਿਆ, ਉਸ ਦੀ ਲਿਖਤ 'ਮੈਂ ਨਾਸਤਕ ਕਿਉਂ ਹਾਂ' ਦਾ ਕਈ ਵਾਰ ਜ਼ਿਕਰ ਹੋਇਆ। ਇਹ ਵੀ ਚਰਚਾ ਹੋਈ ਕਿ ਪਾਰਲੀਮੈਂਟ ਵਿਚ ਉਸ ਦਾ ਬੁੱਤ ਪੱਗ ਵਾਲਾ ਕਿਉਂ ਸਥਾਪਤ ਕੀਤਾ ਗਿਆ ਹੈ।

ਮੇਰੇ ਪ੍ਰਸ਼ਨ ਹਨ, ਮੈਂ ਗੁਰਦੁਆਰੇ ਮੱਥਾ ਟੇਕਣ ਜਾਂਦਾ ਹਾਂ, ਪਾਠ ਕਰਦਾ ਹਾਂ, ਬੇਸ਼ੱਕ ਪੱਕਾ ਨਮਾਜ਼ੀ ਨਹੀਂ। ਜੇ ਮੈਨੂੰ ਰੱਬ ਵਿਚ ਵਿਸ਼ਵਾਸ ਹੈ ਤਾਂ ਕੀ ਮੈਂ ਭਗਤ ਸਿੰਘ ਦੀ ਕਦਰ ਕਰਨ ਦਾ ਹੱਕ ਗੁਆ ਬੈਠਾ ਹਾਂ? ਇਤਰਾਜ਼ ਹੈ ਕਿ ਦਸਤਾਰ ਸਜਾ ਕੇ ਭਗਤ ਸਿੰਘ ਦਾ ਬੁੱਤ ਕਿਉਂ ਲਾਇਆ ਗਿਆ। ਮੇਰਾ ਸਵਾਲ ਹੈ ਕਿ ਦਸਤਾਰ ਦੀ ਥਾਂ ਜੇ ਟੋਪੀ ਵਾਲਾ ਬੁੱਤ ਲੱਗ ਜਾਂਦਾ, ਕੀ ਫੇਰ ਠੀਕ ਸੀ? ਕੀ ਭਗਤ ਸਿੰਘ ਬੁੱਤਪ੍ਰਸਤੀ ਦਾ ਹਮਾਇਤੀ ਸੀ? ਏਸ਼ੀਆ ਦੇ ਸਾਰੇ ਮਹਾਰਾਜੇ ਅਤੇ ਯੁਵਰਾਜ ਕੇਸਾਧਾਰੀ ਹੁੰਦੇ ਸਨ। ਜਿਸ ਨੇ ਕੇਸ ਰੱਖੇ ਹੋਣ, ਹਿਫਾਜ਼ਤ ਵਾਸਤੇ ਦਸਤਾਰ ਉਸ ਲਈ ਲਾਜ਼ਮੀ ਹੈ। ਦਸਤਾਰ ਦੇ ਮਾਇਨੇ ਸ਼ਾਨ, ਰਾਜ ਭਾਗ, ਅਣਖ ਆਦਿ ਸਭ ਹਨ। ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਦੋ ਢਾਡੀ ਨੱਥਮੱਲ ਤੇ ਅਬਦੁੱਲ ਸਨ, ਜਿਨ੍ਹਾਂ ਨੇ ਵਾਰ ਰਚੀ ਤੇ ਗਾਈ,

ਦੋ ਤਲਵਾਰੀ ਬੱਧੀਆਂ, ਇੱਕ ਮੀਰ ਦੀ ਇੱਕ ਪੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਪੱਗ ਜਹਾਂਗੀਰ ਵੀ ਬੰਨ੍ਹਦਾ ਸੀ ਪਰ ਢਾਡੀਆਂ ਅਨੁਸਾਰ ਜੋ ਸ਼ਾਨ ਗੁਰੂ ਜੀ ਦੀ, ਉਹ ਜਹਾਂਗੀਰ ਦੀ ਕਿੱਥੇ? ਲਾਜਪਤ ਰਾਇ ਲਾਲਾ ਹੋ ਕੇ ਵੀ ਦਸਤਾਰ ਸਜਾ ਰਹੇ ਹਨ ਤਾਂ ਭਗਤ ਸਿੰਘ ਦੀ ਦਸਤਾਰ ਕਾਰਨ ਕੀ ਬੇਅਦਬੀ ਹੋ ਗਈ, ਮੈਨੂੰ ਪਤਾ ਨਹੀਂ ਲੱਗਦਾ। ਇਹ ਵੀ ਕਿਹਾ ਗਿਆ ਕਿ ਦਸਤਾਰ ਬੰਨ੍ਹੀ ਦਿਖਾ ਕੇ ਕੁਝ ਸਵਾਰਥੀ ਨੇਤਾ ਸਿਆਸਤ ਕਰ ਰਹੇ ਹਨ। ਮੇਰਾ ਸਵਾਲ ਹੈ ਕਿ ਸਿਆਸਤ ਕਰਨ ਤੋਂ ਕੌਣ ਕਿਸੇ ਨੂੰ ਰੋਕ ਸਕਦਾ ਹੈ? ਲੋਕ ਤਾਂ ਧਰਮ ਦੇ ਨਾਂ 'ਤੇ ਸ਼ਹੀਦ ਹੋਣ ਵਾਲੇ ਸ਼ਹੀਦਾਂ ਰਾਹੀਂ ਸਿਆਸਤ ਦੀ ਖੱਟੀ ਖਾ ਰਹੇ ਹਨ, ਭਗਤ ਸਿੰਘ ਦੀ ਸ਼ਹਾਦਤ ਤਾਂ ਹੈ ਈ ਸਿਆਸੀ ਮੰਤਵ ਦੀ ਪ੍ਰਾਪਤੀ ਵਾਸਤੇ ਸੀ? ਜਾਂ ਫਿਰ ਇਸ ਦਾ ਅਰਥ ਹੋ ਸਕਦਾ ਹੈ ਕਿ ਖੱਬੀਆਂ ਮਾਰਕਸੀ ਧਿਰਾਂ ਨੂੰ ਤਾਂ ਸ਼ਹੀਦ ਦੇ ਨਾਂ 'ਤੇ ਸਿਆਸਤ ਕਰਨ ਦਾ ਹੱਕ ਹੈ, ਹੋਰ ਕਿਸੇ ਨੂੰ ਨਹੀਂ।

ਸ. ਭਗਤ ਸਿੰਘ ਨੇ ਅੰਗੇਰਜ਼ ਹਕੂਮਤ ਵਿਰੁਧ ਯੁੱਧ ਕੀਤਾ। ਸ. ਭਗਤ ਸਿੰਘ ਦੇ ਨਾਂ 'ਤੇ ਜਿਹੜੀਆਂ ਲਿਖਤਾਂ ਛਾਪੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਦਰਜ ਹੈ ਕਿ ਅੰਗਰੇਜ਼ਾਂ ਤੋਂ ਬਾਅਦ ਜਿਹੜੀ ਸਟੇਟ ਬਣੇਗੀ, ਉਹ ਵਪਾਰੀ ਵਰਗ ਦੀ ਹੋਵੇਗੀ ਤੇ ਲੁੱਟ ਖਸੁੱਟ ਘਟੇਗੀ ਨਹੀਂ। ਇਸ ਗੱਲ ਦਾ ਉਸ ਨੂੰ ਪਤਾ ਸੀ ਤਾਂ ਸ਼ਹਾਦਤ ਦਾ ਕੀ ਅਰਥ ਰਹਿ ਗਿਆ? ਉਸ ਨੂੰ ਚਾਹੀਦਾ ਸੀ, ਰੂਸ ਦੀ ਤਰਜ਼ ਦਾ ਇਨਕਲਾਬ ਲਿਆਉਣ ਲਈ ਸੰਘਰਸ਼ ਕਰਦਾ। ਮੇਰਾ ਮਕਸਦ ਸ਼ਹੀਦ ਨੂੰ ਨਸੀਹਤਾਂ ਦੇਣ ਦਾ ਨਹੀਂ, ਉਸ ਦੇ ਮੁਰੀਦ ਉਸ ਨੂੰ ਜਿਹੋ ਜਿਹਾ ਦਿਖਾ ਰਹੇ ਹਨ, ਇਹ ਜਾਣਨ/ਦੱਸਣ ਦੀ ਮੇਰੀ ਇੱਛਾ ਹੈ।

ਇਹ ਵਿਵਾਦ ਨਿਰੰਤਰ ਜਾਰੀ ਹੈ ਕਿ ਸ਼ਹੀਦ ਦੇ ਨਾਂ ਹੇਠ ਛਾਪਣ ਵਾਲੀਆਂ ਲਿਖਤਾਂ ਉਸ ਦੀਆਂ ਹਨ ਵੀ ਕਿ ਨਹੀਂ। ਮੈਨੂੰ ਇਸ ਵਿਵਾਦ ਵਿਚ ਕਦੀ ਦਿਲਚਸਪੀ ਨਹੀਂ ਰਹੀ। ਭਗਤ ਸਿੰਘ ਨੇ ਜੇ ਇਕ ਸਤਰ ਵੀ ਨਾ ਲਿਖੀ ਹੁੰਦੀ, ਉਸ ਪ੍ਰਤੀ ਸਤਿਕਾਰ ਵਿਚ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ। ਸਾਹਿਬਜ਼ਾਦਿਆਂ ਦੀ ਕੋਈ ਲਿਖਤ ਸਾਡੇ ਕੋਲ ਨਹੀਂ ਤਾਂ ਵੀ ਪੋਹ ਦੇ ਮਹੀਨੇ ਸਰਹਿੰਦ ਦੀ ਸਭਾ ਦੱਸ ਦਿੰਦੀ ਹੈ ਕਿ ਉਨ੍ਹਾਂ ਨੇ ਵੱਡਾ ਕਾਰਨਾਮਾ ਕੀਤਾ ਸੀ। ਮੈਂ ਉਨ੍ਹਾਂ ਵਿਚੋਂ ਵੀ ਨਹੀਂ ਹਾਂ, ਜਿਹੜੇ ਆਖਦੇ ਹਨ ਕਿ ਭਗਤ ਸਿੰਘ ਸ਼ਹੀਦ ਤਾਂ ਹੈ ਪਰ ਉਸ ਦਾ ਸਥਾਨ ਪੌੜੀ ਦੇ ਹੇਠਲੇ ਪਹਿਲੇ ਡੰਡੇ ਦਾ ਹੈ। ਸ਼ਹਾਦਤ ਦੇ ਆਕਾਸ਼ 'ਤੇ ਚੜ੍ਹਨ ਲਈ ਪੌੜੀਆਂ ਲੱਗ ਗਈਆਂ ਹਨ, ਮੈਨੂੰ ਇਸ ਦਾ ਪਤਾ ਨਹੀਂ।

ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਬੇਅੰਤ ਸਿੰਘ ਨੂੰ ਸਟੇਟ ਵੱਲੋਂ ਸ਼ਹੀਦ ਕਰਾਰ ਦਿੱਤਾ ਗਿਆ ਹੈ। ਮਹਾਤਮਾ ਗਾਂਧੀ ਨੂੰ ਸ਼ਹੀਦ ਨਹੀਂ ਕਿਹਾ ਜਾਂਦਾ। ਮੇਰਾ ਇੱਕ ਸਵਾਲ ਇਹ ਵੀ ਹੈ ਕਿ ਸ਼ਹਾਦਤ ਦਾ ਰੁਤਬਾ ਹਾਸਲ ਕਰਨ ਵਾਸਤੇ ਕੀ ਗਾਂਧੀ ਜੀ ਨੂੰ ਪ੍ਰਧਾਨ ਮੰਤਰੀ ਹੋਣਾ ਚਾਹੀਦਾ ਸੀ? ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਰਾਸ਼ਟਰ ਪਿਤਾ ਦੀ ਹੱਤਿਆ ਆਪਣੇ ਦੇਸ਼ਵਾਸੀਆਂ ਨੇ ਕੀਤੀ, ਪਹਿਲੇ ਦੋ ਸ਼ਹੀਦ ਹਨ ਪਰ "ਗਾਂਧੀ ਜੀ ਕਾ 'ਵਧ' ਹੁਆ ਥਾ" ਕਿਹਾ ਜਾਂਦਾ ਹੈ।

ਜਦੋਂ ਕੋਈ ਮੈਨੂੰ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਸਨ ਤਾਂ ਮੈਨੂੰ ਖੁਸ਼ੀ ਹੁੰਦੀ ਹੈ। ਉਨ੍ਹਾਂ ਨਾਲ ਭਾਈ ਬਾਲਾ ਅਤੇ ਭਾਈ ਮਰਦਾਨਾ ਜੀ ਦੀ ਤਸਵੀਰ ਦਾ ਵੀ ਇਹੋ ਸੁਨੇਹਾ ਹੈ ਕਿ ਇਸਲਾਮੀ ਤੇ ਵੈਦਿਕ ਸ਼ਖਸੀਅਤਾਂ ਉਨ੍ਹਾਂ ਪਿੱਛੇ ਤੁਰੀਆਂ। ਗੁਰੂ ਸਾਹਿਬਾਨ ਦਾ ਸਤਿਕਾਰ ਕਰਨ ਵਾਲੇ ਬੰਦੇ ਲਈ ਅੰਮ੍ਰਿਤ ਛਕਣਾ ਲਾਜ਼ਮੀ ਨਹੀਂ। ਕਾਰਲ ਮਾਰਕਸ ਦਾ ਮੱਤ ਸਵੀਕਾਰ ਕੀਤੇ ਬਿਨਾ ਕੀ ਮੈਨੂੰ ਸ਼ਹੀਦ ਭਗਤ ਸਿੰਘ ਨੂੰ ਪਿਆਰ ਨਾਲ ਯਾਦ ਕਰਨ ਦਾ ਹੱਕ ਮਿਲ ਜਾਏਗਾ?

ਸ. ਭਗਤ ਸਿੰਘ ਸਟੇਟ ਦਾ ਵਿਰੋਧੀ ਸੀ। ਉਸ ਦੇ ਮੁਰੀਦ ਵੀ ਸਟੇਟ ਦੇ ਵਿਰੋਧੀ ਹਨ। ਦੋਵੇਂ ਦਿਨ ਸਟੇਟ ਨੂੰ ਲਗਾਤਾਰ ਨਿੰਦਿਆ ਗਿਆ। ਇਸ ਸੈਮੀਨਾਰ ਵਾਸਤੇ ਦੋ ਲੱਖ ਰੁਪਿਆ ਸਟੇਟ ਨੇ ਦਿੱਤਾ ਸੀ। ਭਗਤ ਸਿੰਘ, ਸੁਖਦੇਵ, ਰਾਜਗੁਰੂ ਜਾਂ ਸੁਭਾਸ਼ ਚੰਦਰ ਬੋਸ ਨੇ ਕੀ ਸਟੇਟ ਤੋਂ ਕਦੀ ਪੈਸੇ ਲਏ ਸਨ? ਕੀ ਸਟੇਟ ਆਪਣੇ ਦੁਸ਼ਮਣਾਂ ਦੀ ਮਾਇਕ ਮੱਦਦ ਕਰਿਆ ਕਰਦੀ ਹੈ?

ਮੇਰੇ ਇਨ੍ਹਾਂ ਥੋੜ੍ਹੇ ਕੁ ਸਵਾਲਾਂ ਦਾ ਜਵਾਬ ਮਿਲੇ ਤਾਂ ਧੰਨ ਭਾਗ। ਬ੍ਰਦਰਜ਼ ਕਰੋਮੇਜ਼ੋਵ ਦੇ ਪਾਤਰ ਦੀ ਬੇਨਤੀ ਹੈ, "ਮੈਂ ਉਨ੍ਹਾਂ ਵਿਚੋਂ ਨਹੀਂ ਜੋ ਕਰੋੜਪਤੀ ਹੋਣਾ ਚਾਹੁੰਦੇ ਹਨ। ਮੇਰੀ ਇੱਛਾ ਹੈ ਮੇਰੇ ਕੁਝ ਸਵਾਲਾਂ ਨੂੰ ਉਨ੍ਹਾਂ ਦਾ ਜਵਾਬ ਮਿਲ ਜਾਏ।"

# ਮੇਰੀ ਮੰਗਣੀ ਤੇ ਮੇਰਾ ਵਿਆਹ

(ਪਿਛਲੇ ਸਫੇ ਦੀ ਬਾਕੀ)

ਤੋਂ ਵਾਪਿਸ ਲੈ ਲਿਆ ਜਾਵੇਗਾ। ਮਾਂ ਬੇਚਾਰੀ ਇਸ 'ਤੇ ਵੀ ਮੰਨ ਗਈ ਸੀ, ਹਾਲਾਂਕਿ ਅੱਜ ਮੈਂ ਸੋਚਦਾਂ, ਇਹ 'ਘਟੀਆ' ਜਿਹੀ ਗੱਲ ਸੀ (ਆਰਥਕ ਮਜਬੂਰੀਆਂ ਦੇ ਮਾਰੇ ਬੰਦਿਆਂ ਨੂੰ ਅਜਿਹੀਆਂ 'ਘਟੀਆ' ਗੱਲਾਂ ਅਕਸਰ ਕਰਨੀਆਂ ਪੈ ਜਾਂਦੀਆਂ ਹਨ)। 'ਚਿਕਨ ਟੈਰਾਲੀਨ' ਦਾ ਇਹ ਸੂਟ ਮੈਂ ਰਿਸ਼ਤੇਦਾਰੀ ਵਿਚੋਂ ਲਗਦੀ ਆਪਣੀ ਭਾਣਜ-ਨੂੰਹ ਤੋਂ ਲੈ ਕੇ ਆਇਆ।

ਪਿਛਲੇ ਅਠਾਈ-ਤੀਹ ਸਾਲਾਂ ਵਿਚ ਸਾਡੇ ਘਰ ਕੋਈ ਵਿਆਹ ਨਹੀਂ ਸੀ ਹੋਇਆ। ਮੇਰੇ ਵਿਆਹ ਤੋਂ ਪਹਿਲਾਂ ਘਰ ਵਿਚ ਮੇਰੇ ਬਾਪੂ ਜੀ ਦਾ ਵਿਆਹ ਹੋਇਆ ਸੀ। ਇਸ ਲਈ ਹੁਣ ਤੱਕ ਅਸੀਂ ਰਿਸ਼ਤੇਦਾਰੀਆਂ ਅਤੇ ਭਾਈਚਾਰੇ ਦੇ ਵਿਆਹਾਂ ਵਿਚ ਦੂਜਿਆਂ ਨੂੰ ਦਿੱਤਾ ਹੀ ਦਿੱਤਾ ਸੀ, ਕਿਸੇ ਤੋਂ ਲੈਣ ਦਾ ਕਦੇ ਮੌਕਾ ਨਹੀਂ ਸੀ ਆਇਆ। ਹੁਣ ਲੈਣ ਦੀ ਵਾਰੀ ਸੀ। ਸਾਰੇ ਪਰਿਵਾਰ ਦੀ ਅੰਦਰੇ-ਅੰਦਰ ਇੱਛਾ ਸੀ ਕਿ ਸਾਰੀਆਂ ਚਾੜ੍ਹੀਆਂ ਬਿੜ੍ਹੀਆਂ ਉਤਾਰ ਲਈਆਂ ਜਾਣ ਪਰ ਮੇਰੇ 'ਕਮਲਪੁਣੇ' ਮੂਹਰੇ ਬੋਲਣ ਦੀ ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ। ਮੈਂ ਸਾਰੇ ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾ, ਜਾਂ ਸਨੇਹੇ ਭੇਜ ਦਿੱਤੇ ਕਿ ਵਿਆਹ ਅਤੀ ਸਾਦਾ ਹੋਏਗਾ। ਕਿਰਪਾ ਕਰ ਕੇ ਵਿਆਹ ਵਿਚ ਆਪ ਜੀ ਦੇ ਪਰਿਵਾਰ ਦਾ ਇਕੋ ਜੀਅ ਆਵੇ। ਕਿਸੇ ਤਰ੍ਹਾਂ ਦਾ ਕੋਈ ਕੱਪੜਾ-ਲੀੜਾ ਲਿਆਉਣ ਦੀ ਖੇਚਲ ਨਾ ਕੀਤੀ ਜਾਵੇ ਅਤੇ ਨਾ ਹੀ ਇਥੋਂ ਲੈ ਕੇ ਜਾਣ ਦੀ ਇੱਛਾ ਤੇ ਆਸ ਨਾਲ ਆਵੇ। ਇਹ ਵੀ ਲਿਖ ਦਿੱਤਾ ਕਿ ਜੇ ਕਿਸੇ ਭਾਈ-ਭੈਣ ਨੂੰ ਇਹ ਗੱਲਾਂ ਪਸੰਦ ਨਾ ਆਉਂਦੀਆਂ ਹੋਣ, ਉਹ ਬੇਸ਼ਕ ਵਿਆਹ ਵਿਚ ਸ਼ਰੀਕ ਹੋ ਕੇ ਚਿੱਤ ਭੈੜਾ ਨਾ ਕਰਨ।

ਵਿਆਹ ਲਈ ਨਾ ਹੀ ਮੈਂ ਮਿਠਿਆਈ ਬਣਵਾਈ। ਸਿਰਫ ਇਕ ਡੱਬਾ ਸ਼ਹਿਰੋਂ ਮੁੱਲ ਲਿਆ ਸੀ। ਉਹ ਵੀ ਸਹੁਰੇ-ਪਰਿਵਾਰ ਵਲੋਂ 'ਬਹੂ' ਨਾਲ ਲਿਆਉਣ ਵਾਲੇ ਉਸ ਦੇ 'ਗੱਡੀ ਵਾਲਿਆਂ' ਵਾਸਤੇ। ਮੈਂ 'ਐਲਾਨ' ਕਰ ਦਿੱਤਾ ਕਿ ਬਾਜਰੇ ਦੀ ਰੋਟੀ ਤੇ ਸਾਗ ਤੋਂ ਬਿਨਾ ਹੋਰ ਕੁਝ ਨਹੀਂ ਚਲੇਗਾ। ਸਭ ਨੇ ਮੇਰੀ ਇਸ 'ਮੂਰਖਤਾ' ਅੱਗੇ ਹਥਿਆਰ ਸੁੱਟ ਦਿੱਤੇ। ਜੰਞ ਲਈ ਮੈਂ ਦੋ ਕਾਰਾਂ ਕਿਰਾਏ 'ਤੇ ਕੀਤੀਆਂ (ਬਾਅਦ ਵਿਚ ਮੈਂ ਇਹ ਵੀ ਸੋਚਦਾ ਰਿਹਾ ਕਿ ਇਕ ਕਾਰ ਵਾਧੂ ਕਰ ਕੇ ਗਲਤੀ ਕੀਤੀ ਸੀ)। ਜੰਞ ਵਿਚ ਅਸੀਂ ਕੁਲ ਸੱਤ ਜਣੇ ਗਏ-ਚਾਰ ਮੇਰੇ ਦੋਸਤ, ਇਕ ਸ਼ਰੀਕੇ ਵਿਚੋਂ ਚਾਚਾ ਜੀ, ਇਕ ਵਿਚੋਲਾ ਅਤੇ ਸਤਵਾਂ ਮੈਂ। ਨਾ ਬਾਪੂ, ਨਾ ਤਾਇਆ ਤੇ ਨਾ ਹੀ ਭਾਈ।



ਅਜਮੇਰ ਔਲਖ ਆਪਣੀ ਧਰਮ ਪਤਨੀ ਮਨਜੀਤ ਕੌਰ ਔਲਖ ਨਾਲ

ਮੇਰੇ ਸਹੁਰੇ ਪਰਿਵਾਰ ਦਾ ਜੱਦੀ ਸਬੰਧ ਤਾਂ ਜਿਲਾ ਬਠਿੰਡੇ ਦੇ ਪਿੰਡ ਦਾਨ ਸਿੰਘ ਵਾਲਾ ਨਾਲ ਸੀ ਪਰ ਬਾਅਦ ਵਿਚ ਨੌਕਰੀ ਕਾਰਨ ਮੇਰੇ ਸਹੁਰੇ ਨੇ ਬਠਿੰਡੇ ਮਕਾਨ ਖਰੀਦ ਕੇ ਉਥੇ ਹੀ ਕਾਫੀ ਚਿਰ ਤੋਂ ਪੱਕੀ ਰਿਹਾਇਸ਼ ਕੀਤੀ ਹੋਈ ਸੀ। ਬਠਿੰਡਾ ਮੇਰੇ ਪਿੰਡ ਕਿਸ਼ਨਗੜ੍ਹ ਫਰਵਾਹੀ ਤੋਂ ਕੋਈ 70 ਕਿਲੋਮੀਟਰ ਹੈ। ਮੇਰੇ ਵੱਡੇ ਸਾਢੂ ਨੇ ਮੈਨੂੰ ਤਾੜਨਾ ਕੀਤੀ ਸੀ ਕਿ ਅਸੀਂ ਹਰ ਹਾਲਤ ਸਵੇਰੇ ਅੱਠ ਵਜੇ ਬਠਿੰਡੇ ਪਹੁੰਚ ਜਾਈਏ, ਉਹ ਠੀਕ 8 ਵਜੇ ਰਾਜਿੰਦਰਾ ਕਾਲਜ ਕੋਲ ਸਾਡੇ ਸਵਾਗਤ ਲਈ ਖੜ੍ਹੇ ਹੋਣਗੇ। ਅਸੀਂ 8 ਵਜਣ ਤੋਂ ਕੋਈ ਪੰਦਰਾਂ-ਵੀਹ ਮਿੰਟ ਪਹਿਲਾਂ ਹੀ ਪਹੁੰਚ ਗਏ ਪਰ ਸਾਡੇ ਸਵਾਗਤ ਲਈ ਉਥੇ ਕੋਈ ਨਹੀਂ ਸੀ। ਕੋਈ ਪੌਣਾ ਘੰਟਾ ਅਸੀਂ ਉਥੇ ਖੜ੍ਹੇ ਉਡੀਕਦੇ ਰਹੇ ਪਰ ਕੋਈ ਨਾ ਪਹੁੰਚਿਆ। ਅਖੀਰ ਵਿਚੋਲੇ ਨੇ ਜਾ ਕੇ ਖਬਰ ਕੀਤੀ। ਫੇਰ 'ਸਵਾਗਤ-ਕਰਤਾ' ਜੁੱਤੀਆਂ ਘਸੀਟਦੇ ਭੱਜੇ ਭੱਜੇ ਆਏ। ਉਹ ਸਾਨੂੰ ਨਿੱਕੀ ਜਿਹੀ ਥਾਂਈ (ਧਰਮਸ਼ਾਲਾ) ਵਿਚ ਲੈ ਗਏ। ਚਾਹ-ਪਾਣੀ ਪੀਣ ਪਿਛੋਂ ਅਸੀਂ ਅਨੰਦ ਕਾਰਜ ਲਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਜਾ ਬੈਠੇ। ਜਦੋਂ ਮੈਂ ਮੱਥਾ ਟੇਕ ਕੇ ਗਦੈਲੇ ਉਥੇ ਬੈਠਾ ਤਾਂ ਮੈਨੂੰ ਚੇਤਾ ਆਇਆ ਕਿ ਬੈਠਣ ਤੋਂ ਪਹਿਲਾਂ ਮੈਨੂੰ ਆਪਣੇ ਮੰਗਵੇਂ ਕੋਟ ਦਾ ਲਾਇਆ ਬਟਨ ਖੋਲ੍ਹ ਲੈਣਾ ਚਾਹੀਦਾ ਸੀ। ਕੋਟ ਕਾਫੀ ਤੰਗ ਹੋਣ ਕਾਰਨ ਉਸ ਵਿਚ ਮੇਰਾ ਢਿੱਡ ਕਸਿਆ ਗਿਆ ਸੀ (ਭਾਵੇਂ ਉਨ੍ਹੀਂ ਦਿਨੀਂ ਮੈਂ ਵੀ ਕਾਫੀ ਪਤਲਾ ਸੀ ਪਰ ਪ੍ਰੋਫੈਸਰ ਸਭਰਵਾਲ ਮੇਰੇ ਨਾਲੋਂ ਵੀ ਵੱਧ 'ਕਾਗਜ਼ੀ ਪਹਿਲਵਾਨ' ਸੀ)। ਹੌਲੀ-ਹੌਲੀ ਕਿਸੇ ਬਹਾਨੇ ਕਿਵੇਂ ਨਾ ਕਿਵੇਂ ਬਟਨ ਖੋਲ੍ਹਿਆ ਤੇ ਢਿੱਡ ਦੀ ਕਸ-ਕਸਾਈ ਦੀ ਮੁਸੀਬਤ ਤੋਂ ਖਹਿੜਾ ਛੁੱਟਾ।

ਅਨੰਦ ਕਾਰਜ ਉਂਜ ਤਾਂ ਠੀਕ-ਠਾਕ ਹੋ ਗਏ ਪਰ ਪਤਾ ਨਹੀਂ ਕਿਵੇਂ ਅਰਦਾਸ ਕਰਨ ਵੇਲੇ ਭਾਈ ਜੀ ਤੋਂ 'ਕਾਕਾ ਅਜਮੇਰ ਸਿੰਘ ਸਪੁੱਤਰ ਸ. ਕੌਰ ਸਿੰਘ ਦੀ ਥਾਂ 'ਕਾਕਾ ਕੌਰ ਸਿੰਘ ਸਪੁੱਤਰ ਸ. ਅਜਮੇਰ ਸਿੰਘ' ਕਿਹਾ ਗਿਆ। 'ਭੁੱਲ-ਚੁੱਕ' ਦੀ ਇਹ 'ਸੋਧ' ਵੀ ਕਿਸੇ ਭਲੇਮਾਨਸ ਨੇ ਨਾ ਕਰਵਾਈ (ਸ਼ੁਕਰ ਐ, ਮੈਂ ਬਾਪੂ ਜੀ ਨੂੰ ਨਾਲ ਨਹੀਂ ਸੀ ਲੈ ਕੇ ਆਇਆ)। ਪਿੱਛੇ ਬੈਠੇ ਮੇਰੇ ਜਾਨੀ (ਜਾਞੀ) ਪ੍ਰੋਫੈਸਰ-ਮਿੱਤਰ ਤਾਂ ਮੁਸਕੜੀਏ ਹੱਸਣ ਵੀ ਲੱਗ ਪਏ ਤੇ ਬਾਅਦ ਵਿਚ ਕਿੰਨਾ ਚਿਰ ਮੈਨੂੰ ਮਖੌਲ ਕਰ-ਕਰ ਸੁਆਦ ਵੀ ਲੈਂਦੇ ਰਹੇ।

ਸਭ ਕੁਝ ਸੁੱਖੀਂ-ਸਾਂਦੀਂ ਨੇਪਰੇ ਚੜ੍ਹ ਗਿਆ ਪਰ ਸਾਡੇ ਵਿਦਾ ਹੋਣ ਤੋਂ ਕੁਝ ਚਿਰ ਪਹਿਲਾਂ ਅੰਜਟ ਖੜ੍ਹਾ ਹੋ ਗਿਆ। ਮੇਰਾ ਵੱਡਾ ਸਾਢੂ ਮੇਰੇ ਕੋਲ ਆ ਕੇ ਕਹਿਣ ਲੱਗਾ, 'ਕਿਸੇ ਟੈਂਪੂ-ਟਰਾਲੀ ਦਾ ਪ੍ਰਬੰਧ ਕਰ।' ਮੈਨੂੰ ਗੱਲ ਸਮਝ ਨਾ ਆਈ। ਹੈਰਾਨ ਜਿਹਾ ਹੁੰਦਿਆਂ ਮੈਂ ਪੁੱਛਿਆ, 'ਕਿਉਂ?' 'ਕਿਉਂ ਕੀ, ਸਮਾਨ ਨੀ ਲਜਾਣਾ ਆਪਣਾ?' ਸਾਢੂ ਨੇ ਹੁਕਮੀਆ ਲਹਿਜੇ ਵਿਚ ਜਵਾਬ ਦਿੱਤਾ। ਮੈਂ ਸਭ ਸਮਝ ਗਿਆ ਅਤੇ ਸਖਤ ਤੇ ਗੁਸੈਲੇ ਲਹਿਜੇ ਵਿਚ ਨਾਂਹ ਕਰਦਿਆਂ ਕਿਹਾ, 'ਮੈਂ ਕੋਈ ਸਮਾਨ-ਸਮੂਨ ਨੀ ਲੈ ਕੇ ਜਾਣਾ! ਲੱਖ ਵਾਰੀ ਕਹਿਣ 'ਤੇ ਵੀ ਥੋੜੇ ਦਿਮਾਗ ਵਿਚ ਨੀ ਪਈ? ਹੱਦ ਹੋ-ਗੀ ਥੋੜੇ ਵਾਲੀ ਵੀ!' ਪਰ ਸਾਢੂ ਤਾਂ ਬਚਾਰਾ ਓਵੇਂ ਸਟੈਂਡ ਲੈ ਰਿਹਾ ਸੀ, ਜਿਵੇਂ ਉਸ ਨੂੰ ਅੰਦਰੋਂ 'ਸਮਝਾਇਆ' ਗਿਆ ਸੀ। ਇਸ ਲਈ ਆਪਣੇ ਸਟੈਂਡ 'ਤੇ ਅੜਿਆ ਰਿਹਾ ਤੇ ਬੋਲਿਆ, 'ਸਮਾਨ ਤਾਂ ਥੋਨੂੰ ਲਜਾਣਾ ਪਊ, ਜਦ ਥੋੜੇ ਵਾਸਤੇ ਈ ਬਣਾਇਐ। ਬੜਾ ਰੱਫੜ ਖੜ੍ਹਾ ਹੋਇਆ। ਕਿਹੋ ਜਿਹੇ ਬੰਦਿਆਂ ਨਾਲ ਵਾਹ ਪੈ ਗਿਆ ਅਜਮੇਰ ਸਿਆਂ ਤੇਰਾ! ਵਿਚੋਲੇ ਤਾਏ ਅਮਰ ਸਿੰਘ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ, 'ਤੈਨੂੰ ਤਾਂ ਇਹ ਕੁਸ਼ ਨੀ ਦੇ ਰਹੇ, ਨਾ ਸਾਇਕਲ, ਨਾ ਘੜੀ, ਤੇ ਨਾ ਹੀ ਕੋਈ ਸੂਟ-ਬੂਟ। ਨਾ ਘਰ ਦੇ ਜਾਂ ਕਿਸੇ ਰਿਸ਼ਤੇਦਾਰ ਵਾਸਤੇ ਕੋਈ ਹੋਰ ਚੀਜ਼। ਇਹ ਤਾਂ ਕੁੜੀ ਲਈ ਨੇ ਪੰਜ-ਛੀ ਬਿਸਤਰੇ ਜੇ। ਹੁਣ ਧੀ ਆਲੇ ਆਪਣੀ ਧੀ ਨੂੰ ਵੀ ਨਾ ਕੁਸ਼ ਦੇਣ?' ਪਰ ਮੈਂ ਆਪਣੀ ਹਿੰਡ ਨਾ ਛੱਡੀ ਸਗੋਂ ਗੁੱਸੇ ਵਿਚ ਕਿਹਾ, 'ਕਿਉਂ ਸਾਡੇ ਘਰ ਇਨ੍ਹਾਂ ਦੀ ਕੁੜੀ ਨੂੰ ਬਿਸਤਰੇ ਨੀ ਮਿਲਣਗੇ?' (ਹਾਲਾਂਕਿ ਮੈਨੂੰ ਪਤਾ ਸੀ ਇਹੋ ਜਿਹੇ ਨਵੇਂ ਨਕੋਰ ਬਿਸਤਰੇ ਸੱਚ-ਮੁੱਚ ਸਾਡੇ ਘਰ ਨਹੀਂ ਸਨ)।

ਵਾਹਵਾ ਰੌਲਾ-ਰੱਪਾ ਪੈਂਦਾ ਰਿਹਾ। ਥੋੜ੍ਹੇ ਚਿਰ ਪਿਛੋਂ ਅੰਦਰੋਂ ਸੁਨੇਹਾ ਆਇਆ। ਇਹ ਸੁਨੇਹਾ ਮੇਰੀ ਜੀਵਨ ਸਾਥਣ ਮਨਜੀਤ ਦਾ ਸੀ। ਉਸ ਨੇ ਮੈਨੂੰ ਦੱਸਿਆ, 'ਇਨ੍ਹਾਂ ਬਿਸਤਰਿਆਂ ਨਾਲ ਮੇਰੇ ਘਰਦਿਆਂ ਦਾ ਕੋਈ ਲਾਗਾ-ਦੇਗਾ ਨਹੀਂ; ਇਹ ਮੈਂ ਆਪਣੀ ਤਨਖਾਹ ਵਿਚੋਂ ਆਪ ਬਣਾਏ ਹਨ। ਇਹ ਮੈਂ ਬੜੀ ਰੀਝ ਨਾਲ ਬਣਾਏ ਹਨ, ਪਲੀਜ਼ ਤੁਸੀਂ ਇਨ੍ਹਾਂ ਤੋਂ ਇਨਕਾਰ ਨਾ ਕਰੋ। ਵਿਆਹ ਤੋਂ ਪਹਿਲਾਂ ਕਈ ਵਾਰ ਮਿਲਣ ਕਰ ਕੇ ਮਨਜੀਤ ਵੱਲ ਮੈਂ ਖਾਸਾ ਖਿੱਚਿਆ ਗਿਆ ਸਾਂ, ਮੈਂ ਹਥਿਆਰ ਸੁੱਟ ਦਿੱਤੇ। ਬਿਸਤਰਿਆਂ ਵਾਲੀ ਉਹ ਪੇਟੀ ਮੈਨੂੰ ਲਿਆਉਣੀ ਪਈ। ਉਨ੍ਹੀਂ ਦਿਨੀਂ ਮੇਰੇ ਵਿਆਹ ਉਤੇ ਕੁਲ ਸਾਢੇ ਸੱਤ ਸੌ ਰੁਪਏ ਖਰਚ ਆਏ ਸਨ। ਇਨ੍ਹਾਂ ਵਿਚ ਵੀ, ਮੇਰੇ ਅਨੁਸਾਰ ਮੈਥੋਂ ਦੋ ਫਜ਼ੂਲ-ਖਰਚੀਆਂ ਹੋ ਗਈਆਂ ਸਨ: ਇਕ ਤਾਂ, ਇਕ ਕਾਰ ਵੱਧ ਕਰਨ ਦੀ, ਤੇ ਦੂਜੀ ਬਿਸਤਰਿਆਂ ਵਾਲਾ ਸੰਦੂਕ ਲਿਆਉਣ ਵਾਸਤੇ ਕਿਰਾਏ 'ਤੇ ਟਰੱਕ ਕਰਨ ਦੀ।

ਮੇਰੀ ਮੰਗਣੀ ਤੇ ਵਿਆਹ ਨਾਲ ਜੁੜੀਆਂ ਮੇਰੀਆਂ ਦੋ ਨਮੋਸ਼ੀਆਂ ਜਾਂ ਕਮਜ਼ੋਰੀਆਂ ਅੱਜ ਵੀ ਮੇਰੀ ਜ਼ਮੀਰ ਦੇ ਕਿਸੇ ਕੋਨੇ ਵਿਚੋਂ ਸਿਰ ਚੁੱਕ ਕੇ ਮੇਰੇ ਸਾਹਮਣੇ ਆ ਖੜੋਂਦੀਆਂ ਹਨ: ਪਹਿਲੀ ਸਿਉਨੇ ਦੀ ਮੋਹਰ ਵਾਪਿਸ ਨਾ ਕਰਨ ਦੀ, ਤੇ ਦੂਜੀ ਬਿਸਤਰਿਆਂ ਵਾਲਾ ਸੰਦੂਕ ਲੈ ਕੇ ਆਉਣ ਦੀ। ਫਿਰ ਵੀ ਜਦ ਮੈਂ ਸਮੁੱਚੇ ਤੌਰ 'ਤੇ ਆਪਣੇ ਵਿਆਹ ਦੀਆਂ ਘਟਨਾਵਾਂ ਆਪਣੇ ਮਨ ਵਿਚ ਚਿਤਵਦਾ ਹਾਂ ਤਾਂ ਮੈਨੂੰ ਅਜੀਬ ਜਿਹੀ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ।

# ਹੈਡ ਮਾਸਟਰ ਖੁਸ਼ਹਾਲ ਸਿੰਘ

ਨਾ ਮਧਰਾ ਨਾ ਲੰਬਾ ਅਤੇ ਨਾ ਪਤਲਾ ਨੈਣ ਨਕਸ਼ ਤਿੱਖੇ। ਵੇਖਣੀ-ਪਾਖਣੀ ਵਿਚ ਜਚਦਾ ਸੀ, ਉਹ। ਸਾਰੀ ਉਮਰ ਉਸ ਨੂੰ ਪੱਗ ਬੰਨ੍ਹਣੀ ਅਤੇ ਭਾਰਤ ਦਾ ਨਕਸ਼ਾ ਵਾਹੁਣਾ ਨਾ ਆਇਆ। ਖਾਸ ਮੌਕਿਆਂ 'ਤੇ ਉਸ ਦੀ ਪੱਗ ਕੇਵਲ ਸਿੰਘ ਡਰਾਇੰਗ ਮਾਸਟਰ ਬੰਨ੍ਹ ਦਿੰਦਾ। ਇਹ ਟੋਪੀ-ਨੁਮਾ ਪੱਗ ਉਨਾ ਚਿਰ ਉਸ ਦੇ ਸਿਰ 'ਤੇ ਟਿਕੀ ਰਹਿੰਦੀ, ਜਿੰਨਾ ਚਿਰ ਇਹ ਪੂਰੀ ਢਿਲਕ ਕੇ ਗਲ ਨਾ ਪੈ ਜਾਂਦੀ। ਰਹੀ ਉਸ ਦੇ ਗਿਆਨ ਤੇ ਸ਼ਬਦ ਭੰਡਾਰ ਦੀ ਗੱਲ, ਉਹ ਚਲਦੀ ਫਿਰਦੀ ਡਿਕਸ਼ਨਰੀ ਸਨ। ਉਹ ਸ਼ਬਦ ਦੀਆਂ ਸੱਤ ਪੀੜੀਆਂ ਖੋਜ ਕਰਕੇ ਤੁਹਾਡੇ ਸਾਹਮਣੇ ਰੱਖ ਦਿੰਦੇ। ਹਿਸਾਬ, ਸਾਇੰਸ, ਇਤਿਹਾਸ ਤੇ ਭੁਗੋਲ ਉਨ੍ਹਾਂ ਦੇ ਪੋਟਿਆਂ 'ਤੇ ਸਨ।

ਉਹ ਸਾਡੇ ਸਕੂਲ ਵਿਚ ਅਕਤੂਬਰ ਮਹੀਨੇ ਆਏ ਜਦੋਂ ਅਸੀਂ ਦਸਵੀਂ ਜਮਾਤ ਵਿਚ ਪੜ੍ਹਦੇ ਸਾਂ। ਉਸ ਸਮੇਂ ਸਕੂਲ 'ਚ ਕੋਈ ਵੀ ਡਿਗਰੀ ਪਾਸ ਅਧਿਆਪਕ ਨਹੀਂ ਸੀ। ਕਾਰਨ ਸੀ, ਗਰਮੀ ਦੀਆਂ ਛੁਟੀਆਂ ਹੋਣ ਤੋਂ ਪਹਿਲਾਂ ਸਾਰੇ ਅਧਿਆਪਕ ਰਿਲੀਵ ਕਰ ਦਿੱਤੇ ਜਾਂਦੇ ਸਨ। ਇਸ ਕਾਰਨ ਕੋਈ ਯੋਗ ਅਧਿਆਪਕ ਇਥੇ ਟਿਕਦਾ ਨਹੀਂ ਸੀ। ਇਹ ਸਾਡੇ ਚੰਗੇ ਭਾਗ ਸਨ, ਉਹ ਇੱਥੇ ਆ ਗਏ ਸਨ।

ਉਹ ਸਿੱਧੇ ਹੀ ਕਲਾਸ ਰੂਮ ਵਿਚ ਆਉਂਦੇ। ਚਪੜਾਸੀ ਚਰਨ ਸਿੰਘ ਉਨ੍ਹਾਂ ਲਈ ਸਟੀਲ ਦਾ

**ਕਰਮ ਸਿੰਘ ਮਾਨ**
**ਫੋਨ: 559-261-5024**

ਗਲਾਸ ਭਰ ਕੇ ਲੈ ਆਉਂਦਾ। ਉਹ ਪੜ੍ਹਾਈ ਵੀ ਜਾਂਦੇ ਤੇ ਚਾਹ ਪੀਣ ਵਾਂਗ ਚੁਸਕੀਆਂ ਭਰਦੇ ਰਹਿੰਦੇ। ਪਹਿਲੇ ਪੀਰੀਅਡ ਵਿਚ ਟੈਕਸਟ ਬੁੱਕ, ਦੂਜੇ ਵਿਚ ਗਰਾਮਰ ਤੇ ਲੇਖ ਆਦਿ ਪੜ੍ਹਾਈ ਜਾਂਦੇ। ਉਨ੍ਹਾਂ ਕਿਤਾਬ ਬੋਝੋਂ ਚੁੱਕਣੀ ਸੀ? ਸਭ ਕੁਝ ਤਾਂ ਉਨ੍ਹਾਂ ਦੇ ਪੋਟਿਆਂ 'ਤੇ ਸੀ।

ਅਸੀਂ ਚਰਨ ਸਿੰਘ ਚਪੜਾਸੀ ਨੂੰ ਪੁੱਛਦੇ, ਤੂੰ ਕੀ ਪਾ ਕੇ ਦਿੰਨਾਂ ਭਰ ਕੇ ਗਲਾਸ 'ਚ?

"ਗਰਮਾ-ਗਰਮ ਚਾਹ।" ਉਹ ਮੁਸਕਰਾਉਂਦਾ।

ਮਹੀਨੇ ਪਿੱਛੋਂ ਗਲਾਸ ਆਉਣਾ ਬੰਦ ਹੋ ਗਿਆ। ਹੌਲੀ ਹੌਲੀ ਚਪੜਾਸੀ ਦੇ ਮੂੰਹ 'ਚੋਂ ਗੱਲ ਨਿਕਲਦੀ ਨਿਕਲਦੀ ਨਿੱਕਲ ਹੀ ਗਈ ਕਿ ਉਹ ਗਲਾਸ ਸ਼ਰਾਬ ਦਾ ਹੁੰਦਾ ਸੀ।" ਉਸ ਨੇ ਦੱਸਿਆ ਸੀ ਕਿ ਹੈਡਮਾਸਟਰ ਸਾਹਿਬ ਨੇ ਸ਼ਰਾਬ ਪੀਣੀ ਛੱਡ ਦਿੱਤੀ ਸੀ। ਭਾਵੇਂ ਉਸ ਨੇ ਸ਼ਰਾਬ ਪੀਣੀ ਛੱਡ ਦਿੱਤੀ ਸੀ, ਪਰ ਪੜ੍ਹਾਉਣ ਵਿਚ ਕੋਈ ਫਰਕ ਨਾ ਪਿਆ। ਲਗਦਾ ਇੰਜ ਸੀ ਕਿ ਉਨ੍ਹਾਂ ਨੂੰ ਪੜ੍ਹਾਉਣ ਦਾ ਨਸ਼ਾ ਹੀ ਇੰਨਾ ਸੀ, ਜਿਸ ਸਾਹਮਣੇ ਸਾਰੇ ਹੀ ਨਸ਼ੇ ਤੁੱਛ ਸਨ।

ਬੱਚਿਆਂ ਨੂੰ ਫੇਲ੍ਹ ਕਰਨ ਬਾਰੇ ਉਨ੍ਹਾਂ ਦੇ ਵਿਚਾਰ ਵੱਖ ਸਨ, "ਜਿਹੜਾ ਬੱਚਾ ਸਾਲ ਭਰ ਸਕੂਲ 'ਚ ਹਾਜਰ ਰਹਿੰਦਾ ਹੈ, ਉਸ ਦਾ ਪਾਸ ਹੋਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ।"

ਇਕ ਸਾਲ ਪੰਜਾਬ ਸਕੂਲ ਸਿਖਿਆ ਸਕੂਲ ਬੋਰਡ ਨੇ ਅੱਠਵੀਂ ਦਾ ਇਮਤਿਹਾਨ ਬਲਾਕ ਪੱਧਰ 'ਤੇ ਲੈਣ ਦਾ ਫੈਸਲਾ ਕਰ ਲਿਆ। ਪ੍ਰਸ਼ਨ ਪੱਤਰ ਇੱਕੋ ਸਨ ਸਾਰੇ ਪੰਜਾਬ ਵਿਚ। ਸਿਰਫ ਇਮਤਿਹਾਨ ਲੈਣ ਪਿਛੋਂ ਨਤੀਜਾ ਬਲਾਕ ਪੱਧਰ 'ਤੇ ਤਿਆਰ ਕਰਨਾ ਸੀ। ਬਲਾਕ ਦਾ ਸਭ ਤੋਂ ਸੀਨੀਅਰ ਹੈਡਮਾਸਟਰ ਹੋਣ ਕਰਕੇ ਇਮਤਿਹਾਨ ਲੈਣ ਦੀ ਜਿੰਮੇਵਾਰੀ ਉਨ੍ਹਾਂ ਦੀ ਸੀ।

ਵਿਦਿਆਰਥੀਆਂ ਦੇ ਸੀਕਰੇਸੀ (ਗੁਪਤ) ਰੋਲ ਨੰਬਰ ਲਾਏ ਗਏ। ਸਾਰੇ ਨਿਗਰਾਨ ਅਮਲੇ ਦੀ ਡਿਊਟੀ ਲਾਈ ਗਈ। ਨਕਲ ਰੋਕੂ ਦੋ ਦਸਤੇ ਬਣਾਏ ਗਏ। ਇੱਕ ਦਸਤੇ ਦਾ ਮੁਖੀ ਖੁਸ਼ਹਾਲ ਸਿੰਘ ਆਪ ਸੀ। ਇਹ ਦਸਤਾ ਜਿਸ ਸੈਂਟਰ ਵਿਚ ਜਾਂਦਾ, ਉਥੇ ਬਹੁਤ ਰੋਹਬ ਝਾੜਦਾ। ਸੈਂਟਰ ਤੋਂ ਬਾਹਰ ਭਰੋਸੇਯੋਗ ਸੁਪਰਵਾਈਜ਼ਰ ਨੂੰ ਸੱਦ ਕੇ ਕਹਿੰਦਾ, "ਬ੍ਰਦਰ, ਆਹ ਲਉ ਰਜਿਸਟਰ। ਸੀਕਰੇਸੀ ਰੋਲ ਨੰਬਰ ਵੇਖ ਲਉ। ਕੋਈ ਮੂੰਹ-ਮੱਥੇ ਲਗਦਾ ਹੁੰਦਾ। ਆਪਾਂ ਹੋਰ ਕੀ ਕਿਸੇ ਦੀ ਜਮੀਨ ਦਾ ਇੰਤਕਾਲ ਕਰ ਸਕਦੇ ਹਾਂ। ਅੱਠਵੀਂ ਦਾ ਇਮਤਿਹਾਨ ਹੀ ਹੈ। ਐਵੇਂ ਨਾ ਕੈਂਬਰਿਜ ਯੂਨੀਵਰਸਟੀ ਬਣਾਈ ਰੱਖਿਉ। ਮਗਰੋਂ ਪਾਸ ਕਰਨੇ ਔਖੇ ਹੋ ਜਾਣਗੇ।"

ਇਹ ਸਭ ਕੁਝ ਕਰਨ ਪਿਛੋਂ ਵੀ ਜਦ ਨਤੀਜਾ ਕੱਢਿਆ ਗਿਆ ਤਾਂ ਪਾਸ 70% ਦੇ ਲਗਭਗ ਬਣਦੀ ਸੀ। ਇਸ ਨਾਲ ਉਹ ਬਹੁਤ ਹੀ ਬੇਚੈਨ ਹੋਏ। ਫੇਲ੍ਹ ਹੋਣ ਵਾਲੇ 30% ਸਨ।

ਇਕ ਵਿਦਿਆਰਥੀ ਦੇ ਦਸ ਨੰਬਰ ਸਨ। ਉਨ੍ਹਾਂ ਉਸ ਦੇ ਨਾਉਂ ਅੱਗੇ ਪਾਸ ਲਿਖ ਦਿੱਤਾ।

"ਇਹ ਕਿਵੇਂ ਜੀ?" ਵਿਸ਼ਾ ਅਧਿਆਪਕ ਨੇ ਪੁੱਛਿਆ।

"ਕਿਵੇਂ ਨੂੰ ਕੀ ਐ? ਵੀਹ ਨੰਬਰ ਗਰੇਸ ਦੇ ਜੋੜ ਲਉ।" ਨਤੀਜਾ ਤਿਆਰ ਕਰਨ ਵਾਲੇ ਅਧਿਆਪਕ ਨਿਰਾਸ਼ ਸਨ। ਇੱਕ ਹੱਥ ਦੀਆਂ ਉਂਗਲਾਂ ਦੇ ਪੋਟਿਆਂ 'ਤੇ ਗਿਣਨ ਜੋਗੇ ਵਿਦਿਆਰਥੀ ਹੀ ਪਾਸ ਹੋਣੋਂ ਰਹਿ ਗਏ ਸਨ।

ਨਕਲ ਬਾਰੇ ਉਨ੍ਹਾਂ ਦੇ ਵਿਚਾਰ ਹੀ ਅਜੀਬ ਸਨ, "ਇਕ ਤਾਂ ਅਮੀਰ ਤੇ ਸ਼ਹਿਰੀ ਬੱਚਿਆਂ ਕੋਲ ਪਿੰਡਾਂ ਵਿਚ ਪੜ੍ਹਨ ਵਾਲੇ ਬੱਚਿਆਂ ਨਾਲੋਂ ਵੱਧ ਸਾਧਨ ਹਨ ਤੇ ਦੂਸਰੇ ਉਹ ਸੁਲਝੇ ਤਰੀਕੇ ਨਾਲ ਹਰ ਹੱਥ-ਕੰਡਾ ਵਰਤ ਲੈਂਦੇ ਹਨ। ਮੁਕਾਬਲੇ ਵਿਚ ਹਰ ਗੱਲ ਜਾਇਜ਼ ਹੈ।"

ਕਈ ਵਾਰ ਕੋਈ ਮਨਚਲਾ ਵਿਦਿਆਰਥੀ ਕਹਿ ਦਿੰਦਾ, "ਜੇ ਅਸੀਂ ਨਕਲ ਮਾਰ ਕੇ ਹੀ ਪਾਸ ਹੋਣਾ ਹੈ ਤਾਂ ਸਾਡੇ ਹੱਥ ਡੰਡੇ ਨਾਲ ਕੁੱਟ ਕੁੱਟ ਕੇ ਕਿਉਂ ਨੀਲੇ ਕਰ ਦਿੰਨੇ ਓਂ?"

"ਜਦੋਂ ਕਾਲਜ 'ਚ ਮੁਕਾਬਲਾ ਕਰਨਾ ਪਿਆ ਤਾਂ ਕੀਹਦੀ ਮਾਂ ਨੂੰ ਮਾਸੀ ਕਹੋਗੇ? ਮੈਂ ਤਾਂ ਉਥੇ ਹੋਣਾ ਨੀ ਤੁਹਾਡਾ ਪਿਉ? ਕੀਹਨੂੰ ਬਾਪੂ ਕਹੋਗੇ?"

ਹੈਡਮਾਸਟਰ ਖੁਸ਼ਹਾਲ ਸਿੰਘ ਗਾਲ੍ਹਾਂ ਕੱਢਣ 'ਚ ਪੂਰੇ ਖੁਸ਼ਹਾਲ ਸਨ। ਉਹ ਗਾਲ੍ਹ ਕੱਢਦੇ ਢਾਈ ਨਾਲ ਢਾਈ ਜੋੜ ਕੇ ਗਾਲ੍ਹਾਂ ਦੀ ਲਾਸ ਵੱਟ ਦਿੰਦੇ। ਐਪਰ ਉਹ ਗਾਲ੍ਹ ਕਿਸੇ ਨੂੰ ਨੀਵਾਂ ਦਿਖਾਉਣ, ਕਿਸੇ ਦੀ ਹੇਠੀ ਕਰਨ, ਦੂਸਰੇ ਦੇ ਦਿਲ 'ਤੇ ਸੱਟ ਮਾਰਨ ਲਈ ਨਹੀਂ ਸੀ ਕਢਦੇ। ਉਹ ਗਾਲ੍ਹ ਕੱਢਦੇ, ਹਾਸੇ ਦੇ ਫੁਹਾਰੇ ਛੁੱਟ ਜਾਂਦੇ। ਅਸੀਂ ਭਾਵੇਂ ਪੱਗ ਬੰਨਣ ਵਿਚ ਕਿਸੇ ਨੇ ਉਨ੍ਹਾਂ ਦੀ ਨਕਲ ਕਦੇ ਨਾ ਕੀਤੀ ਪਰ ਗਾਲ੍ਹ ਦਾ ਸਾਡੇ ਸ਼ਬਦ-ਕੋਸ਼ ਵਿਚ ਲਗਾਤਾਰ ਵਾਧਾ ਹੁੰਦਾ ਗਿਆ। ਜਿੰਦਰ ਸਾਡਾ ਜਮਾਤੀ ਸੀ। ਉਸ ਦੇ ਘਰ ਦੇ ਜੀਅ ਉਸ ਦੀ ਨਵੀਂ ਸਿੱਖੀ ਗਾਲ੍ਹਾਂ ਕੱਢਣ ਦੀ ਕਲਾ ਤੋਂ ਅੱਕ ਗਏ। ਉਸ ਦੀ ਮਾਂ ਇਕ ਦਿਨ ਸਕੂਲ 'ਚ ਦੀਦ-ਫਰਿਆਦ ਕਰਨ ਆ ਗਈ, "ਭਾਈ ਖੁਸ਼ਹਾਲ ਸਿੰਆ, ਸਮਝਾਉ ਭਾਈ ਜਿੰਦੇ ਨੂੰ। ਉਹਨੂੰ ਗਾਲ੍ਹਾਂ ਕੱਢਣ ਦੀ ਭੈੜੀ ਆਦਤ ਪੈ ਗਈ ਆ। ਬੁਰਾ ਲਗਦਾ, ਭਾਈ ਇਉਂ ਤਾਂ।"

ਮੁੱਖ ਅਧਿਆਪਕ ਦੇ ਇਸ਼ਾਰੇ 'ਤੇ ਚਪੜਾਸੀ ਕੁਰਸੀ ਚੁੱਕ ਲਿਆਇਆ। ਬੇਬੇ ਜੀ ਕੁਰਸੀ 'ਤੇ ਬੈਠ ਗਈ। ਚਪੜਾਸੀ ਨੇ ਪਾਣੀ ਦਾ ਗਲਾਸ ਬੇਬੇ ਜੀ ਨੂੰ ਲਿਆ ਫੜਾਇਆ। ਉਹ ਕਲਾਸ 'ਚੋਂ ਜਿੰਦਰ ਨੂੰ ਸੱਦ ਲਿਆਇਆ।

"ਕਿਉਂ, ਖੋਤੇ ਦੇ ਖੁਰਾ। ਕੁੱਤੇ ਦੇ ਪੁੱਤਾ। ਮਾਂ ਦੇ...।" ਜਿੰਦਰ ਚੁੱਪ ਕਰ ਕੇ ਖੜ੍ਹਾ ਰਿਹਾ।

"ਮੁੰਡੇ ਦਾ ਕਸੂਰ ਨੀ ਭਾਈ।" ਬੇਬੇ ਜੀ ਮੂੰਹ 'ਚ ਚੁੰਨੀ ਲੈ ਕੇ ਹੱਸਦੇ ਮੁੜ ਗਏ।

"ਗਾਲ੍ਹਾਂ ਘਰੇ ਕੱਢਣ ਨੂੰ ਤਾਂ ਨ੍ਹੀਂ ਹੁੰਦੀਆਂ?" ਉਸ ਨੇ ਮੁਸਕਰਾਉਂਦਿਆਂ ਜਿੰਦਰ ਨੂੰ ਕਿਹਾ।

ਇੱਕ ਦੂਜੇ ਨੂੰ ਗਾਲ੍ਹ ਕੱਢਣਾ ਅਧਿਆਪਕਾਂ ਦਾ ਸ਼ੁਗਲ ਬਣ ਗਿਆ ਸੀ। ਸਭ ਤੋਂ ਵੱਡਾ ਸ਼ੁਗਲ ਉਸ ਤੋਂ ਸਾਥੀ ਅਧਿਆਪਕਾਂ ਨੂੰ ਇਕ ਦੂਜੇ ਨੂੰ ਗਾਲ੍ਹ ਕਢਵਾਉਣਾ। ਹਿੰਦੀ ਅਧਿਆਪਕ ਰਾਮ ਦਾਸ ਪੰਡਿਤ ਸੀ। ਇੱਕ ਅਧਿਆਪਕ ਨੇ ਸਿੰਗੜੀ ਛੇੜ ਦਿੱਤੀ, "ਸਰਪੰਚ ਸਰੂਪ ਚੰਦ ਨੂੰ ਤੁਸੀਂ ਕਿੰਨੀ ਵਾਰ ਸੱਦਿਆ। ਜੇ ਵੇਲੇ ਸਿਰ ਆ ਜਾਂਦਾ ਤਾਂ ਹੁਣ ਤੱਕ ਤਾਂ ਸਕੂਲ ਦੀ ਚਾਰ-ਦੀਵਾਰੀ ਦਾ ਕੰਮ ਨੇਪਰੇ ਚੜ੍ਹਿਆ ਹੁੰਦਾ? ਨਾ ਹੀ ਤੁਹਾਡੇ ਕਹਿਣ 'ਤੇ ਪੰਡਿਤ ਪੰਚ ਹਰੀ ਰਾਮ ਆਇਆ। ਦੋਵੇਂ ਪੰਡਿਤ ਆਪਣੇ ਆਪ ਨੂੰ ਨਾਢੂ ਖਾਂ ਦੇ ਸਾਲੇ ਸਮਝਦੇ ਆ।"

"ਹਾਂ ਬ੍ਰਦਰ! ਸਭ ਬਾਹਮਣ ਕੱਟੇ ਦੇ ਪੁੱਤ ਹੁੰਦੇ ਆ।" ਜਦ ਉਸ ਨੇ ਸਿਰ ਚੁੱਕ ਕੇ ਵੇਖਿਆ ਤਾਂ ਸਾਹਮਣੇ ਮਦਨ ਗੁਪਾਲ ਕਲਰਕ ਬੈਠਾ ਵੇਖ ਕੇ ਉਨ੍ਹਾਂ ਇੱਕ ਦਮ ਸੁਰ ਬਦਲੀ, "ਆਪਣੇ ਗੁਪਾਲ ਤੋਂ ਬਿਨਾ!"

ਜਿੰਨਾ ਚਿਰ ਕੋਈ ਨਵਾਂ ਅਧਿਆਪਕ ਸਕੂਲ 'ਚੋਂ ਗੈਰਹਾਜਰ ਰਹਿ ਕੇ ਹਾਜਰੀ ਨਹੀਂ ਸੀ ਲਾਉਂਦਾ, ਉਨਾ ਚਿਰ ਉਸ ਨੂੰ ਚੈਨ ਨਹੀਂ ਸੀ ਆਉਂਦੀ। ਉਨ੍ਹਾਂ ਦਾ ਤਰਕ ਸੀ, "ਜਾਂ ਤਾਂ ਅਧਿਆਪਕ ਜੇ ਕੋਈ ਮਜਬੂਰੀ ਹੈ ਤਾਂ ਘਰੇ ਰਹਿ ਕੇ ਕੰਮ ਕਰੇ ਨਹੀਂ ਤਾਂ ਪੂਰੀ ਤਨਦੇਹੀ ਨਾਲ ਪੜ੍ਹਾਵੇ, ਸਕੂਲ ਆ ਕੇ ਵਿਹਲੇ ਬੈਠ ਕੇ ਕੁਰਸੀਆਂ ਤੋੜਨ ਦਾ ਕੀ ਫਾਇਦਾ?"

ਸਾਰੇ ਅਧਿਆਪਕ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਪਰ ਜੇ ਕੋਈ ਅਧਿਆਪਕ ਇਸ ਦੀ ਹੱਦ ਦੀ ਤੋੜ ਦਿੰਦਾ, ਜਦ ਉਹ ਚਾਰ-ਪੰਜ ਦਿਨ ਬਾਅਦ ਆਉਂਦਾ ਤਾਂ ਮੁੱਖ ਅਧਿਆਪਕ ਖੱਬੇ ਹੱਥ ਫੜਿਆ ਹਾਜਰੀ ਰਜਿਸਟਰ ਉਸ ਵੱਲ ਕਰ ਦਿੰਦਾ ਤੇ ਆਪਣਾ ਮੂੰਹ ਦੂਜੇ ਪਾਸੇ ਨੂੰ ਘੁਮਾ ਲੈਂਦਾ। ਮੂੰਹੋਂ ਕੁਝ ਨਾ ਬੋਲਦਾ। ਉਸ ਦੀ ਸਾਹਿਬ ਸਲਾਮ ਦਾ ਠੰਢਾ ਜਿਹਾ ਹੁੰਗਾਰਾ ਭਰਦਾ।

ਜੇ ਕੋਈ ਅਧਿਆਪਕ ਜਾਣ-ਬੁੱਝ ਕੇ ਬਿਨਾ ਕਿਸੇ ਕੰਮ ਕਾਰ ਤੋਂ ਗੈਰਹਾਜਰ ਰਹਿੰਦਾ ਤਾਂ ਉਸ ਨੂੰ ਸਕੂਲ ਦੀ ਕੋਈ ਮਾੜੀ-ਮੋਟੀ ਚੀਜ਼ ਖਰੀਦਣ ਲਈ ਡਿਊਟੀ 'ਤੇ ਭੇਜ ਦਿੰਦੇ। ਅਧਿਆਪਕ ਚੀਜ਼ ਲੈ ਆਉਂਦਾ ਪਰ ਉਸ ਖਰੀਦੀ ਚੀਜ਼ ਦੇ ਪੈਸੇ ਉਸ ਨੂੰ ਕਦੇ ਵੀ ਨਾ ਮਿਲਦੇ।

ਅੱਧੀ ਛੁੱਟੀ ਵੇਲੇ ਸਾਰੇ ਅਧਿਆਪਕ ਇਕੱਠੇ ਰੋਟੀ ਖਾਂਦੇ। ਉਹ ਰੋਟੀਆਂ ਘਰੋਂ ਲੈ ਆਉਂਦੇ, ਸਬਜੀ ਸਭ ਲਈ ਇਕੱਠੀ ਸਕੂਲ 'ਚ ਹੀ ਬਣਦੀ। ਜੇ ਉਸ ਦਿਨ ਸਟਾਫ ਵਿਚ ਕੋਈ ਤੱਤੀ-ਠੰਢੀ ਹੋ ਜਾਂਦੀ, ਬਾਕੀ ਸਾਰੇ ਅਧਿਆਪਕ ਕਸੂਰਵਾਰ ਨੂੰ ਕੋਸ ਕੇ ਠੰਡਾ ਛਿੜਕ ਦਿੰਦੇ।

ਉਹ ਕਿਸੇ ਨਾਲ ਗੱਲ ਕਰਨ ਤੋਂ ਪਹਿਲਾਂ ਹੀ ਜਾਣ ਲੈਂਦੇ ਸਨ, ਮਨੋਵਿਗਿਆਨੀ ਪੁਰਸ਼। ਉਹ ਅਭਿਲਾਸ਼ੀ ਦੀ ਇੱਛਾ ਪੂਰੀ ਕਰਨ ਦਾ ਵਾਅਦਾ ਤਾਂ ਕਰ ਲੈਂਦੇ, ਪਰ ਝੋਲੀ ਉਸ ਦੀ ਸਦਾ ਸੱਖਣੀ ਹੀ ਰਹਿੰਦੀ। ਉਨ੍ਹਾਂ ਦੇ ਬਖਸ਼ੇ ਪੁੱਤ ਕਦੇ ਜੁਆਨ ਨਾ ਹੁੰਦੇ। ਜੁਆਨ ਹੋਣ ਦੀ ਗੱਲ ਛੱਡੋ, ਉਹ ਕਦੇ ਪੰਘੂੜੇ ਹੀ ਨਾ ਪੈਂਦੇ।

ਗੱਲਾਂ ਤਾਂ ਉਨ੍ਹਾਂ ਬਾਰੇ ਕਰਨ ਨੂੰ ਬਥੇਰੀਆਂ ਹਨ, ਪਰ ਕਰਨ ਵਾਲੀ ਗੱਲ ਤਾਂ ਕਰਨੀ ਬਣਦੀ ਹੀ ਹੈ। ਖੁਸ਼ਹਾਲ ਸਿੰਘ ਦੇ ਵਿਅੰਗ ਦਾ ਕੀ ਕਹਿਣਾ!

ਦਿਨ ਦੇ ਦੋ ਵਜੇ ਸਨ। ਗਰਮੀਆਂ 'ਚ ਸਕੂਲ ਬੰਦ ਹੋਣ ਨੂੰ ਹੀ ਸੀ, ਜਿਲਾ ਸਿਖਿਆ ਅਫਸਰ



ਹਰਸਰਨ ਕੌਰ ਚੈਕਿੰਗ ਕਰਨ ਲਈ ਆ ਗਏ। ਉਹ ਸਾਰੀਆਂ ਕਲਾਸਾਂ 'ਚ ਗਏ। ਪੜ੍ਹਾਈ ਦਾ ਪੱਧਰ ਵੇਖ ਕੇ ਬਹੁਤ ਹੀ ਖੁਸ਼ ਹੋ ਗਏ। ਕਲਾਸਾਂ ਵੇਖ ਕੇ ਦਫਤਰ ਵਿਚ ਆ ਗਏ। ਕੁਰਸੀ ਦੁਆਲੇ ਕੁਝ ਕਾਗਜ਼ ਖਿਲਰੇ ਪਏ ਸਨ। "ਹੈਡਮਾਸਟਰ ਸਾਹਿਬ ਕੁੱਤਾ ਵੀ ਪੂਛ ਮਾਰ ਕੇ ਬਹਿੰਦਾ ਹੈ। ਸਫਾਈ ਦਾ ਖਿਆਲ ਰੱਖ ਲਿਆ ਕਰੋ।"

"ਕੁੱਤਾ ਆਦਮੀ ਤੇ ਆਦਮੀ ਕੁੱਤਾ।" ਇਹ ਕਹਿ ਕੇ ਖੁਸ਼ਹਾਲ ਸਿੰਘ ਹੱਸ ਪਏ। ਜਿਲਾ ਸਿਖਿਆ ਅਫਸਰ ਹੈਰਾਨੀ ਨਾਲ ਝਾਕੀ। ਚਾਹ-ਪਾਣੀ ਪਿਛੋਂ ਮੁੱਖ ਅਧਿਆਪਕ ਨੇ ਕਿਹਾ, "ਬੀਬੀ ਜੀ, ਇਸ ਪਿੰਡ ਦੇ ਡੇਰੇ ਦੇ ਸੰਤ ਬਹੁਤ ਕਰਨੀ ਵਾਲੇ ਨੇ। ਉਨ੍ਹਾਂ ਨੇ ਆਪਣੀ ਸਾਰੀ ਜਾਇਦਾਦ ਸਕੂਲ ਲਈ ਦਿੱਤੀ ਹੈ। ਸਾਰੀ ਬਿਲਡਿੰਗ ਉਨ੍ਹਾਂ ਨੇ ਹੀ ਬਣਾਈ ਹੈ। ਤੁਸੀਂ ਸੰਤਾਂ ਦੇ ਦਰਸ਼ਨ ਕਰ ਆਉਣੇ ਸਨ, ਪਰ ਹੁਣ ਤਾਂ ਉਨ੍ਹਾਂ ਦੇ ਅਰਾਮ ਕਰਨ ਦਾ ਸਮਾਂ ਹੈ।"

ਇੱਕ ਤਰੀਕੇ ਨਾਲ ਉਨ੍ਹਾਂ ਨੇ ਜਿਲਾ ਅਫਸਰ ਦਾ ਮੂੰਹ ਹੀ ਬੰਦ ਕਰ ਦਿੱਤਾ। ਉਸ ਦੇ ਜਾਣ ਪਿਛੋਂ ਬੋਲੇ, "ਬ੍ਰਦਰ, ਜਾਣਾ ਤਾਂ ਇਸ ਨੇ ਸੰਤਾਂ ਦੇ ਡੇਰੇ ਸੀ, ਪਰ ਭੁੱਲ ਕੇ ਆ ਗਈ ਸਕੂਲ 'ਚ। ਇਸ ਦੀ ਕੁੱਖ ਹਰੀ ਨ੍ਹੀਂ ਹੋਈ। ਮੁੰਡਾ ਇੱਥੋਂ ਥੋੜ੍ਹਾ ਮਿਲਣਾ ਸੀ! ਸਿੱਧਾ ਜਾਂਦੀ ਸਾਧ ਦੇ ਡੇਰੇ! ਫਿਰ ਪੁੱਤ ਬਥੇਰੇ!" ਹਾਸੇ ਦੀ ਫੁਹਾਰ ਤਾਂ ਫੁੱਟ ਹੀ ਪੈਣੀ ਸੀ।

ਮਾਰਚ ਮਹੀਨੇ ਦਾ ਆਖਰੀ ਹਫਤਾ ਸੀ। ਇਸ ਹਫਤੇ ਸਕੂਲ ਵਿਚ ਵਿਦਿਆਰਥੀ ਘੱਟ ਹੀ ਆਉਂਦੇ। ਅਧਿਆਪਕ ਵੀ ਅਵੇਸਲੇ ਹੋ ਜਾਂਦੇ। ਸਵੇਰ ਦੀ ਪ੍ਰਾਰਥਨਾ ਦਾ ਸਮਾਂ ਸੀ। ਮੁੱਖ ਅਧਿਆਪਕ ਬੋਲ ਰਹੇ ਸਨ, "ਬੱਚਿਓ ਵੇਲੇ ਸਿਰ ਸਕੂਲ ਆਇਆ ਕਰੋ। ਸਜ਼ਾ ਮਿਲੇਗੀ, ਜੇ ਵੇਲੇ ਸਿਰ ਨਾ ਕੋਈ ਆਇਆ ਤਾਂ?"

ਗੁਰਬੰਤ ਸਿੰਘ ਉਪ ਮੁੱਖ ਅਧਿਆਪਕ ਅੱਜ ਕੁਝ ਲੇਟ ਸੀ। ਉਸ ਨੇ ਸਮਝਿਆ ਕਿ ਇਹ ਸਭ ਕੁਝ ਉਸ ਨੂੰ ਹੀ ਕਿਹਾ ਗਿਆ ਹੈ। ਉਹ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਇਕ ਦਮ ਬੁੜਕ ਪਿਆ, "ਇੱਥੇ ਲੋਕ ਚਾਰ ਚਾਰ ਦਿਨ ਨ੍ਹੀਂ ਆਉਂਦੇ, ਮੇਰਾ ਦਸ ਮਿੰਟ ਲੇਟ ਆਉਣਾ ਵੀ ਚੁਭ ਗਿਆ।"

"ਬ੍ਰਦਰ! ਮੈਂ ਤੈਨੂੰ ਵੇਖਿਆ ਨ੍ਹੀਂ। ਮੈਂ ਤਾਂ ਸਹਿਵਨ ਹੀ ਬੱਚਿਆਂ ਨੂੰ ਕਿਹਾ। ਛੋਟੇ ਵੀਰ ਮੈਂ ਤੈਨੂੰ ਕਿਵੇਂ ਕਹਿ ਸਕਦਾਂ?" ਮੁੱਖ ਅਧਿਆਪਕ ਜਿੰਨੇ ਪਿਆਰ ਨਾਲ ਗੱਲਾਂ ਕਰਦਾ ਸੈਕੰਡ ਮਾਸਟਰ ਉਸ ਤੋਂ ਵੀ ਵੱਧ ਝੱਗ-ਉਗਲਦਾ। ਬੱਚਿਆਂ 'ਤੇ ਇਸ ਦਾ ਅਸਰ ਤਾਂ ਹੋਣਾ ਈ ਸੀ। ਅਖੀਰ ਉਹ ਵੀ ਗਰਮ ਹੋ ਕੇ ਬੋਲੇ, "ਚੁੱਪ ਕਰ ਉਏ ਮੁਚਨੂੰ ਜਿਹਾ। ਮੈਂ ਜਮਾਂਦਰੂ ਹੈਡਮਾਸਟਰ ਹਾਂ। ਤੀਹ ਸਾਲ ਇੱਥੇ ਬੁਝਿਆਂ 'ਚ ਹੈਡਮਾਸਟਰੀ ਕੀਤੀ ਹੈ। ਤੈਥੋਂ ਤੀਹ ਘੰਟੇ ਵੀ ਨਹੀਂ ਹੋਣੀ।"

ਜੇ ਕਿਸੇ ਦਾ ਕਿਸੇ ਗੱਲ ਕਾਰਨ ਤਕਰਾਰ ਹੋ ਵੀ ਜਾਵੇ ਤਾਂ ਪਹਿਲੇ ਜਾਂ ਦੂਜੇ ਪੀਰੀਅਡ ਵਿਚ ਨਹੀਂ ਤਾਂ ਹੱਦ ਦੁਪਹਿਰ ਦੀ ਛੁੱਟੀ ਵੇਲੇ ਸਭ ਖਤਮ ਹੋ ਜਾਂਦਾ। ਕੋਈ ਕੁੜਿਤਣ ਨਾ ਰਹਿੰਦੀ।

ਇੱਕ ਦਿਨ ਪਹਿਲੇ ਪੀਰੀਅਡ ਦੀ ਘੰਟੀ ਵੱਜੀ। ਕਿਸੇ ਨੇ ਕੋਈ ਗੱਲ ਨਾ ਤੋਰੀ। ਦੂਜੇ ਪੀਰੀਅਡ ਦੀ ਘੰਟੀ ਖੜਕੀ। ਉਸ ਨੇ ਦੂਜੇ ਮਾਸਟਰ ਨੂੰ ਆਪਣੇ ਕੋਲ ਦਫਤਰ ਬੁਲਾਇਆ। ਤੀਜੇ 'ਚ ਤੀਜੇ ਨੂੰ। ਹਰ ਕਿਸੇ ਨੇ ਸਵੇਰ ਦੀ ਘਟਨਾ ਬਾਰੇ ਗੱਲ ਨਾ ਤੋਰੀ। ਅਸਲ ਵਿਚ ਸਾਰੇ ਅਧਿਆਪਕਾਂ ਨੇ ਮਿੱਥ ਲਈ ਸੀ ਕਿ ਅੱਜ ਸਮਝੌਤਾ ਕਰਨ ਲਈ ਕੋਈ ਗੱਲ ਤੋਰਨੀ ਨਹੀਂ। ਅੱਧੀ ਛੁੱਟੀ ਦਾ ਸਮਾਂ ਵੀ ਸਭ ਨੇ ਇੱਧਰ-ਉੱਧਰ ਦੀਆਂ ਗੱਲਾਂ 'ਚ ਲੰਘਾ ਦਿੱਤਾ। ਆਖਰ ਛੁੱਟੀ ਦੀ ਘੰਟੀ ਵੱਜੀ। ਸਾਰੇ ਅਧਿਆਪਕ ਹਾਜਰੀ ਲਾ ਰਹੇ ਸਨ।

"ਵੇਖ ਗੁਰਬੀਰ। ਮੈਂ ਤੇਰਾ ਹੈਡਮਾਸਟਰ, ਤੂੰ ਮੇਰਾ ਸੈਕੰਡ ਮਾਸਟਰ। ਅਹੁ ਪੰਜਵੇਂ ਪਾਤਸ਼ਾਹ ਦਾ ਗੁਰਦੁਆਰਾ। ਮੈਂ ਉਸ ਵੱਲ ਹੱਥ ਕੀਤਾ। ਨਾ ਮੇਰੇ ਦਿਲ 'ਚ ਖੋਟ ਤੇ ਨਾ ਹੀ ਤੇਰੇ 'ਚ। ਕੁੱਤੇ ਦੇ ਪੁੱਤਾਂ ਨੇ ਅੱਜ ਆਪਣਾ ਸਮਝੌਤਾ ਨ੍ਹੀਂ ਕਰਾਇਆ।" ਕਹਿੰਦਿਆਂ ਉਨ੍ਹਾਂ ਨੇ ਗੁਰਬੀਰ ਨੂੰ ਜੱਫੀ ਪਾ ਲਈ।

"ਛਕ ਲੈ ਚਾਹ ਨਾਲ ਪਕੌੜੇ! ਨਾ ਕਰਾਓ ਸਮਝੌਤਾ।" ਇੰਜ ਲੱਗਾ ਜਿਵੇਂ ਕੁਝ ਵੀ ਨਾ ਵਾਪਰਿਆ ਹੋਵੇ।

ਜ਼ਿੰਦਗੀ ਵਿਚ ਹਾਰਨਾ ਉਨ੍ਹਾਂ ਨੂੰ ਉਕਾ ਹੀ ਪਸੰਦ ਨਹੀਂ ਸੀ। ਉਹ ਛੋਟੀ ਕਿਤੇ ਹਾਰ ਬਰਦਾਸ਼ਤ ਨਹੀਂ ਸੀ ਕਰ ਸਕਦੇ। ਇਕ ਵਾਰ ਉਲੰਪਿਕਸ ਖੇਡਾਂ 'ਚ ਪਾਕਿਸਤਾਨ ਤੇ ਭਾਰਤ 'ਚ ਫਸਵਾਂ ਮੈਚ ਚੱਲ ਰਿਹਾ ਸੀ। ਅਚਾਨਕ ਪਾਕਿਸਤਾਨੀ ਟੀਮ ਨੂੰ ਪੈਨਲਟੀ ਕਾਰਨਰ ਮਿਲ ਗਿਆ, ਜੋ ਉਨ੍ਹਾਂ ਗੋਲ ਵਿਚ ਬਦਲ ਦਿੱਤਾ। ਉਨ੍ਹਾਂ ਸ਼ੀਸ਼ੇ ਦਾ ਪੇਪਰ ਵੇਟ ਚੁੱਕ ਕੇ ਰੇਡੀਓ ਦੀ ਸਕਰੀਨ ਵੱਲ ਚਲਾ ਕੇ ਮਾਰਿਆ। ਚੰਗੇ ਭਾਗਾਂ ਨੂੰ ਨਿਸ਼ਾਨਾ ਖੁੰਝ ਗਿਆ ਅਤੇ ਉਹ ਮੈਚ ਦੀ ਕੁਮੈਂਟਰੀ ਸੁਣਦਾ ਉਠ ਕੇ ਚਲਾ ਗਿਆ। ਪੰਜ ਮਿੰਟ ਬਾਅਦ ਭਾਰਤੀ ਟੀਮ ਨੇ ਗੋਲ ਦਾਗ ਕੇ ਬਰਾਬਰੀ 'ਤੇ ਲੈ ਆਂਦਾ। ਉਹ ਮੁੜ ਵਾਪਸ ਆ ਕੇ ਫਿਰ ਮੈਚ ਦੇਖਣ ਲੱਗ ਪਏ। ਇਕ ਗੋਲ ਹੋਰ ਦਾਗ ਕੇ ਭਾਰਤੀ ਟੀਮ ਜੇਤੂ ਰਹੀ। ਹੈਡਮਾਸਟਰ ਨੇ ਤੁਰੰਤ ਚਪੜਾਸੀ ਚਰਨ ਸਿੰਘ ਨੂੰ ਛੁੱਟੀ ਦੀ ਘੰਟੀ ਵਜਾਉਣ ਲਈ ਕਹਿ ਦਿੱਤਾ।

ਹੈਡਮਾਸਟਰ ਖੁਸ਼ਹਾਲ ਸਿੰਘ ਨੂੰ ਦਸਵੀਂ ਦੇ ਇਮਤਿਹਾਨ 'ਚ ਗੈੱਸ ਪੇਪਰ ਲਾਉਣ ਦਾ ਬਹੁਤ ਸ਼ੌਕ ਸੀ। ਉਹ ਕਹਾਣੀ, ਲੇਖ ਦਾ ਗੈੱਸ ਤਾਂ ਲਾਉਣਾ ਹੀ ਸੀ, ਉਹ ਕਿਹੜਾ ਪਹਿਰਾ ਪੈਰਾਫਰੇਜ਼ ਕਰਨਾ ਹੈ, ਟਰਾਂਸਲੇਸ਼ਨ ਅਤੇ ਰੀਟ੍ਰਾਂਸਲੇਸ਼ਨ ਦੇ ਕਿਹੜੇ ਪਹਿਰੇ ਆਉਣਗੇ ਅਤੇ ਗਰਾਮਰ ਦੇ ਨੈਰੇਸ਼ਨ, ਐਕਟਿਵ-ਪੈਸਿਵ ਵਾਇਸ ਦੇ ਕਿਹੜੇ, ਪ੍ਰੋਪੋਜੀਸ਼ਨਾਂ ਕਿਹੜੀਆਂ ਆਉਣਗੀਆਂ ਅਤੇ ਹੋਰ ਗਰਾਮਰ ਦੇ ਕਿਹੜੇ ਵਾਕ ਹੋਣਗੇ-ਇਹ ਸਭ ਦਾ ਗੈੱਸ ਉਹ ਬੜੇ ਸ਼ੌਕ ਨਾਲ ਲਾਉਂਦੇ। ਉਨ੍ਹਾਂ ਦਾ ਗੈੱਸ ਲਗਭਗ 80% ਠੀਕ ਹੁੰਦਾ। ਖੁਦਾ ਨਾ ਖਾਸਤਾ ਉਨ੍ਹਾਂ ਦਾ ਗੈੱਸ ਜੇ ਠੀਕ ਨਾ ਨਿਕਲਦਾ ਤਾਂ ਉਹ ਗੰਭੀਰ ਹੋ ਕੇ ਕਹਿੰਦੇ, "ਪੇਪਰ ਸੈਟ ਕਰਨਾ ਵੀ ਇੱਕ ਕਲਾ ਹੈ। ਨਾ ਤਜ਼ਰਬਾਕਾਰ ਤੇ ਮੱਤਹੀਣ ਆਪਣੇ ਚਹੇਤਿਆਂ ਨੂੰ ਪੇਪਰ ਸੈਟਰ ਲਾ ਦਿੰਦੇ ਹਨ। ਸ਼ੁੱਧ ਮੂਰਖ।"

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਹ ਸ਼ੈਦਾਈ ਸਨ। ਸਕੂਲ ਵਿਚ ਪੰਜਾਬੀ ਲਾਇਬ੍ਰੇਰੀ ਬਣਾ ਲਈ। ਵਿਦਿਆਰਥੀਆਂ ਦੀ ਸਾਹਿਤ ਸਭਾ ਬਣਾਈ। ਸਕੂਲ ਦੇ ਭਾਸ਼ਣ ਮੁਕਾਬਲਿਆਂ ਅਤੇ ਕਵਿਤਾ ਪਾਠ ਦੀਆਂ ਟੀਮਾਂ ਦੀ ਧਾਂਕ ਪਈ ਹੋਈ ਸੀ। ਕੋਈ ਹੀ ਫੰਕਸ਼ਨ ਹੋਵੇਗਾ, ਜਿੱਥੋਂ ਟੀਮਾਂ ਜਿੱਤ ਕੇ ਨਾ ਆਈਆਂ ਹੋਣ।

ਇੱਕ ਵਾਰ ਉਹ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਮੁੱਖ ਚੈਕਰ ਸਨ। ਉਨ੍ਹਾਂ ਕੋਲ 10-15 ਅਧਿਆਪਕਾਂ ਵੱਲੋਂ ਮਾਰਕ ਕੀਤੇ ਪਰਚੇ ਪਹੁੰਚੇ। 10% ਪਰਚੇ ਆਪ ਵੇਖਣੇ ਸਨ। ਜੇ ਕਿਸੇ ਨੇ ਕਿਸੇ ਬੱਚੇ ਦੇ ਵੱਧ ਘੱਟ ਨੰਬਰ ਲੱਗੇ ਹੋਣ ਤਾਂ ਉਸ ਨੂੰ ਦਰੁਸਤ ਕਰਨਾ ਸੀ। ਇੱਕ ਬੱਚੇ ਦੇ 56% ਨੰਬਰ ਲੱਗੇ ਸਨ। ਉਨ੍ਹਾਂ ਪੰਜਾਬੀ ਅਧਿਆਪਕ ਨੂੰ ਇਹ ਪੇਪਰ ਮੁੜ ਚੈਕ ਕਰਨ ਲਈ ਕਿਹਾ। ਉਸ ਨੇ ਨੰਬਰ ਘਟਾ ਕੇ 48% ਕਰ ਦਿੱਤੇ। ਖੁਸ਼ਹਾਲ ਸਿੰਘ ਨੇ ਕੱਟ ਕੇ 86% ਕਰ ਦਿੱਤੇ।

"ਇਹ ਕਿਉਂ?"

ਜਵਾਬ ਸੀ, "ਜੇ ਚੰਗੇ ਨੰਬਰ ਲਾਏ ਹੋਣਗੇ ਤਾਂ ਵਧੇਰੇ ਬੱਚੇ ਪੰਜਾਬੀ ਪੜ੍ਹਨਗੇ। ਖਾਸ ਕਰ ਉਥੇ ਜਿੱਥੇ ਪੰਜਾਬੀ ਦੂਜੀ ਭਾਸ਼ਾ ਦੇ ਆਧਾਰ 'ਤੇ ਪੜ੍ਹਾਈ ਜਾਂਦੀ ਹੋਵੇ।"

ਆਲਸ ਦਾ ਖੁਸ਼ਹਾਲ ਸਿੰਘ ਪੱਕਾ ਵੈਰੀ ਸੀ। ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਵਾਂ ਜਨਮ ਦਿਨ ਸੀ। ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਪੈਂਫਲਿਟ ਕੱਢਣ ਦੀ ਉਨ੍ਹਾਂ ਨੇ ਰਾਏ ਦੇ ਦਿੱਤੀ। "ਪੈਸੇ ਕਿੱਥੋਂ ਆਉਣਗੇ? ਸਾਥੀ ਅਧਿਆਪਕਾਂ ਨੇ ਢਿੱਲੀ ਰਾਏ ਦਿੱਤੀ। ਤੀਜੇ ਦਿਨ ਪੈਂਫਲਿਟ ਛਪ ਕੇ ਆ ਗਏ। ਉਹ ਦਸ ਮੀਲ ਤੈਅ ਕਰਕੇ ਸ਼ਹਿਰ ਗਏ। ਵਕੀਲਾਂ ਦੇ ਦਰ 'ਤੇ ਜਾ ਅਲਖ ਜਗਾਈ। ਉਨ੍ਹਾਂ ਦੇ ਦਿੱਤੇ ਪੈਸਿਆਂ ਨਾਲ 500 ਪੈਂਫਲਿਟ ਛਪਵਾ ਕੇ ਤੀਜੇ ਦਿਨ ਸਕੂਲ ਲਿਆ ਕੇ ਵੰਡ ਦਿੱਤੇ। ਉਨ੍ਹਾਂ ਕਦੋਂ ਪੈਂਫਲਿਟ ਲਿਖਿਆ? ਕਿਸੇ ਨੂੰ ਪਤਾ ਨਹੀਂ ਸੀ। ਜੋ ਇੱਕ ਹੱਥ ਕਰਦਾ, ਦੂਜੇ ਹੱਥ ਤੱਕ ਉਸ ਦਾ ਪਤਾ ਨਹੀਂ ਸੀ ਲੱਗਣ ਦਿੰਦਾ।

ਹੁਣ ਆਈਏ, ਉਨ੍ਹਾਂ ਦੀ ਵਿਚਾਧਾਰਕ ਪਰਪੱਕਤਾ ਵੱਲ, ਉਨ੍ਹਾਂ ਦੀਆਂ ਰਾਜਨੀਤਕ ਤੇ ਸਮਾਜਕ ਕਦਰਾਂ ਕੀਮਤਾਂ ਵੱਲ। ਖੁਸ਼ਹਾਲ ਸਿੰਘ ਦੀ ਸਰਵਿਸ ਦਾ ਆਖਰੀ ਸਾਲ ਸੀ। ਸਟਾਫ ਨੇ ਸੋਚਿਆ, ਮੁੱਖ ਅਧਿਆਪਕ ਵਾਸਤੇ ਨੈਸ਼ਨਲ ਅਵਾਰਡ ਲਈ ਦਰਖਾਸਤ ਕਰਨ। ਇਸ ਨਾਲ ਸਨਮਾਨ ਦੀ ਰਾਸ਼ੀ ਦੇ ਨਾਲ ਇੱਕ ਸਾਲ ਦੀ ਹੋਰ ਸੇਵਾ ਕਾਲ ਦਾ ਵਾਧਾ ਹੋਵੇਗਾ। ਕੇਸ ਤਿਆਰ ਕਰਕੇ ਭੇਜ ਦਿੱਤਾ। ਰਿਜਲਟ ਦੀ ਬੜੀ ਬੇਸਬਰੀ ਨਾਲ ਉਡੀਕ ਹੋਣ ਲੱਗੀ। ਇਹ ਕਿਸੇ ਹੱਦ ਤੱਕ ਸਹੀ ਵੀ ਸੀ ਕਿ ਸਾਰੇ ਅਵਾਰਡ ਰਾਜਸੀ ਆਗੂਆਂ ਦੀ ਸਿਫਾਰਸ਼ ਨਾਲ ਹੀ ਮਿਲਦੇ ਹਨ। ਇਸ ਸਿਫਾਰਸ਼ ਦੀ ਭੱਜ ਦੌੜ ਵਿਚ ਸਟਾਫ ਨੇ ਬਹੁਤ ਭੱਜ ਨੱਠ ਕੀਤੀ। ਨਾਲ ਸੰਸਾਰ ਚੰਦ ਕਾਂਗਰਸ ਦੇ ਜਨਰਲ ਸੈਕਟਰੀ 'ਤੇ ਸਾਰੀ ਟੇਕ ਸੀ, ਜਿਸ ਦੇ ਨੇੜੇ ਹੋਣ ਦਾ ਖੁਸ਼ਹਾਲ ਸਿੰਘ ਮਾਣ ਕਰਦੇ ਸਨ। ਆਖਰ ਉਹ ਪਾਰਟੀ ਦੇ ਤਹਿ ਦਿਲੋਂ ਸਮਰਥਕ ਸਨ।

ਸਾਰੇ ਸਾਥੀ ਸੱਚੇ ਦਿਲੋਂ ਇਸ ਨੈਸ਼ਨਲ ਅਵਾਰਡ ਲਈ ਜੋਰ ਲਾ ਰਹੇ ਸਨ। ਦੂਜੇ ਪਾਸੇ ਇਸ ਇਨਾਮ ਲਈ ਕਿਸੇ ਕਿਸਮ ਦਾ ਹਾਸਾ ਮਖੌਲ ਕਰਨ ਤੋਂ ਵੀ ਸੰਕੋਚ ਨਹੀਂ ਸੀ ਕਰਦੇ।

ਇੱਕ ਦਿਨ ਸਕੂਲ ਵਿਚ ਆਉਣ ਸਾਰ ਹੀ ਮਾਸਟਰ ਰਣਬੀਰ ਸਿੰਘ ਬੋਲਿਆ, "ਹੈਡਮਾਸਟਰ ਸਾਹਿਬ ਰਾਤ ਮੈਨੂੰ ਸੁਫਨਾ ਆਇਆ।"

"ਇਹ ਕਿਹੜੀ ਵਿਸ਼ੇਸ਼ ਗੱਲ ਹੈ, ਸੁਫਨੇ ਤਾਂ ਆਉਂਦੇ ਰਹਿੰਦੇ ਹਨ। ਚੱਲ ਸੁਣ ਲੈਨੇਂ ਆਂ ਤੇਰਾ ਸੁਫਨਾ।"

"ਆਪਾਂ ਦੋਵੇਂ ਜਣੇ ਇੱਕ ਸੁੰਦਰ ਸਜੇ ਧਜੇ ਪੰਡਾਲ ਵਿਚ ਬੈਠੇ ਸਾਂ। ਚਾਰੇ ਪਾਸੇ ਖੁਸ਼ੀ ਦਾ ਮਾਹੌਲ ਸੀ। ਤੁਹਾਡੇ ਗਲ 'ਚ ਫੁੱਲਾਂ ਦੇ ਹਾਰ ਪਏ ਸਨ। ਇਸ ਤੋਂ ਬਾਅਦ ਤੁਹਾਡੇ ਹੱਥ 'ਚ ਮਾਈਕ ਸੀ। ਤੁਸੀਂ ਬੋਲ ਰਹੇ ਸੀ ਤੇ ਤਾੜੀਆਂ ਵੱਜ ਰਹੀਆਂ ਸਨ। ਇੰਨੇ ਨੂੰ ਮੇਰੀ ਅੱਖ ਖੁੱਲ੍ਹ ਗਈ।"

"ਤੇਰੀ ਸ਼ੁੱਧ ਆਤਮਾ ਹੈ। ਸ਼ੁੱਧ ਆਤਮਾ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਕਿਹੜੇ ਵੇਲੇ ਸੁਪਨਾ ਆਇਆ?"

"ਆਹੀ ਸਵੇਰੇ ਕੋਈ ਚਾਰ ਵਜੇ।"

"ਤੂੰ ਨਾਲ ਚੱਲੇਂਗਾ ਹੀ। ਸ਼ੁੱਧ ਆਤਮਾ ਨੂੰ ਹੀ ਪਹਿਲਾਂ ਪਤਾ ਲਗ ਜਾਂਦਾ ਹੈ।"

ਸਟਾਫ ਵਿਚ ਇਹ ਗੱਲ ਬੜਾ ਲੂਣ-ਮਸਾਲਾ

**(ਅਗਲੇ ਸਫੇ 'ਤੇ ਜਾਰੀ)**

# ਪ੍ਰਧਾਨ ਸੇਵਕ ਦਾ ਭਾਂਡਾ ਭੰਨੀਏ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


2014 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ, ਸਗੋਂ ਪ੍ਰਧਾਨ ਸੇਵਕ ਹੈ। ਪਿਛਲੇ ਦਿਨੀਂ ਇਸ ਗੱਲ ਦਾ ਰਹੱਸ ਉਦਘਾਟਨ ਹੋਇਆ ਕਿ ਆਪਣੇ ਆਪ ਨੂੰ ਦੇਸ਼ ਦਾ 'ਪ੍ਰਧਾਨ ਸੇਵਕ' ਹੋਣ ਵਾਲੀ ਗੱਲ ਉਸ ਨੇ ਚੋਰੀ ਕੀਤੀ ਹੈ। ਐਨ. ਡੀ. ਟੀ. ਵੀ. ਦੇ ਮਸ਼ਹੂਰ ਪੱਤਰਕਾਰ ਰਵਿਸ਼ ਕੁਮਾਰ ਨੇ ਇਕ ਦਿਨ ਆਪਣੀ ਵੀਡੀਓ ਪੇਸ਼ਕਾਰੀ ਵਿਚ ਇਸ ਦਾ ਖੁਲਾਸਾ ਕੀਤਾ। ਉਸ ਨੇ ਦੱਸਿਆ ਕਿ ਉਹ ਇੱਕ ਦਿਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਤੀਨ ਮੂਰਤੀ ਵਾਲੇ ਘਰ ਗਿਆ। ਉਥੇ ਉਸ ਨੂੰ ਇਕ ਦੀਵਾਰ 'ਤੇ ਤਖਤੀ ਦਿਸੀ, ਜਿਸ ਵਿਚ ਜਵਾਹਰ ਲਾਲ ਨਹਿਰੂ ਦੇ ਨਾਂ ਹੇਠ ਲਿਖਿਆ ਹੋਇਆ ਸੀ, "ਮੈਂ ਚਾਹਤਾ ਹੂੰ ਕਿ ਲੋਕ ਮੁਝੇ ਪ੍ਰਧਾਨ ਮੰਤਰੀ ਨਹੀਂ, ਪ੍ਰਥਮ ਸੇਵਕ ਕਹੇਂ।"



ਪੰਡਿਤ ਨਹਿਰੂ ਨੇ ਇਹ ਗੱਲ 1947 ਵਿਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਕਹੀ ਸੀ। ਇਸ ਨੂੰ ਮੋਦੀ ਨੇ ਚੋਰੀ ਕਰ ਕੇ ਪ੍ਰਥਮ ਦੇ ਥਾਂ ਪ੍ਰਧਾਨ ਕਰ ਦਿੱਤਾ ਤੇ ਆਪਣੇ ਆਪ ਨੂੰ ਨਿਮਾਣਾ ਦਿਖਾਉਂਦਿਆਂ 'ਪ੍ਰਧਾਨ ਸੇਵਕ' ਹੋਣ ਦਾ ਦਾਅਵਾ ਠੋਕ ਦਿੱਤਾ। ਹਾਲਾਂਕਿ ਉਸ ਦੀ ਕਾਰਗੁਜ਼ਾਰੀ ਅਜਿਹੀ ਹੈ ਕਿ ਉਸ ਨੇ ਆਪਣੀ ਸਾਰੀ ਲਾਮਡੋਰੀ ਨੂੰ ਆਪਣਾ ਸੇਵਕ ਬਣਾਇਆ ਹੋਇਆ ਹੈ।

ਪਤਾ ਨਹੀਂ ਕਿਸੇ ਦੇ ਦਿਮਾਗ ਵਿਚ ਇਹ ਗੱਲ ਆਈ ਕਿ ਨਹੀਂ ਕਿ ਸਾਡੀਆਂ ਭਾਸ਼ਾਵਾਂ ਵਿਚ ਮਿਨਿਸਟਰ ਵਜੋਂ ਪ੍ਰਚਲਿਤ ਅੰਗਰੇਜ਼ੀ Minister ਸ਼ਬਦ ਦਾ ਅਸਲੀ ਅਰਥ ਹੀ ਸੇਵਕ ਹੁੰਦਾ ਹੈ। ਚੌਧਵੀਂ ਸਦੀ ਵਿਚ ਈਸਾਈ ਚਰਚ ਵਿਚ ਸੇਵਾ ਨਿਭਾਉਣ ਵਾਲੇ ਨੂੰ ਮਿਨਿਸਟਰ ਕਿਹਾ ਜਾਣ ਲੱਗਾ ਸੀ। ਲਾਤੀਨੀ ਤੋਂ ਆਏ ਇਸ ਸ਼ਬਦ ਦਾ ਇਸ ਭਾਸ਼ਾ ਵਿਚ ਅਰਥ ਸੀ-ਅਧੀਨ, ਨੌਕਰ, ਸੇਵਾਦਾਰ, ਪੁਰੋਹਿਤ ਦਾ ਸਹਾਇਕ। ਫਰਾਂਸੀਸੀ ਵਿਚ ਜਾ ਕੇ ਵੀ ਇਹ ਨੌਕਰ ਚਾਕਰ ਦਾ ਅਰਥਾਵਾਂ ਬਣ ਗਿਆ। ਕ੍ਰਿਆ ਵਜੋਂ ਅੰਗਰੇਜ਼ੀ ਮਿਨਿਸਟਰ ਸ਼ਬਦ ਦੇ ਅਰਥ ਧਾਰਮਕ ਸੇਵਾ ਨਿਭਾਉਣਾ ਅਰਥਾਤ ਚਰਚ ਦੇ ਕਰਮ ਕਾਂਡ ਨਿਭਾਉਣੇ ਰਿਹਾ ਹੈ। ਇਸ ਦੇ ਹੋਰ ਅਰਥ ਕਿਸੇ ਕਿਸਮ ਦੀ ਸੇਵਾ ਨਿਭਾਉਣਾ ਜਿਵੇਂ ਬੀਮਾਰਾਂ ਦੀ ਦਾਰੂ ਪੱਟੀ ਕਰਨਾ ਜਾਂ ਲੋੜਵੰਦਾਂ ਦੇ ਕੰਮ ਆਉਣਾ ਆਦਿ ਹੈ। ਇਸ ਸ਼ਬਦ ਦੇ ਅੱਗੇ ਐਡ (ad) ਅਗੇਤਰ ਲੱਗ ਕੇ ਬਣੇ ਐਡਮਿਨਿਸਟਰ ਦਾ ਅਰਥ ਕਿਸੇ ਦੇ ਅਧੀਨ ਰਹਿ ਕੇ ਉਸ ਦੀ ਤਰਫੋਂ ਪ੍ਰਬੰਧ ਕਰਨਾ ਹੈ। ਲਾਤੀਨੀ ਵਿਚ ਇਸ ਸ਼ਬਦ ਦੇ ਪੁਰਾਣੇ ਰੂਪ ਦੇ ਅਰਥ ਸਨ, 'ਸਹਾਇਤਾ ਕਰਨਾ, ਨਿਯੰਤ੍ਰਣ ਕਰਨਾ ਆਦਿ।' ਐਡਮਿਨਿਸਟਰ ਦੇ ਦਾਰੂ ਦਰਮਲ, ਦਵਾਈ ਦੇਣ ਦੇ ਅਰਥਾਂ ਦੀ ਸਮਝ ਇਥੋਂ ਹੀ ਪੈਂਦੀ ਹੈ। ਇਸ ਤੋਂ ਬਣੇ ਨਾਂਵ 'ਐਡਮਿਨਿਸਟਰੇਸ਼ਨ' ਵਿਚ ਪ੍ਰਸ਼ਾਸਨ ਦੇ ਨਾਲ ਨਾਲ ਦਵਾਈ ਦੇਣ ਦਾ ਆਸ਼ਾ ਵੀ ਹੈ।


ਇਕ ਇਤਲਾਹ ਅਨੁਸਾਰ ਰਾਜਨੀਤੀ ਵਿਚ ਮਿਨਿਸਟਰ ਸ਼ਬਦ ਦੀ ਵਰਤੋਂ 1620 ਵਿਚ ਰਿਕਾਰਡ ਕੀਤੀ ਗਈ। ਉਦੋਂ ਇਸ ਤੋਂ 'ਰਾਜੇ ਨੂੰ ਅਧਿਕਾਰਤ ਸੇਵਾ ਪ੍ਰਦਾਨ ਕਰਨ ਵਾਲੇ ਵਿਅਕਤੀ' ਵਜੋਂ ਲਿਆ ਗਿਆ ਸੀ। ਇਸ ਨੂੰ ਰਾਜੇ ਵਲੋਂ ਕਿਸੇ ਮਹਿਕਮੇ ਦੀ ਸੇਵਾ ਨਿਭਾਉਣ ਲਈ ਨਿਯੁਕਤ ਕੀਤਾ ਜਾਂਦਾ ਸੀ। 1694 ਵਿਚ ਬਰਤਾਨੀਆ ਵਿਚ ਪਹਿਲੀ ਵਾਰੀ ਰਾਜੇ ਦਾ ਪਰਾਈਮ ਮਿਨਿਸਟਰ ਅਰਥਾਤ ਪ੍ਰਧਾਨ ਸੇਵਕ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਜਦ ਜਵਾਹਰ ਲਾਲ ਨਹਿਰੂ 1947 ਵਿਚ ਆਪਣੇ ਆਪ ਨੂੰ 'ਪ੍ਰਥਮ ਸੇਵਕ' ਕਹਿ ਰਹੇ ਸਨ ਤਾਂ ਉਹ ਦਰਅਸਲ ਇਸ ਸ਼ਬਦ ਦੇ ਅੰਤਰੀਵ ਅਰਥ ਵੱਲ ਹੀ ਸੰਕੇਤ ਕਰਕੇ ਇਸ ਦੀ ਪਾਲਣਾ ਕਰਨ ਦਾ ਵਚਨ ਦੇ ਰਹੇ ਸਨ, ਜਦ ਕਿ ਮੋਦੀ ਸਾਹਿਬ ਨੂੰ ਏਨਾ ਗਿਆਨ ਕਿੱਥੇ, ਉਹ ਤਾਂ ਨਹਿਰੂ ਦੇ ਇਸ ਵਚਨ ਦੀ ਆਪਣੀ ਆਦਤ ਅਨੁਸਾਰ ਚੋਰੀ ਚੋਰੀ ਨਕਲ ਕਰ ਰਹੇ ਸਨ, ਪਰ ਫੜੇ ਗਏ। ਤਨਜ਼ ਵਾਲੀ ਗੱਲ ਹੈ ਕਿ ਮੋਦੀ ਸਾਹਿਬ ਹਰ ਗੱਲੇ ਨਹਿਰੂ ਵਿਰਾਸਤ ਦੀ ਨਿੰਦਿਆ ਕਰਦੇ ਨਹੀਂ ਹਟਦੇ।

ਮਿਨਿਸਟਰ ਸ਼ਬਦ ਦਾ ਭਾਰੋਪੀ ਮੂਲ ਹੈ, Mei ਜਿਸ ਵਿਚ ਛੋਟਾ, ਨਿੱਕਾ, ਲਘੂ ਦੇ ਭਾਵ ਹਨ। ਇਸ ਦੇ ਪਿਛੇ ਤੁਲਨਾਸੂਚਕ ਪਿਛੇਤਰ Teros ਲੱਗ ਕੇ ਮਿਨਿਸਟਰ ਬਣਿਆ। ਧਿਆਨ ਦਿਓ, ਸਾਡੀ ਭਾਸ਼ਾ ਵਿਚ ਵੀ ਅਜਿਹਾ ਤੁਲਨਾਸੂਚਕ ਪਿਛੇਤਰ 'ਤਰ' ਹੈ, ਜਿਸ ਤੋਂ ਅਧਿਕਤਰ, ਬਥੇਰਾ (ਬਹੁਤੇਰਾ), ਕਮਤਰ ਆਦਿ ਬਣੇ। ਇਸ ਦਾ ਸੰਕੁਚਤ ਰੂਪ 'ਏਰਾ' ਹੈ, ਜਿਸ ਤੋਂ ਛੁਟੇਰਾ, ਵਡੇਰਾ, ਲੰਮੇਰਾ ਆਦਿ ਬਣਦੇ ਹਨ। ਉਕਤ ਭਾਰੋਪੀ ਮੂਲ ਤੋਂ ਬਣਦੇ ਕੁਝ ਸ਼ਬਦਾਂ ਦੀ ਚਰਚਾ ਕਰ ਲਈਏ। ਪਹਿਲਾਂ ਆਮ ਜਾਣਿਆ ਜਾਂਦਾ ਤੇ ਪੰਜਾਬੀ ਵਿਚ ਵੀ ਮਿੰਟ ਵਜੋਂ ਵਰਤੀਂਦਾ Minute ਸ਼ਬਦ ਫੜਦੇ ਹਾਂ। ਲਾਤੀਨੀ ਵਿਚ ਵੀ ਮੁਢਲੇ ਤੌਰ 'ਤੇ ਇਸ ਦੇ ਅਰਥ ਇਹੀ ਸਨ। ਇਸ ਦਾ ਇੱਕ ਅਰਥ ਛੋਟਾ, ਬਾਰੀਕ ਹੁੰਦਾ ਹੈ। ਗਣਿਤਕਾਰ ਟਾਲਮੀ ਨੇ ਪਹਿਲਾਂ ਪਹਿਲ ਇਸ ਸ਼ਬਦ ਦੀ ਵਰਤੋਂ ਚੱਕਰ ਦੇ ਸੱਠਵੇਂ ਹਿੱਸੇ ਦੇ ਸੂਚਕ ਵਜੋਂ ਕੀਤੀ ਸੀ।

ਪੰਦਰਵੀਂ ਸਦੀ ਵਿਚ ਇਸ ਨੂੰ ਘੰਟੇ ਦੇ ਸੱਠਵੇਂ ਭਾਗ ਵਾਲੀ ਸਮੇਂ ਦੀ ਮਾਤਰਾ ਵਜੋਂ ਵਰਤਿਆ ਜਾਣ ਲੱਗਾ। ਇਸ ਵਿਚ ਮੁੱਖ ਭਾਵ 'ਥੋੜ੍ਹਾ ਸਮਾਂ' ਦਾ ਹੀ ਹੈ। ਘਟਾਉ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਮਾਇਨਸ (Minus) ਦਾ ਲਾਤੀਨੀ ਵਿਚ ਪਹਿਲਾਂ ਅਰਥ ਸੀ, ਮੁਕਾਬਲਤਨ ਘਟ, ਜੇ ਕਹਿ ਸਕਾਂ ਘਟੇਰਾ, ਥੋੜੇਰਾ। ਘਟਾਉ, ਮਨਫੀ, ਨਫੀ ਦੇ ਅਰਥਾਂ ਵਿਚ ਇਸ ਦੀ ਗਣਿਤਕ ਵਰਤੋਂ ਬਾਅਦ ਵਿਚ ਸ਼ੁਰੂ ਹੋਈ। ਇਸੇ ਸ਼ਬਦ ਦਾ ਇੱਕ ਰੁਪਾਂਤਰ ਹੈ, Minor ਜਿਸ ਦੇ ਵੀ ਪਹਿਲਾਂ ਮਾਇਨਸ ਜਿਹੇ ਹੀ ਅਰਥ ਸਨ, ਅਰਥਾਤ ਦੂਜੇ ਨਾਲੋਂ ਛੁਟੇਰਾ, ਘਟੇਰਾ ਜਾਂ ਥੁੜੇਰਾ। ਬਾਅਦ ਵਿਚ ਇਸ ਸ਼ਬਦ ਨੂੰ ਉਮਰ ਵਿਚ ਛੋਟਾ ਅਰਥਾਤ ਬਾਲਕ, ਜੋ ਨਾਬਾਲਗ ਨਹੀਂ, ਛਲਾਰੂ ਆਦਿ ਲਈ ਵਰਤਿਆ ਜਾਣ ਲੱਗਾ। ਹੁਣ ਇਸ ਤੋਂ ਲਘੂ, ਤੁੱਛ, ਗੌਣ ਜਿਹਾ ਦੇ ਭਾਵ ਵੀ ਲਏ ਜਾਂਦੇ ਹਨ।

ਅੰਗਰੇਜ਼ੀ ਦਾ ਇਕ ਸ਼ਬਦ ਹੈ, Mite ਜੋ ਇੱਕ ਛੋਟੇ ਕੀਟ ਦਾ ਸੰਕੇਤਕ ਹੈ। ਬਾਅਦ ਵਿਚ ਇਸ ਦੇ ਅਰਥ ਅਲਪ ਮਾਤਰਾ, ਇੱਕ ਛੋਟਾ ਸਿੱਕਾ, ਕਣ ਜਿਹੇ ਵੀ ਹੋ ਗਏ। ਭੋਜਨ-ਸੂਚੀ ਦੇ ਅਰਥਾਂ ਵਾਲੇ ਅੰਗਰੇਜ਼ੀ ਦੇ ਸ਼ਬਦ Menu ਜਿਸ ਨੂੰ ਅਸੀਂ ਪੰਜਾਬੀ ਵਿਚ ਮੀਨੂ ਆਖਦੇ ਹਾਂ, ਦੇ ਮੁਢਲੇ ਅਰਥ ਛੋਟਾ, ਸੰਖਿਪਤ ਅਰਥਾਤ 'ਨਿੱਕੇ ਨਿੱਕੇ ਟੁਕੜਿਆਂ ਵਿਚ ਵੰਡਿਆ' ਸੀ। ਅਸੀਂ ਇਸ ਨੂੰ ਮੋਟੇ ਤੌਰ 'ਤੇ ਨਿਕ-ਸੁਕ ਆਖ ਸਕਦੇ ਹਾਂ। ਭਾਵ ਟੁਕੜਿਆਂ ਦੇ ਰੂਪ ਵਿਚ ਹਰ ਭੋਜਨ ਦਾ ਵੇਰਵਾ। ਕੀਮਾ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Mince ਵਿਚ ਵੀ ਕੱਟ-ਵੱਢ ਕੇ ਬੋਟੀ ਬੋਟੀ ਕਰਨ ਦਾ ਭਾਵ ਹੈ। ਬਾਅਦ ਵਿਚ ਇਸ ਨੂੰ ਚਬਾ ਕੇ ਬੋਲਣ ਦੇ ਅਰਥਾਂ ਵਿਚ ਵੀ ਵਰਤਿਆ ਜਾਣ ਲੱਗਾ। ਲਘੂਤਮ, ਨਿਊਨਤਮ, ਸਭ ਤੋਂ ਛੋਟਾ, ਦੇ ਅਰਥਾਂ ਵਾਲਾ Minimum ਸ਼ਬਦ ਲਾਤੀਨੀ Minor ਦੀ ਤੀਜੀ ਡਿਗਰੀ ਦਾ ਸ਼ਬਦ ਹੈ, ਐਨ ਉਸੇ ਤਰ੍ਹਾਂ ਜਿਵੇਂ ਸੰਸਕ੍ਰਿਤ ਵਲੋਂ ਲਘੂਤਮ/ਨਿਊਨਤਮ ਲਘੂ/ਨਿਊਨ ਦੇ ਤੀਜੀ ਡਿਗਰੀ ਦੇ ਸ਼ਬਦ ਹਨ।

ਇਥੇ Mini ਅਗੇਤਰ ਬਾਰੇ ਕੁਝ ਚਰਚਾ ਜ਼ਰੂਰੀ ਹੈ। ਇਹ ਅਗੇਤਰ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਖੂਬ ਵਰਤਿਆ ਜਾਂਦਾ ਹੈ ਜਿਵੇਂ ਮਿਨੀ ਕਹਾਣੀ, ਮਿਨੀ-ਕਾਰ, ਮਿਨੀ-ਬੱਸ, ਮਿਨੀ-ਫਰੰਟ, ਮਿਨੀ ਪੰਜਾਬ, ਮਿਨੀ ਸਕੱਤਰੇਤ, ਮਿਨੀ ਸਕਰਟ ਆਦਿ। ਹੁਣ ਤਾਂ ਇਸ ਸ਼ਬਦ ਨੂੰ ਵਿਅਕਤੀ ਨਾਂ ਵਜੋਂ ਵੀ ਵਰਤਿਆ ਜਾਣ ਲੱਗਾ ਹੈ। ਮਿਨੀ ਗਰੇਵਾਲ ਪੰਜਾਬੀ ਦੀ ਇੱਕ ਕਹਾਣੀਕਾਰਾ ਹੈ। ਪੰਜਾਬੀ ਵਿਚ ਇਸ ਦੇ ਟਾਕਰੇ 'ਤੇ ਨੰਨਾ, ਛੋਟੂ, ਨਿੱਕੀ/ਨਿੱਕੂ, ਗੁੱਡੀ/ਗੁੱਡੂ ਨਾਂ ਆਮ ਪ੍ਰਚਲਿਤ ਹਨ।




ਗੌਰਤਲਬ ਹੈ ਕਿ ਅੰਗਰੇਜ਼ੀ ਮਿਨੀ ਸ਼ਬਦ ਦਾ ਚਰਚਾ ਅਧੀਨ ਭਾਰੋਪੀ ਮੂਲ ਨਾਲ ਬਹੁਤਾ ਸਬੰਧ ਨਹੀਂ। ਇਹ ਅਗੇਤਰ ਲਘੂ-ਚਿੱਤਰ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ Miniature ਦਾ ਪਰ-ਕੱਟਿਆ ਰੂਪ ਹੈ ਅਰਥਾਤ ਮਿਨੀਏਚਰ ਸ਼ਬਦ ਦੇ ਪਿਛਲੇ ਹਿੱਸੇ Ature ਨੂੰ ਨਿਖੇੜ ਕੇ ਬਾਕੀ ਬਚਿਆ ਜੁਜ਼ ਹੈ, ਜਿਵੇਂ ਮੈਥੇਮੈਟਿਕਸ ਦੇ ਪਰ ਕੱਟ ਕੇ ਮੈਥ ਬਣਾ ਲਿਆ ਗਿਆ ਹੈ। ਸੋਲ੍ਹਵੀਂ ਸਦੀ ਦੌਰਾਨ ਅੰਗਰੇਜ਼ੀ ਵਿਚ ਮਿਨੀਏਚਰ ਦਾ ਅਰਥ ਕਿਸੇ ਵੀ ਵਸਤੂ ਦੀ ਛੋਟੀ ਪੇਸ਼ਕਾਰੀ, ਖਾਸ ਤੌਰ 'ਤੇ ਲਘੂ-ਚਿੱਤਰ ਸੀ। ਇਸ ਤੋਂ ਪਹਿਲਾਂ ਇਤਾਲਵੀ ਵਿਚ ਇਸ ਦੇ ਕ੍ਰਿਆ ਰੂਪ ਦਾ ਅਰਥ ਕਿਸੇ ਖਰੜੇ ਜਾਂ ਲਿਖਤ ਨੂੰ ਰੁਸ਼ਨਾਉਣਾ, ਜਗਮਗਾਉਣਾ ਸੀ। ਉਦੋਂ ਹੱਥ-ਲਿਖਤਾਂ ਨੂੰ ਸੁਨਹਿਰੀ, ਚਾਂਦੀਵੰਨੇ ਜਾਂ ਸ਼ੋਖ ਰੰਗਾਂ ਨਾਲ ਸਜਾਇਆ ਜਾਂਦਾ ਸੀ। ਵਿਚਕਾਰ ਛੋਟੀ ਰੰਗਬਰੰਗੀ ਤਸਵੀਰ ਵੀ ਬਣਾ ਦਿੱਤੀ ਜਾਂਦੀ ਸੀ। ਪੰਜਾਬੀ ਵਿਚ ਇਸ ਨੂੰ ਸਚਿੱਤ੍ਰਿਤ ਕਰਨਾ ਵੀ ਕਿਹਾ ਜਾਂਦਾ ਹੈ। ਗੱਲ ਕੀ, ਇਸ ਮਿਨੀਏਚਰ ਦੇ ਪ੍ਰਾਚੀਨ ਰੂਪ Miniare ਦਾ ਮਤਲਬ ਲਾਲ ਰੰਗਣਾ ਸੀ। ਇਹ ਸ਼ਬਦ ਹੋਰ ਅੱਗੇ ਜਿਸ ਸ਼ਬਦ ਤੋਂ ਵਿਉਤਪਤ ਹੋਇਆ, ਉਸ ਦਾ ਅਰਥ ਲਾਲ ਸਿੱਕਾ (Lead) ਸੀ। ਪੁਰਾਣੇ ਸਮਿਆਂ ਵਿਚ ਇਹ ਲਾਲ ਸਿਆਹੀ ਬਣਾਉਣ ਦੇ ਕੰਮ ਆਉਂਦਾ ਸੀ। ਇਸ ਨੂੰ ਅਸੀਂ ਸੰਧੂਰ ਵੀ ਕਹਿ ਸਕਦੇ ਹਾਂ। ਇਹ ਸ਼ਬਦ ਇਟਲੀ ਦੇ ਨਾਲ ਲਗਦੇ ਟਾਪੂ ਆਇਬੇਰੀਆ ਦੀ ਭਾਸ਼ਾ ਤੋਂ ਆਏ ਹੋਣ ਦਾ ਅਨੁਮਾਨ ਹੈ। ਇਸ ਸ਼ਬਦ ਦੀ ਘਾੜਤ ਵਿਚ ਸਮਾਨ-ਧੁਨੀ ਵਾਲੇ ਲਾਤੀਨੀ ਸ਼ਬਦਾਂ Minor, Minimum ਦਾ ਵੀ ਕੁਝ ਹੱਥ ਹੋ ਸਕਦਾ ਹੈ।

ਇਸ ਭਾਰੋਪੀ ਮੂਲ ਤੋਂ ਬਣੇ ਸ਼ਬਦ ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਮਿਲਦੇ ਹਨ, ਪਰ ਇਥੇ ਅਸੀਂ ਰੂਸੀ ਭਾਸ਼ਾ ਦੇ ਸ਼ਬਦ ਮੈਨਸ਼ਵਿਕ ਦਾ ਜ਼ਿਕਰ ਕਰਨਾ ਚਾਹਾਂਗੇ, ਜੋ ਖਾਸ ਤੌਰ 'ਤੇ ਰੂਸੀ ਇਨਕਲਾਬ ਦੀ ਜਾਣਕਾਰੀ ਰੱਖਦੇ ਕਾਮਰੇਡ ਪੰਜਾਬੀਆਂ ਵਿਚ ਜਾਣਿਆ ਜਾਂਦਾ ਹੈ। ਮੈਨਸ਼ਵਿਕ ਰੂਸੀ ਡੈਮੋਕਰੈਟਿਕ ਲੇਬਰ ਪਾਰਟੀ ਦੇ ਇੱਕ ਗੁੱਟ ਦਾ ਨਾਂ ਸੀ। ਰੂਸੀ ਡੈਮੋਕਰੈਟਿਕ ਲੇਬਰ ਪਾਰਟੀ ਵਿਚਾਲੇ ਮਤਭੇਦਾਂ ਕਾਰਨ ਇਹ ਦੋ ਗੁੱਟ ਬਣ ਗਏ। ਇਕ ਦਾ ਨੇਤਾ ਮਾਰਟੋਵ ਸੀ ਤੇ ਦੂਜੇ ਦਾ ਲੈਨਿਨ। 1903 ਵਿਚ ਇਹ ਦੋ ਧੜਿਆਂ ਵਿਚ ਵੰਡੀ ਗਈ। ਮਾਰਟੋਵ ਦਾ ਧੜਾ ਘਟਗਿਣਤੀ ਵਿਚ ਰਹਿ ਗਿਆ, ਇਸ ਲਈ ਇਸ ਦਾ ਨਾਂ ਮੈਨਸ਼ਵਿਕ ਪੈ ਗਿਆ, ਜਿਸ ਦਾ ਸ਼ਾਬਦਿਕ ਅਰਥ ਹੈ, ਅਲਪ-ਸੰਖਿਅਕ। ਇਹ ਰੂਸੀ ਸ਼ਬਦ Men'she ਤੋਂ ਬਣਿਆ ਜਿਸ ਦਾ ਅਰਥ ਛੁਟੇਰਾ, ਲਘੂ ਹੈ ਤੇ ਇਹ ਭਾਰੋਪੀ ਮੂਲ Mei ਦੇ ਨਾਲ ਹੀ ਜਾ ਜੁੜਦਾ ਹੈ। ਦੂਜੇ ਵੱਡੇ ਧੜੇ ਦਾ ਨਾਂ ਬਾਲਸ਼ਵਿਕ ਸੀ, ਜਿਸ ਦਾ ਸ਼ਾਬਦਿਕ ਅਰਥ ਬਹੁ-ਸੰਖਿਅਕ ਹੈ। ਇਹ ਵੀ ਭਾਰੋਪੀ ਖਾਸੇ ਵਾਲਾ ਸ਼ਬਦ ਹੈ, ਪਰ ਇਸ ਦੀ ਚਰਚਾ ਕਦੇ ਫਿਰ ਕਰਾਂਗੇ।

Mei ਭਾਰੋਪੀ ਮੂਲ ਦੇ ਟਾਕਰੇ ਤੇ ਸੰਸਕ੍ਰਿਤ ਦਾ ਧਾਤੂ 'ਮੀ' ਮਿਥਿਆ ਗਿਆ ਹੈ, ਜਿਸ ਵਿਚ ਛੋਟਾ ਹੋਣ, ਘਟਣ, ਬਦਲਣ ਦੇ ਭਾਵ ਹਨ। ਸੰਸਕ੍ਰਿਤ ਵਿਚ ਇਸ ਤੋਂ ਬਣਿਆ ਸ਼ਬਦ ਹੈ, ਮੀਨਾਤੀ ਜਿਸ ਵਿਚ ਬਦਲਣ ਦੇ ਭਾਵ ਹਨ। ਪਰ ਇਸ ਤੋਂ ਪੰਜਾਬੀ ਤੱਕ ਪਹੁੰਚੇ ਕਿਸੇ ਸ਼ਬਦ ਦੀ ਮੇਰੇ ਕੋਲ ਕੋਈ ਜਾਣਕਾਰੀ ਨਹੀਂ।

# ਹੈਡ ਮਾਸਟਰ ਖੁਸ਼ਹਾਲ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਲਾ ਕੇ ਚਲਦੀ ਰਹੀ। ਜ਼ਿੰਦਾ-ਦਿਲ ਹਾਸੇ ਦੇ ਟੁਣਕਾਰ ਟੁਣਕਦੇ ਰਹੇ। ਹੱਸ ਹੱਸ ਕੇ ਸਭ ਦੀ ਵੱਖੀ ਪੀੜ ਪੈਂਦੀ ਰਹੀ।

ਜੋ ਗੱਲ ਰਣਬੀਰ ਸਿੰਘ ਨੇ ਪਿਛਲੇ ਦਿਨ ਸੁਣਾਈ, ਉਹੀ ਗੱਲ ਅੱਜ ਦਲਬੀਰ ਸਿੰਘ ਨੇ ਆ ਦੁਹਰਾਈ।

"ਤੇਰੀ ਸ਼ੁੱਧ ਆਤਮਾ ਹੈ। ਸ਼ੁੱਧ ਆਤਮਾ ਨੂੰ ਹੋਣ ਵਾਲੀ ਗੱਲ ਦਾ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਕਿਹੜਾ ਵੇਲਾ ਸੀ ਸੁਫਨਾ ਆਉਣ ਦਾ?"

"ਆ ਹੀ ਰਾਤ ਦੇ ਬਾਰਾਂ ਵਜੇ ਦਾ?"

"ਬੁੱਗ! ਸੁਫਨਾ ਲੈਣਾ ਵੀ ਨਹੀਂ ਆਉਂਦਾ?" ਉਹ ਵੀ ਸਭ ਨੂੰ ਲੌਂਗੋਵਾਲੀਏ ਸਾਧ ਵਾਂਗੂ ਟਿੱਚ ਕਰਕੇ ਜਾਣਦੇ ਸਨ।

ਖੈਰ! ਲਿਸਟ ਨਿੱਕਲਣੀ ਸੀ, ਨਿੱਕਲ ਗਈ। ਖੁਸ਼ਹਾਲ ਸਿੰਘ ਦਾ ਨਾਉਂ ਵਿਚ ਨਹੀਂ ਸੀ। ਇਸ ਦਾ ਉਨ੍ਹਾਂ ਹੀ ਦੁੱਖ ਸਭ ਨੇ ਮਨਾਇਆ। ਸਭ ਨੂੰ ਦੁੱਖ ਸੀ ਕਿ ਪੂਰਾ ਵਾਅਦਾ ਕਰਕੇ ਨਹੀਂ ਸੀ ਨਿਭਾਇਆ। ਖੁਸ਼ਹਾਲ ਸਿੰਘ ਵੀ ਪੂਰਾ ਗੁੱਸੇ ਸੀ। "ਕੁੱਤੇ ਦੇ ਪੁੱਤ। ਬਾਣੀਏ ਦਾ ਪੁੱਤ ਮਾਣ ਨ੍ਹੀਂ ਹੁੰਦਾ। ਕੱਲ ਨੂੰ ਚੋਣ ਵੀ ਹੋਊ। ਸਾਲੇ ਚਿੱਬੇ ਜੇ ਮੂੰਹ ਵਾਲੇ ਬਿਜੂ ਦੇ ਤੁਖਮ। ਚਿੱਟੇ ਬਗਲੇ। ਡੱਡਾਂ ਖਾਣੇ। ਭ੍ਰਿਸ਼ਟਾਚਾਰੀ। ਚੋਣਾਂ ਆਈਆਂ। ਹਾਲਾ ਤੇ ਪਾਲਾ ਕੋਲ ਦੀ ਨ੍ਹੀਂ ਲੰਘਦੇ ਹੁੰਦੇ। ਇਹ ਤਾਂ ਕਿਹੜੇ ਬਾਗ ਦੀ ਮੂਲੀ ਹੈ। ਵੇਖੀ ਕਿਵੇਂ ਰੋਟੀ ਤੋਂ ਡੇਲਾ ਰੁੜ੍ਹਿਆ ਜਾਂਦਾ। 'ਭੂਪੇ ਜੱਟ ਦੀ ਨੀਲਾਮੀ ਬੋਲੂ, ਵਿਚੇ ਜਾਣਗੇ ਮੋਫਰੀਏ।' ਅਕ੍ਰਿਤਘਣ। ਗਿੱਦੜ।" ਉਨ੍ਹਾਂ ਦੇ ਗੁੱਸੇ ਦੀ ਤਾਬ ਸ਼ਬਦ ਝੱਲ ਨਾ ਸਕੇ।

ਸਭ ਨੇ ਵਿਚਾਰ ਕਰਕੇ ਸੈਕਟਰੀ ਸੰਸਾਰ ਚੰਦ ਨੂੰ ਚਿੱਠੀ ਲਿਖਣ ਦਾ ਫੈਸਲਾ ਕੀਤਾ।

ਖੁਸ਼ਹਾਲ ਸਿੰਘ ਨੇ ਚਿੱਠੀ ਲਿਖ ਕੇ ਗੁੱਸੇ ਦਾ ਇਜ਼ਹਾਰ ਕੀਤਾ, "ਸਾਰੀ ਉਮਰ ਨਾ ਦਿਨ ਵੇਖਿਆ, ਨਾ ਰਾਤ। ਇੱਕ ਵਫਾਦਾਰ ਕੁੱਤੇ ਦੀ ਤਰ੍ਹਾਂ ਆਪਣਾ ਫਰਜ਼ ਨਿਭਾਉਂਦਾ ਰਿਹਾਂ। ਤੇਰੀ ਚੋਣ 'ਚ ਦਿਨ ਰਾਤ ਇਕ ਕਰਕੇ ਕੰਮ ਕੀਤਾ। ਸਭ ਅਸਫਲ। ਮੇਰੀਆਂ ਅਰਜ਼ੋਈਆਂ ਦੀ ਤੇਰੇ ਕੰਨਾਂ 'ਤੇ ਜੂੰ ਵੀ ਨਾ ਸਰਕੀ। ਧਰਨੇ ਡੈਪੂਟੇਸ਼ਨ ਅਤੇ ਰੈਲੀਆਂ ਤਨਦੇਹੀ ਨਾਲ ਸਿਰੇ ਚੜ੍ਹਾਈਆਂ। ਪਾਰਟੀ ਲਈ ਜਲਸੇ, ਜਲੂਸ ਦਾ ਤਨਦੇਹੀ ਨਾਲ ਪ੍ਰਬੰਧ ਕੀਤਾ। ਤੁਸੀਂ ਮੇਰੀ ਮਦਦ ਤਾਂ ਕੀ ਕਰਨੀ ਸੀ, ਉਲਟਾ ਜਿਸ ਬਾਰੇ ਸਾਰੇ ਜਾਣਦੇ ਹੀ ਹਨ ਕਿ ਪ੍ਰਧਾਨ ਨੇ ਆਪਣੇ ਜੁੰਡੀ ਦੇ ਯਾਰ, ਜਿਸ ਨਾਲ ਬੁੱਕਲ ਖੁੱਲ੍ਹੀ ਹੈ, ਖਾਣ-ਪੀਣ ਤੇ ਲੰਗੋਟ ਦੀ ਸਾਂਝ ਹੈ, ਬਿੱਕਰ ਸਿੰਘ ਨੂੰ ਸਿਲੈਕਟ ਕਰ ਦਿੱਤਾ ਹੈ। ਅੱਜ ਤੋਂ ਮੈਂ ਇਸ ਪਾਰਟੀ ਨਾਲੋਂ ਸਾਰੇ ਸਬੰਧ ਤੋੜਦਾ ਹਾਂ।"

ਉਸ ਨੇ ਇਹ ਚਿੱਠੀ ਪੜ੍ਹ ਕੇ ਸਾਡੇ ਸਾਹਮਣੇ ਬੰਦ ਕਰ ਦਿੱਤੀ। ਪੰਜ ਮਿੰਟ ਬਾਅਦ ਚਪੜਾਸੀ ਚਰਨ ਸਿੰਘ ਨੂੰ ਦਫਤਰ ਸੱਦਿਆ ਅਤੇ ਚਿੱਠੀ ਦੇ ਕੇ ਕਾਂਗਰਸੀ ਲੀਡਰ ਮਹੰਤ ਰਾਮ ਦਾਸ ਕੋਲ ਭੇਜਿਆ।

ਚਪੜਾਸੀ ਚਰਨ ਸਿੰਘ ਨੇ ਸਾਈਕਲ ਚੁੱਕਿਆ। ਗੇਟ ਦੇ ਬਾਹਰ ਖੜ੍ਹੇ ਸਾਇੰਸ ਮਾਸਟਰ ਰਣਜੀਤ ਸਿੰਘ ਨੇ ਚਿੱਠੀ ਫੜ ਕੇ ਪੜ੍ਹ ਲਈ।

"ਸਤਿਕਾਰਯੋਗ ਸਕੱਤਰ ਸਾਹਿਬ ਜੀਉ, ਮੈਂ ਕਾਂਗਰਸ ਦੀ ਗੁੜ੍ਹਤੀ ਲੈ ਕੇ ਜਨਮ ਲਿਆ ਸੀ। ਸਾਰੀ ਉਮਰ ਇਸ ਦਾ ਵਰਕਰ ਰਿਹਾ ਹਾਂ, ਅੱਜ ਵੀ ਹਾਂ ਤੇ ਮਰਦੇ ਦਮ ਤੱਕ ਰਹਾਂਗਾ ਵੀ। ਮੈਨੂੰ ਪੱਕਾ ਵਿਸ਼ਵਾਸ ਹੈ ਕਿ ਤੁਸੀਂ ਤਾਂ ਪੂਰਾ ਵਾਹ ਲਾਇਆ ਹੋਵੇਗਾ ਹੀ ਪਰ ਤੁਹਾਡੀ ਦਾਲ ਗਲੀ ਨਹੀਂ ਲਗਦੀ। ਤੁਹਾਡੇ ਯਤਨ ਸਫਲ ਨਹੀਂ ਹੋਏ ਤਾਂ ਕੀ ਪਰ ਸੀ ਤਾਂ ਤੁਸੀਂ ਮੇਰੇ ਸੱਚੇ ਖੈਰ-ਖੁਆਹ।"

ਮਾਰਚ 3, 1973
ਵਿਸ਼ਵਾਸ ਪਾਤਰ
ਖੁਸ਼ਹਾਲ ਸਿੰਘ।

ਇਹ ਚਿੱਠੀ ਅੱਜ ਵਾਲੀ ਚਿੱਠੀ ਨਹੀਂ ਸੀ। ਇਹ ਅੱਜ ਤੋਂ ਦੋ ਦਿਨ ਪਹਿਲਾਂ ਦੀ ਲਿਖੀ ਸੀ। ਉਸ ਨੇ ਇਕ ਵਾਰ ਫਿਰ ਸਟਾਫ ਨੂੰ ਲੌਂਗੋਵਾਲ ਵਾਲਾ ਸਾਧ ਹੀ ਸਮਝਿਆ ਸੀ।

---

ਹਾਰ ਉਸ ਨੂੰ ਬਰਦਾਸ਼ਤ ਕਰਨੀ ਨਹੀਂ ਸੀ ਆਉਂਦੀ। ਸਰਕਾਰੀ ਸਕੂਲਾਂ ਦੇ ਟੂਰਨਾਮੈਂਟ 'ਚ ਸਕੂਲ ਦੀਆਂ ਟੀਮਾਂ ਜਿਲਾ ਪੱਧਰ 'ਤੇ ਤਾਂ ਹਰ ਸਾਲ ਅਤੇ ਪੰਜਾਬ ਪੱਧਰ 'ਤੇ ਦੋ ਸਾਲ ਜੇਤੂ ਰਹੀਆਂ। ਸਕੂਲੋਂ ਹਟ ਕੇ ਘਰੇ ਬੈਠੇ ਚੰਗੇ ਖਿਡਾਰੀਆਂ ਨੂੰ ਪ੍ਰੇਰਨਾ ਦੇ ਕੇ ਸਕੂਲ 'ਚ ਦਾਖਲ ਕਰ ਲੈਣ ਤੇ ਇਨ੍ਹਾਂ ਹਰ ਟੀਮ 'ਚ ਇਕ ਦੋ ਦੇ ਸਿਰ ਤੇ ਹੀ ਜਿੱਤ ਦਾ ਝੰਡਾ ਗੱਡ ਦੇਣਾ।

###

## ਮਿਨੀ ਕਹਾਣੀ

### ਕੱਚ ਦਾ ਖਿਡੌਣਾ

"ਹੋਇਆ ਕੁੱਝ ਪੈਸਿਆਂ ਦਾ?" ਮੁਟਿਆਰ ਨੇ ਹਸਪਤਾਲ ਪੁਜਦਿਆਂ ਹੀ ਨੌਜਵਾਨ ਨੂੰ ਸਵਾਲ ਕੀਤਾ।

"ਹਾਂ! ਨਿਆਈਂ ਵਾਲੀ ਪੈਲੀ 'ਚੋਂ ਚਾਰ ਕਨਾਲਾਂ ਲੰਬੜਾਂ ਨੂੰ...। ਡਾਕਟਰ ਕੀ ਕਹਿ ਗਿਆ?" ਨੌਜਵਾਨ ਨੇ ਸੰਖੇਪ ਜਿਹਾ ਉਤਰ ਦੇ ਕੇ ਮਰੀਜ਼ ਬਾਰੇ ਪੁਛਿਆ। ਜਵਾਬ 'ਚ ਮੁਟਿਆਰ ਦੇ ਸਿਰਫ ਮੋਟੇ-ਮੋਟੇ ਹੰਝੂ ਕਿਰੇ ਸਨ।

ਇਸ ਜੋੜੇ ਦਾ ਸੱਤ-ਅੱਠ ਸਾਲ ਦਾ ਬੱਚਾ ਕੈਂਸਰ ਨਾਲ ਹਸਪਤਾਲ ਪਿਆ ਹੈ, ਜਿਸ ਦੀ ਜ਼ਿੰਦਗੀ ਲਈ ਦਿਨ-ਰਾਤ ਭੱਜੇ ਫਿਰ ਰਹੇ ਹਨ। ਪਿਉ ਨੂੰ ਆਵਾਜਾਈ ਲੱਗੀ ਰਹਿੰਦੀ ਹੈ, ਮਾਂ ਚੌਵੀ ਘੰਟੇ ਬੱਚੇ ਦੇ ਸਿਰਹਾਣੇ ਬੈਠੀ ਹੈ। ਨਾ ਨੀਂਦ, ਨਾ ਭੁੱਖ। ਬਸ ਟਿਕਟਿਕੀ ਲਾ ਬੱਚੇ ਵੱਲ ਵੇਖਦੀ ਰਹਿੰਦੀ ਹੈ। ਬੱਚਾ ਬੜਾ ਪਿਆਰਾ, ਸੋਹਣਾ ਤੇ ਸਭ ਨੂੰ ਆਪਣੇ ਵੱਲ ਖਿਚਦਾ ਹੈ। ਕੀਮੋ-ਥੈਰੇਪੀਆਂ ਬਾਅਦ ਜਦੋਂ ਹੋਸ਼ ਆਉਂਦੀ, ਖਿਡੌਣੇ ਬੈਡ 'ਤੇ ਖਿਲਾਰ ਖੇਡਣ 'ਚ ਮਸਤ ਹੋ ਜਾਂਦਾ।

ਮਰੀਜ਼ ਅਤੇ ਉਨ੍ਹਾਂ ਦੇ ਸਾਥੀ ਸਭ ਉਸ ਵੱਲ ਖਿੱਚੇ ਰਹਿੰਦੇ ਅਤੇ ਕੋਲ ਬੈਠ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗ ਜਾਂਦੇ। ਬੱਚਾ ਆਪਣੇ ਸਭ ਖਿਡੌਣੇ ਦੇ ਉਨ੍ਹਾਂ ਨਾਲ ਖੇਡਣ ਲੱਗ ਜਾਂਦਾ ਪਰ ਇੱਕ ਕੱਚ ਦੇ ਖਿਡੌਣੇ ਨੂੰ ਕਿਸੇ ਨੂੰ ਹੱਥ ਨਾ ਲਾਉਣ ਦਿੰਦਾ, "ਇਹ ਕੱਚ ਦਾ, ਡਿੱਗ ਪਿਆ ਤਾਂ ਟੁੱਟ ਜੂ। ਇਹ ਨਹੀਂ ਦੇਣਾ।"

ਸਭ ਉਸ ਦੀ ਗੱਲ 'ਤੇ ਹੱਸਦੇ ਪਰ ਮੁਟਿਆਰ ਦੇ ਹੰਝੂ ਪਰਲ-ਪਰਲ ਵਹਿ ਤੁਰਦੇ, ਉਸ ਨੂੰ ਆਪਣਾ ਖਿਡੌਣਾ ਵੀ ਕੱਚ ਦਾ ਲਗਦਾ, ਕਿਤੇ ਇਹ ਡਿੱਗ ਨਾ ਪਵੇ।


*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

ਕਹਾਣੀ

# ਯੁੱਧ

***ਪ੍ਰਸਿੱਧ ਅਮਰੀਕੀ ਲੇਖਕ, ਪੱਤਰਕਾਰ ਤੇ ਸੋਸ਼ਲ ਵਰਕਰ ਜੈਕ ਲੰਡਨ (1876-1916) ਦਾ ਅਸਲ ਨਾਂ ਜੌਹਨ ਗ੍ਰਿਫਿਥ ਲੰਡਨ ਸੀ। ਛੋਟੀ ਉਮਰ ਵਿਚ ਉਸ ਵਾਹਵਾ ਪ੍ਰਸਿੱਧੀ ਖੱਟੀ। ਉਸ ਦਾ ਨਾਵਲ 'ਆਇਰਨ ਹੀਲ' ਸੰਸਾਰ ਭਰ ਵਿਚ ਪੜ੍ਹਿਆ ਗਿਆ। 'ਯੁੱਧ' ਕਹਾਣੀ ਵਿਚ ਉਸ ਨੇ ਯੁੱਧ ਦੇ ਮੈਦਾਨ ਵਿਚ ਜੂਝ ਰਹੇ ਕੁਝ ਪਾਤਰਾਂ ਦੀ ਕੁਝ ਪਲਾਂ ਦੀ ਜ਼ਿੰਦਗੀ ਬਿਆਨ ਕੀਤੀ ਹੈ। ਪਾਠਕ ਇਸ ਕਹਾਣੀ ਦਾ ਹਰ ਅਗਲਾ ਵਾਕ ਸਾਹ ਰੋਕ ਕੇ ਪੜ੍ਹਦਾ ਹੈ। ਜਾਪਦਾ ਹੈ, ਅੱਗੇ ਕੁਝ ਭਿਅੰਕਰ ਹੋਣ ਵਾਲਾ ਹੈ। ਇਹ ਜੈਕ ਲੰਡਨ ਦੀ ਲਿਖਣ ਸ਼ੈਲੀ ਦਾ ਹੀ ਕਮਾਲ ਹੈ। -ਸੰਪਾਦਕ***

ਉਹ ਨੌਜਵਾਨ ਸੀ। ਚੌਵੀ-ਪੱਚੀ ਸਾਲਾਂ ਤੋਂ ਵੱਧ ਨਾ ਹੋਵੇਗਾ ਤੇ ਜੇ ਉਹ ਇਸ ਹੱਦ ਤਕ ਸਾਵਧਾਨ ਤੇ ਤਣਾਅ ਵਿਚ ਨਾ ਹੁੰਦਾ ਤਾਂ ਆਪਣੀ ਉਮਰ ਦੀ ਮਨਮੌਤੀ ਲਾਪ੍ਰਵਾਹੀ ਨਾਲ ਘੋੜੇ 'ਤੇ ਬੈਠਾ ਹੁੰਦਾ। ਆਪਣੀਆਂ ਕਾਲੀਆਂ ਅੱਖਾਂ ਨਾਲ ਉਹਨੇ ਚਾਰੇ ਪਾਸੇ ਨਿਗ੍ਹਾ ਰੱਖੀ ਹੋਈ ਸੀ, ਟਹਿਣੀਆਂ ਅਤੇ ਉਨ੍ਹਾਂ ਦੀਆਂ ਪੋਰਾਂ ਤੱਕ 'ਤੇ, ਜਿਥੇ ਛੋਟੀਆਂ-ਛੋਟੀਆਂ ਚਿੜੀਆਂ ਟੱਪ ਰਹੀਆਂ ਸਨ। ਉਹਦੀ ਖੋਜੀ ਨਜ਼ਰ ਰੁੱਖਾਂ ਅਤੇ ਝਾੜੀਆਂ ਦੇ ਬਦਲਦੇ ਦ੍ਰਿਸ਼ਾਂ 'ਤੇ ਲਗਾਤਾਰ ਗੱਡੀਆਂ ਹੋਈਆਂ ਸਨ। ਦੋਵੇਂ ਪਾਸੇ ਜ਼ਮੀਨ 'ਤੇ ਉਗਿਆ ਘਾਹ ਅਤੇ ਪੱਤੀਆਂ ਤਕ ਉਹਦੀਆਂ ਅੱਖਾਂ ਤੋਂ ਓਹਲੇ ਨਹੀਂ ਸਨ। ਉਹਦੇ ਕੰਨ ਵੀ ਉਸੇ ਤਰ੍ਹਾਂ ਸਾਵਧਾਨ ਸਨ। ਉਹ ਭਾਵੇਂ ਖਾਮੋਸ਼ੀ ਨਾਲ ਜਾ ਰਿਹਾ ਸੀ ਪਰ ਤੋਪਾਂ ਦੀ ਆਵਾਜ਼ ਦੂਰ ਪੱਛਮ ਵਲੋਂ ਆ ਰਹੀ ਸੀ। ਕਈ ਘੰਟਿਆਂ ਤੋਂ ਇਹੀ ਆਵਾਜ਼ ਉਹਦੇ ਕੰਨਾਂ ਵਿਚ ਲੈਅ ਵਿਚ ਵੱਜ ਰਹੀ ਸੀ ਅਤੇ ਇਹਦੇ ਰੁਕਣ 'ਤੇ ਹੀ ਉਹ ਸਾਵਧਾਨ ਹੁੰਦਾ, ਕਿਉਂਕਿ ਉਹਦਾ ਕੰਮ ਇਥੇ, ਨੇੜੇ ਹੀ ਸੀ। ਉਹਦੇ ਘੋੜੇ ਦੀ ਜੀਨ 'ਤੇ ਇਕ ਕਾਰਬਾਈਨ ਟੰਗੀ ਸੀ।

ਉਹ ਇਸ



**ਜੈਕ ਲੰਡਨ**

ਹੱਦ ਤੱਕ ਤਣਾਅ ਵਿਚ ਸੀ ਕਿ ਜਿਵੇਂ ਹੀ ਬਟੇਰਾਂ ਦਾ ਝੁੰਡ ਉਹਦੇ ਕੋਲ ਦੀ ਅਚਾਨਕ ਉਡਿਆ, ਉਹ ਇਕਦਮ ਹਰਕਤ ਵਿਚ ਆ ਗਿਆ ਅਤੇ ਆਪਣੀ ਕਾਰਬਾਈਨ ਨੂੰ ਝੱਟ ਮੋਢੇ 'ਤੇ ਰੱਖਣ ਲਈ ਚੁੱਕ ਲਿਆ। ਫਿਰ ਉਹ ਬੁੜ-ਬੁੜਾਇਆ, ਆਪਣੇ ਆਪ ਨੂੰ ਸੰਭਾਲਿਆ ਤੇ ਅੱਗੇ ਵਧਣ ਲੱਗਾ। ਉਹ ਇੰਨੇ ਤਣਾਅ ਵਿਚ ਸੀ ਕਿ ਪਸੀਨਾ ਉਹਦੇ ਮੱਥੇ ਤੋਂ ਵਹਿੰਦਾ ਨੱਕ ਤੋਂ ਹੋ ਕੇ ਘੋੜੇ ਦੀ ਜੀਨ 'ਤੇ ਟਪਕ ਰਿਹਾ ਸੀ ਤੇ ਉਹਨੂੰ ਪਤਾ ਤੱਕ ਨਹੀਂ ਸੀ। ਘੁੜਸਵਾਰਾਂ ਵਾਲੇ ਟੋਪ ਦਾ ਫੀਤਾ ਫਿਰ ਪਸੀਨੇ ਨਾਲ ਭਿੱਜ ਗਿਆ ਸੀ। ਉਹਦਾ ਚਿਤਕਬਰਾ ਘੋੜਾ ਵੀ ਉਸੇ ਤਰ੍ਹਾਂ ਭਿੱਜਿਆ ਹੋਇਆ ਸੀ। ਉਹ ਗਰਮੀ ਦਾ ਭਰਿਆ ਦੁਪਹਿਰਾ ਸੀ, ਗੁੰਮਸੁੰਮ। ਇਥੋਂ ਤੱਕ ਕਿ ਚਿੜੀਆਂ ਤੇ ਗਾਲੜ ਵੀ ਇਸ ਧੁੱਪ ਵਿਚ ਨਿਕਲਣਾ ਨਹੀਂ ਸਨ ਚਾਹੁੰਦੇ ਅਤੇ ਰੁੱਖਾਂ ਤੇ ਉਨ੍ਹਾਂ ਦੇ ਪਰਛਾਵਿਆਂ ਵਿਚ ਲੁਕੇ ਹੋਏ ਸਨ।

ਸਵਾਰ ਅਤੇ ਘੋੜਾ, ਦੋਵੇਂ ਹੀ ਰੁੱਖਾਂ ਦੀਆਂ ਪੱਤੀਆਂ ਅਤੇ ਪੀਲੇ ਪਰਾਗ ਕਣਾਂ ਨਾਲ ਗੜੁੱਚ ਸਨ ਕਿਉਂਕਿ ਉਹ ਖੁੱਲ੍ਹੇ ਰਾਹ ਨਹੀਂ ਜਾ ਸਕਦੇ ਸਨ। ਉਹ ਰੁੱਖਾਂ ਤੇ ਝਾੜੀਆਂ 'ਚੋਂ ਹੁੰਦੇ ਹੋਏ ਹੀ ਚਲਦੇ ਰਹੇ ਅਤੇ ਜਦ ਵੀ ਸੁੱਕੇ ਰੁੱਖਾਂ ਵਿਚੋਂ ਜਾਂ ਖੁੱਲ੍ਹੀ ਜ਼ਮੀਨ ਤੋਂ ਲੰਘਣਾ ਪੈਂਦਾ, ਸਵਾਰ ਸਾਵਧਾਨੀ ਨਾਲ ਝਾਕਦਾ ਕਿ ਕਿਤੇ ਕੋਈ ਹੈ ਤਾਂ ਨਹੀਂ। ਉਹ ਲਗਾਤਾਰ ਉਤਰ ਵੱਲ ਜਾ ਰਿਹਾ ਸੀ। ਉਹਦਾ ਰਾਹ ਜ਼ਿਆਦਾ ਘੁਮਾਓਦਾਰ ਨਹੀਂ ਸੀ ਅਤੇ ਉਤਰ ਤੋਂ ਹੀ ਉਸ ਨੂੰ ਸਭ ਤੋਂ ਵੱਧ ਡਰ ਸੀ। ਉਹ ਡਰਪੋਕ ਨਹੀਂ ਸੀ ਪਰ ਉਹਦਾ ਹੌਸਲਾ ਆਮ ਆਦਮੀ ਜਿੰਨਾ ਹੀ ਸੀ ਤੇ ਉਹ ਜੀਣਾ ਚਾਹੁੰਦਾ ਸੀ, ਮਰਨਾ ਨਹੀਂ।

ਛੋਟੀ ਪਹਾੜੀ 'ਤੇ ਚੜ੍ਹਦਿਆਂ ਉਹਨੇ ਪਗਡੰਡੀ ਫੜ ਲਈ, ਜਿਸ 'ਤੇ ਝਾੜੀਆਂ ਇੰਨੀਆਂ ਸੰਘਣੀਆਂ ਸਨ ਕਿ ਉਹਨੂੰ ਘੋੜੇ ਤੋਂ ਉਤਰ ਕੇ ਪੈਦਲ ਚੱਲਣਾ ਪਿਆ ਪਰ ਜਦ ਉਹ ਪਗਡੰਡੀ ਪੱਛਮ ਵੱਲ ਲਹਿ ਗਈ ਤਾਂ ਉਹਨੇ ਉਹ ਛੱਡ ਦਿੱਤੀ ਅਤੇ ਫਿਰ ਉਤਰ ਵੱਲ ਰੁੱਖਾਂ ਨਾਲ ਢਕੀ ਰਿੱਜ ਦੇ ਨਾਲ-ਨਾਲ ਚੱਲਣ ਲੱਗਾ।

ਰਿੱਜ ਖੜ੍ਹੀ ਢਲਾਣ ਤੱਕ ਪਹੁੰਚ ਕੇ ਖਤਮ ਹੋਈ, ਇਹ ਇੰਨੀ ਖੜ੍ਹੀ ਕਿ ਉਹਨੂੰ ਪਾਰ ਕਰਨ ਲਈ ਘੁੰਮ-ਘੁੰਮ ਕੇ ਜਾਣਾ ਪਿਆ। ਸੁੱਕੇ ਸੰਤਰੇ ਤੇ ਸੁੱਕੀਆਂ ਵੇਲਾਂ 'ਤੇ ਕਦੀ ਤਿਲਕਦੇ ਹੋਏ ਤੇ ਕਦੀ ਰਿੜ੍ਹਦੇ ਹੋਏ ਅਤੇ ਘੋੜੇ 'ਤੇ ਵੀ ਸਾਵਧਾਨ ਨਜ਼ਰ ਰੱਖਦੇ ਹੋਏ ਕਿ ਕਿਤੇ ਉਹ ਉਹਦੇ ਉਪਰ ਹੀ ਨਾ ਡਿੱਗ ਜਾਵੇ। ਪਸੀਨਾ ਵਹਿ ਰਿਹਾ ਸੀ ਅਤੇ ਪਰਾਗ ਕਣ ਨੱਕ ਵਿਚ ਭਰ ਰਹੇ ਸਨ, ਜਿਸ ਨਾਲ ਉਹਨੂੰ ਜ਼ਬਰਦਸਤ ਪਿਆਸ ਲੱਗ ਆਈ ਸੀ। ਉਹ ਜਿੰਨੀ ਵੀ ਕੋਸ਼ਿਸ਼ ਕਰਦਾ, ਉਤਰਨ ਵਿਚ ਰੌਲੇ ਨੂੰ ਰੋਕ ਨਹੀਂ ਸੀ ਪਾ ਰਿਹਾ। ਉਹ ਵਾਰ-ਵਾਰ ਰੁਕਦਾ ਅਤੇ ਸੁੱਕੀ ਗਰਮੀ ਵਿਚ ਹਫਦਾ ਥੱਲਿਓਂ ਕਿਸੇ ਖਤਰੇ ਦੀ ਆਹਟ ਸੁਣਦਾ।

ਥੱਲੇ ਉਤਰ ਕੇ ਉਹ ਪੱਧਰੀ ਜ਼ਮੀਨ 'ਤੇ ਪਹੁੰਚ ਗਿਆ, ਜੋ ਅਜਿਹੇ ਸੰਘਣੇ ਰੁੱਖਾਂ ਨਾਲ ਭਰੀ ਹੋਈ ਸੀ ਕਿ ਉਹ ਥਾਹ ਨਾ ਪਾ ਸਕਿਆ। ਰੁੱਖਾਂ ਦੀ ਸਥਿਤੀ ਬਦਲ ਗਈ ਸੀ, ਜਿਸ ਕਰਕੇ ਉਹ ਫਿਰ ਘੋੜੇ 'ਤੇ ਚੜ੍ਹ ਕੇ ਜਾ ਸਕਦਾ ਸੀ। ਵਿੰਗੇ-ਟੇਢੇ ਓਕ ਦੇ ਰੁੱਖਾਂ ਦੀ ਥਾਂ ਉਥੇ ਸਿੱਧੇ ਖੜ੍ਹੇ ਉਚੇ-ਉਚੇ ਰੁੱਖ ਸਨ, ਸੰਘਣੇ ਅਤੇ ਮੋਟੇ-ਮੋਟੇ ਤਣਿਆਂ ਵਾਲੇ, ਨਮ ਜ਼ਮੀਨ ਵਿਚ ਉਗੇ ਹੋਏ। ਝਾੜੀਆਂ ਥਾਂ-ਕੁਥਾਂ ਹੀ ਸਨ, ਜਿਨ੍ਹਾਂ ਤੋਂ ਸੁਖਾਲਿਆਂ ਹੀ ਬਚਿਆ ਜਾ ਸਕਦਾ ਸੀ। ਫਿਰ ਉਹ ਹਵਾਦਾਰ ਪਾਰਕ ਜਿਹੀ ਖੁੱਲ੍ਹੀ ਥਾਂ 'ਚੋਂ ਲੰਘਿਆ, ਜਿਥੇ ਯੁੱਧ ਤੋਂ ਪਹਿਲਾਂ ਪਸ਼ੂਆਂ ਦੀ ਚਰਾਗਾਹ ਰਹੀ ਹੋਵੇਗੀ।

ਜਦ ਉਹ ਘਾਟੀ ਵਿਚ ਪਹੁੰਚਿਆ ਤਾਂ ਉਹਦੀ ਰਫਤਾਰ ਤੇਜ਼ ਹੋ ਗਈ ਅਤੇ ਅੱਧੇ ਘੰਟੇ ਵਿਚ ਹੀ ਉਹ ਪੁਰਾਣੇ ਰੇਲਵੇ ਫਾਟਕ 'ਤੇ ਪਹੁੰਚ ਗਿਆ, ਜੋ ਹੁਣ ਤਬਾਹ ਹੋ ਗਿਆ ਸੀ। ਇੰਨੇ ਖੁੱਲ੍ਹੇ ਰਾਹ 'ਤੇ ਪੈਣਾ ਉਹਨੂੰ ਠੀਕ ਨਾ ਲੱਗਾ। ਹਾਲੇ ਉਹਨੇ ਦਰਿਆ ਕੰਢੇ ਰੁੱਖਾਂ ਵਿਚੋਂ ਹੋ ਕੇ ਜਾਂਦੀ ਸੜਕ ਤੋਂ ਜਾਣਾ ਸੀ। ਭਾਵੇਂ ਸਿਰਫ ਅੱਧਾ ਮੀਲ ਦਾ ਰਾਹ ਹੀ ਖੁੱਲ੍ਹੇ ਵਿਚ ਸੀ, ਪਰ ਉਸ ਰਾਹੀਂ ਜਾਣ ਦਾ ਵਿਚਾਰ ਹੀ ਕੋੜ ਪੈਦਾ ਕਰਨ ਵਾਲਾ ਸੀ। ਦਰਿਆ ਕੰਢੇ ਦੇ ਉਸ ਖੁੱਲ੍ਹੇ ਰਾਹ 'ਤੇ ਕੋਈ ਨਾ ਕੋਈ ਰਾਈਫਲ ਜਾਂ ਕਈ ਹਜ਼ਾਰਾਂ ਰਾਈਫਲਾਂ ਘਾਤ ਵਿਚ ਹੋ ਸਕਦੀਆਂ ਸਨ।

ਦੋ ਵਾਰ ਉਹਨੇ ਚੱਲਣ ਦਾ ਤਹੱਈਆ ਕੀਤਾ ਅਤੇ ਦੋ ਵਾਰ ਰੁਕਿਆ। ਉਹ ਆਪਣੇ ਇਕੱਲੇਪਣ ਤੋਂ ਡਰ ਗਿਆ ਸੀ। ਪੱਛਮ ਤੋਂ ਆਉਂਦੀ ਯੁੱਧ ਦੀ ਆਵਾਜ਼, ਹਜ਼ਾਰਾਂ ਲੜਾਕਿਆਂ ਦੇ ਸਾਥ ਦਾ ਅਹਿਸਾਸ ਦੇ ਰਹੀ ਸੀ, ਪਰ ਇਥੇ ਕੁਝ ਨਹੀਂ ਸੀ; ਬਸ ਇਕ ਚੁੱਪ ਸੀ। ਮੌਤ ਲਿਆਉਣ ਵਾਲੀਆਂ ਗੋਲੀਆਂ ਕਦੇ ਵੀ ਵਰ੍ਹ ਸਕਦੀਆਂ ਸਨ। ਫਿਰ ਵੀ ਉਹਦਾ ਕੰਮ ਉਨ੍ਹਾਂ ਦਾ ਪਤਾ ਲਾਉਣਾ ਸੀ, ਜਿਨ੍ਹਾਂ ਦਾ ਪਤਾ ਲਾਉਣ ਤੋਂ ਉਹ ਡਰ ਰਿਹਾ ਸੀ, ਪਰ ਉਹਨੇ ਇਹ ਕੰਮ ਕਰਨਾ ਸੀ; ਜਦ ਤਕ ਉਹ ਕਿਤੇ, ਕਦੀ, ਉਸ ਕਿਸੇ ਬੰਦੇ ਨਾਲ ਮਿਲ ਨਾ ਲਵੇ, ਜੋ ਅਜਿਹੀ ਮੁਹਿੰਮ 'ਤੇ ਹੀ ਚੜ੍ਹਿਆ ਹੋਵੇ।

ਆਪਣਾ ਮਨ ਬਦਲ ਕੇ ਉਹ ਪਹਿਲਾਂ ਦੂਰ ਤਕ ਜੰਗਲ ਅੰਦਰ ਚਲਦਾ ਰਿਹਾ ਤੇ ਫਿਰ ਬਾਹਰ ਨਿਕਲਿਆ। ਇਸ ਵਾਰ ਉਹਨੇ ਖੁੱਲ੍ਹੀ ਜਗ੍ਹਾ ਵਿਚ ਛੋਟਾ ਜਿਹਾ ਫਾਰਮ ਹਾਊਸ ਦੇਖਿਆ। ਉਥੇ ਕਿਸੇ ਜਿਉਂਦੇ ਪ੍ਰਾਣੀ ਦਾ ਕੋਈ ਨਿਸ਼ਾਨ ਨਹੀਂ ਸੀ। ਕੋਈ ਧੂੰਆਂ ਨਹੀਂ ਸੀ ਉਠ ਰਿਹਾ ਅਤੇ ਨਾ ਹੀ ਵਿਹੜੇ ਵਿਚ ਕੋਈ ਕੁਕੜੀ ਕੁੜ-ਕੁੜ ਕਰ ਰਹੀ ਸੀ। ਰਸੋਈ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਉਹ ਦੇਰ ਤਕ ਅੱਖਾਂ ਗੱਡੀ ਦੇਖਦਾ ਰਿਹਾ। ਉਹਨੂੰ ਲੱਗਣ ਲੱਗਾ ਕਿ ਕਿਸੇ ਵੀ ਪਲ ਕਿਸੇ ਕਿਸਾਨ ਦੀ ਪਤਨੀ ਉਸ ਵਿਚੋਂ ਨਿਕਲ ਆਵੇਗੀ।

ਆਪਣੇ ਸੁੱਕੇ ਬੁੱਲਾਂ 'ਤੇ ਜੰਮੀ ਧੂੜ ਤੇ ਪਰਾਗ ਕਣਾਂ 'ਤੇ ਆਪਣੀ ਜ਼ੁਬਾਨ ਫੇਰੀ, ਆਪਣਾ ਮਨ ਤੇ ਸਰੀਰ ਕੈੜਾ ਕੀਤਾ ਅਤੇ ਖੁੱਲ੍ਹੀ ਧੁੱਪ ਵਿਚ ਨਿਕਲ ਗਿਆ। ਕੁਝ ਨਾ ਹੋਇਆ। ਉਹ ਫਾਰਮ ਹਾਊਸ ਤੋਂ ਅੱਗੇ ਵਧਿਆ ਅਤੇ ਨਦੀ ਕੰਢੇ ਰੁੱਖਾਂ ਤੇ ਝਾੜੀਆਂ ਤੱਕ ਪਹੁੰਚ ਗਿਆ। ਇਕ ਗੱਲ ਪਾਗਲਪਣ ਦੀ ਹੱਦ ਤੱਕ ਉਸ ਅੰਦਰ ਸੀ ਕਿ ਕਦੀ ਵੀ ਕੋਈ ਗੋਲੀ ਅਚਾਨਕ ਉਹਨੂੰ ਲੱਗ ਸਕਦੀ ਹੈ। ਇਸ ਨਾਲ ਉਹਨੂੰ ਬਹੁਤ ਕਮਜ਼ੋਰੀ ਅਤੇ ਬੇਵਸੀ ਮਹਿਸੂਸ ਹੋਈ ਅਤੇ ਉਹ ਜੀਨ 'ਤੇ ਥੱਲੇ ਝੁਕ ਗਿਆ।

ਘੋੜਾ ਰੁੱਖ ਦੀ ਜੜ੍ਹ ਨਾਲ ਬੰਨ੍ਹ ਕੇ ਕਰੀਬ ਸੌ ਗਜ਼ ਪੈਦਲ ਚੱਲ ਕੇ ਉਹ ਦਰਿਆ ਕੰਢੇ ਪਹੁੰਚਿਆ। ਇਹ ਵੀਹ ਫੁੱਟ ਚੌੜਾ ਸੀ। ਧਾਰਾ ਤੇਜ਼ ਨਹੀਂ ਸੀ। ਠੰਢਕ ਨਿਓਤਾ ਦੇਣ ਵਾਲੀ ਸੀ ਅਤੇ ਉਹ ਬਹੁਤ ਪਿਆਸਾ ਸੀ, ਪਰ ਉਹ ਪੱਤੀਆਂ ਦੇ ਪਰਦੇ ਪਿੱਛੇ ਲੁਕਿਆ ਰਿਹਾ। ਉਹਦੀਆਂ ਅੱਖਾਂ ਸਾਹਮਣੇ ਉਸ ਪਾਰ ਦੇ ਪਰਦੇ 'ਤੇ ਟਿਕੀਆਂ ਸਨ। ਉਡੀਕ ਦੀਆਂ ਘੜੀਆਂ ਨੂੰ ਸੁਖਾਲਾ ਬਣਾਉਣ ਲਈ ਉਹ ਬੈਠ ਗਿਆ। ਉਹਦੀ ਕਾਰਬਾਈਨ ਗੋਡਿਆਂ 'ਤੇ ਟਿਕੀ ਹੋਈ ਸੀ। ਕੁਝ ਮਿੰਟ ਲੰਘੇ, ਉਹਦਾ ਤਣਾਅ ਘਟ ਗਿਆ। ਅੰਤ ਉਹਨੇ ਤੈਅ ਕੀਤਾ ਕਿ ਕੋਈ ਖਤਰਾ ਨਹੀਂ ਹੈ, ਪਰ ਜਿਵੇਂ ਹੀ ਉਹ ਝਾੜੀਆਂ 'ਚੋਂ ਨਿਕਲ ਕੇ ਪਾਣੀ ਪੀਣ ਲਈ ਝੁਕਣ ਲੱਗਾ, ਉਸ ਪਾਰ ਝਾੜੀਆਂ ਵਿਚ ਕੋਈ ਹਰਕਤ ਦਿਸੀ।

ਕੋਈ ਚਿੜੀ ਹੋ ਸਕਦੀ ਹੈ, ਪਰ ਉਹ ਰੁਕਿਆ। ਝਾੜੀਆਂ ਵਿਚ ਹੋਰ ਹਲਚਲ ਹੋਈ ਅਤੇ ਫਿਰ ਸਭ ਕੁਝ ਇੰਨਾ ਅਚਾਨਕ ਹੋਇਆ ਕਿ ਉਹਦੇ ਮੂੰਹ 'ਚੋਂ ਚੀਕ ਨਿਕਲਦੀ-ਨਿਕਲਦੀ ਬਚੀ। ਝਾੜੀਆਂ 'ਚੋਂ ਇਕ ਚਿਹਰਾ ਬਾਹਰ ਨਿਕਲਿਆ ਜਿਸ 'ਤੇ ਕਈ ਹਫਤੇ ਦੀ ਭੂਰੀ ਦਾੜ੍ਹੀ ਉਗੀ ਹੋਈ ਸੀ। ਅੱਖਾਂ ਨੀਲੀਆਂ ਸਨ ਅਤੇ ਵੱਡੀਆਂ-ਵੱਡੀਆਂ, ਪ੍ਰੇਸ਼ਾਨੀ ਤੇ ਥਕਾਵਟ ਸਾਫ ਝਲਕ ਰਹੀ ਸੀ ਪਰ ਭਰਵੱਟੀਆਂ ਇੰਜ ਸਨ, ਜਿਵੇਂ ਕੋਈ ਹੱਸ ਰਿਹਾ ਹੋਵੇ।


ਉਹ ਸਭ ਕੁਝ ਉਹਨੇ ਸਾਫ-ਸਾਫ ਦੇਖਿਆ ਕਿਉਂਕਿ ਦੂਰੀ ਵੀਹ ਫੁੱਟ ਤੋਂ ਵੱਧ ਨਹੀਂ ਸੀ ਅਤੇ ਇਹ ਸਭ ਉਹਨੇ ਸਿਰਫ ਇੰਨੇ ਹੀ ਸਮੇਂ ਵਿਚ ਦੇਖਿਆ, ਜਿੰਨਾ ਮੋਢੇ 'ਤੇ ਕਾਰਬਾਈਨ ਚੁੱਕਣ ਵਿਚ ਲੱਗਾ। ਉਹਨੇ ਫਿਰ ਉਸ ਨੂੰ ਇਕ ਵਾਰ ਦੇਖਿਆ ਤਾਂ ਲੱਗਾ ਜਿਵੇਂ ਉਹ ਕਿਸੇ ਮਰੇ ਹੋਏ ਆਦਮੀ ਨੂੰ ਦੇਖ ਰਿਹਾ ਹੈ। ਇੰਨੀ ਨੇੜਿਓਂ ਨਿਸ਼ਾਨਾ ਉਕਣਾ ਸੰਭਵ ਹੀ ਨਹੀਂ ਸੀ।

ਪਰ ਉਹਨੇ ਗੋਲੀ ਨਾ ਚਲਾਈ, ਹੌਲੀ ਜਿਹੇ ਕਾਰਬਾਈਨ ਲਾਹ ਕੇ ਦੇਖਣ ਲੱਗਾ। ਫਿਰ ਇਕ ਹੱਥ ਦਿਸਿਆ ਜਿਸ ਵਿਚ ਪਾਣੀ ਦੀ ਬੋਤਲ ਸੀ। ਫਿਰ ਹੱਥ, ਬੋਤਲ ਅਤੇ ਭੂਰੀ ਦਾੜ੍ਹੀ ਪਾਣੀ ਭਰਨ ਨੂੰ ਝੁਕੀ। ਪਾਣੀ ਭਰਨ ਦੀ ਗੁੜ-ਗੁੜ ਉਸ ਨੂੰ ਸਾਫ ਸੁਣਾਈ ਦਿੱਤੀ। ਫਿਰ ਹੱਥ, ਬੋਤਲ ਅਤੇ ਭੂਰੀ ਦਾੜ੍ਹੀ ਝਾੜੀਆਂ ਪਿੱਛੇ ਗਾਇਬ ਹੋ ਗਏ। ਕਾਫੀ ਸਮਾਂ ਉਹਨੇ ਉਡੀਕ ਕੀਤੀ ਅਤੇ ਫਿਰ ਬਿਨਾ ਪਾਣੀ ਪੀਤੇ ਘੋੜੇ 'ਤੇ ਸਵਾਰ ਹੋਇਆ ਅਤੇ ਹੌਲੀ-ਹੌਲੀ ਧੁੱਪ ਨਾਲ ਭਰੇ ਮੈਦਾਨ 'ਚੋਂ ਹੁੰਦਾ ਹੋਇਆ ਪਿੱਛੇ ਰੁੱਖਾਂ ਦੇ ਆਸਰੇ ਵਿਚ ਚਲਾ ਗਿਆ।

---

ਅਗਲਾ ਦਿਨ। ਗਰਮ ਅਤੇ ਘੁਟਣ ਭਰਿਆ। ਖੁੱਲ੍ਹੇ ਵਿਚ ਕੋਈ ਉਜਾੜ ਫਾਰਮ ਹਾਊਸ ਸੀ। ਬਹੁਤ ਵੱਡਾ। ਉਸ ਵਿਚ ਕਈ ਆਊਟ ਹਾਊਸ ਸਨ ਅਤੇ ਫਲਾਂ ਦਾ ਬਾਗ ਵੀ ਸੀ। ਰੁੱਖਾਂ ਵਿਚੋਂ ਚਿਤਕਬਰੇ ਘੋੜੇ 'ਤੇ ਉਹ ਨੌਜਵਾਨ ਕਾਰਬਾਈਨ ਟੰਗੀ ਫੁਰਤੀਲੀਆਂ ਅੱਖਾਂ ਨਾਲ ਇਧਰ-ਉਧਰ ਦੇਖਦਾ ਉਥੇ ਪਹੁੰਚਿਆ। ਉਹਨੇ ਚੈਨ ਦਾ ਸਾਹ ਲਿਆ ਕਿ ਉਸ ਘਰ ਤੱਕ ਪਹੁੰਚ ਗਿਆ ਹੈ। ਸਪਸ਼ਟ ਸੀ ਕਿ ਉਥੇ ਲੜਾਈ ਹੋਈ ਸੀ। ਜੰਗ ਲੱਗੇ ਬਦਰੰਗ ਕਲਿਪ ਅਤੇ ਖਾਲੀ ਕਾਰਤੂਸ ਜ਼ਮੀਨ 'ਤੇ ਬਿਖਰੇ ਪਏ ਸਨ। ਜ਼ਮੀਨ ਜਦ ਗਿੱਲੀ ਸੀ ਤਾਂ ਘੋੜਿਆਂ ਦੇ ਖੁਰਾਂ ਨਾਲ ਥਾਂ-ਥਾਂ ਤੋਂ ਪੁੱਟੀ ਗਈ ਸੀ। ਘਰ ਦੇ ਨੇੜੇ ਜੋ ਖੁੱਲ੍ਹੀ ਥਾਂ ਸੀ, ਉਥੇ ਕਬਰਾਂ ਸਨ। ਉਨ੍ਹਾਂ 'ਤੇ ਨਾਮ ਦੀਆਂ ਫੱਟੀਆਂ ਲੱਗੀਆਂ ਸਨ ਤੇ ਨੰਬਰ ਲਿਖੇ ਸਨ। ਰਸੋਈ ਦੇ ਦਰਵਾਜ਼ੇ ਨੇੜੇ ਦੇ ਓਕ ਦੇ ਦਰਖਤ ਨਾਲ ਕਟੀਆਂ-ਫਟੀਆਂ ਅਤੇ ਸੜੀਆਂ-ਗਲੀਆਂ ਪੋਸ਼ਾਕਾਂ ਵਿਚ ਦੋ ਲਾਸ਼ਾਂ ਲਟਕ ਰਹੀਆਂ ਸਨ। ਉਨ੍ਹਾਂ ਦੇ ਚਿਹਰੇ ਸੁੱਕੇ ਹੋਏ ਸਨ ਤੇ ਵਿਗਾੜ ਦਿੱਤੇ ਗਏ ਸਨ। ਉਹ ਆਦਮੀ ਦੇ ਚਿਹਰੇ ਲੱਗ ਹੀ ਨਹੀਂ ਰਹੇ ਸਨ। ਘੋੜਾ ਉਨ੍ਹਾਂ ਥੱਲੇ ਫੁਫਕਾਰਨ ਲੱਗਾ ਤਾਂ ਸਵਾਰ ਨੇ ਉਸ ਨੂੰ ਸਹਿਲਾ ਕੇ ਸ਼ਾਂਤ ਕੀਤਾ ਅਤੇ ਉਥੋਂ ਕੁਝ ਦੂਰ ਹਟਾ ਕੇ ਬੰਨ੍ਹ ਦਿੱਤਾ।

ਘਰ ਵੜਦਿਆਂ ਉਸ ਨੂੰ ਸਭ ਕੁਝ ਤਬਾਹ ਹੋਇਆ ਮਿਲਿਆ। ਇਕ ਕਮਰੇ ਤੋਂ ਦੂਜੇ 'ਚ ਜਾਂਦਿਆਂ ਉਹਨੂੰ ਖਾਲੀ ਕਾਰਤੂਸਾਂ ਤੋਂ ਹੋ ਕੇ ਚੱਲਣਾ ਪਿਆ। ਉਹ ਬਾਰੀ ਤੋਂ ਬਾਹਰ ਟੋਹ ਲੈਣ ਗਿਆ। ਲੋਕ ਉਥੇ ਰਹੇ ਸਨ ਅਤੇ ਸੁੱਤੇ ਸਨ। ਇਕ ਕਮਰੇ ਵਿਚ ਤਾਂ ਉਸ ਨੂੰ ਖੂਨ ਦੇ ਨਿਸ਼ਾਨ ਦਿਸੇ। ਜ਼ਰੂਰ ਹੀ ਉਥੇ ਫੱਟੜਾਂ ਨੂੰ ਲਿਟਾਇਆ ਗਿਆ ਸੀ।



ਫਿਰ ਉਹ ਬਾਹਰ ਗਿਆ। ਘੋੜੇ ਦੇ ਨਾਲ-ਨਾਲ ਪਿੱਛੇ ਅਸਤਬਲ ਤੋਂ ਹੁੰਦਾ ਬਗੀਚੇ ਵਿਚ ਜਾ ਵੜਿਆ। ਸਤ-ਬਾਰ੍ਹਾਂ ਰੁੱਖ ਪੱਕੇ ਹੋਏ ਸੇਬਾਂ ਨਾਲ ਲੱਦੇ ਹੋਏ ਸਨ। ਉਹਨੇ ਆਪਣੀਆਂ ਜੇਬਾਂ ਭਰ ਲਈਆਂ। ਨਾਲ-ਨਾਲ ਖਾਂਦਾ ਵੀ ਗਿਆ। ਫਿਰ ਉਹਦੇ ਮਨ ਇਕ ਗੱਲ ਆਈ। ਉਹਨੇ ਸੂਰਜ ਵੱਲ ਦੇਖਿਆ ਅਤੇ ਅੰਦਾਜ਼ਾ ਲਾਇਆ ਕਿ ਵਾਪਸ ਕੈਂਪ ਪਹੁੰਚਣ ਵਿਚ ਕਿੰਨਾ ਸਮਾਂ ਲੱਗੇਗਾ। ਉਹਨੇ ਆਪਣੀ ਕਮੀਜ਼ ਖੋਲ੍ਹੀ, ਬਾਹਾਂ ਬੰਨ੍ਹ ਕੇ ਝੋਲਾ ਬਣਾਇਆ ਅਤੇ ਉਸ ਵਿਚ ਸੇਬ ਭਰਨ ਲੱਗਾ। ਉਹ ਘੋੜੇ 'ਤੇ ਚੜ੍ਹਨ ਹੀ ਵਾਲਾ ਸੀ ਕਿ ਘੋੜੇ ਨੇ ਕੰਨ ਖੜ੍ਹੇ ਕਰ ਲਏ। ਆਦਮੀ ਨੇ ਵੀ ਸੁਣਨ ਦੀ ਕੋਸ਼ਿਸ਼ ਕੀਤੀ ਅਤੇ ਮੁਲਾਇਮ ਜ਼ਮੀਨ 'ਤੇ ਘੋੜੇ ਦੀਆਂ ਟਾਪਾਂ ਦੀ ਹਲਕੀ ਜਿਹੀ ਆਵਾਜ਼ ਸੁਣੀ। ਉਹ ਅਸਤਬਲ ਦੇ ਇਕ ਕੋਨੇ ਵਿਚ ਛੁਪ ਗਿਆ ਅਤੇ ਝਾਕਣ ਲੱਗਾ। ਘੋੜੇ 'ਤੇ ਸਵਾਰ ਦਸ-ਬਾਰ੍ਹਾਂ ਲੋਕ ਅਰਾਮ ਨਾਲ ਖੁੱਲ੍ਹੀ ਜਗ੍ਹਾ ਤੋਂ ਦੂਜੇ ਪਾਸਿਓਂ ਆ ਰਹੇ ਸਨ ਅਤੇ ਸੌ ਗਜ਼ ਤੋਂ ਵੱਧ ਦੂਰ ਨਹੀਂ ਸਨ। ਉਹ ਘਰ ਕੋਲ ਪਹੁੰਚੇ। ਕੁਝ ਘੋੜੇ ਤੋਂ ਉਤਰ ਗਏ ਪਰ ਕੁਝ ਉਨ੍ਹਾਂ 'ਤੇ ਹੀ ਬੈਠੇ ਰਹੇ। ਸਾਫ ਸੀ ਕਿ ਉਹ ਉਥੇ ਥੋੜ੍ਹੀ ਹੀ ਦੇਰ ਰੁਕਣ ਵਾਲੇ ਸਨ। ਉਹ ਕੁਝ ਵਿਚਾਰ-ਵਟਾਂਦਰਾ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਚਿੰਤਤ ਹੋ ਕੇ ਬਾਹਰੀ ਹਮਲਾਵਰਾਂ ਦੀ ਉਸ ਭਾਸ਼ਾ ਵਿਚ ਗੱਲਬਾਤ ਕਰਦੇ ਸੁਣਿਆ, ਜੋ ਉਸ ਨੂੰ ਪਸੰਦ ਨਹੀਂ ਸੀ। ਸਮਾਂ ਲੰਘਿਆ ਪਰ ਲੱਗਾ, ਉਹ ਕਿਸੇ ਫੈਸਲੇ 'ਤੇ ਨਹੀਂ ਪਹੁੰਚ ਸਕੇ। ਉਹਨੇ ਆਪਣੀ ਕਾਰਬਾਈਨ ਜੀਨ ਵਿਚ ਫਸਾਈ ਤੇ ਘੋੜੇ 'ਤੇ ਚੜ੍ਹ ਗਿਆ ਅਤੇ ਸੇਬਾਂ ਵਾਲੀ ਕਮੀਜ਼ ਨੂੰ ਸੰਭਾਲ ਬੇਚੈਨੀ ਨਾਲ ਉਡੀਕਣ ਲੱਗਾ।

ਉਹਨੇ ਕਦਮਾਂ ਦੀ ਆਵਾਜ਼ ਆਪਣੇ ਵੱਲ ਆਉਂਦੀ ਸੁਣੀ ਅਤੇ ਘੋੜੇ ਨੂੰ ਇੰਨੀ ਜ਼ੋਰ ਨਾਲ ਅੱਡੀ ਮਾਰੀ ਕਿ ਉਹ ਜਿਵੇਂ ਹੈਰਾਨੀ ਨਾਲ ਚੀਕ ਉਠਿਆ, ਕੁੱਦਿਆ ਅਤੇ ਅੱਗੇ ਵੱਧ ਪਿਆ। ਅਸਤਬਲ ਕੋਲ ਉਹਨੇ ਘੁਸਪੈਠੀਆ ਦੇਖਿਆ। ਉਹ ਵਰਦੀ ਵਿਚ ਸੀ ਪਰ ਉਨੀ-ਵੀਹ ਸਾਲ ਦਾ ਮੁੰਡਾ ਹੀ ਸੀ। ਉਸੇ ਸਮੇਂ ਘੋੜਾ ਮੁੜਿਆ ਅਤੇ ਸਵਾਰ ਨੇ ਘਰ ਨੇੜੇ ਖੜ੍ਹੇ ਲੋਕਾਂ ਦੀ ਝਲਕ ਦੇਖੀ, ਜੋ ਚੁਕੰਨੇ ਹੋ ਗਏ ਸਨ। ਉਹ ਘੋੜੇ ਥੱਲੇ ਆਉਣ ਤੋਂ ਬਚਣ ਲਈ ਭੁੜਕ ਕੇ ਪਿੱਛੇ ਹੋਇਆ। ਕੁਝ ਘੋੜੇ ਤੋਂ ਥੱਲੇ ਕੁੱਦ ਰਹੇ ਸਨ ਅਤੇ ਉਹਨੇ ਦੇਖਿਆ ਕਿ ਉਹ ਰਫਲਾਂ ਆਪਣੇ ਮੋਢਿਆਂ ਤੱਕ ਲਿਜਾ ਰਹੇ ਸਨ। ਉਹ ਰਸੋਈ ਦੇ ਦਰਵਾਜ਼ੇ ਅਤੇ ਝੂਲਦੀਆਂ ਸੁੱਕੀਆਂ ਲਾਸ਼ਾਂ ਕੋਲੋਂ ਹੋ ਕੇ ਦੌੜਿਆ ਤਾਂ ਕਿ ਉਹਦੇ ਦੁਸ਼ਮਣਾਂ ਨੂੰ ਘਰ ਦੇ ਸਾਹਮਣਿਓਂ ਦੌੜ ਕੇ ਆਉਣਾ ਪਵੇ। ਇਕ ਗੋਲੀ ਚੱਲੀ, ਫਿਰ ਦੂਜੀ ਪਰ ਉਹ ਤੇਜ਼ੀ ਨਾਲ ਭੱਜ ਰਿਹਾ ਸੀ। ਅੱਗੇ ਝੁਕਿਆ ਹੋਇਆ ਅਤੇ ਜੀਨ ਨਾਲ ਚਿੰਬੜਿਆ ਹੋਇਆ। ਇਕ ਹੱਥ ਨਾਲ ਸੇਬਾਂ ਵਾਲੀ ਕਮੀਜ਼ ਨੂੰ ਫੜੀ ਅਤੇ ਦੂਜੇ ਨਾਲ ਘੋੜੇ ਦੀ ਲਗਾਮ ਸੰਭਾਲੀ।

ਵਾੜ ਦੀ ਉਪਰਲੀ ਬੱਲੀ ਚਾਰ ਫੁੱਟ ਉਚੀ ਸੀ ਪਰ ਉਹ ਆਪਣੇ ਘੋੜੇ ਨੂੰ ਜਾਣਦਾ ਸੀ ਅਤੇ ਕਈ ਗੋਲੀਆਂ ਦੀ ਬੁਛਾੜ ਵਿਚ ਉਸ ਨੂੰ ਟੱਪ ਗਿਆ। ਉਹ ਜੰਗਲ ਤੋਂ ਅੱਠ ਸੌ ਗਜ਼ ਦੂਰ ਸੀ ਅਤੇ ਚਿਤਕਬਰਾ ਦੁੜੰਗੇ ਮਾਰਦਾ ਦੂਰੀ ਤੈਅ ਕਰ ਰਿਹਾ ਸੀ। ਹੁਣ ਹਰ ਆਦਮੀ ਗੋਲੀ ਚਲਾ ਰਿਹਾ ਸੀ। ਇੰਨੀ ਤੇਜ਼ੀ ਨਾਲ ਉਹ ਆਪਣੀਆਂ ਬੰਦੂਕਾਂ ਖਾਲੀ ਕਰ ਰਹੇ ਸਨ ਕਿ ਉਹ ਕਿਸੇ ਇਕ ਦੀ ਆਵਾਜ਼ ਨਹੀਂ ਸੁਣ ਰਿਹਾ ਸੀ। ਇਕ ਗੋਲੀ ਉਹਦੇ ਹੈਟ 'ਚੋਂ ਹੋ ਕੇ ਨਿਕਲ ਗਈ ਪਰ ਉਹਨੂੰ ਪਤਾ ਨਾ ਲੱਗਾ, ਪਰ ਜਦ ਇਕ ਹੋਰ ਗੋਲੀ ਸੇਬਾਂ ਵਾਲੀ ਕਮੀਜ਼ ਪਾੜਦੀ ਨਿਕਲੀ ਤਾਂ ਉਹਨੂੰ ਪਤਾ ਲੱਗਾ ਅਤੇ ਜਦ ਤੀਜੀ ਗੋਲੀ ਉਹਦੇ ਘੋੜੇ ਦੇ ਪੈਰਾਂ ਵਿਚਕਾਰ ਪੱਥਰ ਨਾਲ ਟਕਰਾ ਕੇ ਫਿਰ ਹਵਾ ਵਿਚ ਕਿਸੇ ਕੀੜੇ ਵਾਂਗ ਭਿਣਭਿਣਾਉਂਦੀ ਉਡੀ ਤਾਂ ਉਹ ਕੰਬ ਗਿਆ ਅਤੇ ਥੱਲੇ ਝੁਕ ਗਿਆ।

ਮੈਗਜ਼ੀਨਾਂ ਖਾਲੀ ਹੋ ਜਾਣ 'ਤੇ ਗੋਲੀਆਂ ਦੀ ਆਵਾਜ਼ ਬੰਦ ਹੋ ਗਈ। ਕੁਝ ਦੇਰ ਤੱਕ ਹੋਰ ਗੋਲੀ ਨਾ ਚੱਲੀ। ਨੌਜਵਾਨ ਦਮ ਫੜ ਗਿਆ। ਗੋਲੀਆਂ ਦੀ ਉਸ ਜ਼ਬਰਦਸਤ ਵਾਛੜ 'ਚੋਂ ਉਹ ਬਿਨਾ ਕਿਸੇ ਨੁਕਸਾਨ ਦੇ ਨਿਕਲ ਆਇਆ ਸੀ। ਉਹਨੇ ਪਿੱਛੇ ਮੁੜ ਕੇ ਦੇਖਿਆ। ਉਨ੍ਹਾਂ ਨੇ ਆਪਣੀਆਂ ਮੈਗਜ਼ੀਨਾਂ ਖਾਲੀ ਕਰ ਦਿੱਤੀਆਂ ਸਨ। ਉਹਨੇ ਕਈਆਂ ਨੂੰ ਬੰਦੂਕਾਂ ਭਰਦੇ ਦੇਖਿਆ। ਕੁਝ ਲੋਕ ਵਾਪਸ ਦੌੜ ਰਹੇ ਸਨ ਆਪਣੇ ਘੋੜੇ ਲਿਆਉਣ ਲਈ। ਉਹਨੇ ਦੇਖਿਆ ਕਿ ਦੋ ਜਣੇ ਘੋੜਿਆਂ 'ਤੇ ਚੜ੍ਹ ਚੁਕੇ ਸਨ ਅਤੇ ਉਹ ਤੇਜ਼ੀ ਨਾਲ ਆਉਂਦੇ ਨਜ਼ਰੀਂ ਪਏ। ਇਸੇ ਸਮੇਂ ਉਹਨੇ ਉਸ ਭੂਰੀ ਦਾੜ੍ਹੀ ਵਾਲੇ ਨੂੰ ਦੇਖਿਆ ਕਿ ਉਹ ਜ਼ਮੀਨ 'ਤੇ ਗੋਡਿਆਂ ਪਰਨੇ ਬੈਠ ਕੇ ਨਿਸ਼ਾਨਾ ਲਾ ਰਿਹਾ ਹੈ ਅਤੇ ਲੰਮੀ ਦੂਰੀ ਦਾ ਨਿਸ਼ਾਨਾ ਸਾਧ ਰਿਹਾ ਹੈ।

ਨੌਜਵਾਨ ਨੇ ਘੋੜੇ ਨੂੰ ਕੱਸ ਕੇ ਅੱਡੀ ਲਾਈ। ਬਿਲਕੁਲ ਥੱਲੇ ਝੁਕਿਆ ਅਤੇ ਲਹਿਰਾਉਂਦਾ ਅੱਗੇ ਵਧਿਆ ਤਾਂ ਕਿ ਉਹਦਾ ਨਿਸ਼ਾਨਾ ਖੁੰਝ ਜਾਵੇ ਪਰ ਉਹਨੇ ਗੋਲੀ ਨਾ ਚਲਾਈ। ਘੋੜੇ ਦੇ ਹਰ ਕਦਮ ਨਾਲ ਜੰਗਲ ਨੇੜੇ ਆ ਰਿਹਾ ਸੀ। ਉਹ ਹੁਣ ਸਿਰਫ ਦੋ ਸੌ ਗਜ਼ ਦੂਰ ਸੀ ਅਤੇ ਹੁਣ ਤੱਕ ਗੋਲੀ ਨਹੀਂ ਸੀ ਚੱਲੀ।

ਫਿਰ ਉਹਨੇ ਇਹਦੀ ਆਵਾਜ਼ ਸੁਣੀ। ਉਹ ਆਖਰੀ ਆਵਾਜ਼ ਸੀ ਜੋ ਉਹਨੇ ਸੁਣੀ ਕਿਉਂਕਿ ਕਾਠੀ ਤੋਂ ਥੱਲੇ ਜ਼ਮੀਨ 'ਤੇ ਡਿੱਗਣ ਤੋਂ ਪਹਿਲਾਂ ਉਹ ਮਰ ਚੁਕਾ ਸੀ ਅਤੇ ਉਹ ਲੋਕ ਉਸ ਘਰ ਵਿਚੋਂ ਉਸ ਨੂੰ ਡਿਗਦਿਆਂ ਦੇਖ ਰਹੇ ਸਨ। ਉਨ੍ਹਾਂ ਨੇ ਉਹਦੇ ਸਰੀਰ ਨੂੰ ਜ਼ਮੀਨ ਨਾਲ ਟਕਰਾ ਕੇ ਉਛਲਦਿਆਂ ਦੇਖਿਆ ਅਤੇ ਦੇਖਿਆ ਕਿ ਲਾਲ-ਲਾਲ ਸੇਬ ਉਹਦੇ ਚਾਰੇ ਪਾਸੇ ਖਿਲਰ ਗਏ। ਅਚਾਨਕ ਸੇਬਾਂ ਨੂੰ ਉਛਲਦੇ ਦੇਖ ਉਨ੍ਹਾਂ ਨੂੰ ਮਜ਼ਾ ਆਇਆ ਤੇ ਉਨ੍ਹਾਂ ਠਹਾਕੇ ਲਾਏ ਅਤੇ ਭੂਰੀ ਦਾੜ੍ਹੀ ਵਾਲੇ ਆਦਮੀ ਨੂੰ ਉਹਦੇ ਸਫਲ ਨਿਸ਼ਾਨੇ 'ਤੇ ਉਨ੍ਹਾਂ ਨੇ ਤਾੜੀਆਂ ਵਜਾ ਕੇ ਵਧਾਈ ਦਿੱਤੀ।

# ਕੇਸਰੀ: ਮਾਣਮੱਤੇ ਇਤਿਹਾਸ ਨਾਲ ਧੋਖਾ

***ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਕੇਸਰੀ' ਸਾਰਾਗੜ੍ਹੀ ਦੇ ਜੰਗ ਦਾ ਬਿਰਤਾਂਤ ਹੈ ਜਿਸ ਵਿਚ ਸਿੱਖ ਰੈਜੀਮੈਂਟ ਦੇ 21 ਜਵਾਨ ਅੰਗਰੇਜ਼ ਫੌਜ ਦੀ ਤਰਫੋਂ ਅਫਗਾਨ ਅਫਰੀਦੀਆਂ ਨਾਲ ਲੜੇ ਸਨ। ਅਫਰੀਦੀਆਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਸਾਰੇ ਦੇ ਸਾਰੇ ਜਵਾਨ ਲੜਦੇ ਲੜਦੇ ਮਾਰੇ ਗਏ। ਪੱਤਰਕਾਰ ਦੀਪ ਜਗਦੀਪ ਸਿੰਘ ਨੇ ਇਸ ਜੰਗ ਵਿਚ ਮਾਰੇ ਗਏ 22ਵੇਂ ਬੰਦੇ ਦਾ ਜ਼ਿਕਰ ਕੀਤਾ ਹੈ ਜਿਸ ਨੂੰ ਇਤਿਹਾਸ ਵਿਚੋਂ ਭੁਲਾ ਹੀ ਦਿੱਤਾ ਗਿਆ ਸੀ। ਦਾਦ ਨਾਂ ਦੇ ਇਸ ਬੰਦੇ ਦਾ ਜ਼ਿਕਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਜੰਗ ਬਾਰੇ ਲਿਖੀ ਆਪਣੀ ਕਿਤਾਬ ਵਿਚ ਕੀਤਾ ਹੈ। ਇਸ ਕਿਤਾਬ ਦਾ ਪੰਜਾਬੀ ਅਨੁਵਾਦ ਦੀਪ ਜਗਦੀਪ ਸਿੰਘ ਨੇ ਕੀਤਾ ਹੈ ਜੋ ਜਲਦੀ ਹੀ ਛਪ ਕੇ ਆ ਰਹੀ ਹੈ। ਉਂਜ ਇਸ ਫਿਲਮ ਬਾਰੇ ਇਕ ਹੋਰ ਨੁਕਤਾ ਵੀ ਹੈ। ਫਿਲਮ ਵਿਚ ਪੱਗਾਂ ਵਾਲਿਆਂ ਦੀ ਬੜੀ ਪ੍ਰਸੰਸਾ ਕੀਤੀ ਗਈ ਹੈ ਪਰ ਦੂਜੇ ਪਾਸੇ ਲੜ ਰਹੇ ਅਫਰੀਦੀਆਂ ਨੇ ਵੀ ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਉਹ ਆਪਣੀ ਆਜ਼ਾਦੀ ਲਈ ਲੜ ਰਹੇ ਸਨ। -ਸੰਪਾਦਕ***


ਇਸ ਫਿਲਮ ਨਾਲ ਸਭ ਤੋਂ ਵੱਡੀ ਸ਼ਿਕਾਇਤ ਇਹ ਬਣਦੀ ਹੈ ਕਿ ਇਹ ਇਤਿਹਾਸ ਨਾਲ ਨਿਆਂ ਨਹੀਂ ਕਰਦੀ। ਸਾਰਾਗੜ੍ਹੀ ਵਾਲੀ ਜੰਗ ਜਿਸ ਦੇ ਆਧਾਰ ਉਤੇ ਇਹ ਫਿਲਮ ਬਣਾਈ ਗਈ ਹੈ, ਵਿਚ 21 ਨਹੀਂ, 22 ਜਵਾਨ ਮਾਰੇ ਗਏ ਸਨ ਪਰ ਫਿਲਮ ਦੇ ਟਰੇਲਰ ਵਿਚ 22ਵੇਂ ਬੰਦੇ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ। ਸਿਰਫ ਇਹੀ ਦਿਖਾਇਆ ਗਿਆ ਕਿ 21 ਜਵਾਨ ਹੀ ਲੜੇ ਸਨ। ਉਸ 22ਵੇਂ ਯੋਧੇ ਨਾਲ ਇਤਿਹਾਸਕਾਰਾਂ ਨੇ ਵੀ ਨਿਆਂ ਨਹੀਂ ਕੀਤਾ ਅਤੇ ਹੁਣ ਫਿਲਮਕਾਰਾਂ ਵੀ ਉਹੀ ਕੁਝ ਕਰ ਰਹੇ ਹਨ। ਇਨ੍ਹਾਂ ਪੂਰੇ ਵੇਰਵਿਆਂ ਬਾਬਤ ਫਿਲਮ ਦੇ ਨਿਰਦੇਸ਼ਕ ਅਨੁਰਾਗ ਸਿੰਘ, ਨਿਰਮਾਤਾ ਕਰਨ ਜੌਹਰ ਅਤੇ ਅਦਾਕਾਰ ਅਕਸ਼ੈ ਕੁਮਾਰ ਨੂੰ ਲਿਖਿਆ ਸੀ ਪਰ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।

ਫਿਲਮ ਦੇਖ ਕੇ ਪਤਾ ਲੱਗਿਆ ਹੈ ਕਿ ਫਿਲਮ ਵਿਚ ਉਹ 22ਵਾਂ ਜਵਾਨ ਦਿਖਾਇਆ ਗਿਆ ਹੈ ਪਰ ਜਿਸ ਤਰ੍ਹਾਂ ਦਿਖਾਇਆ ਗਿਆ ਹੈ, ਉਸ ਨਾਲ ਤਾਂ ਹੋਰ ਵੀ ਜ਼ਿਆਦਾ ਨਿਰਾਸ਼ਾ ਹੋਈ ਹੈ।

ਉਹ 22ਵਾਂ ਬੰਦਾ ਕੌਣ ਸੀ?

ਨੌਸ਼ਹਿਰੇ ਤੋਂ ਆਇਆ ਦਾਦ ਨਾਂ ਦਾ ਬੰਦਾ 22ਵਾਂ ਜਵਾਨ ਹੈ ਜਿਸ ਦੀ ਫੌਜ ਵਿਚ ਭਰਤੀ ਸਫਾਈ ਸੇਵਕ ਦੀ ਹੁੰਦੀ ਹੈ ਪਰ ਉਹ ਕੰਮ ਲਾਂਗਰੀ ਦਾ ਕਰਦਾ ਹੈ। ਪਹਿਲੀ ਗੱਲ, ਲਾਂਗਰੀ ਤੋਂ ਬਿਨਾਂ ਫੌਜ ਕੁਝ ਨਹੀਂ ਕਰ ਸਕਦੀ। ਦਾਦ ਸ਼ੁਰੂ ਤੋਂ ਹੀ ਫੌਜੀ ਬਣਨਾ ਚਾਹੁੰਦਾ ਸੀ ਪਰ ਫਿੱਟਨੈਸ ਨਾ ਪਾਸ ਹੋਣ ਕਰਕੇ ਉਸ ਨੂੰ ਰੱਖਿਆ ਨਹੀਂ ਗਿਆ। ਬਾਅਦ ਵਿਚ ਉਹ ਬੇਨਤੀ ਕਰਕੇ ਸਫਾਈ ਸੇਵਕ ਲੱਗ ਗਿਆ। ਉਸ ਵੇਲੇ ਅਜਿਹੇ ਅਹੁਦੇ ਉਤੇ ਰੱਖੇ ਜਵਾਨ ਨੂੰ ਹਥਿਆਰ ਚੁੱਕਣ ਦੀ ਇਜਾਜ਼ਤ ਨਹੀਂ ਹੁੰਦੀ ਸੀ, ਨਾ ਸ਼ਹੀਦ ਹੋਣ 'ਤੇ ਕੋਈ ਇਨਾਮ ਦਿੱਤਾ ਜਾਂਦਾ ਸੀ। ਫੌਜੀ ਦੀ ਬੰਦੂਕ ਵੀ ਭੁੱਖੀ ਨਹੀਂ ਲੜ ਸਕਦੀ, ਉਸ ਨੇ ਫੌਜੀਆਂ ਦੀਆਂ ਬੰਦੂਕਾਂ ਦੇ ਵੀ ਪੇਟ ਭਰੇ ਸਨ।

ਪਹਿਲਾਂ ਤਾਂ ਇਤਿਹਾਸ ਵਿਚੋਂ ਹੀ ਦਾਦ ਨੂੰ ਪੂਰੀ ਤਰ੍ਹਾਂ ਗਾਇਬ ਕਰ ਦਿੱਤਾ ਗਿਆ, ਫਿਰ ਬਹੁਤ ਦੇਰ ਬਾਅਦ ਲੱਭਿਆ ਗਿਆ ਪਰ ਕਿਸੇ ਨੇ ਬਹੁਤਾ ਜ਼ਿਕਰ ਨਹੀਂ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕਿਤਾਬ ਉਸ ਦਾਦ ਨੂੰ ਸਮਰਪਿਤ ਕਰਕੇ ਇਤਿਹਾਸਕ ਗ਼ਲਤੀ ਸੁਧਾਰੀ ਹੈ। ਉਹ ਲਿਖਦੇ ਹਨ: "ਅਫਸੋਸ ਦੀ ਗੱਲ ਇਹ ਹੈ ਕਿ ਸਾਰਾਗੜ੍ਹੀ ਦੀ ਜੰਗ ਵਿਚ ਸ਼ਾਮਲ ਕੋਈ ਵੀ ਨਹੀਂ ਬਚਿਆ ਜੋ ਜੰਗ ਦੀਆਂ ਆਖ਼ਰੀ ਘੜੀਆਂ ਦਾ ਬਿਰਤਾਂਤ ਬਿਆਨ ਕਰ ਸਕੇ ਪਰ ਜੰਗ ਤੋਂ ਚਾਰ ਮਹੀਨੇ ਬਾਅਦ ਜਨਵਰੀ 1898 ਵਿਚ ਅਫਰੀਦੀਆਂ ਨਾਲ ਹੋਏ ਸ਼ਾਂਤੀ ਸਮਝੌਤੇ ਦੌਰਾਨ ਦਾਦ ਦੇ ਨਾਮੋ-ਨਿਸ਼ਾਨ ਰੌਸ਼ਨੀ ਵਿਚ ਆਏ। ਉਸ ਬਾਰੇ ਜਾਣਕਾਰੀ ਮਿਲੀ ਕਿ ਉਸ ਨੇ ਆਪ ਸ਼ਹੀਦ




ਹੋਣ ਤੋਂ ਪਹਿਲਾਂ ਹਥਿਆਰ ਚੁੱਕਿਆ ਅਤੇ ਕਿਲ੍ਹੇ ਵਿਚ ਦਾਖ਼ਲ ਹੋ ਚੁੱਕੇ ਪੰਜ ਅਫਰੀਦੀਆਂ ਉਪਰ ਗੋਲੀ ਜਾਂ ਸੰਗੀਨ ਨਾਲ ਹਮਲਾ ਕੀਤਾ।... ਜੰਗ ਦੀ ਆਖ਼ਰੀ ਘੜੀ ਵਿਚ 36ਵੀਂ ਸਿੱਖ ਰਜੀਮੈਂਟ ਦੀ ਸੱਚੀ ਭਾਵਨਾ ਲਈ ਸ਼ਹੀਦ ਹੋਣ ਵਾਲੇ ਇਸ ਅਣਪਛਾਤੇ ਨਾਇਕ ਸਫਾਈ ਸੇਵਕ ਦਾਦ ਨੂੰ ਮੈਂ ਆਪਣੀ ਇਹ ਕਿਤਾਬ ਨਿਰਮਤਾਪੂਰਵਕ ਸਮਰਪਿਤ ਕਰਦਾ ਹਾਂ।... ਹਥਿਆਰ ਚੁੱਕਣ ਦੀ ਇਜਾਜ਼ਤ ਨਾ ਹੋਣ ਕਰਕੇ, ਦਾਦ ਪਹਿਲਾਂ ਸਿਗਨਲਰ ਤੋਂ ਸੁਨੇਹੇ ਲੈ ਕੇ ਆਉਣ ਅਤੇ ਲਿਜਾਣ ਤੋਂ ਇਲਾਵਾ ਜ਼ਖ਼ਮੀਆਂ ਦੀ ਦੇਖ ਭਾਲ ਕਰਨ ਦੇ ਨਾਲ-ਨਾਲ ਗੋਲੀ-ਸਿੱਕੇ ਦੇ ਡੱਬੇ ਖੋਲ੍ਹਣ ਅਤੇ ਝਰੋਖਿਆਂ ਕੋਲ ਤਾਇਨਾਤ ਸਿਪਾਹੀਆਂ ਤੱਕ ਗੋਲੀ ਸਿੱਕਾ ਪਹੁੰਚਾਉਣ ਦਾ ਕੰਮ ਕਰਦਾ ਸੀ। ਹੁਣ ਕਿਉਂਕਿ ਅੰਤ ਨੇੜੇ ਆ ਗਿਆ ਸੀ ਅਤੇ ਹੋਰ ਕੋਈ ਚਾਰਾ ਵੀ ਨਹੀਂ ਸੀ, ਉਸ ਨੇ ਰਾਈਫਲ ਚੁੱਕ ਲਈ। ਦੱਸਿਆ ਜਾਂਦਾ ਹੈ ਕਿ ਉਸ ਨੇ ਆਖ਼ਰੀ ਸਾਹ ਲੈਣ ਤੋਂ ਪਹਿਲਾਂ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਇਸ ਨੂੰ ਪੰਜ ਪਠਾਣਾਂ ਨੂੰ ਗੋਲੀ ਤੇ ਸੰਗੀਨ ਨਾਲ ਮਾਰਨ ਵਾਸਤੇ ਇਸਤੇਮਾਲ ਕੀਤਾ।"

ਸੋਚੋ, ਜਿਸ ਬੰਦੇ ਨੂੰ ਬੰਦੂਕ ਨੂੰ ਹੱਥ ਲਾਉਣ ਦੀ ਇਜਾਜ਼ਤ ਵੀ ਨਾ ਹੋਵੇ, ਨਾ ਬਾਅਦ ਵਿਚ ਇਨਾਮ ਮਿਲਣਾ ਹੋਵੇ, ਨਾ ਉਸ ਨੇ ਕੋਈ ਟਰੇਨਿੰਗ ਲਈ ਹੋਵੇ, ਉਹ ਇਹ ਹੌਸਲਾ ਕਰੇ, ਉਦੋਂ ਜਦੋਂ ਸਭ ਖ਼ਤਮ ਹੋ ਚੁੱਕਾ ਹੈ। ਉਹ ਬੰਦਾ ਹਥਿਆਰ ਚੁੱਕ ਕੇ ਮਰਨ-ਮਾਰਨ ਲਈ ਕੁੱਦ ਪਵੇ, ਕੀ ਇਹ ਦਲੇਰੀ ਨਹੀਂ? ਕੀ ਇਹ ਦਲੇਰੀ ਫਿਲਮ ਵਿਚ ਨਹੀਂ ਦਿਖਾਈ ਜਾਣੀ ਚਾਹੀਦੀ ਸੀ?

ਹੋਰ ਵੀ ਖ਼ੂਬਸੂਰਤ ਗੱਲ ਕਿ ਦਾਦ ਮੁਸਲਮਾਨ ਸੀ, ਲਾਂਗਰੀ ਸੀ, ਸਿੱਖ ਫੌਜੀਆਂ ਨੂੰ ਲੰਗਰ ਛਕਾਉਂਦਾ ਸੀ, ਜ਼ਖ਼ਮੀਆਂ ਨੂੰ ਪਾਣੀ ਪਿਆਉਂਦਾ ਸੀ, ਸਿੱਖ ਧਰਮ ਵਿਚ ਇਸ ਸੇਵਾ ਦੀ ਕਿੱਡੀ ਵਡਿਆਈ ਹੈ।

ਹੋਰ ਤਾਂ ਹੋਰ ਜਦੋਂ ਅਫਗਾਨੀ ਹਮਲਾਵਰਾਂ ਨੇ ਆਤਮ-ਸਮਰਪਣ ਲਈ ਆਖਿਆ ਸੀ ਤਾਂ ਸਿੱਖ ਫੌਜੀਆਂ ਨੇ ਪੱਗ ਦੀ ਲਾਜ ਅਤੇ ਆਪਣੀ ਅਣਖ ਖ਼ਾਤਰ ਇਨਕਾਰ ਕਰ ਦਿੱਤਾ ਸੀ, ਲੜਨ-ਮਰਨ ਲਈ ਤਿਆਰ ਹੋ ਗਏ ਸਨ। ਪਠਾਣਾਂ ਨੂੰ ਇਹ ਸੁਨੇਹਾ ਦੇਣ ਦਾਦ ਗਿਆ ਸੀ, ਉਹ ਚਾਹੁੰਦਾ ਤਾਂ ਮਰਨ ਲਈ ਵਾਪਸ ਕਿਲ੍ਹੇ ਵਿਚ ਆਉਂਦਾ ਹੀ ਨਾ ਪਰ ਅਖ਼ੀਰ ਤੱਕ ਉਸ ਦਾ ਸਿੱਖ ਫੌਜੀਆਂ ਦੇ ਨਾਲ ਹੋਣਾ, ਉਨ੍ਹਾਂ ਦੇ ਨਾਲ ਲੜਨਾ, ਉਨ੍ਹਾਂ ਦੀ ਸੰਭਾਲ ਕਰਨੀ, ਇਹ ਸਰਬ-ਸਾਂਝੀਵਾਲਤਾ ਦਾ ਇਤਿਹਾਸਕ ਪ੍ਰਤੀਕ ਸਾਬਤ ਹੁੰਦਾ ਹੈ। ਉਂਜ, ਫਿਲਮ ਵਿਚ ਉਸ ਨੂੰ 12ਵੇਂ ਪਲੇਅਰ ਵਾਂਗ ਦਿਖਾ ਦਿੱਤਾ ਗਿਆ। ਉਸ ਦਾ ਹਥਿਆਰ ਚੁੱਕਣ ਵਾਲਾ, ਲੜਦੇ ਹੋਏ ਮੌਤ ਨੂੰ ਗੱਲ ਲਾਉਣ ਵਾਲਾ ਹਿੱਸਾ ਗ਼ਾਇਬ ਕਰ ਦਿੱਤਾ ਗਿਆ।

ਉਸ ਤੋਂ ਵੀ ਵੱਧ ਅਫਸੋਸ ਦੀ ਗੱਲ ਕਿ ਫਿਲਮ ਦਾ ਡਾਇਰੈਕਟਰ/ਲੇਖਕ ਪੰਜਾਬੀ ਹੈ ਅਤੇ ਪੰਜਾਬੀ ਵਿਚ 'ਪੰਜਾਬ 1984' ਵਰਗੀ ਫਿਲਮ ਬਣਾ ਚੁੱਕਾ ਹੈ। ਕਿਸੇ ਹੋਰ ਤੋਂ ਕੀ ਉਮੀਦ ਕਰਨੀ ਹੈ, ਆਪਣਿਆਂ ਤੋਂ ਹੀ ਕੋਈ ਆਸ ਨਹੀਂ।... ਫਿਲਮਾਂ ਨੂੰ ਫਿਲਮਾਂ ਵਾਂਗ ਹੀ ਦੇਖਿਉ, ਸੱਚਾ ਇਤਿਹਾਸ ਸਮਝਣ ਵਾਲਾ ਭੁਲੇਖਾ ਨਾ ਖਾ ਜਾਇਉ!

***-ਦੀਪ ਜਗਦੀਪ ਸਿੰਘ***

# ਮੋਹ ਦੇ ਰੰਗਾਂ ਵਾਲਾ 'ਬਾਇਓਸਕੋਪਵਾਲਾ'

ਨੋਬੇਲ ਪੁਰਸਕਾਰ ਜੇਤੂ ਰਾਬਿੰਦਰਨਾਥ ਟੈਗੋਰ ਨੇ 1892 ਵਿਚ ਇਕ ਛੋਟੀ ਜਿਹੀ ਕਹਾਣੀ ਲਿਖੀ ਸੀ: 'ਕਾਬੁਲੀਵਾਲਾ'। ਇਹ ਕਹਾਣੀ ਭਾਰਤ ਦੇ ਨਾਲ-ਨਾਲ ਦੁਨੀਆਂ ਭਰ ਵਿਚ ਬਹੁਤ ਪਸੰਦ ਕੀਤੀ ਗਈ ਸੀ। ਪੰਜ ਸਾਲ ਦੀ ਛੋਟੀ ਜਿਹੀ ਬੱਚੀ ਮਿਨੀ ਅਤੇ ਇਕ ਅਫਗਾਨ ਵਪਾਰੀ ਦੀ ਦੋਸਤੀ ਦੀ ਇਹ ਕਹਾਣੀ ਅੱਜ ਵੀ ਓਨੀ ਹੀ ਪਸੰਦ ਕੀਤੀ ਜਾਂਦੀ ਹੈ, ਜਿੰਨੀ ਉਦੋਂ ਜਦੋਂ ਇਹ ਲਿਖੀ ਗਈ ਸੀ। ਇਕ ਜ਼ਮਾਨੇ ਵਿਚ ਇਹ ਕਹਾਣੀ ਬੱਚਿਆਂ ਦੇ ਕੋਰਸ ਵਿਚ ਸ਼ਾਮਲ ਸੀ। ਮਨੁੱਖੀ ਸੰਵੇਦਨਾ ਨਾਲ ਭਰਪੂਰ ਇਸ ਕਹਾਣੀ ਨੂੰ ਪੜ੍ਹ ਕੇ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ, ਜਿਸ ਦੀ ਅੱਖ ਨਾ ਭਰੀ ਹੋਵੇ।

ਕਾਬੁਲੀਵਾਲਾ ਮੇਵੇ ਵੇਚਣ ਆਉਂਦਾ ਹੈ ਅਤੇ ਉਸ ਦੀ ਦੋਸਤੀ ਇਕ ਛੋਟੀ ਜਿਹੀ ਬੱਚੀ ਮਿਨੀ ਨਾਲ ਹੋ ਜਾਂਦੀ ਹੈ। ਉਹ ਉਸਨੂੰ ਹਮੇਸ਼ਾਂ ਮੇਵੇ ਦਿੰਦਾ ਹੈ ਅਤੇ ਉਸ ਨਾਲ ਉਸ ਦਾ ਬਹੁਤ ਹੀ ਪਿਆਰ ਭਰਿਆ ਸਬੰਧ ਬਣ ਜਾਂਦਾ ਹੈ। ਮਿਨੀ ਨੂੰ ਦੇਖ ਕੇ ਉਸ ਨੂੰ ਆਪਣੀ ਬੱਚੀ ਦੀ ਯਾਦ ਆਉਂਦੀ ਹੈ ਜੋ ਓਨੀ ਹੀ ਵੱਡੀ ਹੈ। ਇਕ ਵਾਰ ਕਿਸੇ ਨਾਲ ਝਗੜਾ ਕਰਨ 'ਤੇ ਕਾਬੁਲੀਵਾਲਾ ਨੂੰ ਲੰਮੀ ਜੇਲ੍ਹ ਹੋ ਜਾਂਦੀ ਹੈ। ਜਦੋਂ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਮਿਨੀ ਨੂੰ ਮਿਲਣ ਜਾਂਦਾ ਹੈ ਪਰ ਉਦੋਂ ਤਕ ਮਿਨੀ ਬਹੁਤ ਵੱਡੀ ਹੋ ਜਾਂਦੀ ਹੈ ਅਤੇ ਉਸ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਬਹੁਤ ਬੇਨਤੀਆਂ ਕਰਨ ਤੋਂ ਬਾਅਦ ਮਿਨੀ ਦੇ ਘਰਵਾਲੇ ਉਸ ਨੂੰ ਮਿਨੀ ਨਾਲ ਮਿਲਾਉਂਦੇ ਹਨ। ਮਿਨੀ ਨੂੰ ਦੁਲਹਨ ਦੇ ਰੂਪ ਵਿਚ ਦੇਖ ਕੇ ਕਾਬੁਲੀਵਾਲਾ ਹੈਰਾਨ ਰਹਿ ਜਾਂਦਾ ਹੈ, ਫਿਰ ਉਸ ਨੂੰ ਲੱਗਦਾ ਹੈ ਕਿ ਸਮਾਂ ਕਿੰਨਾ ਬੀਤ ਗਿਆ। ਉਸ ਨੂੰ ਆਪਣੀ ਬੱਚੀ ਦੀ ਯਾਦ ਆ ਜਾਂਦੀ ਹੈ, ਉਹ ਵੀ ਵਿਆਹ ਦੇ ਯੋਗ ਹੋ ਗਈ ਹੋਏਗੀ। ਇਸ ਤੋਂ ਬਾਅਦ ਕਾਬੁਲੀਵਾਲਾ ਮਿਨੀ ਨੂੰ ਤੋਹਫਾ ਦੇ ਕੇ ਆਪਣੇ ਦੇਸ਼ ਵਾਪਸ ਜਾਣ ਦਾ ਫੈਸਲਾ ਕਰਦਾ ਹੈ। ਇਸ ਦੌਰਾਨ ਉਸ ਦੀ ਮਨੋਦਸ਼ਾ ਦਾ ਜਿਵੇਂ ਸਹਿਜ ਅਤੇ ਸੁਭਾਵਿਕ ਚਿਤਰਨ ਕੀਤਾ ਗਿਆ ਹੈ, ਉਹ ਅਸਲ ਵਿਚ ਵਿਲੱਖਣ ਹੈ।

**ਕਹਾਣੀ ਵਿਚ ਬਾਇਓਸਕੋਪ ਦੀਆਂ ਯਾਦਾਂ:** ਰਾਬਿੰਦਰਨਾਥ ਟੈਗੋਰ ਦੀ 157ਵੀਂ ਜਯੰਤੀ ਮੌਕੇ 'ਕਾਬੁਲਵਾਲਾ' ਉਤੇ ਇਕ ਹੋਰ ਫਿਲਮ ਬਣ ਕੇ ਆਈ ਹੈ ਜਿਸ ਦਾ ਨਾਂ 'ਬਾਇਓਸਕੋਪਵਾਲਾ' ਹੈ। ਰਾਬਿੰਦਰਨਾਥ ਦੀ ਕਹਾਣੀ ਵਿਚ ਅਫਗਾਨਿਸਤਾਨ ਤੋਂ ਆਉਣ ਵਾਲਾ ਵਪਾਰੀ ਜਿਥੇ ਮੇਵੇ ਵੇਚਦਾ ਸੀ, ਇਸ ਫਿਲਮ ਵਿਚ ਫਰਕ ਇਹ ਹੈ ਕਿ ਉਹ ਬੱਚਿਆਂ ਨੂੰ ਬਾਇਓਸਕੋਪ ਦਿਖਾਉਂਦਾ ਹੈ। ਇਕ ਜ਼ਮਾਨਾ ਸੀ, ਜਦੋਂ ਬੱਚਿਆਂ ਦੇ ਮਨੋਰੰਜਨ ਦਾ ਮੁੱਖ ਸਾਧਨ ਬਾਇਓਸਕੋਪ ਹੀ ਹੁੰਦਾ ਸੀ ਅਤੇ ਸ਼ਹਿਰ ਹੋਵੇ ਜਾਂ ਪਿੰਡ ਬਾਇਓਸਕੋਪ ਵਾਲਾ ਜਦੋਂ ਆਉਂਦਾ ਸੀ ਤਾਂ ਉਸ ਨੂੰ ਦੇਖਣ ਲਈ ਬੱਚਿਆਂ ਦੀ ਭੀੜ ਲੱਗ ਜਾਂਦੀ ਸੀ। ਹੁਣ ਅੱਜ ਦੇ ਸਮੇਂ ਵਿਚ ਸਿਰਫ ਬਾਇਓਸਕੋਪ ਦੀਆਂ ਯਾਦਾਂ ਹੀ ਹਨ। ਅੱਜ ਦੇ ਜ਼ਿਆਦਾਤਰ ਬੱਚਿਆਂ ਨੇ ਤਾਂ ਬਾਇਓਸਕੋਪ ਦਾ ਨਾਂ ਵੀ ਨਹੀਂ ਸੁਣਿਆ ਹੋਵੇਗਾ। ਫਿਲਮ ਵਿਚ ਬਾਇਓਸਕੋਪਵਾਲੇ ਦਾ ਕਿਰਦਾਰ ਡੈਨੀ ਡੈਨਜ਼ੌਂਗਪਾ ਨੇ ਨਿਭਾਇਆ ਹੈ। ਹਿੰਦੀ ਫਿਲਮਾਂ ਵਿਚ ਆਪਣੀ ਖ਼ਲਨਾਇਕੀ ਲਈ ਮਸ਼ਹੂਰ ਡੈਨੀ ਇਸ ਫਿਲਮ ਤੋਂ ਇਕ ਨਵੇਂ ਰੂਪ ਵਿਚ ਪੇਸ਼ ਹੋਇਆ ਹੈ। ਰਾਬਿੰਦਰਨਾਥ ਦੀ ਕਹਾਣੀ 'ਕਾਬੁਲੀਵਾਲਾ' ਤੋਂ ਇਸ ਫਿਲਮ ਵਿਚ ਕਾਫੀ ਅੰਤਰ ਹੈ ਪਰ ਮੂਲ ਸੰਵੇਦਨਾ ਇਕ ਹੀ ਹੈ। ਫਿਲਮ ਵਿਚ ਕਹਾਣੀ ਦੀ ਨਾਇਕਾ ਦੇ ਪਿਤਾ ਅਫਗਾਨਿਸਤਾਨ ਦੀ ਯਾਤਰਾ 'ਤੇ ਜਾਂਦੇ ਹਨ, ਜਿਥੇ ਉਸ ਦੀ ਫਲਾਈਟ ਕਰੈਸ਼ ਹੋ ਜਾਂਦੀ ਹੈ ਅਤੇ ਇਸ ਦੇ ਬਾਅਦ ਉਸ ਦੀ ਬੇਟੀ ਇਸ ਗੱਲ ਦਾ ਪਤਾ ਲਗਾਉਣ ਅਫਗਾਨਿਸਤਾਨ ਜਾਂਦੀ ਹੈ ਕਿ ਆਖਿਰ ਉਸ ਦੇ ਪਿਤਾ ਉਥੇ ਕਿਸ ਲਈ ਗਏ ਸਨ। ਉਥੇ ਜਾ ਕੇ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਇਸ ਯਾਤਰਾ ਦੇ ਤਾਰ ਉਸ ਦੇ ਬਚਪਨ ਨਾਲ ਜੁੜੇ ਹਨ। ਮਿਨੀ ਦੇ ਬਚਪਨ ਨਾਲ ਬਾਇਓਸਕੋਪਵਾਲੇ ਦੀ ਕਹਾਣੀ ਜੁੜੀ ਹੋਈ ਹੈ। ਫਿਲਮ ਵਿਚ ਬਾਇਓਸਕੋਪਵਾਲੇ ਨਾਲ ਉਸ ਦੀ ਦੋਸਤੀ, ਉਸ ਨਾਲ ਦੁਬਾਰਾ ਮਿਲਣਾ ਅਤੇ ਇਸ ਦੇ ਨਾਲ ਹੀ ਬਾਪ-ਬੇਟੀ ਦਾ ਕਿੱਸਾ ਵੀ ਸਾਹਮਣੇ ਆਉਂਦਾ ਹੈ।

**ਕੀ ਹੈ ਫਿਲਮ ਦੀ ਕਹਾਣੀ:** ਫਿਲਮ ਵਿਚ ਡੈਨੀ ਨੇ 'ਕਾਬੁਲੀਵਾਲਾ' ਦੀ ਤਰਜ਼ 'ਤੇ 'ਬਾਇਓਸਕੋਪਵਾਲਾ' ਦਾ ਕਿਰਦਾਰ ਨਿਭਾਇਆ ਹੈ। 'ਬਾਇਓਸਕੋਪਵਾਲਾ' ਤੋਂ ਮਤਲਬ ਉਸ ਸ਼ਖਸ



ਤੋਂ ਹੈ ਜੋ ਸਿਨਮਾ ਦੀ ਦੁਨੀਆਂ ਦਿਖਾਉਂਦਾ ਹੈ। ਪਿਛਲੇ ਸਮੇਂ ਵਿਚ ਬਾਇਓਸਕੋਪ ਜ਼ਰੀਏ ਫਿਲਮ ਦੇਖੀ ਜਾਂਦੀ ਸੀ। ਪੰਜ ਸਾਲ ਦੀ ਛੋਟੀ ਜਿਹੀ ਬੱਚੀ ਅਤੇ ਇਕ ਪਖਤੂਨ ਵਪਾਰੀ ਦੀ ਦੋਸਤੀ ਦੀ ਕਹਾਣੀ ਵਾਲੀ ਇਸ ਫਿਲਮ ਵਿਚ ਡੈਨੀ ਜਿਥੇ ਬੱਚਿਆਂ ਨਾਲ ਖੇਡਦਾ ਨਜ਼ਰ ਆਉਂਦਾ ਹੈ, ਉਥੇ ਯੁੱਧ ਅਤੇ ਦਹਿਸ਼ਤ ਦੇ ਮਾਹੌਲ ਵਿਚ ਵੀ ਆਪਣੇ ਬਾਇਓਸਕੋਪ ਨੂੰ ਬਚਾਉਣ ਦੀ ਚੁਣੌਤੀ ਵੀ ਉਸ ਦੇ ਸਾਹਮਣੇ ਹੈ। ਫਿਲਮ ਦੇ ਡਾਇਰੈਕਟਰ ਦੇਬ ਮੇਧੇਕਰ ਦਾ ਕਹਿਣਾ ਹੈ ਕਿ ਉਸ ਨੇ ਅੱਜ ਦੇ ਦੌਰ ਦਾ ਕਾਬੁਲੀਵਾਲਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਫਿਲਮ ਵਿਚ ਫੈਸ਼ਨ ਸਟਾਈਲਿਸਟ ਮਿਨੀ ਬਾਸੂ (ਗੀਤਾਂਜਲੀ ਥਾਪਾ) ਆਪਣੇ ਪਿਤਾ ਰੌਬੀ ਬਾਸੂ (ਆਦਿਲ ਹੁਸੈਨ) ਨਾਲ ਕੋਲਕਾਤਾ ਵਿਚ ਰਹਿੰਦੀ ਹੈ ਜੋ ਮਸ਼ਹੂਰ ਫੈਸ਼ਨ ਫੋਟੋਗ੍ਰਾਫਰ ਹੈ। ਇਕ ਦਿਨ ਰੌਬੀ ਦੀ ਕੋਲਕਾਤਾ ਤੋਂ ਕਾਬੁਲ ਜਾਣ ਦੌਰਾਨ ਹਵਾਈ ਦੁਰਘਟਨਾ ਵਿਚ ਮੌਤ ਹੋ ਜਾਂਦੀ ਹੈ।

**ਕਮਾਲ ਦੀ ਕਲਾਕਾਰੀ:** ਫਿਲਮ ਵਿਚ ਰੁਮਾਂਚ ਤੇ ਰਹੱਸ ਹੈ ਅਤੇ ਕਹਾਣੀ ਵੀ ਕਿਸੇ ਇਕ ਸਿੱਧੀ ਰੇਖਾ 'ਤੇ ਨਹੀਂ ਚੱਲਦੀ। ਫਿਲਮ ਵਿਚ ਕਲਾਕਾਰਾਂ ਦੀ ਅਦਾਕਾਰੀ ਕਮਾਲ ਦੀ ਹੈ। ਡੈਨੀ, ਆਦਿਲ ਹੁਸੈਨ, ਬਰਜੇਂਦਰ ਕਾਲਾ, ਟਿਸਕਾ ਚੋਪੜਾ ਅਤੇ ਗੀਤਾਂਜਲੀ ਥਾਪਾ ਨੇ ਪ੍ਰਪੱਕ ਅਦਾਕਾਰੀ ਕੀਤੀ ਹੈ। ਡੈਨੀ ਨਾਲ ਮੁੱਖ ਭੂਮਿਕਾ ਵਿਚ ਗੀਤਾਂਜਲੀ ਥਾਪਾ ਹੈ ਜੋ ਕੌਮਾਂਤਰੀ ਸਨਮਾਨ ਨਾਲ ਵੀ ਨਿਵਾਜੀ ਜਾ ਚੁੱਕੀ ਹੈ। 'ਬਾਇਓਸਕੋਪਵਾਲਾ' ਦੇ ਲੇਖਕ ਅਤੇ ਨਿਰਦੇਸ਼ਕ ਦੇਬ ਮੇਧੇਕਰ ਲੰਬੇ ਸਮੇਂ ਤੋਂ ਇਸ਼ਤਿਹਾਰੀ ਫਿਲਮਾਂ ਬਣਾਉਂਦਾ ਰਿਹਾ ਹੈ। ਇਹ ਉਸ ਦੀ ਪਹਿਲੀ ਫੀਚਰ ਫਿਲਮ ਸੀ।

ਰਹੱਸ ਅਤੇ ਰੁਮਾਂਚ: ਮਿਨੀ ਨੂੰ ਬਾਅਦ ਵਿਚ ਇਹ ਵੀ ਪਤਾ ਲੱਗਦਾ ਹੈ ਕਿ ਰਹਿਮਤ ਉਸ ਦੇ ਬਚਪਨ 'ਚ ਘਰ ਆਉਣ ਵਾਲਾ ਬਾਇਓਸਕੋਪਵਾਲਾ ਹੀ ਹੈ। ਇਕ ਵਾਰ ਰਹਿਮਤ ਨੇ ਆਪਣੀ ਜਾਨ 'ਤੇ ਖੇਡ ਕੇ ਮਿਨੀ ਨੂੰ ਬਚਾਇਆ ਸੀ। ਦਰਅਸਲ, ਰਹਿਮਤ ਮਿਨੀ ਵਿਚ ਆਪਣੀ ਪੰਜ ਸਾਲ ਦੀ ਬੇਟੀ ਦੀ ਝਲਕ ਦੇਖਦਾ ਸੀ, ਜਿਸ ਨੂੰ ਉਹ ਅਫਗਾਨਿਸਤਾਨ ਵਿਚ ਹੀ ਛੱਡ ਆਇਆ ਸੀ। ਹੁਣ ਮਿਨੀ ਕੋਲਕਾਤਾ ਵਿਚ ਕਈ ਲੋਕਾਂ ਨਾਲ ਮਿਲ ਕੇ ਉਸ ਦੇ ਜੇਲ੍ਹ ਜਾਣ ਦੀ ਸੱਚਾਈ ਦਾ ਪਤਾ ਲਗਾਉਂਦੀ ਹੈ ਅਤੇ ਉਸ ਦੇ ਗੁਆਚੇ ਹੋਏ ਪਰਿਵਾਰ ਨੂੰ ਤਲਾਸ਼ਣ ਲਈ ਅਫਗਾਨਿਸਤਾਨ ਜਾਂਦੀ ਹੈ। ਇਸ ਤੋਂ ਬਾਅਦ ਫਿਲਮ ਵਿਚ ਰਹੱਸ ਅਤੇ ਰੁਮਾਂਚ ਆਉਂਦਾ ਹੈ। ਮਿਨੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਰਹਿਮਤ ਨਿਰਦੋਸ਼ ਸੀ, ਉਸ ਨੂੰ ਜੇਲ੍ਹ ਕਿਉਂ ਜਾਣਾ ਪਿਆ ਸੀ? ਇਨ੍ਹਾਂ ਗੱਲਾਂ ਦਾ ਫਿਲਮ ਵਿਚ ਜਿਸ ਰੂਪ ਨਾਲ ਖੁਲਾਸਾ ਹੁੰਦਾ ਹੈ, ਉਸ ਨਾਲ ਫਿਲਮ ਕਾਫੀ ਰੌਚਕ ਬਣ ਜਾਂਦੀ ਹੈ ਅਤੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਹੁੰਦੀ ਹੈ। ਇਸ ਫਿਲਮ ਦੀ ਕਹਾਣੀ ਰਾਬਿੰਦਰਨਾਥ ਟੈਗੋਰ ਦੀ 'ਕਾਬੁਲੀਵਾਲਾ' ਨਾਲ ਮਿਲਦੀ ਜੁਲਦੀ ਹੈ, ਇਹ 'ਕਾਬੁਲੀਵਾਲਾ' ਨਹੀਂ, 'ਬਾਇਓਸਕੋਪਵਾਲਾ' ਹੈ। ਇਸ ਨੂੰ 'ਕਾਬੁਲੀਵਾਲਾ' ਤੋਂ ਪ੍ਰੇਰਿਤ ਕਿਹਾ ਜਾ ਸਕਦਾ ਹੈ।

***-ਵੀਣਾ ਭਾਟੀਆ***

# ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

## Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

# Sky Film & DJ Vic




ਸਕਾਈ ਐਂਟਰਟੇਨਮੈਂਟ ਨੂੰ ਇਹ ਪੁਰਸਕਾਰ ਨਵੇਂ ਜੋੜਿਆਂ ਨਾਲ ਕੰਮ ਕਰਨ ਵਿੱਚ ਆਪਣੀ ਸ਼ਾਨਦਾਰ ਕਾਰਜਕਾਰੀ ਲਈ ਦਿੱਤਾ ਗਿਆ ਹੈ।

DJ/MC, Dhol, 4K Video, Photography, Room Lighting, Live Video Display,LED Dance Floor, Cloud Effects, Fireworks and More





Team Sky Films & Production

Contact - Gagan 734 674 1854
www.skymademymemories.com

# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ









## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

Contact us for any Financing Need Nationwide.

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

916-995-0783 (Cell)
425-529-6283 (Cell)

*630-206-2467 (Fax)*
www.ubbchicago.com aj@ubbchicago.com